**Reo-Bankowned Properties**

From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
Jassi Gill
CA DRE Lic.#01180969
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾਂ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Fourteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 14, Issue 27, July 6th, 2013 | 20451 N Plum Grove Rd. Palatine, IL 60074 | Ph:847-359-0746, Fax:847-705-9388


# ਪੰਚਾਇਤੀ ਚੋਣਾਂ ਬਣੀਆਂ ਵੱਡੀ ਸਿਆਸੀ ਲਾਮ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਇਸ ਵਾਰ ਪੰਚਾਇਤੀ ਚੋਣਾਂ ਵੀ ਵੱਡੀ 'ਸਿਆਸੀ ਲਾਮ' ਵਾਂਗ ਲੜੀਆਂ ਗਈਆਂ ਜਿਸ ਵਿਚ ਪੈਸੇ, ਸ਼ਰਾਬ ਅਤੇ ਬਾਹੂਬਲ ਦੀ ਖੁੱਲ੍ਹ ਕੇ ਵਰਤੋਂ ਹੋਈ। ਵੋਟਾਂ ਦੀ ਬੋਲੀ ਇਕ ਹਜ਼ਾਰ ਤੋਂ ਲੈ ਕੇ 10 ਹਜ਼ਾਰ ਰੁਪਏ ਤੱਕ ਲੱਗੀ।

## ਰੱਜ ਕੇ ਚੱਲੇ ਪੈਸਾ, ਨਸ਼ੇ ਤੇ ਬਾਹੂਬਲ

ਇਸ ਤੋਂ ਇਲਾਵਾ ਅਫੀਮ, ਭੁੱਕੀ ਤੇ ਸਮੈਕ ਵਰਗੇ ਨਸ਼ੇ ਵੀ ਧੜਾ-ਧੜ ਵੰਡੇ ਗਏ। ਚੋਣਾਂ ਵਿਚ ਸੱਤਾਧਾਰੀ ਧਿਰ ਨੇ ਸਰਕਾਰੀ ਮਸ਼ੀਨਰੀ ਨੂੰ ਖੁੱਲ੍ਹ ਕੇ ਆਪਣੇ ਹੱਕ ਵਿਚ ਭੁਗਤਾਇਆ ਅਤੇ ਵਿਰੋਧੀਆਂ ਦੇ ਕਾਗਜ਼ ਰੱਦ ਕਰਵਾਉਣ ਤੋਂ ਲੈ ਕੇ ਉਨ੍ਹਾਂ ਨੂੰ ਡਰਾਇਆ ਧਮਕਾਇਆ।

ਪੰਚਾਇਤੀ ਚੋਣਾਂ ਨੂੰ ਸਭ ਤੋਂ ਵੱਡਾ ਜਮਹੂਰੀ ਅਮਲ ਮੰਨਿਆ ਜਾਂਦਾ ਹੈ, ਪਰ ਇਸ ਵਾਰ ਪੰਜਾਬ ਵਿਚ ਇਸ ਦੇ ਅਰਥ ਹੀ ਬਦਲ ਦਿੱਤੇ ਗਏ। ਇਨ੍ਹਾਂ ਚੋਣਾਂ ਵਿਚ ਆਪਣੇ ਹਮਾਇਤੀਆਂ ਨੂੰ ਜਿਤਾਉਣ ਲਈ ਮੰਤਰੀਆਂ ਅਤੇ ਸੀਨੀਅਰ ਆਗੂਆਂ ਨੇ ਖੁਦ ਪਿੰਡ-ਪਿੰਡ ਜਾ ਕੇ ਪ੍ਰਚਾਰ ਕੀਤਾ। ਵਿਦੇਸ਼ਾਂ ਵਿਚ ਬੈਠੇ ਪਰਵਾਸੀ ਪੰਜਾਬੀਆਂ ਨੇ ਵੀ ਪੰਚਾਇਤੀ ਚੋਣਾਂ ਵਿਚ ਪੂਰੀ ਦਿਲਚਸਪੀ ਦਿਖਾਈ ਤੇ ਕਈ ਆਪਣਾ ਕੰਮਕਾਰ ਛੱਡ ਕੇ ਪੰਜਾਬ ਪੁੱਜੇ। ਪਰਵਾਸੀ ਭਾਰਤੀਆਂ ਵੱਲੋਂ ਚੋਣਾਂ ਵਿਚ ਜਿੱਤ ਲਈ ਆਪਣੇ ਉਮੀਦਵਾਰਾਂ ਨੂੰ ਮਾਇਆ ਦੇ ਵੀ ਖੂਬ ਗੱਫੇ ਦਿੱਤੇ ਗਏ।




## ਅਕਾਲੀਆਂ ਦੇ ਆਪਸ ਵਿਚ ਸਿੰਗ ਫਸੇ

ਬਹੁਤੇ ਥਾਂਈਂ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਦੇ ਆਪਣੇ ਉਮੀਦਵਾਰਾਂ ਦੇ ਆਪਸ ਵਿਚ ਹੀ ਸਿੰਗ ਫਸੇ ਰਹੇ ਜਿਸ ਕਰ ਕੇ ਕਾਂਗਰਸ ਨੇ ਲਾਂਭੇ ਹੋ ਕੇ ਤਮਾਸ਼ਾ ਵੇਖਣਾ ਹੀ ਬਿਹਤਰ ਸਮਝਿਆ। ਹੋਰ ਤਾਂ ਹੋਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਆਪਣੇ ਪਿੰਡ ਬਾਦਲ ਵਿਚ ਵੀ ਅਕਾਲੀ ਇਕੱਠੇ ਨਾ ਰਹਿ ਸਕੇ ਅਤੇ ਇਕ ਧੜੇ ਨੇ ਆਖਰਕਾਰ ਕਾਂਗਰਸ ਦੀ ਹਮਾਇਤ ਕਰ ਦਿੱਤੀ। ਉਂਜ, ਅਕਾਲੀ ਦਲ ਪਿੰਡਾਂ ਵਿਚ ਉੱਭਰੀ ਇਸ ਧੜੇਬੰਦੀ ਨੂੰ ਲੈ ਕੇ ਕਾਫੀ ਪ੍ਰੇਸ਼ਾਨ ਹੈ ਜੋ ਉਸ ਲਈ ਅਗਲੀਆਂ ਲੋਕ ਸਭਾ ਚੋਣਾਂ ਵਿਚ ਮੁਸੀਬਤ ਬਣ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਅਕਾਲੀ ਦਲ ਨੇ ਇਹ ਕੰਡੇ ਖੁਦ ਹੀ ਬੀਜੇ ਹਨ ਜਿਸ ਦਾ ਖਮਿਆਜ਼ਾ ਹੁਣ ਉਸ ਨੂੰ ਭੁਗਤਣਾ ਪੈ ਰਿਹਾ ਹੈ।

ਪੰਜਾਬ ਦੀਆਂ ਸਾਰੀਆਂ ਰਾਜਸੀ ਧਿਰਾਂ ਨੇ ਗਰਾਮ ਪੰਚਾਇਤ ਚੋਣਾਂ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਪਰ ਕਿਸੇ ਵੀ ਪਾਰਟੀ ਨੇ ਆਪਣੇ ਚੋਣ ਨਿਸ਼ਾਨ 'ਤੇ ਉਮੀਦਵਾਰ ਖੜ੍ਹੇ ਨਾ ਕੀਤੇ। ਕਾਂਗਰਸ ਨੇ ਸੱਤਾਧਾਰੀ ਧਿਰ 'ਤੇ ਧੱਕੇਸ਼ਾਹੀ ਦੇ ਦੋਸ਼ ਲਾਏ, ਉਂਜ ਇਸ ਖ਼ਿਲਾਫ਼ ਖੁੱਲ੍ਹ ਕੇ ਕੋਈ ਵਿਰੋਧ ਨਹੀਂ ਕੀਤਾ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ 40 ਸਾਲਾਂ ਦੇ ਸਿਆਸੀ ਜੀਵਨ ਵਿਚ

(ਬਾਕੀ ਸਫਾ 6 'ਤੇ)

# ਮਾਓਵਾਦੀਆਂ ਅੱਗੇ ਕੇਂਦਰ ਸਰਕਾਰ ਹੋਈ ਬੇਵੱਸ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਸਰਕਾਰ ਵੱਲੋਂ ਮਾਓਵਾਦੀਆਂ ਵਜੋਂ ਮਸ਼ਹੂਰ ਕਮਿਊਨਿਸਟ ਬਾਗੀਆਂ ਖ਼ਿਲਾਫ਼ ਅੰਤਾਂ ਦੀ ਸਖ਼ਤੀ ਦੇ ਬਾਵਜੂਦ ਇਹ ਬਾਗੀ ਆਪਣੀਆਂ ਕਾਰਵਾਈਆਂ ਨੂੰ ਅੰਜ਼ਾਮ ਦੇ ਰਹੇ ਹਨ। ਮੰਗਲਵਾਰ 2 ਜੁਲਾਈ ਦੀ ਦੁਪਹਿਰ ਨੂੰ ਮਾਓਵਾਦੀਆਂ ਨੇ ਝਾਰਖੰਡ ਦੇ ਦਾਮਿਨੀ ਜੰਗਲਾਂ ਵਿਚ ਪੁਲਿਸ ਪਾਰਟੀ ਉਤੇ ਹਮਲਾ ਕਰ ਕੇ ਐਸ.ਪੀ. ਸਮੇਤ 6 ਸੁਰੱਖਿਆ ਮੁਲਾਜ਼ਮਾਂ ਨੂੰ ਮਾਰ ਮੁਕਾਇਆ। ਇਸ ਤੋਂ ਪਹਿਲਾਂ 25 ਮਈ 2013 ਨੂੰ ਛੱਤੀਸਗੜ੍ਹ ਦੇ ਬਸਤਰ ਇਲਾਕੇ ਵਿਚ ਕਾਂਗਰਸ ਦੇ ਕਾਫ਼ਲੇ ਉਤੇ ਕੀਤੇ ਹਮਲੇ ਵਿਚ 28 ਜਣੇ ਮਾਰੇ ਗਏ ਸਨ। ਇਨ੍ਹਾਂ ਵਿਚ ਕਾਂਗਰਸ ਦਾ ਬਦਨਾਮ ਵਿਧਾਇਕ ਮਹਿੰਦਰ ਕਰਮਾ ਵੀ ਸ਼ਾਮਲ ਸੀ ਜਿਸ ਵੱਲੋਂ ਕੇਂਦਰ ਅਤੇ ਸੂਬਾ ਸਰਕਾਰ ਦੀ ਮਦਦ ਨਾਲ ਜਥੇਬੰਦ ਕੀਤੀ 'ਸਲਵਾ ਜੂਡਮ' ਨੇ ਮਾਓਵਾਦੀਆਂ ਦੇ ਸਮਰਥਕਾਂ ਅਤੇ ਆਦਿਵਾਸੀਆਂ ਉਤੇ ਅਤਿਅੰਤ ਕਹਿਰ ਢਾਹਿਆ ਸੀ। 'ਸਲਵਾ ਜੂਡਮ' ਨੇ ਇੰਨੀਆਂ ਘਿਣਾਉਣੀਆਂ ਵਾਰਦਾਤਾਂ ਕੀਤੀਆਂ ਸਨ ਕਿ ਸੁਪਰੀਮ ਕੋਰਟ ਨੇ ਵੀ ਇਸ ਨੂੰ ਗੈਰ-ਸੰਵਿਧਾਨਕ ਕਰਾਰ ਦੇ ਦਿੱਤਾ ਸੀ। ਇਸ ਵੱਡੇ ਹਮਲੇ ਵਿਚ ਛੱਤੀਸਗੜ੍ਹ ਕਾਂਗਰਸ ਦੀ ਸਮੁੱਚੀ ਲੀਡਰਸ਼ੀਪ ਦਾ ਹੀ ਸਫਾਇਆ ਹੋ ਗਿਆ ਸੀ।

## ਸਖਤੀ ਦੇ ਬਾਵਜੂਦ ਵਧ-ਫੁੱਲ ਰਹੇ ਨੇ ਬਾਗੀ

ਗੌਰਤਲਬ ਹੈ ਕਿ ਕੇਂਦਰ ਸਰਕਾਰ ਵੱਲੋਂ ਛੱਤੀਸਗੜ੍ਹ, ਝਾੜਖੰਡ, ਉੜੀਸਾ ਤੇ ਕੁਝ ਹੋਰ ਸੂਬਾ ਸਰਕਾਰਾਂ ਦੇ ਸਹਿਯੋਗ ਨਾਲ 3 ਸਾਲ ਪਹਿਲਾਂ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਖ਼ਿਲਾਫ਼ ਅਪਰੇਸ਼ਨ ਗ੍ਰੀਨਹੰਟ ਚਲਾਇਆ ਗਿਆ ਸੀ। ਇਸ ਅਪਰੇਸ਼ਨ ਵਿਚ ਇਸ ਵੇਲੇ ਇਕ ਲੱਖ 15 ਹਜ਼ਾਰ ਸੁਰੱਖਿਆ ਮੁਲਾਜ਼ਮ ਸ਼ਾਮਿਲ ਹਨ। ਇਹ ਨਫ਼ਰੀ ਖਾਨਾਜੰਗੀ ਦਾ ਸ਼ਿਕਾਰ ਅਫਗਾਨਿਸਤਾਨ ਵਿਚ ਵਿਦੇਸ਼ੀ ਫੌਜਾਂ ਦੀ ਗਿਣਤੀ ਦੇ ਐਨ ਬਰਾਬਰ ਹੈ। ਉਧਰ, ਕੇਂਦਰੀ ਗ੍ਰਹਿ ਮੰਤਰਾਲੇ ਨੇ ਵੀ ਮੰਨਿਆ ਹੈ ਕਿ ਇੰਨੇ ਵੱਡੇ ਪੱਧਰ ਉਤੇ ਕਾਰਵਾਈ ਕਰਨ ਦੇ ਬਾਵਜੂਦ ਮਾਓਵਾਦੀਆਂ ਦੀ ਕੇਂਦਰੀ ਸ਼ਕਤੀ ਨੂੰ ਨਸ਼ਟ ਨਹੀਂ ਕੀਤਾ ਜਾ ਸਕਿਆ। ਇਹੀ ਨਹੀਂ, ਮਾਓਵਾਦੀਆਂ ਨੇ ਆਪਣੇ ਬਹੁਤੇ ਅਸਰ ਵਾਲੇ 9 ਸੂਬਿਆਂ ਤੋਂ ਇਲਾਵਾ ਆਸਾਮ, ਤਾਮਿਲਨਾਡੂ ਅਤੇ ਕੁਝ ਹੋਰ ਨਵੇਂ ਇਲਾਕਿਆਂ ਵਿਚ ਵੀ ਆਪਣਾ ਕਾਰਜ ਖੇਤਰ ਵਧਾਇਆ ਹੈ। ਇਨ੍ਹਾਂ ਸੂਬਿਆਂ ਵਿਚ ਸੀ.ਪੀ.ਆਈ. (ਮਾਓਵਾਦੀ) ਦੀਆਂ ਫਰੰਟਲ ਜਥੇਬੰਦੀਆਂ ਕੰਮ ਕਰ ਰਹੀਆਂ ਹਨ।

ਝਾਰਖੰਡ ਵਿਚ ਕੀਤੇ ਗਏ ਤਾਜ਼ਾ ਹਮਲੇ ਵਿਚ ਤਕਰੀਬਨ 60 ਹਥਿਆਰਬੰਦ ਮਾਓਵਾਦੀਆਂ ਨੇ ਹਿੱਸਾ ਲਿਆ। ਇਨ੍ਹਾਂ ਨੇ ਪਹਿਲਾਂ ਬੰਬ ਧਮਾਕਾ ਕੀਤਾ ਅਤੇ ਫਿਰ ਗੋਲੀ ਚਲਾਈ। ਐਸ.ਪੀ. ਅਮਰਜੀਤ ਬਲਿਹਾਰ ਆਪਣੇ ਗਾਰਡਾਂ ਸਮੇਤ ਦੁਮਕਾ ਵਿਚ ਮੀਟਿੰਗ

(ਬਾਕੀ ਸਫਾ 6 'ਤੇ)


**REAL ESTATE & HOME LOANS**

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।

- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।

ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL
Broker / Associate
MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
**Raja SWEETS & CATERING**
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਦੁਨੀਆ ਦੇ ਭੁੱਖੇ ਲੋਕਾਂ ਵਿਚੋਂ 40 ਫ਼ੀਸਦੀ ਭਾਰਤੀ


**ਨਵੀਂ ਦਿੱਲੀ:** ਦੁਨੀਆਂ ਭਰ ਵਿਚ ਰਜਵੀਂ ਰੋਟੀ ਤੋਂ ਵਾਂਝੇ ਲੋਕਾਂ ਵਿਚੋਂ 40 ਫ਼ੀਸਦੀ ਭਾਰਤ ਵਿਚ ਵਸਦੇ ਹਨ। ਕੈਨੇਡਾ ਦੀ ਇਕ ਗ਼ੈਰ ਸਰਕਾਰੀ ਸੰਸਥਾ ਮਾਈਕ੍ਰੋ ਨਿਊਟ੍ਰੀਐਂਟ ਇਨੀਸ਼ੀਏਟਿਵ ਦੇ ਮੁਖੀ ਤੇ ਸਿਹਤ ਮਾਮਲਿਆਂ ਦੇ ਕੌਮਾਂਤਰੀ ਮਾਹਰ ਐਮ.ਜੀ. ਵੈਂਕਟੇਸ਼ ਮਨਾਰ ਨੇ ਦੱਸਿਆ ਕਿ ਉਭਰਦਾ ਅਰਥਚਾਰਾ ਹੋਣ ਦੇ ਬਾਵਜੂਦ ਸਿਹਤ ਤੇ ਖੁ□ਰਾਕ ਦੇ ਮਾਮਲੇ ਵਿਚ ਭਾਰਤ ਦੀ ਹਾਲਤ ਬ੍ਰਾਜ਼ੀਲ, ਨੇਪਾਲ, ਬੰਗਲਾਦੇਸ਼ ਤੇ ਚੀਨ ਤੋਂ ਮਾੜੀ ਹੈ।

ਉਨ੍ਹਾਂ ਕਿਹਾ ਕਿ ਭਾਰਤ ਵਿਚ ਬੱਚਿਆਂ ਨੂੰ ਲੋੜੀਂਦੀ ਖ਼ੁਰਾਕ ਨਾ ਮਿਲਣ ਕਾਰਨ ਸਰੀਰਕ ਤੇ ਮਾਨਸਕ ਵਿਕਾਸ ਨਹੀਂ ਹੁੰਦਾ। ਤ੍ਰਾਸਦੀ ਵਾਲੀ ਗੱਲ ਇਹ ਹੈ ਕਿ ਭਾਰਤ ਕੋਲ ਸਮੱਸਿਆਵਾਂ ਨੂੰ ਹੱਲ ਕਰਨ ਲਈ ਨੀਤੀਆਂ ਤਾਂ ਮੌਜੂਦ ਹਨ ਪਰ ਇਨ੍ਹਾਂ ਨੂੰ ਅਸਰਦਾਰ ਤਰੀਕੇ ਨਾਲ ਲਾਗੂ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਪੋਸ਼ਣ ਬਾਰੇ ਨੀਤੀਆਂ ਕਈ ਮੰਤਰਾਲਿਆਂ ਜਿਵੇਂ ਸਿਹਤ, ਮਹਿਲਾ ਤੇ ਬਾਲ ਵਿਕਾਸ, ਸਿਖਿਆ ਤੇ ਪੇਂਡੂ ਵਿਕਾਸ ਵਿਚ ਵੰਡੀਆਂ ਹੋਈਆਂ ਹਨ। ਇਸ ਤਰ੍ਹਾਂ ਦੀ ਸਮੱਸਿਆ ਨੂੰ ਉਭਾਰਨ ਵਾਲਾ ਕੋਈ ਇਕ ਮੰਤਰਾਲਾ ਨਹੀਂ ਹੈ ਤੇ ਨਾ ਹੀ ਕੋਈ ਜਵਾਬਦੇਹੀ ਤੈਅ ਕੀਤੀ ਗਈ ਹੈ।

ਕੈਨੇਡਾ ਦੇ ਸਰਬਉਚ ਪੁਰਸਕਾਰ 'ਦ ਆਰਡਰ ਆਫ਼ ਕੈਨੇਡਾ' ਨਾਲ ਸਨਮਾਨਤ ਕੀਤੇ ਜਾ ਚੁੱਕੇ ਮਨਾਰ ਦਾ ਕਹਿਣਾ ਸੀ ਕਿ ਸੂਬਾ ਤੇ ਕੇਂਦਰ ਸਰਕਾਰ ਦਰਮਿਆਨ ਤਾਲਮੇਲ ਦੀ ਘਾਟ ਹੈ ਜਿਸ ਕਾਰਨ ਨੀਤੀਆਂ ਅਸਰਦਾਰ ਤਰੀਕੇ ਨਾਲ ਲਾਗੂ ਨਹੀਂ ਹੁੰਦੀਆਂ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 2005 ਤੋਂ ਮਗਰੋਂ ਭਾਰਤ ਵਿਚ ਪਰਵਾਰ ਸਿਹਤ ਸਰਵੇਖਣ ਹੀ ਨਹੀਂ ਕਰਵਾਇਆ ਗਿਆ। ਅੱਜ ਵੀ ਪੁਰਾਣੇ ਅੰਕੜੇ ਵੇਖਣੇ ਪੈਂਦੇ ਹਨ ਤੇ ਇਹ ਪਤਾ ਨਹੀਂ ਲਗਦਾ ਕਿ ਭਾਰਤ ਨੇ ਇਸ ਮਾਮਲੇ ਵਿਚ ਤਰੱਕੀ ਕੀਤੀ ਹੈ ਜਾਂ ਪਹਿਲਾਂ ਨਾਲੋਂ ਵੀ ਪਛੜ ਗਿਆ ਹੈ।

ਇਸ ਦੇ ਨਾਲ ਹੀ ਮਨਾਰ ਨੇ ਕੁਝ ਸੂਬਿਆਂ ਦੀ ਸ਼ਲਾਘਾ ਕੀਤੀ ਜੋ ਅਪਣੇ ਟੀਚਿਆਂ ਨੂੰ ਹਾਸਲ ਕਰਨ ਵਿਚ ਸਫ਼ਲ ਰਹੇ ਹਨ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਅਜਿਹਾ ਕਰ ਸਕਦਾ ਹੈ ਤਾਂ ਹੋਰ ਸੂਬੇ ਕਿਉਂ ਨਹੀਂ ਕਰ ਸਕਦੇ। ਮਨਾਰ ਨੇ ਸਵਾਲੀਆ ਅੰਦਾਜ਼ ਵਿਚ ਕਿਹਾ ਕਿ ਭਾਰਤ ਨੂੰ ਅਜਿਹੀ ਤਰੱਕੀ ਦਾ ਕੀ ਫ਼ਾਇਦਾ ਜੇ ਉਸ ਦੇ ਲੋਕ ਹੀ ਰੱਜਵੀਂ ਰੋਟੀ ਤੋਂ ਵਾਂਝੇ ਹਨ।

## ਸੰਸਾਰ ਦੇ ਇਤਿਹਾਸਕ ਸਥਾਨਾਂ 'ਚ ਤਾਜ ਮਹੱਲ ਤੀਜੇ ਨੰਬਰ 'ਤੇ



**ਨਿਊ ਯਾਰਕ:** ਸੈਲਾਨੀਆਂ ਨੇ ਭਾਰਤ ਵਿਚ ਸਥਿਤ ਤਾਜ ਮਹੱਲ ਨੂੰ ਵਿਸ਼ਵ ਦੇ ਚੋਟੀ ਦੇ ਪਹਿਲੇ ਤਿੰਨ ਇਤਿਹਾਸਕ ਸਥਾਨਾਂ ਵਿਚ ਥਾਂ ਦਿੱਤੀ ਹੈ। ਇਹ ਐਲਾਨ ਵਿਸ਼ਵ ਦੀ ਇਕ ਪ੍ਰਮੁੱਖ ਟਰੈਵਲ ਵੈੱਬਸਾਈਟ ਨੇ ਕੀਤਾ ਹੈ। 'ਟਰਿਪ ਅਡਵਾਈਜ਼ਰ 2013 ਟਰੈਵਲਰਜ਼ ਚਾਇਸ ਅਟਰੈਕਸ਼ਨ ਐਵਾਰਡਜ਼' ਅਨੁਸਾਰ ਵਿਸ਼ਵ ਭਰ ਦੇ ਯਾਤਰੀਆਂ ਨੇ ਚੋਟੀ ਦੇ 25 ਇਤਿਹਾਸਕ ਸਥਾਨਾਂ ਵਿਚ ਤਾਜ ਮਹੱਲ ਨੂੰ ਤੀਸਰਾ ਸਥਾਨ ਦਿੱਤਾ ਹੈ।

ਪਹਿਲੇ ਦੋ ਸਥਾਨਾਂ 'ਤੇ ਕ੍ਰਮਵਾਰ ਮਚੂ ਪਿਕਹੂ (ਪੇਰੂ) ਤੇ ਆਂਗਕੋਰ ਵਾਟ (ਕੰਬੋਡੀਆ) ਸ਼ਾਮਲ ਹਨ। ਵਿਸ਼ਵ ਦੇ ਸੱਤ ਨਵੇਂ ਅਜੂਬਿਆਂ ਵਿਚ ਸ਼ਾਮਲ ਤਾਜ ਮਹੱਲ ਆਪਣੀ ਕਲਾਤਮਿਕ ਬਣਤਰ ਕਾਰਨ ਵਿਸ਼ਵ ਪ੍ਰਸਿੱਧ ਹੈ। ਉੱਤਰੀ ਭਾਰਤ ਦੇ ਸ਼ਹਿਰ ਆਗਰਾ ਵਿਚ ਸਥਿਤ ਤਾਜ ਮਹੱਲ ਮੁਗਲ ਬਾਦਸ਼ਾਹ ਸ਼ਾਹ ਜਹਾਨ ਨੇ ਆਪਣੇ ਪਤਨੀ ਮੁਮਤਾਜ਼ ਦੀ ਯਾਦ ਵਿਚ ਬਣਵਾਇਆ ਸੀ। ਚਿੱਟੇ ਸੰਗਮਰਮਰ ਨਾਲ ਬਣਿਆ ਤਾਜ ਮਹੱਲ ਸਦੀਵੀ ਪਿਆਰ ਦਾ ਪ੍ਰਤੀਕ ਹੈ।

1983 ਵਿਚ ਤਾਜ ਮਹੱਲ ਨੂੰ ਯੁਨੈਸਕੋ ਵਿਸ਼ਵ ਵਿਰਾਸਤ ਵਿਚ ਸ਼ਾਮਲ ਕੀਤਾ ਗਿਆ ਸੀ। ਹਰ ਸਾਲ 20 ਤੋਂ 40 ਲੱਖ ਸੈਲਾਨੀ ਇਥੇ ਆਉਂਦੇ ਹਨ ਜਿਨ੍ਹਾਂ ਵਿਚ ਦੋ ਲੱਖ ਤੋਂ ਵਧ ਵਿਦੇਸ਼ੀ ਸ਼ਾਮਲ ਹੁੰਦੇ ਹਨ। ਤਾਜ ਮਹੱਲ ਤੋਂ ਬਾਅਦ ਚੌਥਾ ਸਥਾਨ ਪੇਟਰਾ ਵਿਸ਼ਵ ਵਿਰਾਸਤ (ਜਾਰਡਨ) ਤੇ ਕੰਬੋਡੀਆ ਦੇ ਬੇਆਨ ਮੰਦਰ ਨੂੰ ਪੰਜਵਾਂ ਸਥਾਨ ਮਿਲਿਆ ਹੈ। ਇਸ ਤੋਂ ਇਲਾਵਾ ਅਬੂ ਧਾਬੀ ਵਿਚ ਸਥਿਤ ਸ਼ੇਖ ਜ਼ਾਇਦ ਜਾਮਾ ਮਸਜਿਦ ਦੁਨੀਆਂ ਦੀਆਂ 25 ਖਿੱਚ ਭਰਪੂਰ ਇਮਾਰਤਾਂ ਵਿਚ ਸ਼ੁਮਾਰ ਹੋ ਗਈ ਹੈ।

## ਰੁਪੱਈਆਂ ਨਾਲ ਲੱਦੇ 4 ਟਰੱਕ ਫੜੇ

**ਮੁੰਬਈ:** ਮੁੰਬਈ ਸੈਂਟਰਲ ਰੇਲਵੇ ਸਟੇਸ਼ਨ ਕੋਲ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਆਮਦਨ ਕਰ ਵਿਭਾਗ ਨੇ ਕੋਰੀਅਰ ਜ਼ਰੀਏ ਭੇਜੇ ਜਾ ਰਹੇ 100 ਕਰੋੜ ਰੁਪਏ ਜ਼ਬਤ ਕੀਤੇ ਹਨ। ਇਸ ਤੋਂ ਇਲਾਵਾ ਸੋਨੇ ਅਤੇ ਹੀਰਿਆਂ ਦੇ ਗਹਿਣੇ ਵੀ ਬਰਾਮਦ ਹੋਏ ਹਨ। ਆਮਦਨ ਕਰ ਵਿਭਾਗ ਮੁਤਾਬਕ ਇਹ ਨਕਦੀ ਅਤੇ ਗਹਿਣੇ 102 ਥੈਲਿਆਂ 'ਚ ਸਨ ਜਿਨ੍ਹਾਂ ਨੂੰ ਚਾਰ ਟਰੱਕਾਂ 'ਚ ਭਰ ਕੇ ਲਿਜਾਇਆ ਜਾ ਰਿਹਾ ਸੀ। ਇਸ ਸਬੰਧੀ 45 ਬੰਦਿਆਂ ਨੂੰ ਹਿਰਾਸਤ 'ਚ ਲਿਆ ਗਿਆ।

## ਭਾਰਤੀ ਕਾਰੋਬਾਰੀ ਨੇ 3600 ਕੈਦੀਆਂ ਨੂੰ ਛੁਡਵਾਇਆ

**ਦੁਬਈ:** ਯੂਏਈ ਵਿਚ ਇਕ ਭਾਰਤੀ ਕਾਰੋਬਾਰੀ ਨੇ ਵੱਖ-ਵੱਖ ਮੁਲਕਾਂ ਦੇ ਜੇਲ੍ਹਾਂ ਵਿਚ ਬੰਦ 3700 ਲੋਕਾਂ ਨੂੰ ਛੁਡਵਾਇਆ ਹੈ। ਇਹ ਲੋਕ ਆਪਣੀ ਸਜ਼ਾ ਤਾਂ ਪੂਰੀ ਕਰ ਚੁੱਕੇ ਸਨ ਪਰ ਆਪਣੇ ਸਿਰ ਚੜ੍ਹੇ ਕਰਜ਼ਿਆਂ ਤੇ ਘਰ ਪਰਤਣ ਲਈ ਟਿਕਟਾਂ ਖਰੀਦਣ ਜੋਗੇ ਪੈਸੇ ਨਾ ਹੋਣ ਕਾਰਨ ਜੇਲ੍ਹਾਂ ਵਿਚ ਹੀ ਬੰਦ ਸੀ। ਗਹਿਣਿਆਂ ਦੀ ਇਕ ਕੰਪਨੀ ਦੇ ਮਾਲਕ ਫਿਰੋਜ਼ ਜੀ. ਮਰਚੈਂਟ ਨੇ 2011 ਤੋਂ ਲੈ ਕੇ ਹੁਣ ਤਕ ਕੋਈ 3700 ਕੈਦੀ ਛੁਡਵਾਏ ਹਨ ਜਿਨ੍ਹਾਂ ਵਿਚ ਇਸ ਸਾਲ ਛੁਡਾਏ 500 ਕੈਦੀ ਵੀ ਸ਼ਾਮਲ ਹਨ।

ਉਸ ਨੇ ਇਨ੍ਹਾਂ ਦੀ ਰਿਹਾਈ ਲਈ ਕੋਈ ਛੇ ਕਰੋੜ ਰੁਪਏ ਖਰਚੇ ਸਨ। ਇਸ ਸਾਲ ਦੇ ਅਖੀਰ ਤਕ ਉਸ ਵੱਲੋਂ 1000 ਕੈਦੀ ਹੋਰ ਛੁਡਵਾਉਣ ਦੀ ਸੰਭਾਵਨਾ ਹੈ। ਮਰਚੈਂਟ ਨੇ ਦੱਸਿਆ ਕਿ ਉਸ ਨੇ ਉਨ੍ਹਾਂ ਕੈਦੀਆਂ ਦੀ ਮਾੜੀ ਹਾਲਤ ਦੇਖੀ ਜੋ ਸਜ਼ਾ ਪੂਰੀ ਹੋਣ ਦੇ ਬਾਵਜੂਦ ਘਰਾਂ ਨੂੰ ਪਰਤਣ ਲਈ ਪੈਸੇ ਨਾ ਹੋਣ ਕਾਰਨ ਜੇਲ੍ਹਾਂ ਵਿਚ ਹੀ ਬੰਦ ਸਨ।

## ਜੀ ਐਚ ਜੀ ਅਕੈਡਮੀ ਦਾ ਯੁਵਕ ਮੇਲਾ 27 ਨੂੰ

**ਫਰਿਜ਼ਨੋ (ਬਿਊਰੋ):** ਜੀ ਐਚ ਜੀ ਸੰਗੀਤ ਅਤੇ ਨ੍ਰਿਤ ਅਕੈਡਮੀ ਫਰਿਜ਼ਨੋ ਵਲੋਂ ਆਪਣਾ ਸਾਲਾਨਾ ਯੁਵਕ ਮੇਲਾ ਆਉਂਦੀ 27 ਜੁਲਾਈ ਨੂੰ ਇਥੇ ਕਰਵਾਇਆ ਜਾਵੇਗਾ। ਇਥੇ ਰੋਇਡਿੰਗ ਪਾਰਕ ਵਿਚ ਕਰਵਾਏ ਜਾ ਰਹੇ ਇਸ ਯੁਵਕ ਮੇਲੇ ਵਿਚ ਕੌਮਾਂਤਰੀ ਜੂਨੀਅਰ ਭੰਗੜਾ ਮੁਕਾਬਲੇ ਕਰਵਾਏ ਜਾਣਗੇ ਜਿਨ੍ਹਾਂ ਵਿਚ ਅਮਰੀਕਾ ਅਤੇ ਕੈਨੇਡਾ ਦੀਆਂ 15 ਟੀਮਾਂ ਆਪਣੀ ਕਲਾ ਦੇ ਜੌਹਰ ਵਿਖਾਉਣਗੀਆਂ।

ਅਕੈਡਮੀ ਦੇ ਯੂਥ ਵਿੰਗ ਦੇ ਮੈਂਬਰਾਂ ਦੀ ਇਥੇ ਹੋਈ ਇਕ ਮੀਟਿੰਗ ਵਿਚ ਕਰਵਾਏ ਜਾ ਰਹੇ ਇਸ ਯੁਵਾ ਮੇਲੇ ਅਤੇ ਇਸ ਤੋਂ ਪਹਿਲਾਂ ਬੱਚਿਆਂ ਲਈ ਲਾਏ ਜਾ ਰਹੇ ਕੈਂਪ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਅਕੈਡਮੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਬੱਚਿਆਂ ਦੇ ਕੈਂਪ ਵਿਚ ਉਨ੍ਹਾਂ ਨੂੰ ਵਧੀਆ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਸਿਖਿਅਤ ਕਰਨ ਲਈ ਕੋਚਾਂ ਦੀਆਂ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਕੈਂਪ ਤੋਂ ਇਕ ਹਫਤਾ ਪਹਿਲਾਂ ਸੀਨੀਅਰ ਮੈਂਬਰਾਂ-ਪਰਮਜੀਤ ਸਿੰਘ ਧਾਲੀਵਾਲ, ਸੁਖਮਿੰਦਰ ਸਿੰਘ ਸਰੋਏ, ਬਸੰਤ ਸਿੰਘ ਧਾਲੀਵਾਲ, ਬੀਬੀ ਤਰਨਜੀਤ ਕੌਰ ਕਲੇਰ, ਸ਼ਗਨਦੀਪ ਧਾਲੀਵਾਲ ਅਤੇ ਹੋਰ ਮੈਂਬਰਾਂ ਦੀ ਰਹਿਨੁਮਾਈ ਹੇਠ ਯੂਥ ਵਿੰਗ ਦੇ ਕੋਚਾਂ ਨੂੰ ਟਰੇਨਿੰਗ ਦਿੱਤੀ ਜਾਵੇਗੀ। ਕੈਂਪ 12 ਜੁਲਾਈ ਨੂੰ ਪੰਜਾਬੀ ਸਕੂਲ ਫਰਿਜ਼ਨੋ ਦੀਆਂ ਗਰਾਊਂਡਾਂ ਵਿਚ ਸ਼ੁਰੂ ਹੋ ਜਾਵੇਗਾ। ਕੈਂਪ ਲਈ ਦਾਖਲਾ ਫਾਰਮ 7 ਜੁਲਾਈ ਤੋਂ ਸਕੂਲ ਵਿਚ ਹੀ ਭਰੇ ਜਾਣਗੇ।

ਬਿਆਨ ਅਨੁਸਾਰ ਇਸ ਸਾਲ ਦੇ ਕੈਂਪ ਵਿਚ ਬੱਚਿਆਂ ਨੂੰ ਸੰਤੁਲਿਤ ਭੋਜਨ ਸਬੰਧੀ ਗੁਰਦਾਵਰ ਸਿੰਘ ਧਾਰੀਵਾਲ ਵਲੋਂ ਜਾਣਕਾਰੀ ਦਿੱਤੀ ਜਾਵੇਗੀ। ਡਿਬੇਟ ਦੀ ਟਰੇਨਿੰਗ ਯੁਵਕ ਮੈਂਬਰ ਪ੍ਰਭਸਿਮਰਨ ਸਿੰਘ ਲਿੱਟ ਦੇਣਗੇ, ਦਸਤਾਰ ਸਜਾਉਣ ਦੀ ਜਾਂਚ ਹਰ ਰੋਜ਼ ਸਿਖਾਈ ਜਾਵੇਗੀ ਅਤੇ 26 ਜੁਲਾਈ ਨੂੰ ਦਸਤਾਰਾਂ ਸਜਾਉਣ ਦਾ ਮੁਕਾਬਲਾ ਵੀ ਹੋਵੇਗਾ। ਕੈਂਪ ਦੌਰਾਨ ਪੰਜਾਬੀ ਗੱਭਰੂ ਤੇ ਪੰਜਾਬੀ ਮੁਟਿਆਰ ਵੀ ਚੁਣੇ ਜਾਣਗੇ।


ਹੋਰ ਜਾਣਕਾਰੀ ਲਈ ਸੁਖਪ੍ਰੀਤ ਸਿੰਘ ਧਾਲੀਵਾਲ ਫੋਨ 559-321-4591 ਜਾਂ ਬਰਿੰਦਰ ਸਿੰਘ ਬਾਸੀ ਫੋਨ 559-314-5414 ਨਾਲ ਸੰਪਰਕ ਕੀਤਾ ਜਾ ਸਕਦਾ ਹੈ।



Soft Touch Dental Practice
A reason to smile . . .
Call us Today!
(510) 952-9395
State of the art Dental Facility in your neighborhood.
General Dentistry Including
Periodontal Care, Cosmetic Dentistry
Root-Canals, Invisalign, Crowns
Most Insurances Accepted
0% Finance Options
Promotional Rate For New Patients
$69.99
Cleaning Exam X-Rays
www.soft touch dental practice.com


ਅਸੀਂ ਮੁਸਕਰਾਹਟਾਂ ਵੰਡਦੇ ਹਾਂ
Special Rates For New Patients.

ਡਾ. ਅੰਮ੍ਰਿਤਪਾਲ ਕੌਰ
Call us Today (510) 952-9395
email: amrit@drakaur.com
People Like Us On Yelp!
facebook.com/softtouchdentalpractice
Parking in the back.
2701 Decoto Road, 1A, Union City, CA 94587
Conveniently Located Near Union City BART
From San Jose, Northbound 880, Exit Decoto, Make A Right, Left On Royal Ann.
From Oakland, Southbound 880, Exit Decoto, Make A Left, Left On Royal Ann.


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਰੇਲਵੇ ਰਿਸ਼ਵਤ ਕਾਂਡ: ਬਾਂਸਲ ਨੂੰ ਕਲੀਨ ਚਿੱਟ

**ਨਵੀਂ ਦਿੱਲੀ:** ਰੇਲਵੇ ਰਿਸ਼ਵਤ ਕਾਂਡ ਵਿਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਸਾਬਕਾ ਰੇਲ ਮੰਤਰੀ ਅਤੇ ਕਾਂਗਰਸੀ ਆਗੂ ਪਵਨ ਕੁਮਾਰ ਬਾਂਸਲ ਨੂੰ ਕਲੀਨ ਚਿੱਟ ਦੇ ਦਿੱਤੀ। 10 ਕਰੋੜ ਰੁਪਏ ਦੀ ਰਿਸ਼ਵਤ ਦੇ ਮਾਮਲੇ ਵਿਚ ਸੀ.ਬੀ.ਆਈ.ਨੇ 10 ਆਦਮੀਆਂ ਖਿਲਾਫ ਦੋਸ਼ ਪੱਤਰ ਦਾਇਰ ਕੀਤਾ। ਇਨ੍ਹਾਂ ਵਿਚ ਬਾਂਸਲ ਦਾ ਭਾਣਜਾ ਵਿਜੇ ਸਿੰਗਲਾ ਅਤੇ ਰੇਲਵੇ ਬੋਰਡ ਦਾ ਮੈਂਬਰ ਮਹੇਸ਼ ਕੁਮਾਰ ਵੀ ਸ਼ਾਮਿਲ ਹੈ। ਸੀ.ਬੀ.ਆਈ. ਦੇ ਜੱਜ ਸਵਰਨਾ ਕਾਂਤਾ ਦੀ ਵਿਸ਼ੇਸ਼ ਅਦਾਲਤ ਵਿਚ ਦਾਇਰ ਕੀਤੇ ਗਏ ਦੋਸ਼ ਪੱਤਰ ਵਿਚ ਵਿਜੇ ਸਿੰਗਲਾ ਅਤੇ ਮਹੇਸ਼ ਕੁਮਾਰ ਤੋਂ ਇਲਾਵਾ ਪੈਸੇ ਦੇ ਲੈਣ-ਦੇਣ ਵਿਚ ਵਿਚੋਲੇ ਦੀ ਭੂਮਿਕਾ ਨਿਭਾਉਣ ਵਾਲੇ ਸੰਦੀਪ ਗੋਇਲ, ਸਮੀਰ ਸੰਧੀਰ, ਸੁਸ਼ੀਲ ਦਾਗਾ, ਅਜੇ ਗਰਗ, ਰਾਹੁਲ ਯਾਦਵ, ਵਪਾਰੀ ਮੰਜੂਨਾਥ ਤੇ ਉਸ ਦੇ ਸਹਿਯੋਗੀ


ਪਵਨ ਕੁਮਾਰ ਬਾਂਸਲ

ਪੀ.ਵੀ. ਮੁਰਲੀ ਅਤੇ ਵੇਣੂ ਗੋਪਾਲ ਦੇ ਨਾਂ ਸ਼ਾਮਿਲ ਹਨ। ਦਾਇਰ ਕੀਤੇ ਗਏ ਦੋਸ਼ ਪੱਤਰ ਵਿਚ ਵਿਜੇ ਸਿੰਗਲਾ ਦੇ ਘਰ ਕੋਰੀਅਰ ਪਹੁੰਚਾਉਣ ਵਾਲੇ ਦੋ ਲੜਕਿਆਂ ਦੇ ਨਾਂ ਨਹੀਂ ਹਨ।

ਸੀ.ਬੀ.ਆਈ. ਦੇ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਤੱਕ ਹੋਈ ਜਾਂਚ ਦੌਰਾਨ ਸਾਬਕਾ ਰੇਲ ਮੰਤਰੀ ਪਵਨ ਬਾਂਸਲ ਖਿਲਾਫ ਕੋਈ ਸਬੂਤ ਨਹੀਂ ਮਿਲਿਆ ਜਿਸ ਕਾਰਨ ਦੋਸ਼ ਪੱਤਰ ਵਿਚ ਉਸ ਦਾ ਨਾਂ ਸ਼ਾਮਿਲ ਨਹੀਂ ਕੀਤਾ ਗਿਆ। ਜੇ ਅਗਲੇਰੀ ਜਾਂਚ ਦੌਰਾਨ ਸ੍ਰੀ ਬਾਂਸਲ ਖਿਲਾਫ ਕੋਈ ਸਬੂਤ ਮਿਲਦਾ ਹੈ ਤਾਂ ਸੀ.ਬੀ.ਆਈ. ਸਪਲੀਮੈਂਟਰੀ ਦੋਸ਼ ਪੱਤਰ ਦਾਖਲ ਕਰ ਸਕਦੀ ਹੈ। ਹੁਣ ਵਾਲੇ ਦੋਸ਼ ਪੱਤਰ ਵਿਚ ਸੀ.ਬੀ.ਆਈ. ਨੇ ਦੋਸ਼ ਲਗਾਇਆ ਹੈ ਕਿ ਸੰਦੀਪ ਗੋਇਲ ਨਾਂ ਦੇ ਵਿਚੋਲੇ ਨੇ ਮਹੇਸ਼ ਕੁਮਾਰ ਨੂੰ ਭਰੋਸਾ ਦਿੱਤਾ ਸੀ ਕਿ ਉਹ ਉਸ ਨੂੰ 10 ਕਰੋੜ ਰੁਪਏ ਵਿਚ ਰੇਲਵੇ ਬੋਰਡ ਵਿਚ ਮੈਂਬਰ (ਇਲੈਕਟ੍ਰੀਕਲ) ਵਜੋਂ ਨਿਯੁਕਤ ਕਰਵਾ ਦੇਵੇਗਾ। ਸੀ.ਬੀ.ਆਈ. ਨੇ ਇਸ ਸਬੰਧੀ 3 ਮਈ ਨੂੰ ਕੇਸ ਦਰਜ ਕੀਤਾ ਸੀ ਅਤੇ ਕਾਨੂੰਨ ਮੁਤਾਬਿਕ ਕੇਸ ਦਰਜ ਕਰਨ ਦੇ 60 ਦਿਨਾਂ ਦੇ ਅੰਦਰ-ਅੰਦਰ ਦੋਸ਼ ਪੱਤਰ ਦਾਖਲ ਕਰਨਾ ਜ਼ਰੂਰੀ ਹੁੰਦਾ ਹੈ।

# ਗਦਰ ਲਹਿਰ ਬਾਰੇ ਸੈਮੀਨਾਰ 13 ਜੁਲਾਈ ਨੂੰ

**ਸੈਨ ਫਰਾਂਸਿਸਕੋ (ਪੰਜਾਬ ਟਾਈਮਜ਼ ਬਿਊਰੋ):** ਗਦਰ ਮੈਮੋਰੀਅਲ ਹਾਲ ਉਹ ਸਥਾਨ ਹੈ ਜਿਥੋਂ ਅੱਜ ਤੋਂ ਕਰੀਬ ਸੌ ਸਾਲ ਪਹਿਲਾਂ ਭਾਰਤ ਦੀ ਆਜ਼ਾਦੀ ਦਾ ਸੁਪਨਾ ਲੈ ਕੇ ਗਦਰ ਲਹਿਰ ਦੇ ਬਾਨੀਆਂ ਨੇ ਗਦਰ ਦੀ ਜੋਤ ਜਗਾਈ ਸੀ। ਗਦਰ ਲਹਿਰ ਦੀ ਸੌਵੀਂ ਵਰ੍ਹੇਗੰਢ ਮੌਕੇ ਗਦਰ ਮੈਮੋਰੀਅਲ ਫਾਉਂਡੇਸ਼ਨ ਸੈਕਰਾਮੈਂਟੋ ਵਲੋਂ ਕਰਵਾਏ ਜਾ ਰਹੇ ਦੋ ਰੋਜ਼ਾ ਸਮਾਗਮਾਂ ਦੇ ਪਹਿਲੇ ਦਿਨ ਯਾਨਿ 13 ਜੁਲਾਈ ਨੂੰ ਇਸ ਜਗ੍ਹਾ ਕੌਮਾਂਤਰੀ ਸੈਮੀਨਾਰ ਕਰਵਾਇਆ ਜਾਵੇਗਾ ਜਿਸ ਵਿਚ ਭਾਰਤ ਤੋਂ ਮੈਂਬਰ ਪਾਰਲੀਮੈਂਟ ਸੀਤਾ ਰਾਮ ਯੈਚੁਰੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਤੇ ਇਸ ਯੂਨੀਵਰਸਿਟੀ ਦੇ ਵਿਦਵਾਨ ਡਾ. ਜਸਵਿੰਦਰ ਸਿੰਘ ਤੇ ਡਾ. ਧਨਵੰਤ ਕੌਰ, ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਦੀਪਕ ਮਨਮੋਹਨ ਸਿੰਘ, ਡਾ. ਮਹਿੰਦਰ ਸਿੰਘ (ਭਾਈ ਵੀਰ ਸਿੰਘ ਸਾਹਿਤ ਸਦਨ), ਕੁਲਵੰਤ ਸਿੰਘ ਮੰਡਿਆਲਾ, ਇੰਗਲੈਂਡ ਤੋਂ ਸੇਵਾ ਸਿੰਘ, ਕੈਨੇਡਾ ਤੋਂ ਗੁਰਮਿੰਦਰ ਸਿੰਘ ਧਾਲੀਵਾਲ ਹਿੱਸਾ ਲੈਣਗੇ। ਇਸ ਤੋਂ ਇਲਾਵਾ ਵਿਗਿਆਨੀ ਡਾ. ਗੁਰੂਮੇਲ ਸਿੰਘ ਸਿੱਧੂ, ਡਾ. ਗੁਰਦੇਵ ਸਿੰਘ ਖੁਸ਼, ਡਾ. ਹਰਦਮ ਸਿੰਘ, ਪ੍ਰੋ. ਸੰਪੂਰਨ ਸਿੰਘ, ਡਾ. ਜੋਹੰਨਾ ਬੋਗਡਨ, ਪੱਤਰਕਾਰ ਸਿੱਧੂ ਦਮਦਮੀ, ਅਸ਼ੋਕ ਭੌਰਾ, ਸਤਨਾਮ ਸਿੰਘ ਚਾਹਲ, ਐਡਵੋਕੇਟ ਪਾਖਰ ਸਿੰਘ ਚਾਹਲ ਅਤੇ ਦਲਵਿੰਦਰ ਸਿੰਘ ਧੂਤ ਵੀ ਪਹੁੰਚਣਗੇ।

ਇਸ ਮੌਕੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਬਾਰੇ ਇਕ ਪੁਸਤਕ ਵੀ ਰਿਲੀਜ਼ ਕੀਤੀ ਜਾਵੇਗੀ। ਇਸ ਦੀਆਂ ਸੌ ਕਾਪੀਆਂ ਮੰਗਵਾਈਆਂ ਗਈਆਂ ਹਨ ਜਿਨ੍ਹਾਂ ਦੀ ਸੇਵਾ ਕੁਲਦੀਪ ਸਿੰਘ ਅਟਵਾਲ ਤੇ ਸੁਰਜੀਤ ਸਿੰਘ ਅਟਵਾਲ (ਮਰਸਡ) ਵਲੋਂ ਕੀਤੀ ਗਈ ਹੈ।

ਸਮਾਗਮਾਂ ਦੇ ਦੂਜੇ ਹਿੱਸੇ ਵਿਚ ਸੈਕਰਾਮੈਂਟੋ ਵਿਚ ਸਭਿਆਚਾਰਕ ਮੇਲਾ ਕਰਵਾਇਆ ਜਾਏਗਾ। ਇਹ ਜਾਣਕਾਰੀ ਦਿੰਦਿਆਂ ਗਦਰ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਸ. ਚਰਨ ਸਿੰਘ ਜੱਜ ਨੇ ਦਸਿਆ ਕਿ ਗਦਰੀ ਬਾਬਿਆਂ ਦੀ ਸੋਚ ਨਾਲ ਜੁੜੀਆਂ ਸਾਰੀਆਂ ਜਥੇਬੰਦੀਆਂ ਇਨ੍ਹਾਂ ਸਮਾਗਮਾਂ ਦੀ ਹਮਾਇਤ ਕਰ ਰਹੀਆਂ ਹਨ ਅਤੇ ਪੂਰਾ ਮਿਲਵਰਤਣ ਦੇ ਰਹੀਆਂ ਹਨ। ਫਾਊਨਡੇਸ਼ਨ ਵਲੋਂ ਇਨ੍ਹਾਂ ਸਮਾਗਮਾਂ ਲਈ ਤਿਆਰੀ ਮੁਕੰਮਲ ਕਰ ਲਈ ਗਈ ਹੈ। ਸੈਮੀਨਾਰ ਦੇ ਮੁਖ ਮਹਿਮਾਨ ਇੰਡੀਆ ਤੋਂ 12 ਜੁਲਾਈ ਨੂੰ ਸੈਕਰਾਮੈਂਟੋ ਪਹੁੰਚ ਰਹੇ ਹਨ।

# ਜਸੂਸੀ ਮਾਮਲੇ 'ਤੇ ਭਾਰਤ ਨੇ ਅਮਰੀਕਾ ਦਾ ਪੱਖ ਪੂਰਿਆ

**ਨਵੀਂ ਦਿੱਲੀ:** ਅਮਰੀਕੀ ਖੁਫ਼ੀਆ ਨਿਗਰਾਨੀ ਪ੍ਰੋਗਰਾਮ ਨੇ ਯੂਪੀਏ ਸਰਕਾਰ ਨੂੰ ਵੀ ਵਖ਼ਤ ਪਾ ਦਿੱਤਾ ਹੈ। ਸਰਕਾਰ ਨੇ ਨੇ ਬੇਸ਼ੱਕ ਇਸ ਮਾਮਲੇ 'ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ ਹੈ ਪਰ ਵਿਰੋਧੀ ਧਿਰਾਂ ਦਾ ਕਹਿਣਾ ਹੈ ਕਿ ਭਾਰਤ ਨੂੰ ਇਸ ਸਬੰਧੀ ਅਮਰੀਕਾ ਕੋਲ ਸਖ਼ਤ ਇਤਰਾਜ਼ ਪ੍ਰਗਟ ਕਰਨਾ ਚਾਹੀਦਾ ਹੈ। ਅਮਰੀਕਾ ਦੇ ਵਿਆਪਕ ਖੁਫੀਆ ਨਿਗਰਾਨੀ ਪ੍ਰੋਗਰਾਮ ਦੀ ਸੂਚੀ ਵਿਚ ਭਾਰਤ ਪੰਜਵੇਂ ਸਥਾਨ 'ਤੇ ਹੈ ਜਿਸ 'ਤੇ ਨਿਗ੍ਹਾ ਰੱਖੀ ਜਾ ਰਹੀ ਹੈ।

ਅਮਰੀਕਾ ਸਣੇ ਵਿਸ਼ਵ ਭਰ ਵਿਚ ਇਸ ਮਾਮਲੇ ਨੂੰ ਲੈ ਕੇ ਮੱਚੀ ਤਰਥੱਲੀ ਤੋਂ ਬਾਅਦ ਭਾਰਤੀ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਇਹ ਅਸਲ ਵਿਚ ਜਾਸੂਸੀ ਨਹੀਂ ਹੈ। ਇਸ ਤਹਿਤ ਅਸਲ ਸੁਨੇਹੇ ਨੂੰ ਨਹੀਂ ਪੜ੍ਹਿਆ ਜਾਂਦਾ, ਸਗੋਂ ਈਮੇਲਾਂ ਤੇ ਕਾਲਾਂ ਦੇ ਪੈਟਰਨਾਂ ਦਾ ਸਿਰਫ ਕੰਪਿਊਟਰੀ ਜਾਇਜ਼ਾ ਹੀ ਲਿਆ ਜਾਂਦਾ ਹੈ।ਇਸ ਤਰ੍ਹਾਂ ਇਸ ਨੂੰ ਜਾਸੂਸੀ ਨਹੀਂ ਕਿਹਾ ਜਾ ਸਕਦਾ ਕਿਉਂਕਿ ਕਿਸੇ ਵਿਅਕਤੀ ਵਿਸ਼ੇਸ਼ ਦੇ ਸੁਨੇਹੇ ਜਾਂ ਗੱਲਬਾਤ ਨੂੰ ਸੰਨ੍ਹ ਨਹੀਂ ਲਾਈ ਜਾਂਦੀ।

ਸ੍ਰੀ ਖੁਰਸ਼ੀਦ ਨੇ ਅਮਰੀਕੀ ਨਿਗਰਾਨੀ ਨੂੰ ਜਾਇਜ਼ ਕਰਾਰ ਦਿੰਦਿਆਂ ਕਿਹਾ ਕਿ ਇਸ ਖੁਫੀਆ ਸਮੀਖਿਆ ਨਾਲ ਅਮਰੀਕਾ ਅਹਿਮ ਜਾਣਕਾਰੀ ਹਾਸਲ ਕਰਨ ਵਿਚ ਸਫਲ ਰਹਿੰਦਾ ਹੈ ਤੇ ਇਸ ਦੀ ਵਰਤੋਂ ਵੱਖ-ਵੱਖ ਦੇਸ਼ਾਂ ਵਿਚ ਅਤਿਵਾਦੀ ਹਮਲੇ ਰੋਕਣ ਲਈ ਕਰਦਾ ਹੈ।

ਜ਼ਿਕਰਯੋਗ ਹੈ ਕਿ ਅਮਰੀਕੀ ਖੁਫੀਆ ਏਜੰਸੀ ਸੀਆਈਏ ਦੇ ਸਾਬਕਾ ਟੈਕਨੀਕਲ ਸਹਾਇਕ ਐਡਵਰਡ ਸਨੋਡਨ ਵੱਲੋਂ ਅਮਰੀਕਾ ਦੀ ਕੌਮੀ ਸੁਰੱਖਿਆ ਏਜੰਸੀ ਵੱਲੋਂ ਚਲਾਏ ਜਾ ਰਹੇ ਖੁਫੀਆ ਨਿਗਰਾਨੀ ਪ੍ਰੋਗਰਾਮ ਦੇ ਪਾਜ ਉਧੇੜਨ ਮਗਰੋਂ ਤਰਥੱਲੀ ਮੱਚ ਗਈ ਹੈ। ਇਸ ਨੂੰ ਲੋਕਾਂ ਦੀ ਨਿੱਜਤਾ ਦੀ ਉਲੰਘਣਾ ਕਰਾਰ ਦਿੱਤਾ ਜਾ ਰਿਹਾ ਹੈ।

ਬੇਸ਼ੱਕ ਭਾਰਤ ਸਰਕਾਰ ਨੇ ਇਸ ਨੂੰ ਜ਼ਿਆਦਾ ਗੰਭੀਰ ਮਸਲਾ ਨਹੀਂ ਮੰਨਿਆ ਪਰ ਭਾਰਤੀ ਜਨਤਾ ਪਾਰਟੀ ਤੇ ਸੀਪੀਆਈ (ਐਮ) ਨੇ ਕਿਹਾ ਹੈ ਕਿ ਭਾਰਤ ਨੂੰ ਜਾਸੂਸੀ ਦੇ ਮਾਮਲੇ 'ਤੇ ਅਮਰੀਕਾ ਕੋਲ ਤੁਰੰਤ ਸਖ਼ਤ ਇਤਰਾਜ਼ ਜਤਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਖੁਫ਼ੀਆ ਨਿਗਰਾਨੀ ਪ੍ਰੋਗਰਾਮ ਦੀ ਤਰਫਦਾਰੀ ਕਰਦਿਆਂ ਕਿਹਾ ਕਿ ਇਹ ਕੋਈ ਨਵੀਂ ਗੱਲ ਨਹੀਂ ਹੈ। ਸ੍ਰੀ ਓਬਾਮਾ ਨੇ ਕਿਹਾ ਕਿ ਹਰ ਦੇਸ਼ ਦੂਜੇ 'ਤੇ ਨਿਗ੍ਹਾ ਰੱਖਦਾ ਹੈ ਤੇ ਇਹ ਸਾਰੇ ਮੁਲਕਾਂ ਲਈ ਆਮ ਜਿਹੀ ਗੱਲ ਹੈ।

## ਭਾਰਤ ਵੱਲੋਂ ਸਨੋਡਨ ਨੂੰ ਪਨਾਹ ਦੇਣ ਤੋਂ ਹੱਥ ਖੜ੍ਹੇ

**ਨਵੀਂ ਦਿੱਲੀ:** ਭਾਰਤ ਨੇ ਅਮਰੀਕੀ ਰਾਜ਼ ਖੋਲ੍ਹਣ ਵਾਲੇ ਐਡਵਰਡ ਸਨੋਡਨ ਨੂੰ ਸਿਆਸੀ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਸਨੋਡਨ ਨੇ ਮਾਸਕੋ ਸਥਿਤ ਭਾਰਤੀ ਮਿਸ਼ਨ ਤੋਂ ਸਿਆਸੀ ਪਨਾਹ ਲਈ ਅਰਜ਼ ਕੀਤੀ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਕਿਹਾ ਕਿ ਐਵਰਡ ਸਨੋਡਨ ਨੇ 30 ਜੂਨ ਨੂੰ ਮਾਸਕੋ ਸਥਿਤ ਭਾਰਤੀ ਅੰਬੈਸੀ ਨਾਲ ਰਾਬਤਾ ਕੀਤਾ ਸੀ। ਸਨੋਡਨ ਅਮਰੀਕੀ ਖੁਫੀਆ ਏਜੰਸੀ ਕੌਮੀ ਸੁਰੱਖਿਆ ਏਜੰਸੀ ਦਾ ਸਾਬਕਾ ਟੈਕਨੀਕਲ ਅਧਿਕਾਰੀ ਹੈ ਜਿਸ ਨੇ ਅਮਰੀਕੀ ਖੁਫੀਆ ਪ੍ਰੋਗਰਾਮ ਦਾ ਭੇਤ ਖੋਲ੍ਹਿਆ ਹੈ। ਉਹ ਇਸ ਵੇਲੇ ਰੂਸ ਵਿਚ ਹੈ।

# ਆਜ਼ਾਦੀ ਘੁਲਾਟੀਆਂ ਦੀਆਂ ਕੁਰਕ ਜ਼ਮੀਨਾਂ ਮੋੜਨ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ ਜਸਟਿਸ ਸੰਜੇ ਕਿਸ਼ਨ ਕੌਲ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਆਜ਼ਾਦੀ ਘੁਲਾਟੀਆਂ ਦੀਆਂ ਬਰਤਾਨਵੀ ਸ਼ਾਸਨ ਸਮੇਂ ਕੁਰਕ ਕੀਤੀਆਂ ਗਈਆਂ ਜ਼ਮੀਨਾਂ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਨੂੰ ਮੋੜੀਆਂ ਜਾਣ।

ਹਾਈਕੋਰਟ ਨੇ ਆਪਣੇ ਨਿਰਦੇਸ਼ਾਂ ਵਿਚ ਕਿਹਾ ਹੈ ਕਿ ਸ਼ਹੀਦ ਕਾਲਾ ਸਿੰਘ (ਸਰਦਾਰ ਬਹਾਦੁਰ ਅੱਛਰ ਸਿੰਘ ਕਤਲ ਕੇਸ) ਅਤੇ ਸ਼ਹੀਦ ਖੁਸ਼ਹਾਲ ਸਿੰਘ (ਚੱਬਾ ਡਕੈਤੀ ਕੇਸ) ਨੇ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਤਹਿਤ ਕੁਰਬਾਨੀ ਦਿੱਤੀ। ਉਨ੍ਹਾਂ ਨੂੰ ਇਸ ਦੇ ਸਿੱਟੇ ਵਜੋਂ ਆਪਣੀਆਂ ਜਾਇਦਾਦਾਂ ਵੀ ਕੁਰਕ ਕਰਾਉਣੀਆਂ ਪਈਆਂ। ਹੁਣ ਇਨ੍ਹਾਂ ਦੇ ਕਾਨੂੰਨੀ ਵਾਰਸਾਂ ਨੂੰ ਬਨਦਾ ਹੱਕ ਦੇਣਾ ਸਮੇਂ ਦੀਆਂ ਸਰਕਾਰਾਂ ਦੀ ਨੈਤਿਕ ਜ਼ਿੰਮੇਵਾਰੀ ਹੈ।

ਹਾਈ ਕੋਰਟ ਨੇ ਪੰਜਾਬ ਸਰਕਾਰ ਵੱਲੋਂ ਦੋ ਹੋਰ ਦੇਸ਼ ਭਗਤਾਂ, ਪੰਜਾਬ ਸਿੰਘ ਅਤੇ ਵਜ਼ੀਰ ਸਿੰਘ ਬਾਰੇ ਇਹ ਕਹਿਣ ਦਾ ਸਖਤ ਨੋਟਿਸ ਲਿਆ ਹੈ ਕਿ ਇਨ੍ਹਾਂ ਨੇ ਆਜ਼ਾਦੀ ਸੰਗਰਾਮ ਵਿਚ ਕੋਈ ਹਿੱਸਾ ਨਹੀਂ ਲਿਆ। ਪਟੀਸ਼ਨਕਰਤਾ ਵਕੀਲ ਅਤੇ ਦੇਸ਼ ਭਗਤਾਂ ਬਾਰੇ ਕੰਮ ਕਰਨ ਵਾਲੇ ਸ. ਮਾਲਵਿੰਦਰਜੀਤ ਸਿੰਘ ਵੜੈਚ ਅਤੇ ਇਸ ਮਾਮਲੇ ਸਬੰਧੀ ਅਦਾਲਤੀ ਵਕੀਲ ਜੇ.ਐਸ. ਮਹਿਦੀਰੱਤਾ ਵੱਲੋਂ ਪੇਸ਼ ਕੀਤੀ ਗਈ ਜਾਣਕਾਰੀ ਨੂੰ ਸਵੀਕਾਰਦਿਆਂ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਅਗਲੇ ਦੋ ਮਹੀਨਿਆਂ ਦੇ ਅੰਦਰ-ਅੰਦਰ ਇਸ ਸਬੰਧੀ ਜਵਾਬ ਦੇਣ ਲਈ ਕਿਹਾ ਹੈ। ਜ਼ਿਕਰਯੋਗ ਹੈ ਕਿ ਅੰਗਰੇਜ਼ ਸ਼ਾਸਕਾਂ ਨੂੰ ਭੌਂ ਮਾਲੀਆ ਅਦਾ ਨਾ ਕਰਨ ਕਾਰਨ ਪੰਜਾਬ ਸਿੰਘ ਅਤੇ ਵਜ਼ੀਰ ਸਿੰਘ ਦੀਆਂ ਜ਼ਮੀਨਾਂ ਦੀ ਕੁਰਕੀ ਹੋਈ ਸੀ।

ਇਸ ਤੋਂ ਇਲਾਵਾ ਇਕ ਹੋਰ ਦੇਸ਼ ਭਗਤ ਚੂਹੜ ਸਿੰਘ ਦੇ ਮਾਮਲੇ ਵਿਚ ਉਨ੍ਹਾਂ ਦੀ ਕੁਰਕ ਹੋਈ ਜ਼ਮੀਨ ਦਾ ਅੱਜ ਦੇ ਬਾਜ਼ਾਰੀ ਭਾਅ ਮੁਤਾਬਿਕ ਮੁਆਵਜ਼ਾ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਨੂੰ ਦੇਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਸਬੰਧੀ ਅਦਾਲਤ ਵਿਚ ਦਾਖ਼ਲ ਕੀਤੀ ਗਈ ਪਟੀਸ਼ਨ ਮੁਤਾਬਿਕ ਸ਼ਹੀਦ ਕਾਲਾ ਸਿੰਘ ਦੇ ਕਾਨੂੰਨੀ ਵਾਰਸ ਵਜੋਂ ਉਨ੍ਹਾਂ ਦੇ ਭਤੀਜੇ ਮਿਹਰ ਸਿੰਘ, ਸ਼ਹੀਦ ਖੁਸ਼ਹਾਲ ਸਿੰਘ ਦੇ ਪੋਤ-ਭਤੀਜੇ ਗੁਰਦੀਪ ਸਿੰਘ, ਪੰਜਾਬ ਸਿੰਘ ਦੇ ਪੋਤਰੇ ਸੂਰਤ ਸਿੰਘ ਅਤੇ ਵਜ਼ੀਰ ਸਿੰਘ ਦੇ ਪੋਤਰੇ ਸਿਕੰਦਰ ਸਿੰਘ ਦੇ ਨਾਂ ਪੇਸ਼ ਕੀਤੇ ਗਏ ਹਨ। ਇਸ ਮਾਮਲੇ ਦੀ ਅਗਲੀ ਸੁਣਵਾਈ 10 ਸਤੰਬਰ ਨਿਸਚਿਤ ਕੀਤੀ ਗਈ ਹੈ।

## ਸੁਜਾਤਾ ਸਿੰਘ ਬਣੀ ਭਾਰਤ ਦੀ ਵਿਦੇਸ਼ ਸਕੱਤਰ

**ਨਵੀਂ ਦਿੱਲੀ:** ਜਰਮਨੀ ਵਿਚ ਭਾਰਤ ਦੀ ਰਾਜਦੂਤ ਸੁਜਾਤਾ ਸਿੰਘ ਨੂੰ ਵਿਦੇਸ਼ ਸਕੱਤਰ ਬਣਾਇਆ ਗਿਆ ਹੈ। 59 ਸਾਲਾ ਸੁਜਾਤਾ ਸਿੰਘ ਜੋ 1976 ਬੈਚ ਦੀ ਆਈਐਫਐਸ ਅਫਸਰ ਹੈ, ਸ੍ਰੀ ਰੰਜਨ ਮਥਾਈ ਦੀ ਥਾਂ ਲੈਣਗੇ। ਉਹ 31 ਜੁਲਾਈ ਨੂੰ ਰਿਟਾਇਰ ਹੋ ਰਹੇ ਹਨ।

ਉਹ ਤੀਜੀ ਮਹਿਲਾ ਹਨ ਜਿਨ੍ਹਾਂ ਨੂੰ ਇਹ ਅਹੁਦਾ ਮਿਲਿਆ ਹੈ। ਇਸ ਤੋਂ ਪਹਿਲਾਂ ਚੋਕਿਲਾ ਅਇਅਰ ਤੇ ਨਿਰੁਪਮਾ ਰਾਓ ਇਸ ਅਹੁਦੇ 'ਤੇ ਰਹੀਆਂ ਹਨ।

# ਸਿੱਖ ਸਪੋਰਟਸ ਐਸੋਸੀਏਸ਼ਨ ਦਾ ਦੋ ਰੋਜ਼ਾ ਖੇਡ ਟੂਰਨਾਮੈਂਟ 20 ਜੁਲਾਈ ਤੋਂ

**ਫਰੀਮਾਂਟ (ਬਿਊਰੋ):** ਸਿੱਖ ਸਪੋਰਟਸ ਐਸੋਸੀਏਸ਼ਨ ਵਲੋਂ ਸੱਤਵੀਆਂ ਸਾਲਾਨਾ ਖੇਡਾਂ ਇਸ ਵਾਰ 20 ਅਤੇ 21 ਜੁਲਾਈ ਨੂੰ ਹਮੇਸ਼ਾ ਵਾਂਗ ਲੋਗਨ ਹਾਈ ਸਕੂਲ ਵਿਚ ਕਰਵਾਈਆਂ ਜਾ ਰਹੀਆਂ ਹਨ। ਇਸ ਖੇਡ ਮੇਲੇ ਦੌਰਾਨ ਹਾਕੀ ਫੁਟਬਾਲ, ਵਾਲੀਬਾਲ, ਬਾਸਕਿਟਬਾਲ ਦੇ ਮੈਚਾਂ ਤੋਂ ਇਲਾਵਾ ਟਰੈਕ ਅਤੇ ਫੀਲਡ ਦੀਆਂ ਹੋਰ ਖੇਡਾਂ ਵੀ ਹੋਣਗੀਆਂ।

ਐਸੋਸੀਏਸ਼ਨ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਨ੍ਹਾਂ ਖੇਡਾਂ ਲਈ ਰਜਿਸਟਰੇਸ਼ਨ www.sikhsports.com 'ਤੇ ਜਾ ਕੇ ਕਰਵਾਈ ਜਾ ਸਕਦੀ ਹੈ। ਬਿਆਨ ਅਨੁਸਾਰ ਯੂਨਾਈਟਿਡ ਸਪੋਰਟਸ ਕਲੱਬ-ਕੈਲੀਫੋਰਨੀਆ, ਕਿੰਗਜ਼ ਸਪੋਰਟਸ ਕਲੱਬ-ਸੈਕਰਾਮੈਂਟੋ ਅਤੇ ਯੂਬਾ ਸਿਟੀ ਦੀਆਂ ਕਬੱਡੀ ਟੀਮਾਂ ਰਜਿਸਟਰੇਸ਼ਨ ਕਰਵਾ ਚੁਕੀਆਂ ਹਨ। ਸਿੱਖ ਸਪੋਰਟਸ ਐਸੋਸੀਏਸ਼ਨ ਦੇ ਚੇਅਰਮੈਨ ਹਰਵਿੰਦਰ ਸਿੰਘ ਧਾਰੀਵਾਲ ਅਨੁਸਾਰ ਇਨ੍ਹਾਂ ਸਾਲਾਨਾ ਖੇਡਾਂ ਲਈ ਲੋਕਾਂ ਵਿਚ ਭਾਰੀ ਉਤਸ਼ਾਹ ਹੈ। ਉਨ੍ਹਾਂ ਖਿਡਾਰੀਆਂ ਅਤੇ ਖੇਡ ਕਲੱਬਾਂ ਨੂੰ ਬੇਨਤੀ ਕੀਤੀ ਕਿ ਆਪਣੀ ਰਜਿਸਟਰੇਸ਼ਨ 14 ਜੁਲਾਈ ਤੱਕ ਜ਼ਰੂਰ ਕਰਵਾ ਲੈਣ ਕਿਉਂਕਿ 1500 ਤੋਂ ਵੱਧ ਪਹੁੰਚ ਰਹੇ ਖਿਡਾਰੀਆਂ ਲਈ ਪ੍ਰਬੰਧ ਕਰਨ ਵਾਸਤੇ ਇਕ ਹਫਤੇ ਦਾ ਸਮਾਂ ਜ਼ਰੂਰੀ ਹੈ।


## ਕੈਸ਼ੀਅਰ ਦੀ ਲੋੜ ਹੈ


ਟੁਲੈਰੀ ਕਾਊਂਟੀ ਵਿਚ ਹਾਈਵੇਅ 99 'ਤੇ ਟਰੱਕ ਸਟਾਪ ਲਈ ਕੈਸ਼ੀਅਰ ਦੀ ਲੋੜ ਹੈ

ਸੰਪਰਕ ਕਰੋ: ਅਮਰੀਕ ਸਿੰਘ ਭੰਡਾਲ

ਫੋਨ: 559-380-8888

## ਫਰੇਟਲਾਈਨਰ ਟਰੱਕ ਦੀ ਲੋੜ ਹੈ

ਸੈਨ ਫਰਾਂਸਿਸਕੋ ਬੇਅ ਏਰੀਏ ਵਿਚ 2005 ਤੋਂ 2007 ਮਾਡਲ ਦੇ ਫਰੇਟ ਲਾਈਨਰ ਟਰੱਕ ਦੀ ਲੋੜ ਹੈ।



ਟਰੱਕ ਵੇਚਣ ਲਈ ਕੈਸ਼ ਡੀਲ ਦੇ ਚਾਹਵਾਨ ਸੱਜਣ ਸੰਪਰਕ ਕਰਨ

ਫੋਨ: 510-226-1634

MTSBS, LLC

## Merchant Solutions

Independent Gas Stations and Convenience Stores

**Say goodbye to**

Slow credit card terminals
Poor support
Confusing statements
Higher costs


**Say hello to**

Superior support
High speed processing
Better customer service
Higher profits, lower expenses, peace of mind



ਵਧੀਆ ਸਰਵਿਸ
ਬਹੁਤ ਵਾਜਬ ਰੇਟ

1-800-871-6610



# ਪੰਚਾਇਤੀ ਚੋਣਾਂ ਦੌਰਾਨ ਵਗਿਆ ਨਸ਼ਿਆਂ ਦਾ ਦਰਿਆ

**ਚੰਡੀਗੜ੍ਹ:** ਪੰਜਾਬ ਵਿਚ ਤਿੰਨ ਜੁਲਾਈ ਨੂੰ ਹੋਈਆਂ ਪੰਚਾਇਤੀ ਚੋਣਾਂ ਦੌਰਾਨ ਨਸ਼ਿਆਂ ਦਾ ਛੇਵਾਂ ਦਰਿਆ ਪੂਰੇ ਜ਼ੋਬਨ 'ਤੇ ਵਗਿਆ। ਸ਼ਰਾਬ ਤੇ ਪੈਸੇ ਦੇ ਲਾਲਚ ਨੇ ਪੰਜਾਬੀਆਂ ਦੀ ਜ਼ਮੀਰ ਤੇ ਸਹੀ ਵੋਟ ਪਾਉਣ ਦੀ ਮੱਤ ਨੂੰ ਵੱਡਾ ਖੋਰਾ ਲਾਇਆ। ਚੋਣਾਂ ਦੌਰਾਨ ਪਿੰਡਾਂ ਵਿਚ ਥਾਂ-ਥਾਂ ਸ਼ਰਾਬ ਦੇ ਦੌਰ ਚੱਲੇ ਤੇ ਸਮੈਕ, ਭੁੱਕੀ ਤੇ ਹੋਰ ਨਸ਼ੇ ਖੁੱਲ੍ਹੇ ਵਰਤਾਏ ਗਏ।

ਪੰਜਾਬ ਵਿਚ ਇਕ ਲੱਖ, 17 ਹਜ਼ਾਰ, 928 ਉਮੀਦਵਾਰ ਮੈਂਬਰ ਪੰਚਾਇਤ ਬਣਨ ਲਈ ਤੇ 30 ਹਜ਼ਾਰ 748 ਉਮੀਦਵਾਰ ਸਰਪੰਚ ਬਣਨ ਲਈ ਚੋਣ ਮੈਦਾਨ ਵਿਚ ਕੁੱਦੇ ਸਨ। ਇਕ ਅਨੁਮਾਨ ਅਨੁਸਾਰ ਹਰ ਰੋਜ ਤਕਰੀਬਨ 60 ਲੱਖ ਤੋਂ ਵੱਧ ਸ਼ਰਾਬ ਦੀਆਂ ਬੋਤਲਾਂ ਵੋਟਰਾਂ ਦੇ ਢਿੱਡਾਂ ਵਿਚ ਪਈਆਂ ਜਦਕਿ ਘਰ ਦੀ ਕੱਢੀ ਸ਼ਰਾਬ ਦੀ ਸਪਲਾਈ ਬੇਹਿਸਾਬ ਰਹੀ। ਇਸ ਦੀ ਸਰਹੱਦੀ ਖੇਤਰਾਂ, ਦਰਿਆਵਾਂ ਨਾਲ ਲੱਗਦੇ ਪੇਂਡੂ ਖੇਤਰਾਂ ਤੇ ਸ਼ਹਿਰਾਂ ਤੋਂ ਦੂਰ ਵੱਸਣ ਵਾਲੇ ਖੇਤਰਾਂ ਵਿਚ ਜ਼ਿਆਦਾ ਵਰਤੋਂ ਰਹੀ। ਮਾਝਾ ਤੇ ਦੁਆਬਾ ਦੇ ਕਈ ਹਿੱਸਿਆਂ ਵਿਚ ਵੋਟਰਾਂ ਨੂੰ ਖ਼ੁਸ਼ ਰੱਖਣ ਲਈ ਵੱਡੀ ਮਾਤਰਾ ਵਿਚ ਭੁੱਕੀ ਦਾ ਇਸਤੇਮਾਲ ਹੋਇਆ ਜਦਕਿ ਸੂਬੇ ਦੇ ਮਹਾਨਗਰਾਂ ਨੇੜੇ ਵਸੇ ਪਿੰਡਾਂ ਵਿਚ ਸਮੈਕ ਦੀਆਂ ਛੋਟੀਆਂ-ਛੋਟੀਆਂ ਪੁੜੀਆਂ ਨਸ਼ੇੜੀ ਸਮਰਥਕਾਂ ਵਿਚ ਵੰਡੀਆਂ ਗਈਆਂ।

ਬਹੁਤੇ ਪਿੰਡਾਂ ਵਿਚ ਪਰਵਾਸੀ ਭਾਰਤੀ ਆਪਣਾ ਰਾਜਨੀਤੀ ਦਾ ਝੱਸ ਪੂਰਾ ਕਰਨ ਲਈ ਡਾਲਰ ਜਾਂ ਪੌਂਡ ਉਮੀਦਵਾਰਾਂ ਦੇ ਪੱਲੇ ਪਾ ਕੇ ਉਨ੍ਹਾਂ ਨੂੰ ਹੱਲਾਸ਼ੇਰੀ ਦਿੰਦੇ ਰਹੇ। ਪਿੰਡਾਂ ਵਿਚ ਉਮੀਦਵਾਰਾਂ ਵੱਲੋਂ ਸ਼ਰੇਆਮ ਟੈਂਟ ਲਾ ਕੇ ਸ਼ਰਾਬ ਵਰਤਾਈ ਗਈ ਤੇ ਸ਼ਾਮ ਮੌਕੇ ਸ਼ਰਾਬ ਦੀਆਂ ਗੱਡੀਆਂ ਭਰ ਕੇ ਘਰ-ਘਰ ਜਾ ਕੇ ਬੋਤਲਾਂ ਵੰਡੀਆਂ ਗਈਆਂ। ਬਹੁਤੇ ਲੋਕ ਦੋਵਾਂ ਹੀ ਉਮੀਦਵਾਰਾਂ ਤੋਂ ਸ਼ਰਾਬ ਦੀਆਂ ਬੋਤਲਾਂ ਫੜ ਕੇ ਵੋਟ ਦੇਣ ਦਾ ਭਰੋਸਾ ਦਿੰਦੇ ਰਹੇ। ਜਿਨ੍ਹਾਂ ਘਰਾਂ ਵਿਚ ਸ਼ਰਾਬ ਪੀਣ ਵਾਲਾ ਕੋਈ ਨਹੀਂ, ਉਨ੍ਹਾਂ ਘਰਾਂ ਦੀਆਂ ਔਰਤਾਂ ਨੇ ਇਹ ਕਹਿ ਕੇ ਸ਼ਰਾਬ ਦੀਆਂ ਬੋਤਲਾਂ ਸਟੋਰ ਕਰ ਲਈਆਂ ਕਿ ਕਿਸੇ ਆਏ-ਗਏ ਦੇ ਕੰਮ ਆ ਜਾਵੇਗੀ।

ਜਿੱਥੇ ਪੰਚਾਇਤਾਂ ਦੀ ਚੋਣ ਸਰਬਸੰਮਤੀ ਨਾਲ ਹੋਈ, ਉੱਥੇ ਵਧਾਈਆਂ ਤੇ ਪਾਰਟੀਆਂ ਦੇ ਰੂਪ ਵਿਚ ਨਸ਼ਿਆਂ ਦੇ ਹੜ੍ਹ ਵਗੇ। ਹੈਰਾਨੀ ਦੀ ਗੱਲ ਹੈ ਕਿ ਘਟੀਆਂ ਕਿਸਮ ਦੀ ਸ਼ਰਾਬ ਤੇ ਹੋਰ ਮਾਰੂ ਨਸ਼ੇ ਪਿੰਡਾਂ ਵਿਚ ਵਸਦੇ ਲੋਕਾਂ ਦੀ ਸਿਹਤ ਨੂੰ ਘੁਣ ਵਾਂਗ ਖਾਂਦੇ ਰਹੇ ਪਰ ਸਰਕਾਰੀ ਤੰਤਰ ਇਸ ਵਰਤਾਰੇ ਨੂੰ ਜਾਣਦੇ ਹੋਏ ਵੀ ਬੇਖ਼ਬਰ ਰਿਹਾ। ਇਸ ਤਰ੍ਹਾਂ ਲੱਖਾਂ ਰੁਪਏ ਖਰਚ ਕੇ ਜੇਤੂ ਰਹੇ ਉਮੀਦਵਾਰ ਭ੍ਰਿਸ਼ਟਾਚਾਰ ਤੇ ਬੇਈਮਾਨ ਦੁਨੀਆਂ ਦਾ ਹਿੱਸਾ ਬਣ ਜਾਣਗੇ ਤੇ ਹਾਰੇ ਹੋਏ ਉਮੀਦਵਾਰ ਆਪਣੇ ਸਿਰ ਚੜ੍ਹਿਆ ਕਰਜ਼ਾ ਲਾਹੁਣ ਲਈ ਜ਼ਮੀਨ-ਜਾਇਦਾਦਾਂ ਨੂੰ ਵੇਚਣ ਵੱਲ ਹੋ ਤੁਰਨਗੇ।

### ਮਾਇਆ ਦਾ ਵੀ ਬੋਲਬਾਲਾ

*ਚੰਡੀਗੜ੍ਹ: ਪਿੰਡਾਂ ਵਿਚ ਪੰਚਾਇਤੀ ਰਾਜ ਸਥਾਪਤ ਕਰਨ ਦੇ ਸੁਪਨੇ ਨੂੰ ਸਭ ਤੋਂ ਵੱਡੀ ਸੱਟ ਪੰਜਾਬ ਵਿਚ ਲੱਗੀ ਹੈ। ਪੰਡਾਤਿ ਚੋਣਾਂ ਵਿਚ ਸ਼ਾਇਦ ਇਹ ਪਹਿਲੀ ਵਾਰ ਹੋ ਰਿਹਾ ਹੈ ਕਿ ਸਰਪੰਚੀ ਦੀ ਚੋਣ ਜਿੱਤਣ ਲਈ 2500 ਰੁਪਏ ਤੋਂ ਲੈ ਕੇ 10 ਹਜ਼ਾਰ ਰੁਪਏ ਤੱਕ ਪ੍ਰਤੀ ਵੋਟ ਬੱਲੀ ਲੱਗੀ। ਪੰਜਾਬ ਵਿਚ ਜਿਸ ਤਰ੍ਹਾਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਵਿਚ ਜਿੱਤਣ ਲਈ ਧਨ ਨਾਲ ਵੋਟਾਂ ਖ਼ਰੀਦਣ ਦੀ ਪਿਰਤ ਪਈ ਸੀ, ਉਹ ਇਸ ਵਾਰ ਪੰਚਾਇਤੀ ਚੋਣਾਂ ਵਿਚ ਵੀ ਖ਼ੂਬ ਵਿਖਾਈ ਦਿੱਤੀ। ਚੋਣ ਕਮਿਸ਼ਨ ਵੱਲੋਂ ਇਸ ਵਾਰ ਸਰਪੰਚੀ ਦੀ ਚੋਣ ਲਈ 23500 ਰੁਪਏ ਦੀ ਰਾਸ਼ੀ ਤੇ ਪੰਚੀ ਲਈ 16 ਹਜ਼ਾਰ ਰੁਪਏ ਮੁਕਰਰ ਕੀਤੇ ਗਏ। ਸਿਰਫ਼ ਵੋਟਾਂ ਖ਼ਰੀਦਣ ਤਕ ਹੀ ਸੀਮਤ ਨਹੀਂ ਸਗੋਂ ਸਰਪੰਚੀ ਦੀ ਚੋਣ ਤੋਂ ਕਾਫੀ ਸਮਾਂ ਪਹਿਲਾਂ ਹੀ ਸ਼ਰਾਬ ਦੇ ਦਰਿਆ ਵਗਣ ਲੱਗੇ ਹਨ। ਇਕ ਉਮੀਦਵਾਰ ਵੱਲੋਂ ਰੋਜ਼ਾਨਾ 50 ਹਜ਼ਾਰ ਰੁਪਏ ਤਕ ਦੀ ਸ਼ਰਾਬ ਵੰਡੀ ਗਈ। ਇਸ ਵਾਰ ਸਰਪੰਚੀ ਦੀ ਚੋਣ ਲਈ ਉਹੀ ਉਮੀਦਵਾਰ ਮੈਦਾਨ ਵਿਚ ਨਿੱਤਰਿਆ ਜਿਸ ਵਿਚ ਲੱਖਾਂ ਰੁਪਏ ਖ਼ਰਚਣ ਦਾ ਦਮ ਸੀ। ਅਸਲੀਅਤ ਇਹ ਹੈ ਕਿ ਇਸ ਵਾਰ ਪੰਚਾਇਤੀ ਚੋਣਾਂ ਵਿਚ ਕਿਸੇ ਈਮਾਨਦਾਰ ਤੇ ਚੰਗੀ ਸੋਚ ਵਾਲੇ ਉਮੀਦਵਾਰ ਲਈ ਕੋਈ ਥਾਂ ਨਹੀਂ ਬਚੀ।*



## ਵਾਰਡਬੰਦੀ ਨਾਲ ਉਲਝਾਇਆ ਤਾਣਾ-ਬਾਣਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੰਚਾਇਤੀ ਚੋਣਾਂ ਵਾਰਡਬੰਦੀ ਰਾਹੀਂ ਕਰਵਾਉਣ ਤੇ ਚੋਣ ਪ੍ਰਕਿਰਿਆ ਨੂੰ ਦੋ ਹਫ਼ਤੇ ਲੰਮਾ ਕਰਨ ਨਾਲ ਲਾਭ ਤਾਂ ਕਿਸੇ ਨੂੰ ਨਹੀਂ ਹੋਇਆ ਪਰ ਪੰਚਾਇਤੀ ਚੋਣਾਂ ਵਧੇਰੇ ਖਰਚੀਲੀਆਂ ਜ਼ਰੂਰ ਹੋ ਗਈਆਂ। ਡੇਢ ਹਫ਼ਤੇ ਤੋਂ ਵਧੇਰੇ ਸਮਾਂ ਬੇਮਤਲਬ ਪ੍ਰਚਾਰ ਉੱਪਰ ਉਮੀਦਵਾਰਾਂ ਦੇ ਨਿਕਲਣ ਕਾਰਨ ਪਿੰਡਾਂ ਵਿਚ ਧੜੇਬੰਦੀ ਤੇ ਲੜਾਈ-ਝਗੜਿਆਂ ਦਾ ਪਿੜ ਜ਼ਰੂਰ ਬੱਝ ਗਿਆ।

ਇਸ ਤੋਂ ਪਹਿਲਾਂ ਪੋਲਿੰਗ ਪਾਰਟੀਆਂ ਵੋਟਾਂ ਪੈਣ ਵਾਲੇ ਦਿਨ ਤੋਂ ਇਕ ਦਿਨ ਪਹਿਲਾਂ ਪਿੰਡਾਂ ਵਿਚ ਜਾਂਦੀਆਂ ਸਨ। ਸਵੇਰੇ ਸਰਬਸੰਮਤੀ ਲਈ ਯਤਨ ਕੀਤਾ ਜਾਂਦੇ ਸਨ। ਜੇਕਰ ਪੰਚੀ ਤੇ ਸਰਪੰਚੀ ਲਈ ਉਮੀਦਵਾਰ ਖੜ੍ਹ ਜਾਂਦੇ ਤਾਂ ਕਾਗਜ਼ ਦਾਖਲ ਕਰਵਾਉਣ ਤੋਂ ਲੈ ਕੇ ਚੋਣ ਨਿਸ਼ਾਨ ਅਲਾਟ ਕਰਨ ਦਾ ਕੰਮ ਦੋ ਤਿੰਨ ਘੰਟਿਆਂ ਵਿਚ ਨਿਬੇੜ ਲਿਆ ਜਾਂਦਾ ਸੀ। ਕਾਗਜ਼ ਭਰਨ ਜਾਂ ਚੋਣ ਨਿਸ਼ਾਨ ਹਾਸਲ ਕਰਨ ਲਈ ਕਿਧਰੇ ਨਹੀਂ ਸੀ ਜਾਣਾ ਪੈਂਦਾ। ਅਗਲੇ ਦਿਨ ਵੋਟਾਂ ਪੈਣ ਦੇ ਕੰਮ ਤੋਂ ਬਾਅਦ ਸ਼ਾਮ ਨੂੰ ਨਤੀਜੇ ਐਲਾਨ ਦਿੱਤੇ ਜਾਂਦੇ ਸਨ।

ਇਸ ਤਰ੍ਹਾਂ ਪੰਜਾਬ ਦੀਆਂ ਕੁਲ ਪੰਚਾਇਤਾਂ ਦੀਆਂ ਚੋਣਾਂ ਦਾ ਕੰਮ ਡੇਢ-ਦੋ ਦਿਨ ਵਿਚ ਮੁਕੰਮਲ ਹੋ ਜਾਂਦਾ ਸੀ ਪਰ ਸਰਕਾਰ ਨੇ ਇਸ ਵਾਰ ਇਕ ਤਾਂ ਪਿੰਡਾਂ ਵਿਚ ਪੰਚਾਂ ਦੀ ਚੋਣ ਵਾਰਡ ਬਣਾ ਕੇ

### ਬੇਮਤਲਬ ਲੜਾਈਆਂ ਦਾ ਮੁੱਢ ਬੱਝਿਆ

ਕਰ ਦਿੱਤੀ ਜਿਸ ਨਾਲ ਪਿੰਡ ਦੀ ਭਾਈਚਾਰਕ ਸਾਂਝ ਤੇ ਵੱਖ-ਵੱਖ ਭਾਈਚਾਰਿਆਂ ਦੀ ਪੰਚਾਇਤ ਵਿਚ ਯਕੀਨੀ ਨੁਮਾਇੰਦਗੀ ਨੂੰ ਵੱਡੀ ਢਾਹ ਲੱਗੀ। ਵਾਰਡਬੰਦੀ ਕਾਰਨ ਪਿੰਡਾਂ ਵਿਚ ਭਾਈਚਾਰੇ ਤੇ ਵਿਹੜੇ ਵੰਡ ਦਿੱਤੇ ਗਏ। ਪਹਿਲਾਂ ਵੱਧ ਵੋਟਾਂ ਵਾਲੇ ਪੰਚ ਜਿੱਤਦੇ ਸਨ। ਸਾਰੇ ਪਿੰਡ ਦੇ ਵੋਟਰ ਜਿਸ ਪੰਚ ਨੂੰ ਮਰਜ਼ੀ ਵੋਟ ਪਾ ਸਕਦੇ ਸਨ। ਇਸ ਤਰ੍ਹਾਂ ਹਰ ਵਰਗ, ਭਾਈਚਾਰੇ ਤੇ ਵਿਹੜੇ ਦੀ ਪੰਚਾਂ ਵਿਚ ਨੁਮਾਇੰਦਗੀ ਦੀ ਗਰੰਟੀ ਬਣ ਜਾਂਦੀ ਸੀ ਪਰ ਹੁਣ ਇਹ ਏਕਤਾ ਤੋੜ ਦਿੱਤੀ ਗਈ ਹੈ। ਹਰ ਪੰਚ ਇਕ ਵਾਰਡ ਵਿਚੋਂ ਹੀ ਜਿੱਤਣਾ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਪਿੰਡਾਂ ਦੀ ਸ਼ਹਿਰੀਕਰਣ ਕਰਨ ਦੀ ਨੀਤੀ ਪਿੰਡਾਂ ਵਿਚ ਨਵੇਂ ਬਖੇੜੇ ਪੈਦਾ ਕਰ ਰਹੀ ਹੈ। ਪਹਿਲੀ ਗੱਲ ਤਾਂ ਕਾਗਜ਼ ਭਰਨ ਤੋਂ ਨਿਸ਼ਾਨ ਹਾਸਲ ਕਰਨ ਤੱਕ ਦਾ ਵੱਧ ਤੋਂ ਵੱਧ ਚਾਰ ਘੰਟੇ ਵਾਲਾ ਮਾਮਲਾ ਚਾਰ ਦਿਨਾਂ ਵਿਚ ਬਦਲ ਦਿੱਤਾ। ਦੂਜਾ ਪਿੰਡ ਵਿਚ ਹੀ ਸਾਰੀ ਪ੍ਰਕਿਰਿਆ ਮੁਕੰਮਲ ਹੋਣ ਦੀ ਥਾਂ ਕਾਗਜ਼ ਦਾਖਲ ਕਰਨ, ਕਾਗਜ਼ਾਂ ਦੀ ਪੜਤਾਲ, ਵਾਪਸ ਲੈਣ ਤੇ ਨਿਸ਼ਾਨ ਅਲਾਟ ਕਰਵਾਉਣ ਦਾ ਕੰਮ ਬਲਾਕ ਹੈਡਕੁਆਰਟਰਾਂ ਉੱਪਰ ਚਲਿਆ ਗਿਆ।

ਪੂਰੇ ਚਾਰ ਦਿਨ ਬਲਾਕ ਪੱਧਰ 'ਤੇ ਲੋਕਾਂ ਦਾ ਘੜਮਸ ਪਿਆ ਰਿਹਾ। ਵੱਡੀ ਪੱਧਰ 'ਤੇ ਲੋਕਾਂ ਦੀ ਖਜਲ-ਖੁਆਰੀ ਤੇ ਚੋਣ ਅਮਲੇ ਦੀ ਬੇਅਰਥ ਮਗਜ਼ਖਪਾਈ ਚਲਦੀ ਰਹੀ। ਪੰਚਾਇਤ ਚੋਣਾਂ ਦੇ ਪਹਿਲੇ ਪੜਾਅ ਦੇ ਚਾਰ ਦਿਨ ਦਾ ਤਜਰਬਾ ਇਹੀ ਦੱਸਦਾ ਹੈ ਕਿ ਸਰਲ ਤੇ ਸੁਖਾਵਾਂ ਪੰਚਾਇਤੀ ਰਾਜ ਬਣਾਉਣ ਦੀ ਥਾਂ ਸਰਕਾਰ ਦੇ ਫ਼ੈਸਲੇ ਨੇ ਲੋਕਾਂ ਨੂੰ ਨਵੇਂ ਯੱਭ ਵਿਚ ਫਸਾ ਦਿੱਤਾ ਹੈ।

## ਭਾਈਚਾਰਕ ਸਾਂਝ ਨੂੰ ਗ੍ਰਹਿਣ

**ਚੰਡੀਗੜ੍ਹ:** ਪੰਚਾਇਤੀ ਚੋਣਾਂ ਕਰਕੇ ਪਿੰਡਾਂ ਵਿਚ ਪੈਦਾ ਹੋਈ ਗੁੱਟਬੰਦੀ ਨੇ ਭਾਈਚਾਰਕ ਸਾਂਝ ਨੂੰ ਲੱਗਾ ਗ੍ਰਹਿਣ ਲਾਇਆ ਹੈ। ਇਨ੍ਹਾਂ ਚੋਣਾਂ ਨੇ ਕਈ ਪਿੰਡਾਂ ਵਿਚ ਸਕੇ ਭਰਾਵਾਂ ਨੂੰ ਦੂਰੋ-ਦੂਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਿੰਡਾਂ ਵਿਚ ਪੰਚਾਇਤੀ ਚੋਣਾਂ ਦਾ ਅਹਿਮ ਸਥਾਨ ਰਿਹਾ ਹੈ ਜੋ ਭਾਈਚਾਰਕ ਨੂੰ ਮਜ਼ਬੂਤ ਕਰਦੀਆਂ ਆਈਆਂ ਹਨ। ਪੰਚਾਇਤਾਂ ਦੇਸ਼ ਨੂੰ ਰੁੱਖ ਦੀਆਂ ਜੜ੍ਹਾਂ ਦੀ ਤਰ੍ਹਾਂ ਮਜ਼ਬੂਤੀ ਪ੍ਰਦਾਨ ਕਰਦੀਆਂ ਹੋਈਆਂ ਇਸ ਨੂੰ ਹੋਰ ਵੱਡਾ ਤੇ ਫੈਲਣ ਵਿਚ ਸਹਾਇਤਾ ਕਰਦੀਆਂ ਹਨ। ਬੜੇ ਦੁਖ ਦੀ ਹੈ ਕਿ ਕਿਸੇ ਸਮੇਂ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖ ਕੇ ਲੜੀਆਂ ਜਾਣ ਵਾਲੀਆਂ ਇਹ ਚੋਣਾਂ ਉਸੇ ਭਾਈਚਾਰਕ ਸਾਂਝ ਨੂੰ ਖੇਰੂੰ ਖੇਰੂੰ ਕਰ ਰਹੀਆਂ ਹਨ।

ਇਸ ਵਾਰ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਰਿਪੋਰਟਾਂ ਸਾਹਮਣੇ ਆਈਆਂ। ਪਿੰਡਾਂ ਵਿਚ ਪੀਢੀਆਂ ਭਾਈਚਾਰਕ ਤੰਦਾਂ ਹੀ ਹਨ ਕਿ ਕੌਲੀ ਚਮਚੇ ਤੋਂ ਲੈ ਕੇ ਖੇਤੀਬਾੜੀ ਤੱਕ ਦੇ ਸੰਦਾਂ ਤੱਕ ਕੋਈ ਇਕ ਦੂਸਰੇ ਨੂੰ ਜਵਾਬ ਨਹੀਂ ਦਿੰਦਾ ਪਰ ਸਿਆਸੀ ਲੋਕਾਂ ਨੇ ਨਿੱਜੀ ਸਵਾਰਥਾਂ ਖਾਤਰ ਇਨ੍ਹਾਂ ਚੋਣਾਂ ਵਿਚ ਇਸ ਕਦਰ ਨਫਰਤ ਦੇ ਬੀਜ਼ ਬੀਜੇ ਪੇਂਡਾਂ ਦੀ ਪਵਿੱਤਰ ਫਿਜ਼ਾ ਵਿਚ ਜ਼ਹਿਰ ਘੋਲ ਦਿੱਤਾ। ਜ਼ਿਕਰਯੋਗ ਹੈ ਕਿ ਪੰਚਾਇਤੀ ਚੋਣਾਂ ਵਿਚ ਸਿਆਸੀ ਦਖਲ ਅੰਦਾਜ਼ੀ ਵਧਣ ਕਰਕੇ ਪਿੰਡਾਂ ਵਿਚ ਧੜੇਬੰਦੀ ਉਭਰੀ ਹੈ। ਚੋਣਾਂ ਦੇ ਦਿਨਾਂ ਵਿਚ ਬਣੇ ਇਹ ਧੜੇ ਅੱਗੇ ਜਾ ਕੇ ਦੁਸ਼ਮਣੀਆਂ ਨੂੰ ਜਨਮ ਦਿੰਦੇ ਹਨ।

## ਹੁਕਮਰਾਨਾਂ ਦੀ ਨਿਰੋਲ ਧੱਕੇਸ਼ਾਹੀ

**ਚੰਡੀਗੜ੍ਹ:** ਕਾਂਗਰਸ ਨੇ ਅਕਾਲੀ-ਭਾਜਪਾ ਸਰਕਾਰ 'ਤੇ ਚੋਣ ਨਾਮਜ਼ਦਗੀਆਂ ਦਾ ਕੰਮ ਮੁਕੰਮਲ ਹੋਣ ਤੋਂ ਬਾਅਦ ਵੀ ਵਾਰਡਬੰਦੀ ਵਿਚ ਫੇਰਬਦਲ ਕਰਨ ਦਾ ਦੋਸ਼ ਲਾਇਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਰਾਜ ਭਰ ਵਿਚੋਂ ਅਜਿਹੀਆਂ ਸ਼ਿਕਾਇਤਾਂ ਆਈਆਂ ਹਨ। ਇਸ ਅਧਾਰ 'ਤੇ ਕਾਂਗਰਸ ਵੱਲੋਂ ਰਾਜ ਚੋਣ ਕਮਿਸ਼ਨ ਨੂੰ ਮੰਗ ਪੱਤਰ ਦੇ ਪ੍ਰਭਾਵਿਤ ਵਾਰਡਾਂ ਦੀਆਂ ਚੋਣਾਂ ਰੋਕਣ ਦੀ ਮੰਗ ਕੀਤੀ ਗਈ। ਸ. ਖਹਿਰਾ ਨੇ ਆਪਣੇ ਹਲਕੇ ਦੇ ਪਿੰਡ ਮਨਸੂਰਵਾਲਾ ਤੇ ਮੁਗਲਚੱਕ ਦੇ ਪੰਚੀ ਦੇ ਚਾਰ ਉਮੀਦਵਾਰਾਂ ਨੂੰ ਮੀਡੀਆ ਸਾਹਮਣੇ ਪੇਸ਼ ਕੀਤਾ ਜਿਨ੍ਹਾਂ ਦੇ ਵਾਰਡ ਦੂਜੀ ਵਾਰ 28 ਜੂਨ ਨੂੰ ਤਬਦੀਲ ਕੀਤੇ ਗਏ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਭੁਲੱਥ ਹਲਕੇ ਵਿਚ ਪੈਂਦੇ ਕਈ ਪਿੰਡਾਂ ਦੀਆਂ ਵੋਟਰ ਸੂਚੀਆਂ 30 ਜੂਨ ਨੂੰ ਛਪਣ ਵਾਸਤੇ ਭੇਜੀਆਂ ਗਈਆਂ। ਉਨ੍ਹਾਂ ਦੱਸਿਆ ਕਿ ਚੋਣ ਅਮਲ ਸ਼ੁਰੂ ਹੋਣ ਤੋਂ ਲੈ ਕੇ 28 ਜੂਨ ਤੱਕ ਕਈ ਪਿੰਡਾਂ ਦੀ ਵਾਰਡਬੰਦੀ ਵਿਚ ਤਿੰਨ ਵਾਰ ਬਦਲਾਅ ਕੀਤਾ ਗਿਆ। ਇਹ ਮਾਮਲਾ ਡਿਪਟੀ ਕਮਿਸ਼ਨਰ ਦੇ ਧਿਆਨ ਵਿਚ ਵੀ ਲਿਆਂਦਾ ਗਿਆ ਪਰ ਕੋਈ ਕਾਰਵਾਈ ਨਹੀਂ ਹੋਈ।

## ਸਰਬਸੰਮਤੀ ਦੀ ਮੁਹਿੰਮ ਨੂੰ ਲੱਗਾ ਖੋਰਾ

**ਚੰਡੀਗੜ੍ਹ:** ਇਸ ਵਾਰ ਪੰਜਾਬ ਵਿਚ 13,081 ਸਰਪੰਚ ਤੇ 81,412 ਪੰਚ ਦੀ ਚੋਣ ਹੋਈ ਪਰ ਸਰਪੰਚੀ ਲਈ 30,748 ਤੇ ਪੰਚੀ ਲਈ 1,17, 928 ਉਮੀਦਵਾਰ ਸਨ। ਸਰਪੰਚੀ ਲਈ ਅਕਾਲੀ-ਭਾਜਪਾ ਦੇ ਆਹਮੋ ਸਾਹਮਣੇ ਹੋਣ ਕਰਕੇ ਸਰਬਸੰਮਤੀਆਂ ਦੀ ਰਫ਼ਤਾਰ ਵੀ ਢਿੱਲੀ ਰਹੀ। ਪਿਛਲੀ ਵਾਰ ਸਰਬ ਸੰਮਤੀਆਂ ਦਾ ਅੰਕੜਾ 2806 ਸੀ ਜੋ ਇਸ ਵਾਰ 1841 'ਤੇ ਹੀ ਸਿਮਟ ਗਿਆ।

ਚੋਣ ਕਮਿਸ਼ਨ ਦੇ ਅੰਕੜੇ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਅੰਦਰ 214, ਪਟਿਆਲਾ ਵਿਚ 198, ਅੰਮ੍ਰਿਤਸਰ ਵਿਚ 141, ਰੂਪਨਗਰ ਵਿਚ 122, ਹੁਸ਼ਿਆਰਪੁਰ ਵਿਚ 144, ਸ਼ਹੀਦ ਭਗਤ ਸਿੰਘ ਨਗਰ ਵਿਚ 105, ਲੁਧਿਆਣਾ ਵਿਚ 107, ਜਲੰਧਰ ਵਿਚ 177, ਕਪੂਰਥਲਾ ਵਿਚ 124, ਤਰਨਤਾਰਨ ਵਿਚ 118, ਫ਼ਤਿਹਗੜ੍ਹ ਸਾਹਿਬ ਵਿਚ 68, ਸੰਗਰੂਰ ਵਿਚ 52, ਸ੍ਰੀ ਮੁਕਤਸਰ ਸਾਹਿਬ ਵਿਚ 51, ਮੋਗਾ ਵਿਚ 55, ਮਾਨਸਾ ਵਿਚ 23, ਅਜੀਤਗੜ੍ਹ ਵਿਚ 44, ਪਠਾਨਕੋਟ ਵਿਚ 24, ਬਠਿੰਡਾ ਵਿਚ 22 ਤੇ ਬਰਨਾਲਾ ਦੇ 12 ਸਰਪੰਚਾਂ ਦੀ ਸਰਬਸੰਮਤੀ ਨਾਲ ਚੋਣ ਹੋਈ ਹੈ।

ਉਂਝ, ਇਹ ਗਿਣਤੀ ਪੂਰੀ ਨਹੀਂ ਤੇ ਇਹ ਅੰਕੜਾ ਦੋ ਹਜ਼ਾਰ ਤੱਕ ਪੁੱਜ ਸਕਦਾ ਹੈ। 81,412 ਪੰਚਾਂ ਵਿਚੋਂ 23,655 ਪੰਚ ਜੋ ਤਕਰੀਬਨ 30 ਫੀਸਦੀ ਬਣਦੇ ਹਨ, ਵੀ ਨਿਰਵਿਰੋਧ ਚੁਣੇ ਗਏ ਹਨ।



## ਅਕਾਲੀ ਦਲ ਵਿਚ ਧੜੇਬੰਦੀ ਉਭਰੀ

**ਚੰਡੀਗੜ੍ਹ:** ਬੇਸ਼ੱਕ ਪੰਜਾਬ ਵਿਚ ਕਾਂਗਰਸ ਤੇ ਅਕਾਲੀ ਦਲ ਦਾ ਸਿੱਧਾ ਮੁਕਾਬਲਾ ਮੰਨਿਆ ਗਿਆ ਪਰ ਅਸਲੀਅਤ ਇਹ ਹੈ ਕਿ ਬਹੁਤੇ ਪਿੰਡਾਂ ਵਿਚ ਅਕਾਲੀ ਦਲ ਨਾਲ ਸਬੰਧਤ ਉਮੀਦਵਾਰਾਂ ਦਾ ਆਪਸੀ ਮੁਕਾਬਲਾ ਰਿਹਾ ਤੇ ਸਿਆਸੀ ਦੀ ਪੌੜੀ ਚੜ੍ਹਨ ਲਈ ਉਨ੍ਹਾਂ ਵੱਲੋਂ ਹਰ ਹਰਬਾ ਵਰਤਿਆ ਗਿਆ। ਸੂਤਰਾਂ ਅਨੁਸਾਰ 70 ਫੀਸਦੀ ਪਿੰਡਾਂ ਵਿਚ ਅਕਾਲੀਆਂ ਦੇ ਸਾਹਮਣੇ ਅਕਾਲੀ ਤੇ ਕਿੱਤੇ ਭਾਜਪਾ ਦੇ ਸਾਹਮਣੇ ਅਕਾਲੀ ਉਮੀਦਵਾਰਾਂ ਨੇ ਚੋਣ ਲੜੀ।

ਹਲਕਾ ਵਿਧਾਇਕ ਤੇ ਮੰਤਰੀਆਂ ਦੀਆਂ ਮੁਸ਼ਕਲਾਂ ਵੀ ਵਧ ਗਈਆਂ ਕਿ ਉਹ ਕਿਸ ਦੀ ਮਦਦ ਕਰਨ। ਹੁਕਮਰਾਨ ਧੜੇ ਵਿਚਲੀ ਇਹ ਗੁੱਟਬੰਦੀ ਭਵਿੱਖ ਵਿਚ ਵੱਡੀ ਸਿਰਦਰਦੀ ਬਣ ਸਕਦੀ ਹੈ। ਇਸ ਨੂੰ ਲੈ ਕੇ ਸੀਨੀਅਰ ਲੀਡਰਸ਼ਿਪ ਕਾਫੀ ਪ੍ਰੇਸ਼ਾਨ ਹੈ ਪਰ ਹੁਣ ਤੀਰ ਕਮਾਨ ਵਿਚੋਂ ਨਿਕਲ ਚੁੱਕਾ ਹੈ। ਅਸਲ ਵਿਚ ਅਕਾਲੀ ਦਲ ਨੇ ਖੁਦ ਹੀ ਪਿੰਡਾਂ ਵਿਚ ਧੜੇ ਪੈਦਾ ਕਰਨ ਦੀ ਪਿਰਤ ਪਾਈ ਸੀ ਜਿਸ ਦਾ ਹੁਣ ਉਸ ਨੂੰ ਖਮਿਆਜ਼ਾ ਭੁਗਤਣਾ ਪੈ ਰਿਹਾ ਹੈ। ਸੀਤਰਾਂ ਅਨੁਸਾਰ 25 ਤੋਂ 30 ਫੀਸਦੀ ਥਾਵਾਂ 'ਤੇ ਸੱਤਾਧਾਰੀ ਧਿਰ ਤੇ ਕਾਂਗਰਸੀਆਂ ਵਿਚਾਲੇ ਸਿੱਧੀ ਟੱਕਰ ਰਹੀ ਪਰ ਕੁੱਲ ਮਿਲਾ ਕੇ ਕਾਂਗਰਸ ਨੇ ਪਹਿਲਾਂ ਹੀ ਮੈਦਾਨ ਸੱਤਾਧਾਰੀ ਧਿਰ ਲਈ ਖ਼ਾਲੀ ਕਰ ਦਿੱਤਾ।

# ਯੁਨਾਈਟਿਡ ਸਪੋਰਟਸ ਕਲੱਬ ਦੀ ਟੀਮ ਸੱਦਾ ਮਿਲਣ 'ਤੇ ਹਰ ਖੇਡ ਮੇਲੇ 'ਚ ਖੇਡੇਗੀ

**ਫਰੀਮਾਂਟ (ਬਿਊਰੋ):** ਯੁਨਾਈਟਿਡ ਸਪੋਰਟਸ ਕਲੱਬ ਕਬੱਡੀ ਦੀ ਖੇਡ ਨੂੰ ਸਹੀ ਮਾਅਨਿਆਂ ਵਿਚ ਪ੍ਰਫੁਲਿਤ ਕਰਨ ਲਈ ਆਪਣੀ ਅੰਡਰ-21 ਟੀਮ ਹਰ ਉਸ ਖੇਡ ਮੇਲੇ ਵਿਚ ਭੇਜੇਗਾ ਜਿਸ ਵਲੋਂ ਇਸ ਨੂੰ ਟੀਮ ਭੇਜਣ ਦਾ ਸੱਦਾ ਆਵੇਗਾ। ਇਸ ਸਬੰਧੀ ਫੈਸਲਾ ਕਲੱਬ ਦੀ ਰਾਜਾ ਸਵੀਟਸ, ਯੂਨੀਅਨ ਸਿਟੀ ਵਿਚ ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਕਲੱਬ ਦੇ ਇਕ ਬੁਲਾਰੇ ਗੁਰਦਾਵਰ ਸਿੰਘ ਮਹੇੜੂ ਨੇ ਦੱਸਿਆ ਕਿ ਮੀਟਿੰਗ ਵਿਚ ਇਸ ਗੱਲ 'ਤੇ ਵੀ ਵਿਚਾਰ-ਚਰਚਾ ਹੋਈ ਕਿ ਖਿਡਾਰੀ ਸਾਰਾ ਸਾਲ ਮਿਹਨਤ ਕਰਦੇ ਹਨ ਅਤੇ ਉਨ੍ਹਾਂ ਨੂੰ ਜੇ ਖੇਡਣ ਦਾ ਮੌਕਾ ਨਹੀਂ ਮਿਲਦਾ ਤਾਂ ਇਹ ਉਨ੍ਹਾਂ ਲਈ ਵੱਡੀ ਬੇਇਨਸਾਫੀ ਹੈ। ਇਸ ਤੋਂ ਇਲਾਵਾ ਭਾਈਚਾਰੇ ਦੀ ਸਖਤ ਮਿਹਨਤ ਨਾਲ ਕਮਾਏ ਗਏ ਪੈਸੇ ਨਾਲ ਕਰਵਾਏ ਜਾਂਦੇ ਮੇਲਿਆਂ ਵਿਚ ਜੇ ਸਥਾਨਕ ਖਿਡਾਰੀਆਂ ਨੂੰ ਖੇਡਣ ਦਾ ਮੌਕਾ ਨਹੀਂ ਮਿਲਦਾ ਤਾਂ ਇਸ ਨਾਲ ਭਾਈਚਾਰੇ ਵਿਚ ਨਿਰਾਸ਼ਾਜਨਕ ਸੁਨੇਹੇ ਜਾਂਦੇ ਹਨ ਅਤੇ ਇਸ ਨਾਲ ਖਿਡਾਰੀਆਂ ਤੇ ਪ੍ਰਬੰਧਕਾਂ ਦੇ ਮਨੋਬਲ ਡਿਗਦੇ ਹਨ। ਇਸੇ ਗੱਲ ਨੂੰ ਮੁੱਖ ਰੱਖਦਿਆਂ ਕਲੱਬ ਨੇ ਭਾਈਚਾਰਕ ਸਦਭਾਵਨਾ ਲਈ ਉਪਰੋਕਤ ਫੈਸਲਾ ਲਿਆ ਹੈ। ਕਲੱਬ ਦੇ ਚੇਅਰਮੈਨ ਸ੍ਰੀ ਗਾਖਲ ਨੇ ਸਮੂਹ ਖੇਡ ਪ੍ਰੋਮੋਟਰਾਂ ਨੂੰ ਅਪੀਲ ਕੀਤੀ ਕਿ ਭਾਈਚਾਰਕ ਤੌਰ 'ਤੇ ਸਾਨੂੰ ਸਭ ਨੂੰ ਲੋਕਲ ਖੇਡ ਮੇਲਿਆਂ ਵਿਚ ਸ਼ਿਰਕਤ ਕਰਨੀ ਚਾਹੀਦੀ ਹੈ।

ਕਲੱਬ ਦੀ ਇਸ ਮੀਟਿੰਗ ਵਿਚ ਸ੍ਰੀ ਗਾਖਲ ਤੋਂ ਇਲਾਵਾ ਪ੍ਰਧਾਨ ਬਲਬੀਰ ਸਿੰਘ ਭਾਟੀਆ, ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਕੁਲਦੀਪ ਸਿੰਘ ਮਾਨ, ਮੱਖਣ ਸਿੰਘ ਬੈਂਸ, ਦਲਵਿੰਦਰ ਸਿੰਘ ਪੱਡਾ, ਨਰਿੰਦਰ ਸਿੰਘ ਸਹੋਤਾ, ਪਰਮਜੀਤ ਸਿੰਘ ਸੰਧੂ ਤੇ ਗੁਰਦਾਵਰ ਸਿੰਘ ਮਹੇੜੂ ਹਾਜ਼ਰ ਸਨ।

## ਪਾਕਿਸਤਾਨ ਨੇ ਕੌਮਾਂਤਰੀ ਸੰਸਥਾਵਾਂ ਕਰਜ਼ਾ ਮੰਗਿਆ

**ਇਸਲਾਮਾਬਾਦ:** ਪਾਕਿਸਤਾਨ ਨੇ ਕੌਮਾਂਤਰੀ ਮੁਦਰਾ ਕੋਸ਼ (ਆਈ.ਐਮ.ਐਫ.) ਅਤੇ ਹੋਰ ਦਾਨੀ ਮੁਲਕਾਂ ਤੋਂ 11 ਅਰਬ ਡਾਲਰ ਦੀ ਵੱਡੀ ਆਰਥਿਕ ਮਦਦ ਮੰਗੀ ਹੈ। ਇਸ ਨੇ ਅਜਿਹਾ ਆਰਥਿਕ ਪੈਕੇਜ ਰੂਪੀ ਕਰਜ਼ਾ ਦੇਸ਼ ਦੀ ਡਗਮਗਾ ਰਹੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਮੰਗਿਆ ਹੈ।

ਵਿੱਤ ਮੰਤਰੀ ਇਸਹਾਕ ਡਾਰ ਅਤੇ ਆਈ.ਐਮ.ਐਫ. ਦੀ ਨੁਮਾਇੰਦਾ ਜੈਫਰੀ ਫਰੈਂਕ ਦੀ ਅਗਵਾਈ ਵਾਲੀ ਟੀਮ ਵਿਚਾਲੇ ਲੰਮੀ-ਚੌੜੀ ਵਿਚਾਰ-ਚਰਚਾ ਮਗਰੋਂ ਦੋਵੇਂ ਧਿਰਾਂ 5.4 ਅਰਬ ਦੇ ਕਰਜ਼ਾ ਪੈਕੇਜ ਨੂੰ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਕੌਮਾਂਤਰੀ ਮੁਦਰਾਕੋਸ਼ ਤੋਂ ਇਲਾਵਾ ਪਾਕਿਸਤਾਨ, ਏਸ਼ੀਆ ਡਿਵੈਲਪਮੈਂਟ ਬੈਂਕ (ਏ.ਡੀ.ਬੀ.) ਅਤੇ ਵਿਸ਼ਵ ਬੈਂਕ ਦੇ ਨਾਲ-ਨਾਲ ਜਪਾਨ, ਅਮਰੀਕਾ ਤੇ ਯੂਕੇ ਜਿਹੇ ਮੁਲਕਾਂ ਤੋਂ ਵੀ ਕਰਜ਼ਾ 5.6 ਅਰਬ ਡਾਲਰ ਕਰਜ਼ਾ ਲਵੇਗਾ। ਕੁਝ ਅਖ਼ਬਾਰਾਂ ਨੇ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਆਈ.ਐਮ.ਐਫ. ਨਾਲ ਸਮਝੌਤਾ ਹੋਣ ਮਗਰੋਂ ਦਾਨੀ ਬੈਂਕਾਂ ਤੇ ਮੁਲਕਾਂ ਤੋਂ ਵਧੀਕ ਰਾਸ਼ੀ ਲੈਣ ਦਾ ਰਾਹ ਮੋਕਲਾ ਹੋਵੇਗਾ ਤੇ ਪਾਕਿਸਤਾਨ ਕੁੱਲ 11 ਅਰਬ ਡਾਲਰ ਕਰਜ਼ ਲਏਗਾ।

ਪਾਕਿਸਤਾਨ ਨੂੰ ਇਹ ਕਰਜ਼ਾ ਲੈਣ ਲਈ ਸਖਤ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਇਹ ਪੈਸਾ ਮਿਲਣ ਤੋਂ ਪਹਿਲਾਂ-ਪਹਿਲਾਂ ਇਸ ਨੂੰ ਆਈ.ਐਮ.ਐਫ. ਦੀ ਵਿੱਤੀ ਘਾਟਾ 8 ਫੀਸਦੀ ਘੱਟ ਕੇ 4.5 ਫੀਸਦੀ ਕਰਨ, ਬਿਜਲੀ ਦਰਾਂ 'ਚ ਵਾਧਾ ਕਰਨ, ਸਬਸਿਡੀਆਂ ਵਾਪਸ ਲੈਣ ਤੇ ਕਰਾਂ ਦਾ ਆਧਾਰ ਵਧਾਉਣ ਅਤੇ ਮੁੜ ਨਿੱਜੀਕਰਨ ਸ਼ੁਰੂ ਕਰਨ ਜਿਹੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀ।

## ਪਰਵਾਸੀ ਪੰਜਾਬ ਬਣਿਆ ਜਸਟਿਸ ਆਫ਼ ਪੀਸ

**ਨਿਹਾਲ ਸਿੰਘ ਵਾਲਾ:** ਪਿੰਡ ਬਿਲਾਪਸੁਰ ਦੇ ਜੰਮਪਲ ਤੇ ਲੰਬੇ ਸਮੇਂ ਤੋਂ ਨਿਊਜ਼ੀਲੈਂਡ ਵਿਚ ਰਹਿ ਰਹੇ ਨਰਿੰਦਰ ਕੁਮਾਰ ਸਿੰਗਲਾ ਨਿਊਜ਼ੀਲੈਂਡ ਵਿਚ ਆਕਲੈਂਡ ਹਾਈ ਕੋਰਟ ਦੇ ਜਸਟਿਸ ਆਫ਼ ਪੀਸ ਦੇ ਆਹੁਦੇ ਵਜੋਂ ਨਿਯੁਕਤ ਕੀਤੇ ਗਏ। ਜਸਟਿਸ ਆਫ਼ ਪੀਸ ਦੇ ਅਹਿਮ ਅਹੁਦੇ ਦੀ ਸਹੁੰ ਚੁੱਕਣ ਵਾਲੇ ਸ੍ਰੀ ਸਿੰਗਲਾ ਨਿਊਜ਼ੀਲੈਂਡ ਦੀ ਸਿਆਸਤ ਵਿਚ ਲੰਬੇ ਸਮੇਂ ਤੋਂ ਸਰਗਰਮ ਹਨ।

## ਭਾਰਤ ਕਰੇਗਾ ਪ੍ਰਹਾਰ ਮਿਜ਼ਾਈਲ ਤਾਇਨਾਤ

**ਨਵੀਂ ਦਿੱਲੀ:** ਭਾਰਤੀ ਮਿਜ਼ਾਈਲਾਂ ਦੀ ਮਾਰੂ ਸਮਰੱਥਾ ਵਧਾਉਣ ਲਈ ਪ੍ਰਿਥਵੀ ਦੀ ਜਗ੍ਹਾ ਤੁਰਤ ਹਮਲਾ ਕਰਨ ਦੇ ਯੋਗ ਪ੍ਰਹਾਰ ਮਿਜ਼ਾਈਲਾਂ ਤਾਇਨਾਤ ਕੀਤੀਆਂ ਜਾਣਗੀਆਂ। ਡੀਆਰਡੀਓ ਦੇ ਮੁਖੀ ਅਵਿਨਾਸ਼ ਚੰਦਰ ਨੇ ਦੱਸਿਆ ਕਿ ਪ੍ਰਿਥਵੀ ਮਿਜ਼ਾਈਲਾਂ ਦੀ ਮਾਰੂ ਸਮਰੱਥਾ 150 ਕਿਲੋਮੀਟਰ ਤਕ ਹੈ ਤੇ ਇਨ੍ਹਾਂ ਨੂੰ ਹਟਾ ਕੇ ਅਪਗਰੇਡ ਕੀਤਾ ਜਾਵੇਗਾ। ਇਨ੍ਹਾਂ ਦੀ ਜਗ੍ਹਾ ਵਧੇਰੇ ਸਮਰੱਥ ਪ੍ਰਹਾਰ ਮਿਜ਼ਾਈਲਾਂ ਤਾਇਨਾਤ ਕਰ ਦਿੱਤੀਆਂ ਜਾਣਗੀਆਂ।ਪ੍ਰਹਾਰ ਮਿਜ਼ਾਈਲ ਤੁਰੰਤ ਦਾਗੀ ਜਾ ਸਕਦੀ ਹੈ ਤੇ ਉਸ ਦੀ ਮਾਰੂ ਸਮਰੱਥਾ 250 ਤੋਂ 300 ਕਿਲੋਮੀਟਰ ਹੈ।

## ਸਦਾਸ਼ਿਵਮ ਹੋਣਗੇ ਭਾਰਤ ਦੇ ਨਵੇਂ ਚੀਫ ਜਸਟਿਸ

**ਨਵੀਂ ਦਿੱਲੀ:** ਜਸਟਿਸ ਪੀ. ਸਦਾਸ਼ਿਵਮ ਸੁਪਰੀਮ ਕੋਰਟ ਦੇ ਅਗਲੇ ਚੀਫ ਜਸਟਿਸ ਹੋਣਗੇ ਤੇ 18 ਜੁਲਾਈ ਨੂੰ ਸੇਵਾਮੁਕਤ ਹੋ ਰਹੇ ਚੀਫ ਜਸਟਿਸ ਅਲਤਮਸ ਕਬੀਰ ਦੀ ਥਾਂ ਲੈਣਗੇ। ਰਾਸ਼ਟਰਪਤੀ ਪ੍ਰਣਬ ਮੁਖਰਜੀ ਉਨ੍ਹਾਂ ਦੀ ਨਿਯੁਕਤੀ ਨੂੰ ਪ੍ਰਵਾਨਗੀ ਦੇ ਚੁੱਕੇ ਹਨ।

64 ਸਾਲਾ ਜਸਟਿਸ ਸਦਾਸ਼ਿਵਮ 1996 ਵਿਚ ਮਦਰਾਸ ਹਾਈ ਕੋਰਟ ਦੇ ਪੱਕੇ ਜਸਟਿਸ ਨਿਯੁਕਤ ਹੋਏ ਸਨ। ਉਨ੍ਹਾਂ ਦਾ 2007 ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਤਬਾਦਲਾ ਕਰ ਦਿੱਤਾ ਗਿਆ ਤੇ ਇਸੇ ਸਾਲ ਜਸਟਿਸ ਸਦਾਸ਼ਿਵਮ 21 ਅਗਸਤ ਨੂੰ ਸੁਪਰੀਮ ਕੋਰਟ ਦੇ ਜਸਟਿਸ ਨਿਯੁਕਤ ਹੋ ਗਏ।

## ਪੰਜਾਬੀ ਕਹਾਣੀ ਕਾਨਫਰੰਸ 7 ਜੁਲਾਈ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਯੂਨਿਟ) ਵਲੋਂ ਪੰਜਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਸੱਤ ਜੁਲਾਈ 2013 ਦਿਨ ਐਤਵਾਰ ਨੂੰ ਸਥਾਨਕ ਰਾਇਲ ਇੰਡੀਅਨ ਕੁਜ਼ੀਨ ਐਂਡ ਬੈਂਕੁਇਟ (7610 ਪੈਸਿਫਿਕ ਐਵਨਿਊ) ਵਿਚ ਕਰਵਾਈ ਜਾ ਰਹੀ ਹੈ।

ਇਸ ਕਾਨਫਰੰਸ ਦੇ ਤਿੰਨ ਸੈਸ਼ਨ ਹੋਣਗੇ। ਪਹਿਲੇ ਸੈਸ਼ਨ ਵਿਚ ਦੋ ਖੋਜ ਪੇਪਰ ਪੜ੍ਹੇ ਜਾਣਗੇ। ਪਹਿਲਾ ਪੇਪਰ 'ਪਰਵਾਸ ਤੋਂ ਅਵਾਸ ਵੱਲ: ਸਭਿਆਚਾਰਕ ਸਿਆਸਤ ਦੀ ਬਿਰਤਾਂਤਕਾਰੀ' ਡਾ. ਜਸਵਿੰਦਰ ਸਿੰਘ (ਪ੍ਰੋਫੈਸਰ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਟੀ, ਪਟਿਆਲਾ) ਅਤੇ ਦੂਜਾ 'ਉਤਰੀ ਅਮਰੀਕੀ ਪੰਜਾਬੀ ਕਹਾਣੀ ਦੇ ਆਵਾਸੀ ਸਰੋਕਾਰ ਅਤੇ ਡਾਇਸਪੋਰਕ ਸੰਵੇਦਨਾ' ਡਾ. ਧਨਵੰਤ ਕੌਰ (ਪ੍ਰੋਫੈਸਰ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਪੰਜਾਬੀ ਯੂਨੀਵਰਸਟੀ, ਪਟਿਆਲਾ) ਪੜ੍ਹਨਗੇ। ਇਸ ਮੌਕੇ ਉਤਰੀ ਅਮਰੀਕੀ ਪੰਜਾਬੀ ਕਹਾਣੀ ਸੰਗ੍ਰਹਿ 'ਪਰਵਾਸ ਤੋਂ ਅਵਾਸ ਵੱਲ' ਲੋਕ ਅਰਪਿਤ ਕੀਤਾ ਜਾਵੇਗਾ ਅਤੇ ਦੋ ਕਾਵਿ ਪੁਸਤਕਾਂ 'ਜਹਾਨ ਅੰਦਰ' ਅਤੇ 'ਪ੍ਰੇਮ ਕਸਤੂਰੀ' ਰਿਲੀਜ਼ ਕੀਤੀਆਂ ਜਾਣਗੀਆਂ।

ਦੂਜੇ ਸੈਸ਼ਨ ਵਿਚ ਕਹਾਣੀ ਪਾਠ ਹੋਵੇਗਾ। ਇਸ ਵਿਚ ਹਾਜ਼ਰ ਕਹਾਣੀਕਾਰ ਆਪਣੀਆਂ ਨਵ ਰਚਿਤ ਕਹਾਣੀਆਂ ਪੜ੍ਹਨਗੇ। ਅੰਤਿਮ ਸੈਸ਼ਨ ਵਿਚ ਕਵੀ ਦਰਬਾਰ ਹੋਵੇਗਾ। ਇਸ ਕਾਨਫਰੰਸ ਵਿਚ ਮੁੱਖ ਮਹਿਮਾਨ ਵਜੋਂ ਕੈਨੇਡਾ ਤੋਂ ਪਿਆਰਾ ਸਿੰਘ ਕੁਦੋਵਾਲ ਅਤੇ ਸੁਰਜੀਤ ਕੌਰ ਪਹੁੰਚਣਗੇ।

ਹੋਰ ਜਾਣਕਾਰੀ ਲਈ ਹਰਜਿੰਦਰ ਪੰਧੇਰ (ਫੋਨ: 209-610-5055) ਅਤੇ ਪ੍ਰੋ. ਹਰਭਜਨ ਸਿੰਘ (ਫੋਨ: 209-222-3866) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਗੁਰਦੁਆਰਾ ਟਾਇਰਾ ਬਿਊਨਾ 'ਚ ਕੀਰਤਨ ਦੀਵਾਨ 8 ਤੋਂ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਟਾਇਰਾ ਬਿਊਨਾ ਵਿਖੇ 8 ਜੁਲਾਈ, ਸੋਮਵਾਰ ਤੋਂ 16 ਜੁਲਾਈ ਤੱਕ ਵਿਸ਼ੇਸ਼ ਕਥਾ ਕੀਰਤਨ ਦੀਵਾਨ ਸਜਾਏ ਜਾ ਰਹੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਸੰਤ ਅਮਰੀਕ ਸਿੰਘ ਪੰਜ ਭੈਣੀਆਂ ਵਾਲੇ 8 ਜੁਲਾਈ ਸੋਮਵਾਰ ਤੋਂ 13 ਜੁਲਾਈ ਤੱਕ ਸ਼ਾਮੀ 7:30 ਤੋਂ 8:30 ਵਜੇ ਤੱਕ ਸ਼ਾਮ ਦੇ ਦੀਵਾਨ ਵਿਚ ਅਤੇ 14 ਜੁਲਾਈ ਐਤਵਾਰ ਨੂੰ ਸਵੇਰ ਦੇ ਦੀਵਾਨ ਵਿਚ 11 ਵਜੇ ਤੋਂ 12 ਵਜੇ ਤੱਕ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕਰਨ ਲਈ ਪਹੁੰਚ ਰਹੇ ਹਨ। ਬਿਆਨ ਅਨੁਸਾਰ ਪੰਜਾਬ ਵਿਚ ਵਾਤਾਵਰਣ ਦੀ ਸੰਭਾਲ ਲਈ ਲਹਿਰ ਚਲਾਉਣ ਵਾਲੇ ਅਤੇ ਇਤਿਹਾਸਕ ਕਾਲੀ ਵੇਈਂ ਨਦੀ ਦੀ ਸਫਾਈ ਕਰਕੇ ਇਕ ਕੀਰਤੀਮਾਨ ਸਥਾਪਤ ਕਰਨ ਵਾਲੇ ਸੰਤ ਬਲਬੀਰ ਸਿੰਘ ਸੀਚੇਵਾਲ 16 ਜੁਲਾਈ ਮੰਗਲਵਾਰ ਨੂੰ ਸ਼ਾਮ ਦੇ ਦੀਵਾਨ ਵਿਚ ਪਹੁੰਚ ਕੇ ਸੰਗਤਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ।

ਪ੍ਰਬੰਧਕਾਂ ਨੇ 8 ਜੁਲਾਈ ਤੋਂ ਸ਼ੁਰੂ ਹੋਣ ਵਾਲੇ ਇਨ੍ਹਾਂ ਸਮਾਗਮਾਂ ਵਿਚ ਸਮੂਹ ਸੰਗਤਾਂ ਨੂੰ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਫੋਨ 530-673-9918 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।


Short Sale Specialist

Selling HUD homes anywhere in California



**Just Sold**
7 Derow Ct.,
Sacramento, CA 95833
**$40,000.00**
2625 Hayden Brook Ave.,
Stockton, CA 95212
**$141,500**

**Listing**
2519 Tornado Way,
Rancho Cordova, CA 95670
**$105,000**
4545 Valley Hi Dr.,
Sacramento, CA 95823
**$140,000**
2430 Yreka Ave,
Sacramento, CA 95822
**$63,000**

*Call: Sohanpreet 'Sam' Chahal*
@916-612-5773
visit: www.hudhomestore.com
Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਾਓਵਾਦੀ ਲਹਿਰ ਵਿਚ ਔਰਤਾਂ ਦੀ ਹੈ ਅਹਿਮ ਭੂਮਿਕਾ

**ਰਾਏਪੁਰ:** ਛਤੀਸ਼ਗੜ੍ਹ ਪੁਲੀਸ ਨੂੰ ਹਾਲ ਹੀ 'ਚ ਮਿਲੀ ਸੂਹ ਮੁਤਾਬਕ ਮਾਓਵਾਦੀਆਂ ਦੇ ਗੜ੍ਹ ਬਸਤਰ ਇਲਾਕੇ ਵਿਚ ਹੁਣ ਮਾਓਵਾਦੀ ਕਾਡਰ ਵਿਚ ਫੌਜੀ ਅਪਰੇਸ਼ਨਾਂ ਲਈ ਔਰਤਾਂ ਦੀ ਭਰਤੀ ਵਧੇਰੇ ਹੋ ਰਹੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੂੰ ਕੇਵਲ ਖਾਣਾ ਪਕਾਉਣ ਵਾਲੀਆਂ, ਪ੍ਰੇਰਨਾ ਸਰੋਤ ਅਤੇ ਸੁਰੱਖਿਆ ਕੰਧ ਵਜੋਂ ਹੀ ਮਹੱਤਵ ਦਿੱਤਾ ਜਾਂਦਾ ਸੀ। ਪਾਬੰਦੀਸ਼ੁਦਾ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਵਿਚ ਵਿਸ਼ੇਸ਼ ਜ਼ੋਨਲ ਕਮੇਟੀਆਂ ਦੇ ਪੱਧਰ 'ਤੇ ਫੈਸਲੇ ਕਰਨ ਸਮੇਂ ਹੁਣ ਮਹਿਲਾ ਕਾਡਰ ਨੂੰ ਵੀ ਬਰਾਬਰ ਦੇ ਮੌਕੇ ਦਿੱਤੇ ਜਾਂਦੇ ਹਨ। ਮਾਓਵਾਦੀ ਵਿਰੋਧੀ ਅਪਰੇਸ਼ਨਾਂ ਅਤੇ ਛਤੀਸਗੜ੍ਹ ਆਰਮਡ ਫੋਰਸ (ਸੀ.ਏ.ਐਫ.) ਦੇ ਇੰਸਪੈਕਟਰ ਜਨਰਲ ਆਰ.ਪੀ. ਕੁਲਾਰੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪੁਰਸ਼ਾਂ ਦੇ ਮੁਕਾਬਲੇ ਹੁਣ ਮਹਿਲਾ ਕਾਡਰ ਮਾਓਵਾਦੀ ਕਾਰਵਾਈਆਂ ਵਿਚ ਵਧੇਰੇ ਸਰਗਰਮੀ ਨਾਲ ਭਾਗ ਲੈ ਰਿਹਾ ਹੈ।



ਉਨ੍ਹਾਂ ਕਿਹਾ ਕਿ ਮਹਿਲਾ ਕਾਡਰ ਆਮ ਤੌਰ 'ਤੇ ਵਧੇਰੇ ਤਿੱਖਾ ਹੁੰਦਾ ਹੈ। ਉਧਰ, ਖੁਫੀਆ ਰਿਪੋਰਟਾਂ ਅਨੁਸਾਰ ਪਿਛਲੇ ਦੋ ਸਾਲਾਂ ਵਿਚ ਬਸਤਰ ਇਲਾਕੇ ਦੇ ਨਾਲ-ਨਾਲ ਹੋਰ ਸੂਬਿਆਂ 'ਚ ਇਸ ਲਹਿਰ 'ਚ ਔਰਤਾਂ ਦੀ ਸ਼ਮੂਲੀਅਤ ਵਧੀ ਹੈ। 2010 ਵਿਚ ਮਾਓਵਾਦੀ ਕਾਡਰ ਵਿਚ 40 ਫੀਸਦੀ ਔਰਤਾਂ ਹੁੰਦੀਆਂ ਸਨ ਜੋ ਇਸ ਸਾਲ ਦੇ ਸ਼ੁਰੂ 'ਚ 60 ਫੀਸਦੀ ਹੋ ਗਈਆਂ ਹੋਣ ਦੀਆਂ ਰਿਪੋਰਟਾਂ ਹਨ। ਮਾਓਵਾਦੀ ਆਗੂਆਂ ਨੇ ਆਪਣੀ ਭਰਤੀ ਰਣਨੀਤੀ ਬਦਲਦਿਆਂ ਔਰਤਾਂ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ। ਅਧਿਕਾਰੀ ਅਨੁਸਾਰ ਪਿਛਲੇ ਕੁਝ ਮਹੀਨਿਆਂ 'ਚ ਮਾਓਵਾਦੀ ਕੈਂਪਾਂ 'ਚ ਹੇਠਲੇ ਰੈਂਕਾਂ 'ਚ 60 ਫੀਸਦੀ ਔਰਤਾਂ ਭਰਤੀ ਕੀਤੀਆਂ ਗਈਆਂ ਹਨ। ਖੇਤਰੀ ਅਤੇ ਡਿਵੀਜ਼ਨਲ ਕਮੇਟੀਆਂ 'ਚ ਉਨ੍ਹਾਂ ਦੀ ਹਾਜ਼ਰੀ 50 ਫੀਸਦੀ ਤੇ ਜ਼ੋਨਲ ਕਮੇਟੀਆਂ 'ਚ 25 ਫੀਸਦੀ ਹੈ। ਦੰਡਕਾਰਨੀਆਂ ਸਪੈਸ਼ਲ ਜ਼ੋਨਲ ਕਮੇਟੀ ਅਧੀਨ ਬਸਤਰ 'ਚ 27 ਡਿਵੀਜ਼ਨਲ ਮਾਓਵਾਦੀ ਕਮੇਟੀਆਂ ਹਨ ਜਿਨ੍ਹਾਂ 'ਚੋਂ 20 ਤੋਂ ਵੱਧ ਕਮੇਟੀਆਂ ਔਰਤਾਂ ਵੱਲੋਂ ਚਲਾਈਆਂ ਜਾ ਰਹੀਆਂ ਹਨ।

## ਮਾਓਵਾਦੀਆਂ ਅੱਗੇ ਕੇਂਦਰ ਸਰਕਾਰ ਹੋਈ ਬੇਵੱਸ

*(ਸਫਾ ਇਕ ਦੀ ਬਾਕੀ)*

ਤੋਂ ਵਾਪਸ ਪਾਕੁਰ ਹੈਡ-ਕੁਆਰਟਰ ਪਰਤ ਰਿਹਾ ਸੀ। ਅਮਰਜੀਤ ਬਲਿਹਾਰ ਦੂਜਾ ਐਸ.ਪੀ. ਹੈ ਜੋ ਮਾਓਵਾਦੀਆਂ ਦੇ ਹਮਲੇ ਵਿਚ ਮਾਰਿਆ ਗਿਆ ਹੈ। 4 ਅਕਤੂਬਰ 2004 ਨੂੰ ਮਾਓਵਾਦੀਆਂ ਨੇ ਲੁਹਾਰਡਾਗਾ ਦੇ ਐਸ.ਪੀ. ਅਜੈ ਕੁਮਾਰ ਸਿੰਘ ਨੂੰ ਮਾਰ ਮੁਕਾਇਆ ਸੀ। ਉਦੋਂ ਲੁਹਾਰਡਾਗਾ ਬਿਹਾਰ ਵਿਚ ਪੈਂਦਾ ਸੀ ਅਤੇ ਝਾਰਖੰਡ ਦੀ ਕਾਇਮੀ ਪਿੱਛੋਂ ਝਾਰਖੰਡ ਦਾ ਹਿੱਸਾ ਬਣ ਗਿਆ ਸੀ। ਮਾਓਵਾਦੀਆਂ ਨੇ ਪੁਲਿਸ ਵਾਲਿਆਂ ਨੂੰ ਜਵਾਬੀ ਕਾਰਵਾਈ ਕਰਨ ਦਾ ਮੌਕਾ ਨਹੀਂ ਦਿੱਤਾ। ਉਹ ਪੁਲਿਸ ਵਾਲਿਆਂ ਦੇ ਹਥਿਆਰ ਵੀ ਲੁੱਟ ਕੇ ਲੈ ਗਏ।

## ਪੰਨੂ 'ਤੇ ਹਮਲੇ ਨੇ ਲਾਈ ਮਲੂਕਾ ਦੇ ਅਕਸ ਨੂੰ ਢਾਹ

**ਚੰਡੀਗੜ੍ਹ:** ਪੰਜਾਬ ਦੇ ਆਈ.ਏ.ਐਸ. ਅਧਿਕਾਰੀ ਕਾਹਨ ਸਿੰਘ ਪੰਨੂ ਉੱਤੇ ਹਮਲੇ ਨੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਅਕਸ ਨੂੰ ਢਾਹ ਲਾਈ ਹੈ। ਬੇਸ਼ੱਕ ਬਾਦਲਾਂ ਦੀ ਸਿੱਖਿਆ ਮੰਤਰੀ 'ਤੇ ਪੂਰੀ ਮਿਹਰ ਹੈ ਪਰ ਪਹਿਲਾਂ ਹੀ ਕਈ ਵਿਵਾਦਾਂ ਵਿਚ ਘਿਰੇ ਸ. ਮਲੂਕਾਂ ਨੂੰ ਇਸ ਘਟਨਾ ਨੇ ਹੋਰ ਉਲਝਾ ਦਿੱਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸ. ਮਲੂਕਾ ਨੂੰ ਅਹੁਦੇ ਤੋਂ ਤਾਂ ਲਾਂਭੇ ਨਹੀਂ ਕਰਨਾ ਚਹੁੰਦੇ ਪਰ ਉਨ੍ਹਾਂ ਦਾ ਸਿਆਸੀ ਕਰੀਅਰ ਨੂੰ ਇਸ ਦਾ ਸੇਕ ਜ਼ਰੂਰ ਲੱਗ ਸਕਦਾ ਹੈ।

ਉਜ, ਸ. ਮਲੂਕਾਂ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਸ ਉਹ ਮਾਮਲੇ ਬਾਰੇ ਕਿਸੇ ਵੀ ਜਾਂਚ ਦਾ ਸਾਹਮਣਾ ਕਰਨ ਲਈ



ਤਿਆਰ ਹਨ। ਵਿਰੋਧੀ ਧਿਰ ਕਾਂਗਰਸ ਵੱਲੋਂ ਲਾਏ ਜਾ ਰਹੇ ਦੋਸ਼ਾਂ ਨੂੰ ਖਾਰਜ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਨਾਲ ਨਾ ਤਾਂ ਕੋਈ ਮੱਤਭੇਦ ਹਨ ਤੇ ਨਾ ਹੀ ਇਸ ਤਰ੍ਹਾਂ ਦੀ ਹਰਕਤ ਬਾਰੇ ਸੋਚਿਆ ਜਾ ਸਕਦਾ ਹੈ। ਇਸ ਘਟਨਾਂ ਦੀ ਵੀਡੀਓ ਫਿਲਮ ਬਣਾਉਣ ਵਾਲੇ ਬਲਜਿੰਦਰ ਸਿੰਘ ਦਾ ਸਬੰਧ ਹਾਕਮ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਰਿਹਾ ਹੈ।

ਬਲਜਿੰਦਰ ਸਿੰਘ ਵੱਲੋਂ ਬਣਾਈ ਵੀਡੀਓ ਨੂੰ ਸਿੱਖਿਆ ਮੰਤਰੀ ਦੇ ਪੁੱਤਰ ਗੁਰਪ੍ਰੀਤ ਸਿੰਘ ਦੇ ਸਾਂਢੂ ਸਵਰਨ ਸਿੰਘ ਦਾਨੇਵਾਲੀਆ ਜੋ ਕਿ ਟੀ.ਵੀ. ਚੈਨਲ ਦਾ ਪੱਤਰਕਾਰ ਹੈ, ਵੱਲੋਂ ਆਪਣੇ ਚੈਨਲ 'ਤੇ ਸਭ ਤੋਂ ਪਹਿਲਾਂ ਪ੍ਰਸਾਰਿਤ ਕੀਤਾ। ਬਲਜਿੰਦਰ ਸਿੰਘ ਦੀ ਰਾਮਾ ਮੰਡੀ ਵਿਚ ਮੋਬਾਈਲ ਫ਼ੋਨ ਵੇਚਣ ਦੀ ਦੁਕਾਨ ਹੈ। ਉਧਰ ਕਾਹਨ ਸਿੰਘ ਪੰਨੂ ਨੇ 'ਡੂੰਘੀ ਸਾਜ਼ਿਸ਼' ਦੇ ਦੋਸ਼ਾਂ ਨੂੰ ਦੁਹਰਾਉਂਦਿਆਂ ਦਾਅਵਾ ਕੀਤਾ ਕਿ ਜਿਸ ਤਰ੍ਹਾਂ ਗਿਣਮਿਥ ਕੇ ਸਾਰੀ ਘਟਨਾਂ ਨੂੰ ਅੰਜ਼ਾਮ ਦਿੱਤਾ ਗਿਆ ਹੈ ਉਸ ਤੋਂ ਸਪੱਸ਼ਟ ਹੈ ਕਿ ਹਮਲੇ ਪਿੱਛੇ ਕਿਸੇ ਹੋਰ ਵਿਅਕਤੀ ਦਾ ਹੱਥ ਹੈ।

## ਪੰਚਾਇਤੀ ਚੋਣਾਂ ਬਣੀਆਂ ਸਿਆਸੀ ਲਾਮ

*(ਸਫਾ ਇਕ ਦੀ ਬਾਕੀ)*

ਲੋਕਤੰਤਰ ਦੀਆਂ ਇੰਨੀ ਵੱਡੀ ਪੱਧਰ 'ਤੇ ਧੱਜੀਆਂ ਉਡਾਉਣ ਦੀ ਤਸਵੀਰ ਪਹਿਲਾਂ ਕਦੇ ਨਹੀਂ ਦੇਖੀ। ਉਨ੍ਹਾਂ ਦੋਸ਼ ਲਾਇਆ ਕਿ ਸੱਤਾਧਾਰੀ ਧਿਰ ਨੇ ਚੋਣਾਂ ਜਿੱਤਣ ਲਈ ਸਰਕਾਰੀ ਮਸ਼ੀਨਰੀ ਅਤੇ ਆਪਣੇ ਲੱਠਮਾਰਾਂ ਦੀ ਰੱਜ ਕੇ ਵਰਤੋਂ ਕੀਤੀ।

ਪੰਜਾਬ ਵਿਚ ਕੁੱਲ 13080 ਗਰਾਮ ਪੰਚਾਇਤਾਂ ਹਨ ਇਨ੍ਹਾਂ ਵਿਚੋਂ 1841 ਸਰਪੰਚਾਂ ਦੀ ਚੋਣ ਸਰਬਸੰਮਤੀ ਨਾਲ ਹੋਈ। ਇਸ ਤਰ੍ਹਾਂ 11,139 ਪਿੰਡਾਂ ਵਿਚ ਸਰਪੰਚਾਂ ਦੀ ਚੋਣ ਲਈ ਸਿਰ ਧੜ ਦੀ ਬਾਜ਼ੀ ਲਾਈ ਗਈ। ਇਸ ਵਾਰ ਸਰਪੰਚੀ ਦੇ ਉਮੀਦਵਾਰਾਂ ਦੀ ਕੁੱਲ ਗਿਣਤੀ 30,748 ਸੀ ਜਿਸ ਵਿਚੋਂ 1841 ਦੀ ਚੋਣ ਸਰਬਸੰਮਤੀ ਨਾਲ ਹੋਣ ਤੋਂ ਬਾਅਦ 28,907 ਸਰਪੰਚੀ ਦੇ ਉਮੀਦਵਾਰ ਮੈਦਾਨ ਵਿਚ ਡਟੇ ਸਨ। ਪੰਚਾਇਤਾਂ ਲਈ ਪੰਚ ਦੀ ਚੋਣ ਖਾਤਰ ਪਹਿਲੀ ਵਾਰ ਪਿੰਡਾਂ ਵਿਚ ਵਾਰਡਬੰਦੀ ਕੀਤੀ ਗਈ। ਪਿੰਡਾਂ ਵਿਚ ਕੁੱਲ 81,412 ਵਾਰਡ ਬਣਾਏ। ਇਨ੍ਹਾਂ ਵਿਚੋਂ 23,655 ਵਾਰਡਾਂ ਦੇ ਪੰਚਾਂ ਦੀ ਚੋਣ ਸਰਬਸੰਮਤੀ ਨਾਲ ਹੋ ਗਈ ਤੇ 94,274 ਉਮੀਦਵਾਰ ਮੈਦਾਨ ਵਿਚ ਡਟੇ। ਪੰਜਾਬ ਦੇ ਦਿਹਾਤੀ ਖੇਤਰ ਨਾਲ ਸਬੰਧਤ ਸਵਾ ਕਰੋੜ ਦੇ ਕਰੀਬ ਵੋਟਰਾਂ ਨੇ ਇਸ ਚੋਣ ਪ੍ਰਕਿਰਿਆ ਵਿਚ ਹਿੱਸਾ ਲਿਆ। ਵਾਰਡ ਦੇ ਵੋਟਰਾਂ ਨੇ ਆਪੋ-ਆਪਣਾ ਪੰਚ ਚੁਣਿਆ ਜਦੋਂਕਿ ਸਰਪੰਚ ਦੀ ਚੋਣ ਸਿੱਧੀ ਹੋਈ।

ਸਥਾਨਕ ਪੱਧਰ ਦੀਆਂ ਇਨ੍ਹਾਂ ਚੋਣਾਂ ਵਿਚ ਪੂਰੀ ਪੰਜਾਬ ਪੁਲਿਸ ਨੂੰ ਤਾਇਨਾਤ ਕਰ ਦਿੱਤਾ ਗਿਆ। ਵੱਖ-ਵੱਖ ਬੂਥਾਂ 'ਤੇ 50309 ਜਵਾਨ ਤਾਇਨਾਤ ਕੀਤੇ ਗਏ। ਚੋਣ ਲਈ 13172 ਪੋਲਿੰਗ ਸਟੇਸ਼ਨ ਤੇ 18254 ਪੋਲਿੰਗ ਬੂਥ ਬਣਾਏ ਗਏ ਸਨ ਤੇ ਇਨ੍ਹਾਂ ਵਿਚੋਂ 1634 ਅਤਿ ਸੰਵੇਦਨਸ਼ੀਲ ਤੇ 4174 ਸੰਵੇਦਨਸ਼ੀਲ ਐਲਾਨੇ ਗਏ ਹਨ। ਅਤਿ ਸੰਵੇਦਨਸ਼ੀਲ ਤੇ ਸੰਵੇਦਨਸ਼ੀਲ ਪੋਲਿੰਗ ਬੂਥਾਂ ਲਈ ਵਾਧੂ ਜਵਾਨ ਤਾਇਨਾਤ ਕੀਤੇ ਗਏ। ਗਸ਼ਤ ਕਰਨ ਲਈ ਵੱਖਰੀਆਂ 658 ਗਸ਼ਤ ਪਾਰਟੀਆਂ ਵੀ ਤਾਇਨਾਤ ਕੀਤੀਆਂ ਗਈਆਂ।

## ਭਾਰਤ ਤੇ ਆਸਟਰੇਲੀਆ ਵਿਚਾਲੇ ਸ਼ੁਰੂ ਹੋਣਗੀਆਂ ਸਿੱਧੀਆਂ ਉਡਾਣਾਂ

**ਮੈਲਬੌਰਨ:** ਪੂਰੇ ਸੋਲਾਂ ਸਾਲ ਦੇ ਵਕਫੇ ਤੋਂ ਬਾਅਦ ਭਾਰਤ ਦੀ ਕੌਮੀ ਹਵਾਈ ਸੇਵਾ ਏਅਰ ਇੰਡੀਆ 29 ਅਗਸਤ ਤੋਂ ਦੋਵਾਂ ਦੇਸ਼ਾਂ ਵਿਚ ਸਿੱਧੀ ਹਵਾਈ ਸੇਵਾ ਸ਼ੁਰੂ ਕਰ ਰਹੀ ਹੈ। ਭਾਰਤ ਤੇ ਆਸਟਰੇਲੀਆ ਵਿਚਕਾਰ ਬੋਇੰਗ 787 ਡਰੀਮਲਾਈਨਰ ਜਹਾਜ਼ ਉਡਾਣਾਂ ਭਰੇਗਾ। 'ਸਿਡਨੀ ਮਾਰਨਿੰਗ ਹੈਰਾਲਡ' ਦੀ ਖਬਰ ਅਨੁਸਾਰ ਏਅਰ ਇੰਡੀਆ ਦੇ ਨਵੇਂ ਜਹਾਜ਼ ਦਿੱਲੀ, ਸਿਡਨੀ ਤੇ ਮੈਲਬੌਰਨ ਵਿਚਕਾਰ ਉਡਾਣ ਭਰਨਗੇ। ਇਸ ਜਹਾਜ਼ ਵਿਚ 18 ਬਿਜ਼ਨੈੱਸ ਕਲਾਸ ਸਣੇ ਕੁੱਲ 256 ਸੀਟਾਂ ਹਨ। ਇਕ ਹਫਤੇ ਵਿਚ ਚਾਰ ਦਿਨ ਇਹ ਜਹਾਜ਼ ਨਵੀਂ ਦਿੱਲੀ ਤੋਂ ਸਿਡਨੀ ਤੇ ਮੈਲਬੌਰਨ ਲਈ ਉਡਾਣ ਭਰੇਗਾ ਤੇ ਤਿੰਨ ਦਿਨ ਮੈਲਬੌਰਨ ਤੋਂ ਸਿਡਨੀ ਨਵੀਂ ਦਿੱਲੀ ਲਈ ਉਡੇਗਾ।

## ਉੱਤਰਾਖੰਡ 'ਚ ਸਪਸ਼ਟ ਨਹੀਂ ਹੋਈ ਮੌਤਾਂ ਦੀ ਗਿਣਤੀ

**ਦੇਹਰਾਦੂਨ:** ਉੱਤਰਾਖੰਡ ਵਿਚ ਅਚਾਨਕ ਆਏ ਹੜ੍ਹਾਂ ਤੇ ਢਿੱਗਾਂ ਡਿੱਗਣ ਦੇ ਦੋ ਹਫ਼ਤਿਆਂ ਮਗਰੋਂ ਵੀ ਮ੍ਰਿਤਕਾਂ ਦੀ ਸਹੀ ਗਿਣਤੀ ਬਾਰੇ ਸਪਸ਼ਟ ਨਹੀਂ ਹੋ ਸਕਿਆ। ਰਾਜ ਵਿਧਾਨ ਸਭਾ ਦੇ ਸਪੀਕਰ ਗੋਬਿੰਦ ਸਿੰਘ ਕੁੰਜਵਾਲ ਜਿੱਥੇ ਮ੍ਰਿਤਕਾਂ ਦੀ ਗਿਣਤੀ 10 ਹਜ਼ਾਰ ਤੋਂ ਵੱਧ ਦੱਸ ਰਹੇ ਹਨ ਉੱਥੇ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਅਨੁਸਾਰ ਇਹ ਗਿਣਤੀ 900 ਹੀ ਹੈ।

## ਅਕਾਲ ਤਖ਼ਤ ਵੀ ਕਰੇਗਾ ਵਧੀਕੀ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਸੀਨੀਅਰ ਆਈ.ਏ.ਐਸ. ਅਧਿਕਾਰੀ ਕਾਹਨ ਸਿੰਘ ਪੰਨੂੰ 'ਤੇ ਹੋਏ ਹਮਲੇ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਕਮੇਟੀ ਦੀ ਰਿਪੋਰਟ 'ਤੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਵਿਚਾਰ ਕੀਤਾ ਜਾਵੇਗਾ ਤੇ ਦੋਸ਼ੀਆਂ ਖ਼ਿਲਾਫ਼ ਗੁਰਮਤਿ ਮਰਿਆਦਾ ਅਨੁਸਾਰ ਕਾਰਵਾਈ ਹੋਵੇਗੀ। ਸ਼੍ਰੋਮਣੀ ਕਮੇਟੀ ਨੇ ਇਸ ਮਾਮਲੇ ਦੀ ਜਾਂਚ ਲਈ ਚਾਰ ਮੈਂਬਰੀ ਕਮੇਟੀ ਕਾਇਮ ਕੀਤੀ ਸੀ ਜਿਸ ਵਿਚ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਰਜਿੰਦਰ ਸਿੰਘ ਮਹਿਤਾ, ਨਿਰਵੈਲ ਸਿੰਘ ਜੋਹਲਾ ਤੇ ਸਕੱਤਰ ਰੂਪ ਸਿੰਘ ਸ਼ਾਮਲ ਸਨ। ਇਸ ਟੀਮ ਨੇ ਉਤਰਾਖੰਡ ਦਾ ਦੌਰਾ ਕਰ ਕੇ ਆਪਣੀ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਸੌਂਪ ਦਿੱਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਜਾਂਚ ਰਿਪੋਰਟ ਵਿਚ ਸਪੱਸ਼ਟ ਹੈ ਕਿ ਹਮਲਾਵਰਾਂ ਨੇ ਸੀਨੀਅਰ ਆਈ.ਏ.ਐਸ. ਅਧਿਕਾਰੀ ਦੇ ਕੇਸਾਂ ਤੇ ਦਸਤਾਰ ਦੀ ਬੇਅਦਬੀ ਕੀਤੀ ਹੈ। ਉਨ੍ਹਾਂ ਆਖਿਆ ਕਿ ਸ਼੍ਰੋਮਣੀ ਕਮੇਟੀ ਦਸਤਾਰ ਦੇ ਸਤਿਕਾਰ ਨੂੰ ਬਹਾਲ ਕਰਾਉਣ ਲਈ ਵੱਖ ਵੱਖ ਮੁਲਕਾਂ ਵਿਚ ਜੱਦੋ ਜਹਿਦ ਕਰ ਰਹੀ ਹੈ ਤੇ ਆਪਣੇ ਹੀ ਮੁਲਕ ਵਿੱਚ ਦਸਤਾਰ ਦੀ ਬੇਅਦਬੀ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਭਾਵੇਂ ਕਾਨੂੰਨ ਅਨੁਸਾਰ ਕਾਰਵਾਈ ਹੋ ਰਹੀ ਹੈ ਪਰ ਧਾਰਮਿਕ ਪੱਖ ਤੋਂ ਵੀ ਦਸਤਾਰ ਤੇ ਕੇਸਾਂ ਦੀ ਬੇਅਦਬੀ ਦੇ ਮਾਮਲੇ ਵਿਚ ਕਾਰਵਾਈ ਹੋਵੇਗੀ।

## ਰੱਡ ਦੇ ਮੰਤਰੀ ਮੰਡਲ ਵਿਚ ਔਰਤਾਂ ਦੀ ਭਰਮਾਰ

**ਮੈਲਬਰਨ:** ਆਸਟਰੇਲੀਆ ਦੇ ਨਵੇਂ ਪ੍ਰਧਾਨ ਮੰਤਰੀ ਕੇਵਿਨ ਰੱਡ ਨੇ ਰਿਕਾਰਡ ਕਾਇਮ ਕਰਦਿਆਂ ਛੇ ਔਰਤਾਂ ਨੂੰ ਮੰਤਰੀ ਬਣਾਇਆ ਹੈ। ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਦੇਸ਼ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਨੂੰ ਨਾਟਕੀ ਢੰਗ ਨਾਲ ਅਹੁਦੇ ਤੋਂ ਹਟਾਇਆ ਹੈ। ਰੱਡ ਨੇ ਦੇਸ਼ ਦੀ ਪਾਰਲੀਮੈਂਟ ਵਿਚ ਪਹਿਲੀ ਵਾਰ ਮੁਸਲਮਾਨ ਨੂੰ ਵੀ ਸ਼ਾਮਲ ਕੀਤਾ ਹੈ।

55 ਸਾਲਾ ਰੱਡ ਨੇ 11 ਮਹਿਲਾ ਮੰਤਰੀ ਲਈਆਂ ਹਨ ਜਿਨ੍ਹਾਂ ਵਿਚੋਂ ਛੇ ਕੈਬਨਿਟ ਮੰਤਰੀ ਹਨ। ਇਸ ਤੋਂ ਇਲਾਵਾ ਇਕ ਹੋਰ ਪੱਖੋਂ ਪਹਿਲ ਕਰਦਿਆਂ ਪ੍ਰਧਾਨ ਮੰਤਰੀ ਨੇ 43 ਸਾਲਾ ਇਦ ਹਿਊਜ਼ਿਕ ਨੂੰ ਵਡੇਰੀ ਭੂਮਿਕਾ ਲਈ ਚੁਣਦਿਆਂ ਪ੍ਰਧਾਨ ਮੰਤਰੀ ਦਾ ਪਾਰਲੀਮਾਨੀ ਸਕੱਤਰ ਲਾ ਦਿੱਤਾ ਹੈ। ਉਹ ਦੇਸ਼ ਦੀ ਪਾਰਲੀਮੈਂਟ ਵਿਚ ਮੋਹਰੀ ਭੂਮਿਕਾ ਲਈ ਨਾਮਜ਼ਦ ਪਹਿਲਾ ਮੁਸਲਮਾਨ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਚੀਨੀ ਰਾਸ਼ਟਰਪਤੀ ਵੱਲੋਂ ਫਿਰ ਮਾਰਕਸਵਾਦ ਦਾ ਗੁਣਗਾਨ

**ਪੇਇਚਿੰਗ:** ਚੀਨ ਦੀ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਅਧਿਕਾਰੀਆਂ ਨੂੰ ਰਾਸ਼ਟਰਪਤੀ ਸੀ ਜਿਨਪਿੰਗ ਨੇ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਉਹ ਤਰੱਕੀਆਂ ਲੈਣ ਲਈ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਦੇ ਅੰਕੜਿਆਂ ਦਾ ਲੋਭ-ਲਾਲਚ ਤੇ ਖਿੱਚ ਛੱਡ ਕੇ ਮਾਰਕਸਵਾਦ ਦੇ ਸਿਧਾਂਤਾਂ ਵੱਲ ਪਰਤਣ ਜਿਨ੍ਹਾਂ ਨੂੰ ਦੇਸ਼ ਵਿਚ ਆਰਥਿਕ ਸੁਧਾਰਾਂ ਦੇ ਅਮਲ ਦੌਰਾਨ ਵੱਡੀ ਸਿਧਾਂਤਕ ਢਾਹ ਲੱਗੀ ਹੈ। ਪਾਰਟੀ ਦੇ ਸਥਾਪਨਾ ਦਿਵਸ ਮੌਕੇ ਉਨ੍ਹਾਂ ਕਾਡਰ ਨੂੰ ਮੁੜ ਮਾਰਕਸਵਾਦ ਦੇ ਅਧਿਐਨ ਲਈ ਪ੍ਰੇਰਿਆ।

ਰਾਸ਼ਟਰਪਤੀ ਜਿਨਪਿੰਗ ਜੋ ਚੀਨੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਵੀ ਹਨ, ਨੇ 1949 ਤੋਂ ਦੇਸ਼ 'ਤੇ ਰਾਜ ਕਰ ਰਹੀ ਪਾਰਟੀ ਦੀ 92ਵੀਂ ਸਥਾਪਨਾ ਵਰ੍ਹੇਗੰਢ 'ਤੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਨੂੰ ਆਪਣੇ ਅਧਿਕਾਰੀਆਂ ਦਾ ਮੁਲੰਕਣ ਜੀਡੀਪੀ ਦੇ ਅੰਕੜਿਆਂ ਤੋਂ ਨਹੀਂ ਬਲਕਿ ਹੋਰ ਕਾਰਗੁਜ਼ਾਰੀ ਦੇ ਆਧਾਰ 'ਤੇ ਕਰਨਾ ਚਾਹੀਦਾ ਹੈ। ਉਨ੍ਹਾਂ ਹੇਠਲੇ ਪੱਧਰ ਤੱਕ ਦੇ ਵਿਕਾਸ ਦਾ ਵੀ ਹੋਕਾ ਦਿੱਤਾ ਤੇ ਨਾਲ ਹੀ ਕਿਹਾ ਕਿ ਚੰਗੇ ਵਾਤਾਵਰਨ ਲਈ ਹਰ ਹੀਲਾ-ਵਸੀਲਾ ਵਰਤਣਾ ਹੁਣ ਸਮੇਂ ਦੀ ਲੋੜ ਹੈ।

ਗੌਰਤਲਬ ਹੈ ਕਿ ਇਸ ਵੇਲੇ ਚੀਨ ਆਰਥਕ ਪੱਖੋਂ ਸੰਸਾਰ ਵਿਚ ਦੂਜੇ ਥਾਂ 'ਤੇ ਹੈ। ਚੀਨੀ ਕਮਿਊਨਿਸਟ ਪਾਰਟੀ ਨੇ 2020 ਤਕ ਕੁੱਲ ਘਰੇਲੂ ਉਤਪਾਦਨ ਦੁੱਗਣਾ ਕਰਨ ਦਾ ਤਹੱਈਆ ਕੀਤਾ ਜਿਸ ਲਈ ਸਿਰਫ਼ ਸੱਤ ਫੀਸਦੀ ਵਿਕਾਸ ਦਰ ਦੀ ਲੋੜ ਹੈ। ਸੱਠ ਸਾਲਾ ਰਾਸ਼ਟਰਪਤੀ ਸੀ ਜਿਨਪਿੰਗ ਚੀਨ ਦੇ ਮਿਸਾਲੀ ਆਗੂ ਮਾਓ ਜ਼ੇ-ਤੁੰਗ ਤੇ ਫਿਰ 1978 ਵਿਚ ਮਾਓ ਦੀਆਂ ਨੀਤੀਆਂ ਨੂੰ ਪੁੱਠਾ ਗੇੜਾ ਦੇਣ ਵਾਲੇ ਦਿਓਕੱਦ ਲੀਡਰ ਡੈਂਗ ਸਿਆਓਪਿੰਗ ਤੋਂ ਬਾਅਦ ਵੱਡੇ ਲੀਡਰ ਵਜੋਂ ਉਭਰੇ ਹਨ।

# ਸੰਗੀਤਕ ਸਮਾਗਮ ਨੇ ਬਦਲੀ ਸੀ ਮੰਡੇਲਾ ਦੀ ਦਿੱਖ

**ਜੋਹਾਨੈਸਬਰਗ:** ਕੋਈ ਸਮਾਂ ਸੀ ਜਦੋਂ ਦੁਨੀਆਂ ਭਰ ਦੀ ਸਤਿਕਾਰਤ ਸ਼ਖ਼ਸੀਅਤ ਦੱਖਣੀ ਅਫਰੀਕਾ ਦੇ ਬਜ਼ੁਰਗ ਆਗੂ ਨੈਲਸਨ ਮੰਡੇਲਾ ਨੂੰ ਕਈ ਵਿਦੇਸ਼ੀ ਹਕੂਮਤਾਂ ਨੇ ਦਹਿਸ਼ਤਗਰਦ ਗਰਦਾਨਿਆ ਹੋਇਆ ਸੀ ਪਰ ਸੰਗੀਤਕ ਸਮਾਗਮ ਨੇ ਉਨ੍ਹਾਂ ਦੀ ਇਹ ਦਿਖ ਬਦਲ ਦਿੱਤੀ। ਆਪਣੇ ਮੁਲਕ ਦੀ ਰੰਗ-ਭੇਦੀ ਸਰਕਾਰ ਖ਼ਿਲਾਫ਼ ਮੁਹਿੰਮ ਦੇ ਨਾਇਕ ਸ੍ਰੀ ਮੰਡੇਲਾ ਦਾ ਨਾਂ 2008 ਤੱਕ ਅਮਰੀਕਾ ਦੀ ਦਹਿਸ਼ਤਗਰਦਾਂ ਵਾਲੀ ਸੂਚੀ ਵਿਚ ਦਰਜ ਸੀ।

ਬਰਤਾਨੀਆ ਦੀ ਸਾਬਕਾ ਪ੍ਰਧਾਨ ਮੰਤਰੀ 'ਆਇਰਨ ਲੇਡੀ' ਮਰਗਰੇਟ ਥੈਚਰ ਨੇ ਇਕ ਵਾਰ ਉਨ੍ਹਾਂ ਦੀ ਅਫਰੀਕੀ ਨੈਸ਼ਨਲ ਕਾਂਗਰਸ ਨੂੰ 'ਇਕ ਨਮੂਨੇ ਦੀ ਅਤਿਵਾਦੀ ਸੰਸਥਾ' ਕਰਾਰ ਦਿੱਤਾ ਸੀ। ਸ੍ਰੀ ਮੰਡੇਲਾ ਦੀ ਇਹ ਦਿਖ ਜਿਸ ਤਰ੍ਹਾਂ ਬਦਲੀ ਇਹ ਕਿਸੇ ਵਿਅਕਤੀ ਦੀਆਂ ਪ੍ਰਾਪਤੀਆਂ ਦੀ ਮਿਸਾਲ ਹੈ ਤੇ ਨਾਲ ਹੀ ਉਸ ਸੰਗੀਤ ਸਮਾਗਮ ਦਾ ਵੀ ਇਸ ਵਿਚ ਹਿੱਸਾ ਹੈ ਜਿਹੜਾ 25 ਸਾਲ ਪਹਿਲਾਂ ਹੋਇਆ ਸੀ।

ਸਮਾਗਮ ਦੇ ਪ੍ਰਬੰਧਕ ਟੋਨੀ ਹੋਲਿੰਗਜ਼ਵਰਥ ਵੱਲੋਂ 11 ਜੂਨ, 1988 ਨੂੰ ਲੰਡਨ ਦੇ ਵੈਂਬਲੇ ਸਟੇਡੀਅਮ ਵਿਚ ਕੀਤੇ ਸਮਾਗਮ ਦਾ ਸ੍ਰੀ ਮੰਡੇਲਾ ਦੇ 70ਵੇਂ ਜਨਮ ਦਿਨ ਨਾਲ ਤਾਂ ਬਹੁਤਾ ਤੁਅੱਲਕ ਨਹੀਂ ਸੀ ਪਰ ਇਸ ਗੱਲ ਵਿਚ ਉਨ੍ਹਾਂ ਦੀ ਪੂਰੀ ਰੁਚੀ ਸੀ ਕਿ ਕਿਸੇ ਤਰ੍ਹਾਂ ਸ੍ਰੀ ਮੰਡੇਲਾ ਦੇ ਨਾਂ ਤੋਂ ਅਤਿਵਾਦੀ ਸ਼ਬਦ ਹਟ ਜਾਵੇ ਤੇ ਉਨ੍ਹਾਂ ਦੀ ਜੇਲ੍ਹ ਤੋਂ ਰਿਹਾਈ ਹੋ ਸਕੇ। ਜੋਹਾਨੈਸਬਰਗ ਦੀ ਫੇਰੀ ਦੌਰਾਨ ਉਨ੍ਹਾਂ ਗੱਲ ਕਰਦਿਆਂ ਕਿਹਾ ਕਿ ਉਹ ਇਕ ਅਤਿਵਾਦੀ ਵਜੋਂ ਜੇਲ੍ਹ ਤੋਂ ਰਿਹਾਅ ਨਹੀਂ ਸਨ ਹੋ ਸਕਦੇ ਪਰ ਸਿਆਹਫਾਮ ਲੋਕਾਂ ਦੇ ਆਗੂ ਵਜੋਂ ਰਿਹਾਈ ਹਾਸਲ ਕਰਦੇ ਹਨ। ਸ੍ਰੀ ਹੋਲਿੰਗਜ਼ਵਰਥ ਜੋ ਹੁਣ 55 ਸਾਲਾਂ ਦੇ ਹਨ, ਨੇ ਇਸ ਨੂੰ ਧਿਆਨ ਵਿਚ ਰੱਖਦਿਆਂ ਇਹ ਸਿਤਾਰਿਆਂ ਨਾਲ ਭਰਪੂਰ ਸਮਾਗਮ ਕਰਵਾਇਆ ਸੀ ਤਾਂ ਕਿ ਆਮ ਜਨਤਾ ਦੀ ਨਜ਼ਰ ਵਿਚ ਸ੍ਰੀ ਮੰਡੇਲਾ ਨੂੰ ਅਤਿਵਾਦੀ ਦੀ ਥਾਂ 'ਸਤਿਵਾਦੀ' ਬਣਾਇਆ ਜਾ ਸਕੇ ਤੇ ਇਸ ਤਰ੍ਹਾਂ ਮੀਡੀਆ ਤੇ ਸਰਕਾਰ ਵੀ ਉਨ੍ਹਾਂ ਪ੍ਰਤੀ ਹਾਂਪੱਖੀ ਰਵੱਈਆ ਅਪਣਾ ਸਕਣ। ਉਨ੍ਹਾਂ ਨੇ ਆਪਣੀ ਇਸ ਮੁਹਿੰਮ ਵਿਚ ਸਾਥ ਦੇਣ ਲਈ ਬਰਤਾਨੀਆ ਦੀ ਰੰਗ-ਭੇਦੀ ਮੁਹਿੰਮ ਦੇ ਪ੍ਰਧਾਨ ਆਰਕਬਿਸ਼ਪ ਟਰੈਵਰ ਹਡਲਸਟਨ ਨੂੰ ਵੀ ਆਪਣੇ ਨਾਲ ਲਿਆ।

ਇਸ ਪ੍ਰੋਗਰਾਮ ਲਈ ਸ੍ਰੀ ਹੋਲਿੰਗਜ਼ਵਰਥ ਨੇ ਜਿਥੇ ਵੱਖ-ਵੱਖ ਗਾਇਕੀ ਸਿਤਾਰਿਆਂ ਨੂੰ ਜੋੜਨ ਦਾ ਕੰਮ ਸੰਭਾਲਿਆ, ਉਥੇ ਲੰਡਨ ਵਿਚ ਮੁਹਿੰਮ ਦੇ ਆਗੂ ਮਾਈਕ ਟੈਰੀ ਨੇ ਇਸ ਸਾਲ ਏਐਨਸੀ ਤੇ ਰੰਗ ਭੇਦ ਵਿਰੋਧੀ ਮੁਹਿੰਮ ਦੇ ਹੋਰ ਆਗੂਆਂ ਨੂੰ ਜੋੜਿਆ। ਇਸ ਤਰ੍ਹਾਂ ਸ੍ਰੀ ਹੋਲਿੰਗਜ਼ਵਰਥ ਇਸ ਸਮਾਗਮ ਨਾਲ ਸਿੰਪਲ ਮਾਈਂਡਜ਼, ਡਾਇਰ ਸਟਰੇਟ, ਸਟਿੰਗ, ਜਾਰਜ ਮਾਈਕ, ਐਰਿਕ ਕਲੈਪਟਨ, ਵਿੰਟਨੀ ਹਿਊਸਟਨ ਤੇ ਸਟੀਡ ਵੰਡਰ ਵਰਗੇ ਸਿਤਾਰਿਆਂ ਨੂੰ ਜੋੜਨ ਵਿਚ ਸਫਲ ਰਹੇ ਤੇ ਇਸ ਸ਼ਾਨਦਾਰ ਸਮਾਗਮ ਨਾਲ ਤਬਦੀਲੀ ਦਾ ਮੁੱਢ ਬੱਝਿਆ।


## Are You Tired Of All Treatments?
## Try Homeopathic Natural Medicines (HNM)

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**


Gurdip Singh Sandhu

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**
Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***


# ਕੰਬੋਡੀਆ ਦੇ ਜੰਗਲਾਂ ਵਿਚੋਂ 1200 ਸਾਲ ਪੁਰਾਣਾ ਸ਼ਹਿਰ ਲੱਭਿਆ

**ਮੈਲਬਰਨ:** ਆਧੁਨਿਕ ਹਵਾਈ ਲੇਜ਼ਰ ਤਕਨਾਲੋਜੀ ਰਾਹੀਂ ਕੰਬੋਡੀਆ ਵਿਚ ਤਕਰੀਬਨ 1200 ਸਾਲ ਪਹਿਲਾਂ ਤਬਾਹ ਹੋ ਕੇ ਗਰਕ ਗਏ ਇਕ ਪਹਾੜੀ ਸ਼ਹਿਰ ਨੂੰ ਲੱਭ ਲਿਆ ਗਿਆ ਹੈ। ਇਕ ਮੀਡੀਆ ਰਿਪੋਰਟਾਂ ਮੁਤਾਬਕ ਧੁੰਦ ਨਾਲ ਘਿਰੇ ਪਹਾੜਾਂ ਉਤੇ ਸਥਿਤ ਇਸ ਸ਼ਹਿਰ ਦੇ ਮਹੇਂਦਰ ਕਈ ਮੰਦਰ ਸਦੀਆਂ ਤੱਕ ਜੰਗਲਾਂ ਵਿਚ ਲੁਕੇ ਰਹੇ ਤੇ ਪੁਰਾਤਤਵ ਵਿਗਿਆਨੀਆਂ ਮੁਤਾਬਕ ਇਨ੍ਹਾਂ ਦਾ ਇੰਨਾ ਸਮਾਂ ਕਿਸੇ ਨੂੰ ਪਤਾ ਨਹੀਂ ਲੱਗਿਆ।

ਇਹ ਰਿਪੋਰਟ 'ਸਿਡਨੀ ਮੌਰਨਿੰਗ ਹੈਰਲਡ' ਨੇ ਛਾਪੀ ਹੈ। ਸ਼ਹਿਰ ਨੂੰ ਲੱਭਣ ਲਈ ਹੈਲੀਕਾਪਟਰ ਵਿਚ ਲੱਗੇ ਹੋਏ ਇਕ ਲੇਜ਼ਰ ਸੰਦ 'ਲਿਡਰ' ਦਾ ਇਸਤੇਮਾਲ ਕੀਤਾ ਗਿਆ। ਇਹ ਥਾਂ ਤੇਜ਼ ਰਫ਼ਤਾਰ ਦਰਿਆਵਾਂ, ਬਾਰੂਦੀ ਸੁਰੰਗਾਂ ਨਾਲ ਘਿਰੇ ਜੰਗਲਾਂ ਵਿਚ ਸਥਿਤ ਹੈ, ਜਿਥੇ ਦਲਦਲੀ ਥਾਵਾਂ ਦੀ ਵੀ ਭਰਮਾਰ ਹੈ।

ਇਹ ਸ਼ਹਿਰ ਨਾਮ ਕੁਲੇਨ ਪਹਾੜਾਂ ਉੱਤੇ ਸਥਿਤ ਸੀ, ਜੋ ਦੁਨੀਆਂ ਦੇ ਸਭ ਤੋਂ ਵੱਡੇ ਹਿੰਦੂ ਮੰਦਰ ਕੰਪਲੈਕਸ ਆਂਗਕੋਰ ਵਾਟ ਦੇ ਉੱਤਰ ਵੱਲ 40 ਕਿਲੋਮੀਟਰ ਦੂਰ ਸੀ। ਲਿਡਰ ਤਕਨਾਲੋਜੀ ਰਾਹੀਂ ਪੁਰਾਤਤਵ ਮਾਹਰ ਪਹਿਲੀ ਵਾਰ ਇਸ ਸ਼ਹਿਰ ਦੀਆਂ ਇਮਾਰਤਾਂ ਨੂੰ ਦੇਖਣ ਵਿਚ ਸਫ਼ਲ ਰਹੇ, ਜੋ ਬਿਲਕੁਲ ਵਰਗਾਕਾਰ ਹਨ। ਉਹ ਇਸ ਦਾ ਨਕਸ਼ਾ ਬਣਾਉਣ ਵਿਚ ਵੀ ਸਫ਼ਲ ਰਹੇ ਹਨ। ਇਸ ਸ਼ਹਿਰ ਨੂੰ ਜ਼ਮੀਨੀ ਖੋਜ ਵਿਧੀ ਰਾਹੀਂ ਸਾਲਾਂ ਤੋਂ ਜਾਰੀ ਕੋਸ਼ਿਸ਼ਾਂ ਨੂੰ ਬੂਰ ਨਹੀਂ ਸੀ ਪੈ ਰਿਹਾ, ਜਿਸ ਪਿੱਛੋਂ ਇਹ ਤਰੀਕਾ ਅਪਣਾਇਆ ਗਿਆ।


## ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
## National Truck Driving School

**ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ**

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
**ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

**Kashmir S. Thandi**
**Office: (866) 933-3038**
**Balhar S. Ranu Cell:916-502-7733**
**Yuba City Ph:530-419-5058**
**1816 Main Ave., Secramento CA, 95838**



## Reliable and Experienced Real Estate Professional

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**For Sale & Purchase of Residential, Commercial Property and AG-Land**

**ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ**
**ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ**

**ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ**
**ਗੁਰਬੰਸ ਗਿੱਲ, ਫੋਨ: 209-815-1869**


**Gurbans Singh Gill**
Realtor
DRE#01227109

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

REALTY WORLD
Millennium

**15 Years Experiance in Real Estate**
e-mail: gurbans@gotracy.com
**Fax: 209-836-0706**
**www.gotracy.com**

**Gurbans Gill 209-815-1869**

# ਕਾਂਗਰਸੀਆਂ ਨੂੰ ਆਪਸੀ ਰੋਸੇ ਭੁਲਾਉਣ ਦੀ ਨਸੀਹਤ

**ਚੰਡੀਗੜ੍ਹ:** ਹਾਈਕਮਾਨ ਵੱਲੋਂ ਪੰਜਾਬ ਕਾਂਗਰਸ ਦੇ ਨਵੇਂ ਲਾਏ ਇੰਚਾਰਜ ਸ਼ਕੀਲ ਅਹਿਮਦ ਨੇ ਕਾਂਗਰਸੀਆਂ ਨੂੰ ਆਪਸੀ ਗਿਲੇ ਸ਼ਿਕਵੇ ਭੁਲਾਉਣ ਦੀ ਨਸੀਹਤ ਦਿੱਤੀ ਹੈ। ਕਾਂਗਰਸ ਦੇ ਕੌਮੀ ਜਨਰਲ ਸਕੱਤਰ ਤੇ ਸਾਬਕਾ ਕੇਂਦਰੀ ਮੰਤਰੀ ਸ਼ਕੀਲ ਅਹਿਮਦ ਨੇ ਲੰਘੇ ਦਿਨ ਬੰਦ ਕਮਰਾ ਮੀਟਿੰਗ ਵਿਚ ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਦੇ ਨੇਤਾਵਾਂ ਨੂੰ ਏਕਤਾ ਦਾ ਪਾਠ ਪੜ੍ਹਾਇਆ। ਉਨ੍ਹਾਂ ਨੇ ਪ੍ਰਦੇਸ ਕਾਂਗਰਸ ਕਮੇਟੀ ਦੀ ਪਲੇਠੀ ਮੀਟਿੰਗ ਵਿਚ ਕਿਹਾ ਕਿ ਆਪਸੀ ਗੁੱਸੇ ਗਿਲੇ ਭੁੱਲੇ ਤੋਂ ਬਗ਼ੈਰ ਸੱਤਾ ਹੱਥ ਆਉਣੀ ਮੁਸ਼ਕਲ ਹੈ।



ਭਰੋਸੇਯੋਗ ਸੂਤਰਾਂ ਦਾ ਦੱਸਣਾ ਹੈ ਕਿ ਉਨ੍ਹਾਂ ਨੇ ਵਾਰ ਵਾਰ ਦੁਹਰਾਇਆ ਕਿ ਲੋਕ ਸਭਾ ਦੀਆਂ ਅਗਲੀਆਂ ਚੋਣਾਂ ਵਿਚ ਰਾਜ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਅਕਾਲੀ ਭਾਜਪਾ ਗੱਠਜੋੜ ਤੋਂ ਵਿਧਾਨ ਸਭਾ ਦੀ ਹਾਰ ਦਾ ਬਦਲਾ ਲਿਆ ਜਾ ਸਕਦਾ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਲੋਕ ਸਭਾ ਦੀਆਂ ਚੋਣਾ ਜਿੱਤਣ ਵਾਸਤੇ ਰਲਮਿਲ ਕੇ ਚੱਲਣ ਤੋਂ ਬਿਨਾਂ ਗੁਜ਼ਾਰਾ ਨਹੀਂ ਹੈ। ਉਨ੍ਹਾਂ ਨੇ ਆਪਣੀ ਗੱਲ ਹੋਰ ਸਪਸ਼ਟ ਕਰਦਿਆਂ ਕਿਹਾ ਕਿ ਚੋਣਾਂ ਤਾਂ ਪਾਰਟੀ ਦੀ ਕਾਰਗੁਜ਼ਾਰੀ ਨਾਲ ਹੀ ਜਿੱਤੀਆਂ ਜਾ ਸਕਣਗੀਆਂ ਪਰ ਉਨ੍ਹਾਂ ਦੀ ਡਿਊਟੀ ਪਾਰਟੀ ਅੰਦਰਲੇ ਮਸਲੇ ਹੱਲ ਕਰਨ ਦੀ ਲਾਈ ਗਈ ਹੈ ਤੇ ਉਹ ਲੋੜ ਪੈਣ ਵੇਲੇ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹਨ। ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਨੂੰ ਅਕਾਲੀ ਭਾਜਪਾ ਸਰਕਾਰ ਦੀਆਂ ਜ਼ਿਆਦਤੀਆਂ ਦੇ ਖ਼ਿਲਾਫ਼ ਡਟ ਜਾਣ ਦਾ ਸੱਦਾ ਦਿੱਤਾ। ਮੀਟਿੰਗ ਵਿਚ ਭਾਵੇਂ ਪਾਰਟੀ ਦੇ ਵਿਧਾਇਕ ਤੇ ਜ਼ਿਲ੍ਹਾ ਪ੍ਰਧਾਨਾਂ ਸਮੇਤ ਹੋਰ ਅਹੁਦੇਦਾਰ ਸੱਦੇ ਹੋਏ ਸਨ ਪਰ ਕਾਂਗਰਸ ਦੇ ਕੌਮੀ ਨੇਤਾਵਾਂ ਤੋਂ ਬਗ਼ੈਰ ਹੋਰ ਕਿਸੇ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਨਾ ਦਿੱਤਾ ਗਿਆ। ਮੀਟਿੰਗ ਦੀ ਸ਼ੁਰੂਆਤ ਮੌਕੇ ਬੋਲਦਿਆਂ ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਕਿਹਾ ਕਿ ਪੰਜਾਬ ਵਿਚ ਮੁੜ ਤੋਂ ਸੱਤਾ ਵਿਚ ਆਉਣ ਲਈ ਸਭ ਦਾ ਰਲ ਕੇ ਚੱਲਣਾ ਜ਼ਰੂਰੀ ਹੈ। ਕੇਂਦਰੀ ਸੂਚਨਾ ਤੇ ਪ੍ਰਸਾਰਨ ਮੰਤਰੀ ਮੁਨੀਸ਼ ਤਿਵਾੜੀ ਨੇ ਕਿਸੇ ਵੀ ਨੇਤਾ ਦਾ ਨਾਂ ਲਏ ਤੋਂ ਬਗ਼ੈਰ ਅਖ਼ਬਾਰਾਂ ਵਿਚ ਤਸਵੀਰਾਂ ਛਪਵਾਉਣ ਨਾਲੋਂ ਕੰਮ ਕਰਨ ਦੀ ਨਸੀਹਤ ਦਿੱਤੀ।

ਸਿਹਤ ਤੇ ਪਰਿਵਾਰ ਭਲਾਈ ਰਾਜ ਮੰਤਰੀ ਸੰਤੋਸ਼ ਚੌਧਰੀ ਨੇ ਵਰਕਰਾਂ ਦਾ ਗੁੱਸਾ ਸ਼ਾਂਤ ਕਰਨ ਲਈ ਐਂਬੂਲੈਂਸ 108 ਤੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਸਵੀਰ ਨਾ ਲਾਹੁਣ ਦੀ ਸੂਰਤ ਵਿਚ ਕੇਂਦਰੀ ਗਰਾਂਟ ਬੰਦ ਕਰਾਉਣ ਦੀ ਧਮਕੀ ਮੁੜ ਦੁਹਰਾਈ। ਪ੍ਰਦੇਸ ਕਾਂਗਰਸ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਪਾਰਟੀ ਦੀ ਚੜ੍ਹਦੀ ਕਲਾ ਲਈ ਸਭ ਨੂੰ ਨਾਲ ਲੈ ਕੇ ਤੁਰਨ ਦਾ ਪ੍ਰਣ ਦੁਹਰਾਇਆ। ਉਨ੍ਹਾਂ ਨੇ ਸਾਬਕਾ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦਾ ਵਿਸ਼ੇਸ਼ ਤੌਰ ਜ਼ਿਕਰ ਕਰਦਿਆਂ ਕਿਹਾ ਕਿ ਉਹ ਸਾਰੇ ਸੀਨੀਅਰ ਨੇਤਾਵਾਂ ਦੀ ਸਲਾਹ ਨਾਲ ਕੰਮ ਕਰਨਗੇ। ਉਨ੍ਹਾਂ ਨੇ ਇਸ ਮੌਕੇ ਐਲਾਨ ਕੀਤਾ ਕਿ ਉਹ ਪੰਦਰਾਂ ਜੁਲਾਈ ਤੋਂ ਪੰਜਾਬ ਦੇ 117 ਵਿਧਾਨ ਸਭਾ ਦੇ ਹਲਕਿਆਂ ਦਾ ਦੌਰਾ ਕਰਨਗੇ। ਮੀਟਿੰਗ ਵਿਚੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਰਾਜਿੰਦਰ ਕੌਰ ਭੱਠਨ ਸਮੇਤ ਹੋਰ ਅੱਧੀ ਦਰਜਨ ਵਿਧਾਇਕ ਤੇ ਮੈਂਬਰ ਪਾਰਲੀਮੈਂਟ ਗੈਰਹਾਜ਼ਰ ਰਹੇ।

## ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ 224 ਕਰੋੜ ਦਾ ਗੱਫਾ

**ਚੰਡੀਗੜ੍ਹ:** ਪੰਜਾਬ ਦੀ ਧਰਤੀ ਹੇਠ ਦਿਨੋ-ਦਿਨ ਘੱਟ ਰਹੇ ਪਾਣੀ ਤੇ ਜ਼ਰਖੇਜ਼ ਜ਼ਮੀਨ ਨੂੰ ਬਚਾਉਣ ਲਈ ਪੰਜਾਬ ਵੱਲੋਂ ਝੋਨੇ ਤੇ ਕਣਕ ਦੀ ਬਜਾਏ ਖੇਤੀ ਵਿਚ ਵਿਭਿੰਨਤਾ ਲਿਆਉਣ ਲਈ ਚਲਾਈ ਮੁਹਿੰਮ ਤਹਿਤ ਜੂਨ ਮਹੀਨੇ ਵਿਚ ਇਕੱਲੀ ਖੇਤੀਬਾੜੀ ਲਈ ਤਬਦੀਲ ਕਰ ਕੇ ਭੇਜੀ ਯੋਜਨਾ ਨੂੰ ਕੇਂਦਰ ਸਰਕਾਰ ਵੱਲੋਂ ਪ੍ਰਵਾਨ ਕਰ ਲਿਆ ਗਿਆ ਹੈ। ਕੇਂਦਰ ਨੇ 'ਕਰਾਪ ਡਾਇਵਰਸੀਫ਼ਿਕੇਸ਼ਨ ਇਨ ਓਰੀਜਨਲ ਗਰੀਨ ਰੈਵੂਲੇਸ਼ਨ ਸਟੇਟ' ਪਾਲਿਸੀ ਤਹਿਤ ਇਸ ਸਾਲ 500 ਕਰੋੜ ਰੁਪਏ ਰਾਖਵੇਂ ਰੱਖੇ ਸਨ। ਇਸ ਪਾਲਿਸੀ ਤਹਿਤ ਕਾਂਗਰਸ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਨੂੰ ਸਿਰਫ਼ 98 ਕਰੋੜ ਤੇ ਪਛਮੀ ਉੱਤਰ ਪ੍ਰਦੇਸ਼ ਸੂਬੇ ਲਈ ਵੀ 125 ਕਰੋੜ ਰੁਪਏ ਪ੍ਰਵਾਨ ਕੀਤੇ ਗਏ ਹਨ। ਇਹ ਯੋਜਨਾ ਇਕੱਲੇ ਚਾਲੂ ਵਿੱਤੀ ਸਾਲ ਲਈ ਹੈ। ਪੰਜਾਬ ਸਰਕਾਰ ਵੱਲੋਂ ਕੇਂਦਰ ਕੋਲ ਭੇਜੀ ਯੋਜਨਾ ਵਿਚ ਇਸ ਸਾਲ ਇਕ ਲੱਖ 35 ਹਜ਼ਾਰ ਹੈਕਟੇਅਰ ਰਕਬੇ ਨੂੰ ਝੋਨੇ ਹੇਠੋਂ ਕੱਢ ਕੇ ਦੂਜੀਆਂ ਫ਼ਸਲਾਂ ਹੇਠ ਲਿਆਉਣ ਦਾ ਤਹਈਆ ਕੀਤਾ ਹੈ। ਪੰਜਾਬ ਸਰਕਾਰ ਵਲੋਂ ਪੰਜ ਸਾਲਾਂ ਵਾਸਤੇ ਖੇਤੀਬਾੜੀ ਤੇ ਇਸ ਦੇ ਸਹਾਇਕ ਧੰਦਿਆਂ ਲਈ 7029 ਕਰੋੜ ਦੇ ਕਰੀਬ ਰਾਸ਼ੀ ਦੀ ਕੇਂਦਰ ਕੋਲੋਂ ਮੰਗ ਕੀਤੀ ਗਈ ਸੀ।

# ਗਰੀਬੀ ਨਾਲ ਘੁਲ ਰਿਹੈ ਸਾਬਕਾ ਅਕਾਲੀ ਮੰਤਰੀ ਦਾ ਟੱਬਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ (ਬ) ਵਿਚ ਕੁਰਬਾਨੀਆਂ ਦੇਣ ਵਾਲੇ ਟਕਸਾਲੀ ਆਗੂਆਂ ਦੀ ਕੋਈ ਪੁੱਛ ਪ੍ਰਤੀਤ ਨਹੀਂ ਰਹੀ। ਅੰਮ੍ਰਿਤਸਰ ਵਿਚ ਇਕ ਸਾਬਕਾ ਅਕਾਲੀ ਮੰਤਰੀ ਦਾ ਪਰਿਵਾਰ



ਗਰੀਬੀ ਨਾਲ ਘੁਲ ਰਿਹਾ ਹੈ। ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਸਾਬਕਾ ਅਕਾਲੀ ਮੰਤਰੀ ਤਾਰਾ ਸਿੰਘ ਲਾਇਲਪੁਰੀ ਦੀ ਨੂੰਹ ਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਹਰਭਿੰਦਰ ਸਿੰਘ ਲਾਇਲਪੁਰੀ ਦੀ ਪਤਨੀ ਬੀਬੀ ਬਲਬੀਰ ਕੌਰ ਨੇ ਐਲਾਨ ਕੀਤਾ ਹੈ ਕਿ ਜੇ ਪਾਰਟੀ ਨੇ ਉਨ੍ਹਾਂ ਦੇ ਪਰਿਵਾਰ ਦੀ ਕੋਈ ਸਾਰ ਨਾ ਲਈ ਤਾਂ ਉਹ ਆਪਣੇ ਬੱਚਿਆਂ ਸਮੇਤ ਮੁੱਖ ਮੰਤਰੀ ਦੀ ਕੋਠੀ ਅੱਗੇ ਭੁਖ ਹੜਤਾਲ ਕਰੇਗੀ।

ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਝੰਬੀ ਬੀਬੀ ਬਲਬੀਰ ਕੌਰ ਨੇ ਦੱਸਿਆ ਕਿ ਉਸ ਦੇ ਸਹੁਰਾ ਸ. ਤਾਰਾ ਸਿੰਘ ਲਾਇਲਪੁਰੀ ਦੋ ਅਕਾਲੀ ਸਰਕਾਰਾਂ ਵਿਚ ਮੰਤਰੀ ਰਹਿ ਚੁੱਕੇ ਹਨ ਤੇ ਉਸ ਦੇ ਪਤੀ ਸ਼੍ਰੋਮਣੀ ਕਮੇਟੀ ਦੇ 1996 ਦੇ ਹਾਊਸ ਵਿਚ ਮੈਂਬਰ ਰਹਿ ਚੁੱਕੇ ਹਨ। ਉਸ ਦੇ ਪਤੀ ਨੂੰ ਕੈਂਸਰ ਦੀ ਨਾਮੁਰਾਦ ਬੀਮਾਰੀ ਸੀ ਜਿਸ ਕਾਰਨ ਉਸ ਦਾ ਪਰਿਵਾਰ ਇਲਾਜ ਕਰਵਾਉਂਦਾ ਕਰਵਾਉਂਦਾ ਕਰਜ਼ੇ ਹੇਠ ਦੱਬ ਗਿਆ। ਬੀਬੀ ਮੁਤਾਬਕ ਇਸ ਸਮੇਂ ਉਹ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਬਕਾਲਾ ਵਿਖੇ ਚਲਾਏ ਜਾ ਰਹੇ ਸਕੂਲ ਵਿਚ ਬਤੌਰ ਹੈਲਪਰ ਕੰਮ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਪਤੀ ਦੀ ਮੌਤ ਤੋਂ ਪਹਿਲਾਂ ਜੋ ਲੋਕ ਉਨ੍ਹਾਂ ਦੇ ਪਰਿਵਾਰ ਦੇ ਅੱਗੇ ਪਿੱਛੇ ਘੁੰਮਦੇ ਸਨ, ਅੱਜ ਅੱਖਾਂ ਫੇਰ ਕੇ ਲੰਘ ਰਹੇ ਹਨ। ਉਨ੍ਹਾਂ ਦੱਸਿਆ ਕਿ ਪਰਿਵਾਰ ਦੀ ਮਾਲੀ ਹਾਲਤ ਏਨੀ ਖਸਤਾ ਹੈ ਕਿ ਪਿਛਲੇ ਕਰੀਬ ਤਿੰਨ ਸਾਲ ਤੋਂ ਬਿਜਲੀ ਵੀ ਕਟੀ ਹੋਈ ਹੈ ਤੇ ਬੱਚਿਆਂ ਦੀ ਪੜ੍ਹਾਈ ਵੀ ਰੁਕੀ ਹੋਈ ਹੈ। ਉਨ੍ਹਾਂ ਦੱਸਿਆ ਕਿ ਜਿਸ ਘਰ ਵਿਚ ਉਹ ਰਹਿ ਰਹੀ ਹੈ, ਉਹ ਵੀ ਕਰਜ਼ਦਾਰਾਂ ਕੋਲ ਗਹਿਣੇ ਪਿਆ ਹੈ ਤੇ ਉਸ ਦੀਆਂ ਛੱਤਾਂ ਵੀ ਡਿੱਗਣ ਵਾਲੀਆਂ ਹਨ।

ਬੀਬੀ ਬਲਬੀਰ ਕੌਰ ਨੇ ਦੱਸਿਆ ਜਿੰਨੀ ਤਨਖ਼ਾਹ ਉਸ ਨੂੰ ਬਤੌਰ ਹੈਲਪਰ ਕੰਮ ਕਰਨ ਬਦਲੇ ਮਿਲਦੀ ਹੈ, ਉਸ ਨਾਲ ਦੋ ਸਮੇਂ ਦੀ ਰੋਟੀ ਵੀ ਨਸੀਬ ਨਹੀਂ ਹੋ ਸਕਦੀ। ਉਨ੍ਹਾਂ ਦੱਸਿਆ ਕਿ ਉਹ ਕਈ ਵਾਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮਿਲ ਕੇ ਆਪਣਾ ਦੁਖ ਦੱਸ ਚੁੱਕੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸੰਗਤ ਦਰਸ਼ਨ ਪ੍ਰੋਗਰਾਮਾਂ ਵਿਚ ਕਈ ਵਾਰ ਜਾ ਕੇ ਉਹ ਆਪਣਾ ਦੁਖੜਾ ਵੀ ਰੋ ਚੁੱਕੀ ਹੈ ਪਰ ਕਿਸੇ ਨੇ ਵੀ ਮਦਦ ਲਈ ਹੱਥ ਅੱਗੇ ਨਹੀਂ ਵਧਾਇਆ। ਉਨ੍ਹਾਂ ਕਿਹਾ ਕਿ ਉਹ ਕੋਈ ਰਹਿਮ ਦੀ ਭੀਖ ਨਹੀਂ ਮੰਗ ਰਹੀ ਬਲਕਿ ਪਾਰਟੀ ਪ੍ਰਤੀ ਆਪਣੇ ਪਰਿਵਾਰ ਦੇ ਕੀਤੇ ਕਾਰਜ ਦਾ ਵਾਸਤਾ ਦੇ ਕੇ ਅਪਣੇ ਪਰਿਵਾਰ ਲਈ ਦੋ ਸਮੇਂ ਦੀ ਰੋਟੀ ਤੇ ਬੱਚਿਆਂ ਦੀ ਪੜ੍ਹਾਈ ਹੀ ਮੰਗ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਹੁਣ ਵੀ ਪਾਰਟੀ ਨੇ ਉਸ ਦੇ ਪਰਿਵਾਰ ਦੀ ਕੋਈ ਸਾਰ ਨਾ ਲਈ ਤਾਂ ਉਹ ਮਜਬੂਰ ਹੋ ਕੇ ਮੁੱਖ ਮੰਤਰੀ ਦੀ ਕੋਠੀ ਅੱਗੇ ਬੱਚਿਆਂ ਸਮੇਤ ਜਾ ਕੇ ਭੁੱਖ ਹੜਤਾਲ ਕਰੇਗੀ।

# ਪਤੀ ਨੂੰ ਕਾਰ ਵਿਚੋਂ ਬਾਹਰ ਸੁੱਟ ਕੇ ਪਤਨੀ ਨਾਲ ਜਬਰ ਜਨਾਹ

**ਮਾਹਿਲਪੁਰ:** ਮਾਹਿਲਪੁਰ-ਸੈਲਾ ਖੁਰਦ ਦੇ ਵਿਚਕਾਰ ਕਾਰ ਸਵਾਰ ਤਿੰਨ ਨੌਜਵਾਨਾਂ ਵੱਲੋਂ ਰਸਤੇ ਵਿਚ ਖੜ੍ਹੇ ਇਕ ਜੋੜੇ ਨੂੰ ਕਾਰ ਵਿਚ ਬਿਠਾਉਣ ਪਿੱਛੋਂ ਪਤੀ ਦੀ ਬੁਰੀ ਤਰ੍ਹਾਂ ਕੁੱਟਮਾਰ ਕਰ ਕੇ ਚਲਦੀ ਕਾਰ ਵਿਚੋਂ ਬਾਹਰ ਸੁੱਟ ਦਿੱਤਾ ਤੇ ਉਸ ਦੀ ਪਤਨੀ ਨਾਲ ਜਬਰ ਜਨਾਹ ਕੀਤਾ ਗਿਆ। ਬਾਅਦ ਵਿਚ ਪੀੜਤ ਔਰਤ ਨੂੰ ਕਾਰ ਵਿਚੋਂ ਲਾਹ ਕੇ ਮੁਲਜ਼ਮ ਫਰਾਰ ਹੋ ਗਏ।



ਮਿਲੀ ਜਾਣਕਾਰੀ ਅਨੁਸਾਰ ਕਪੂਰਥਲਾ ਜ਼ਿਲ੍ਹੇ ਨਾਲ ਸਬੰਧਤ ਪੀੜਤ ਔਰਤ ਨੇ ਥਾਣਾ ਮਾਹਿਲਪੁਰ ਦੀ ਪੁਲਿਸ ਕੋਲ ਬਿਆਨ ਦਰਜ ਕਰਵਾਏ ਹਨ ਕਿ ਉਹ ਆਪਣੇ ਪਤੀ ਤੇ ਇਕ ਹੋਰ ਰਿਸ਼ਤੇਦਾਰ ਨਾਲ ਮੋਟਰਸਾਈਕਲ 'ਤੇ ਡਾਕਟਰ ਤੋਂ ਦਵਾਈ ਲੈਣ ਆ ਰਹੇ ਸਨ ਕਿ ਮਾਹਿਲਪੁਰ ਦੇ ਬਾਹਰਵਾਰ ਮੋਟਰਸਾਈਕਲ ਅਚਾਨਕ ਖਰਾਬ ਹੋ ਗਿਆ। ਉਨ੍ਹਾਂ ਦਾ ਰਿਸ਼ਤੇਦਾਰ ਖਰਾਬ ਮੋਟਰਸਾਈਕਲ ਠੀਕ ਕਰਾਉਣ ਲਈ ਚਲਾ ਗਿਆ ਤੇ ਉਹ ਪਤੀ-ਪਤਨੀ ਸ਼ਹਿਰ ਤੋਂ ਥੋੜ੍ਹਾ ਪਿੱਛੇ ਸੜਕ 'ਤੇ ਖੜ੍ਹ ਗਏ।

ਇਸੇ ਦੌਰਾਨ ਉਨ੍ਹਾਂ ਦੀ ਜਾਣ-ਪਛਾਣ ਵਾਲੇ ਤਿੰਨ ਕਾਰ ਸਵਾਰ ਨੌਜਵਾਨ ਉਨ੍ਹਾਂ ਨੂੰ ਖੜ੍ਹੇ ਦੇਖ ਕੇ ਰੁਕ ਗਏ। ਉਹ ਕਹਿਣ ਲੱਗੇ ਕਿ ਉਨ੍ਹਾਂ ਸ਼ਹੀਦ ਭਗਤ ਸਿੰਘ ਨਗਰ ਜਾਣਾ ਹੈ ਤੇ ਉਨ੍ਹਾਂ ਨੂੰ ਮਾਹਿਲਪੁਰ ਲਾਹ ਦੇਣਗੇ। ਉਹ ਕਾਰ ਵਿਚ ਬੈਠ ਗਏ। ਔਰਤ ਨੇ ਦੱਸਿਆ ਕਿ ਉਹ ਉਦੋਂ ਹੱਕੀ-ਬੱਕੀ ਰਹਿ ਗਈ ਜਦ ਮੁਲਜ਼ਮਾਂ ਨੇ ਕਾਰ ਤੇਜ਼ੀ ਨਾਲ ਮਾਹਿਲਪੁਰ ਵਿਚੋਂ ਭਜਾ ਕੇ ਸੈਲਾ ਖੁਰਦ ਵਲ ਨੂੰ ਦੌੜਾ ਲਈ ਤੇ ਉਸ ਦੇ ਪਤੀ ਦੀ ਕੁੱਟਮਾਰ ਕਰਨ ਲੱਗੇ।

ਉਨ੍ਹਾਂ ਉਸ ਦੇ ਪਤੀ ਨੂੰ ਉਸ ਦੇ ਸਾਹਮਣੇ ਬਹੁਤ ਕੁੱਟਿਆ ਜ਼ਖਮੀ ਕਰ ਕੇ ਚਲਦੀ ਕਾਰ ਵਿਚੋਂ ਧੱਕਾ ਦੇ ਕੇ ਬਾਹਰ ਸੁੱਟ ਦਿੱਤਾ। ਫਿਰ ਉਨ੍ਹਾਂ ਤਿੰਨਾਂ ਨੇ ਉਸ ਨਾਲ ਸੈਲਾ ਖੁਰਦ ਲਾਗੇ ਕਾਰ ਵਿਚ ਹੀ ਬਲਾਤਕਾਰ ਕੀਤਾ ਤੇ ਉਸ ਨੂੰ ਜਾਨੋਂ ਖਤਮ ਕਰਨ ਦੀਆਂ ਧਮਕੀਆਂ ਦਿੰਦੇ ਹੋਏ ਫਰਾਰ ਹੋ ਗਏ। ਉਨ੍ਹਾਂ ਦੀ ਪਛਾਣ ਜ਼ਹੂਰੀ ਤੇ ਫਿਰੋਜ਼ਦੀਨ ਵਾਸੀ ਗੈਂਡੀ ਕੁੰਡਾ (ਉਤਰ ਪ੍ਰਦੇਸ਼) ਤੇ ਸੈਫ ਅਲੀ ਵਾਸੀ ਹਾਜੀਪੁਰ (ਹੁਸ਼ਿਆਰਪੁਰ) ਵਜੋਂ ਹੋਈ ਹੈ।

# ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦੇਣਗੇ ਤਿੰਨ ਨਵੇਂ ਹਵਾਈ ਅੱਡੇ

**ਚੰਡੀਗੜ੍ਹ:** ਕੇਂਦਰ ਸਰਕਾਰ ਪੰਜਾਬ ਦੇ ਤਿੰਨ ਅਹਿਮ ਸਥਾਨਾਂ ਜਲੰਧਰ, ਲੁਧਿਆਣਾ ਤੇ ਫਿਰੋਜ਼ਪੁਰ ਵਿਚ ਘਰੇਲੂ ਉਡਾਣਾਂ ਲਈ ਤਿੰਨ ਨਵੇਂ ਹਵਾਈ ਅੱਡੇ ਬਣਾਏ ਜਾਣ ਦੀ ਦਿੱਤੀ ਪ੍ਰਵਾਨਗੀ ਪੰਜਾਬ ਦੀ ਆਰਥਿਕ ਸਰਗਰਮੀ ਨੂੰ ਤਕੜਾ ਹੁਲਾਰਾ ਦੇਵੇਗੀ। ਜਲੰਧਰ ਵਿਚ ਹਵਾਈ ਅੱਡਾ ਬਣਨ ਨਾਲ ਪਰਵਾਸੀ ਪੰਜਾਬੀਆਂ ਨੂੰ ਵੱਡੀ ਰਾਹਤ ਮਿਲੇਗੀ। ਪਰਵਾਸੀ ਪੰਜਾਬੀਆਂ ਦਾ 80 ਫੀਸਦੀ ਦੇ ਕਰੀਬ ਦੁਆਬਾ ਖੇਤਰ ਨਾਲ ਸਬੰਧਤ ਹੈ ਤੇ ਉਨ੍ਹਾਂ ਨੂੰ ਬਾਹਰਲੇ ਮੁਲਕਾਂ ਲਈ ਦਿੱਲੀ ਤੋਂ ਜਹਾਜ਼ ਫੜਨ ਅੰਮ੍ਰਿਤਸਰ ਜਾਣਾ ਪੈਂਦਾ ਹੈ।



ਇਸੇ ਤਰ੍ਹਾਂ ਪਰਵਾਸੀ ਪੰਜਾਬੀਆਂ ਦੇ ਨਾਲ-ਨਾਲ ਹੋਰ ਕਾਰੋਬਾਰੀ ਲੋਕਾਂ ਨੂੰ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਜਾਣ ਲਈ ਘਰੇਲੂ ਉਡਾਣ ਲਈ ਅੰਮ੍ਰਿਤਸਰ ਤੇ ਚੰਡੀਗੜ੍ਹ ਜਾਣਾ ਪੈਂਦਾ ਹੈ। ਇਸ ਨਾਲ ਸਮਾਂ ਤੇ ਸਾਧਨ ਵਧੇਰੇ ਜਾਇਆ ਹੁੰਦੇ ਹਨ। ਇਸੇ ਤਰ੍ਹਾਂ ਲੁਧਿਆਣਾ ਦੀ ਸਨਅਤ ਤੇ ਵਪਾਰ ਦੀ ਇਹ ਚਿਰਾਂ ਤੋਂ ਮੰਗ ਸੀ ਕਿ ਉਥੇ ਹਵਾਈ ਅੱਡਾ ਬਣਾਇਆ ਜਾਵੇ। ਮਾਲਵੇ ਦੇ ਸਭ ਤੋਂ ਵਧੇਰੇ ਪਛੜੇ ਖਿੱਤੇ ਦੇ ਸਰਹੱਦੀ ਸ਼ਹਿਰ ਫਿਰੋਜ਼ਪੁਰ ਵਿਚ ਹਵਾਈ ਅੱਡਾ ਬਣਨ ਨਾਲ ਇਸ ਖੇਤਰ ਦਾ ਵਿਕਾਸ ਹੋਵੇਗਾ।

ਜ਼ਿਕਰਯੋਗ ਹੈ ਕਿ ਬਠਿੰਡਾ, ਚੰਡੀਗੜ੍ਹ ਤੇ ਅੰਮ੍ਰਿਤਸਰ ਪਹਿਲਾਂ ਹੀ ਹਵਾਈ ਸੇਵਾ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਪੰਜਾਬ ਹਵਾਈ ਸੇਵਾ ਦੇ ਸਰਕਟ ਨਾਲ ਜੁੜਿਆ ਇਕ ਅਹਿਮ ਖੇਤਰ ਬਣੇ ਜਾਵੇਗਾ। ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫੈਸਲੇ ਮੁਤਾਬਕ ਦੇਸ਼ ਭਰ ਵਿਚ 60 ਨਵੇਂ ਹਵਾਈ ਅੱਡੇ ਬਣਾਏ ਜਾਣੇ ਹਨ ਤੇ ਇਨ੍ਹਾਂ ਹਵਾਈ ਅੱਡਿਆਂ ਦੀ ਉਸਾਰੀ ਦਾ ਕੰਮ ਛੇ ਮਹੀਨਿਆਂ ਵਿਚ ਅਰੰਭ ਕਰਨ ਦਾ ਟੀਚਾ ਮਿਥਿਆ ਗਿਆ ਹੈ।


ਪਤਾ ਲੱਗਾ ਹੈ ਕਿ ਨਵੇਂ ਹਵਾਈ ਅੱਡੇ ਜਨਤਕ ਤੇ ਨਿੱਜੀ ਭਾਈਵਾਲੀ ਵਾਲੇ ਹੋਣਗੇ। ਇਨ੍ਹਾਂ ਹਵਾਈ ਅੱਡਿਆਂ ਵਿਚ 51 ਫੀਸਦੀ ਹਿੱਸੇਦਾਰੀ ਸਰਕਾਰੀ ਤੇ 49 ਫੀਸਦੀ ਨਿੱਜੀ ਕੰਪਨੀਆਂ ਦੀ ਹੋਵੇਗੀ। ਪੰਜਾਬ ਵਿਚ ਬਣਨ ਵਾਲੇ ਤਿੰਨੇ ਹਵਾਈ ਅੱਡੇ ਨਵੇਂ ਬਣਾਏ ਜਾਣਗੇ। ਜਲੰਧਰ ਨੇੜੇ ਆਦਮਪੁਰ ਤੇ ਲੁਧਿਆਣਾ ਨੇੜੇ ਹਲਵਾਰਾ ਵਿਚ ਚਲ ਰਹੇ ਏਅਰ ਫੋਰਸ ਹਵਾਈ ਅੱਡਿਆਂ ਨਾਲ ਇਨ੍ਹਾਂ ਦਾ ਕੋਈ ਸਬੰਧ ਨਹੀਂ ਹੋਵੇਗਾ। ਪਹਿਲਾਂ ਪੰਜਾਬ ਦੇ ਪਾਰਲੀਮੈਂਟ ਮੈਂਬਰਾਂ ਤੇ ਹੋਰ ਰਾਜਸੀ ਆਗੂਆਂ ਸਮੇਤ ਪੰਜਾਬ ਸਰਕਾਰ ਵੱਲੋਂ ਆਦਮਪੁਰ ਤੇ ਹਲਵਾਰਾ ਦੇ ਏਅਰਫੋਰਸ ਦੇ ਹਵਾਈ ਅੱਡਿਆਂ ਤੋਂ ਨਿੱਜੀ ਹਵਾਈ ਉਡਾਣਾਂ ਨੂੰ ਖੁੱਲ੍ਹ ਦੇਣ ਦੀ ਮੰਗ ਕੀਤੀ ਜਾ ਰਹੀ ਸੀ।

ਜਲੰਧਰ ਤੋਂ ਲੋਕ ਸਭਾ ਮੈਂਬਰ ਮਹਿੰਦਰ ਸਿੰਘ ਕੇ. ਪੀ. ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਤਿੰਨ ਹਵਾਈ ਅੱਡੇ ਦੇਣ ਦੇ ਫ਼ੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਕੇਂਦਰ ਵੱਲੋਂ ਸੁਧਾਰਾਂ ਤੇ ਵਿਕਾਸ ਦੀ ਚਲਾਈ ਲਹਿਰ ਦਾ ਲਾਭ ਜਲੰਧਰ ਨੂੰ ਵਿਸ਼ੇਸ਼ ਤੌਰ 'ਤੇ ਮਿਲੇਗਾ। ਜਲੰਧਰ ਵਿਚ ਹਵਾਈ ਅੱਡੇ ਦੀ ਚਿਰਾਂ ਤੋਂ ਚਲੀ ਆ ਰਹੀ ਮੰਗ ਪੂਰੀ ਹੋ ਗਈ। ਇਸ ਨਾਲ ਵਪਾਰ ਤੇ ਸਨਅਤ ਨੂੰ ਵੱਡੀ ਤਾਕਤ ਮਿਲੇਗੀ। ਇਸੇ ਤਰ੍ਹਾਂ ਕਲਕੱਤਾ ਤੇ ਮੁੰਬਈ ਤੋਂ ਲੁਧਿਆਣਾ ਤੱਕ ਬਣਨ ਵਾਲੇ ਫਰੇਟ ਕਾਰੀਡੋਰ ਵੀ ਵਧਾ ਕੇ ਅੰਮ੍ਰਿਤਸਰ ਤੱਕ ਕਰ ਦਿੱਤੇ ਹਨ ਤੇ ਜਲੰਧਰ ਵੀ ਇਸ ਸਰਕਟ ਨਾਲ ਜੁੜ ਜਾਵੇਗਾ।

ਪੰਜਾਬ ਦੇ ਉੱਘੇ ਅਰਥਸ਼ਾਸਤਰੀ ਡਾ. ਐਸ.ਐਸ. ਜੌਹਲ ਨੇ ਰਾਜ ਅੰਦਰ ਤਿੰਨ ਨਵੇਂ ਹਵਾਈ ਅੱਡੇ ਬਣਾਏ ਜਾਣ ਨੂੰ ਰਾਜ ਦੀ ਸਨਅਤ ਤੇ ਵਪਾਰ ਲਈ ਸ਼ੁਭ ਸ਼ਗਨ ਕਰਾਰ ਦਿੱਤਾ ਹੈ ਪਰ ਨਾਲ ਹੀ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਹਵਾਈ ਉਡਾਣਾਂ ਕਾਮਯਾਬ ਤਾਂ ਹੀ ਹੋਣਗੀਆਂ ਜੇਕਰ ਇਹ ਸਿਰਫ ਦਿੱਲੀ ਤੱਕ ਹੀ ਨਹੀਂ ਸਗੋਂ ਦੇਸ਼ ਦੇ ਹੋਰ ਦੂਰ-ਦੁਰਾਡੇ ਦੇ ਸ਼ਹਿਰਾਂ ਤੱਕ ਜਾਣ ਵਾਲੀਆਂ ਹੋਣਗੀਆਂ। ਸਨਅਤਕਾਰਾਂ ਦਾ ਕਹਿਣਾ ਹੈ ਕਿ ਪੰਜਾਬ 'ਚ ਜਲੰਧਰ ਤੇ ਲੁਧਿਆਣਾ ਸਨਅਤ, ਵਪਾਰ ਅਤੇ ਬਰਾਮਦ ਦੇ ਵੱਡੇ ਕੇਂਦਰ ਹਨ। ਇਨ੍ਹਾਂ ਥਾਵਾਂ ਉਪਰ ਹਵਾਈ ਸੇਵਾ ਦੀ ਵੱਡੀ ਜ਼ਰੂਰਤ ਸੀ। ਜੇਕਰ ਇਥੇ ਕੌਮਾਂਤਰੀ ਹਵਾਈ ਅੱਡਾ ਬਣਾਉਣ ਨੂੰ ਵੀ ਧਿਆਨ ਵਿਚ ਰੱਖ ਕੇ ਚਲਿਆ ਜਾਵੇ ਤਾਂ ਇਹ ਹੋਰ ਵਧੇਰੇ ਬਿਹਤਰ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਪੰਜਾਬ ਦੀ ਆਰਥਿਕਤਾ ਦੀ ਸਰਗਰਮੀ ਹੋਰ ਵਧੇਗੀ।

# ਕੇਵਿਨ ਰੱਡ ਨੇ ਮੁੜ ਸੰਭਾਲੀ ਆਸਟਰੇਲੀਆ ਦੀ ਕਮਾਨ

**ਮੈਲਬਰਨ:** ਲੇਬਰ ਪਾਰਟੀ ਦੇ ਆਗੂ ਕੇਵਿਨ ਰੱਡ ਦੂਜੀ ਵਾਰ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਕਮਾਨ ਸੰਭਲ ਲਈ ਹੈ। ਉਨ੍ਹਾਂ ਨੇ ਲੇਬਰ ਪਾਰਟੀ ਦੀ ਲੀਡਰਸ਼ਿਪ ਸਬੰਧੀ ਪਈਆਂ ਵੋਟਾਂ ਵਿਚ ਆਪਣੇ ਵਿਰੋਧੀ ਆਗੂ ਤੇ ਮੌਜੂਦਾ ਪ੍ਰਧਾਨ ਮੰਤਰੀ ਜੂਲੀਆ ਗਿਲਾਰਡ ਨੂੰ ਬੂਰੀ ਤਰ੍ਹਾਂ ਪਛਾੜ ਦਿੱਤਾ ਸੀ।



ਉਨ੍ਹਾਂ ਸਤੰਬਰ ਮਹੀਨੇ ਹੋਣ ਵਾਲੀਆਂ ਆਮ ਚੋਣਾਂ ਲਈ ਪਾਰਟੀ ਵਿਚ ਏਕਤਾ ਦਾ ਸੱਦਾ ਦਿੱਤਾ। ਸ੍ਰੀ ਰੱਡ (55) ਨੂੰ ਮੁਲਕ ਦੇ ਗਵਰਨਰ ਜਨਰਲ ਕੁਏਨਟਿਨ ਬਰਾਈਨ ਨੇ ਰਾਜਧਾਨੀ ਕੈਨਬਰਾ ਸਥਿਤ ਗੌਰਮਿੰਟ ਹਾਊਸ ਵਿਚ ਇਕ ਸਾਦਾ ਸਮਾਗਮ ਦੌਰਾਨ ਆਸਟਰੇਲੀਆ ਦੇ 28ਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ। ਇਸ ਤੋਂ ਪਹਿਲਾਂ 2010 ਵਿਚ ਬੀਬੀ ਗਿਲਾਰਡ ਨੇ ਪਾਰਟੀ ਲੀਡਰਸ਼ਿਪ ਚੋਣ ਵਿਚ ਸ੍ਰੀ ਰੱਡ ਨੂੰ ਹਰਾ ਕੇ ਪ੍ਰਧਾਨ ਮੰਤਰੀ ਦਾ ਅਹੁਦਾ ਹਥਿਆ ਲਿਆ ਸੀ।

ਸ੍ਰੀ ਕੇਵਿਨ ਰੱਡ (55) ਨੂੰ ਲੇਬਰਕਾਕਸ ਵਿਚ 45 ਦੇ ਮੁਕਾਬਲੇ 57 ਵੋਟਾਂ ਨਾਲ ਜਿੱਤ ਹਾਸਲ ਹੋਈ। ਇਹ ਤਬਦੀਲੀ ਉਦੋਂ ਹੋਈ ਹੈ ਜਦੋਂ ਆਸਟਰੇਲੀਆ ਵਿਚ 14 ਸਤੰਬਰ ਨੂੰ ਆਮ ਚੋਣਾਂ ਤੈਅ ਹਨ ਤੇ ਚੋਣ ਸਰਵੇਖਣਾਂ ਮੁਤਾਬਕ ਲੇਬਰ ਪਾਰਟੀ ਹਾਰ ਰਹੀ ਹੈ। ਹੁਣ ਦੇਖਣਾ ਹੋਵੇਗਾ ਕਿ ਸ੍ਰੀ ਰੱਡ ਇਸ ਤਰੀਕ ਨੂੰ ਹੀ ਚੋਣਾਂ ਕਰਵਾਉਂਦੇ ਹਨ ਜਾਂ ਛੇਤੀ ਚੋਣਾਂ ਦਾ ਫੈਸਲਾ ਕਰਦੇ ਹਨ। ਛੇਤੀ ਤੋਂ ਛੇਤੀ ਚੋਣਾਂ ਤਿੰਨ ਅਗਸਤ ਨੂੰ ਹੋ ਸਕਦੀਆਂ ਹਨ।

ਦੂਜੇ ਪਾਸੇ ਇਸ ਘਟਨਾ ਨਾਲ 51 ਸਾਲਾ ਬੀਬੀ ਗਿਲਾਰਡ ਦੇ ਸਿਆਸੀ ਕਰੀਅਰ ਦਾ ਅੰਤ ਹੋਣ ਦੇ ਆਸਾਰ ਹਨ ਜਿਨ੍ਹਾਂ ਪਹਿਲਾਂ ਹੀ ਐਲਾਨ ਕੀਤਾ ਸੀ ਕਿ ਉਹ ਚੋਣ ਹਾਰਨ ਦੀ ਸੂਰਤ ਵਿਚ ਆਮ ਚੋਣਾਂ ਨਹੀਂ ਲੜਨਗੇ। ਪਾਰਟੀ ਦੀ ਇਹ ਅੰਦਰੂਨੀ ਚੋਣ ਹਾਰਨ ਮਗਰੋਂ ਬੀਬੀ ਗਿਲਾਰਡ ਨੇ ਸਿਆਸਤ ਛੱਡਣ ਦਾ ਐਲਾਨ ਕਰ ਦਿੱਤਾ। ਇਹ ਵੀ ਕਿਹਾ ਕਿ ਸਤੰਬਰ ਮਹੀਨੇ ਤੋਂ ਹੋ ਰਹੀਆਂ ਆਮ ਚੋਣਾਂ ਵਿਚ ਉਹ ਐਮਪੀ ਉਮੀਦਵਾਰ ਨਹੀਂ ਹੋਣਗੇ। ਇਸ ਪੂਰੇ ਘਟਨਾਕ੍ਰਮ ਮਗਰੋਂ ਗਵਰਨਰ ਜਨਰਲ ਨੂੰ ਲਿਖਤ ਤਹਿਤ ਬੀਬੀ ਗਿਲਾਰਡ ਨੇ ਸ੍ਰੀ ਕੇਵਿਨ ਰੱਡ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਕਿਹਾ ਹੈ।

# ਜਬਰ ਜਨਾਹ ਪਿਛੋਂ ਮਾਸੂਮ ਲੜਕੀ ਨੂੰ ਫਾਹੇ ਟੰਗਿਆ

**ਸੈਨ ਹੋਜ਼ੇ (ਬਿਊਰੋ):** ਹੁਸ਼ਿਆਰਪੁਰ ਜ਼ਿਲ੍ਹੇ ਦੇ ਨੀਮ ਪਹਾੜੀ ਖੇਤਰ ਵਿਚ ਪੈਂਦੇ ਪਿੰਡ ਬੀਣੇਵਾਲ (ਝੁੂੰਗੀਆਂ) ਵਿਚ ਗਰੀਬ ਦਲਿਤ ਪਰਿਵਾਰ ਦੀ ਬੇਟੀ ਨਾਲ ਉਚ ਜਾਤੀ ਕਹਾਉਣ ਵਾਲੇ ਲੋਕਾਂ ਦੇ ਮੁੰਡਿਆਂ ਵੱਲੋਂ ਜਬਰ ਜਨਾਹ ਕਰਨ ਉਪਰੰਤ ਪਹਾੜੀ 'ਤੇ ਦਰੱਖ਼ਤ ਨਾਲ ਫਾਹਾ ਦੇ ਕੇ ਮਾਰ ਦਿੱਤਾ ਗਿਆ। ਇਸ ਵਾਰਦਾਤ ਵਿਚ ਢੁਕਵੀਂ ਕਾਰਵਾਈ ਨਾ ਕਰਨ ਕਰਕੇ ਇਲਾਕੇ ਦੇ ਲੋਕਾਂ ਵਿਚ ਪੁਲਿਸ ਪ੍ਰਤੀ ਭਾਰੀ ਰੋਸ ਹੈ। ਦਲਿਤ ਅਤੇ ਹੋਰ ਸਮਾਜ ਸੇਵੀ ਜਥੇਬੰਦੀਆਂ ਵੱਲੋਂ ਇਸ ਗਰੀਬ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਚਾਰ ਜੁਲਾਈ ਨੂੰ ਦਿੱਲੀ ਦੇ ਜੰਤਰ ਮੰਤਰ ਵਿਖੇ ਮੁਜ਼ਾਹਰਾ ਕੀਤਾ ਜਾ ਰਿਹਾ ਹੈ।

ਘਟਨਾ ਮੁਤਾਬਕ, ਲੰਘੀ ਪੰਦਰਾਂ ਮਈ ਦੀ ਸ਼ਾਮ ਨੂੰ ਜਦੋਂ ਲੜਕੀ ਆਪਣੀ ਭੈਣ ਤੇ ਹੋਰਾਂ ਨਾਲ ਖੇਤਾਂ ਵਿਚ ਜੰਗਲ ਪਾਣੀ ਲਈ ਗਈ ਤਾਂ ਸਕੂਟਰ 'ਤੇ ਆਏ ਨੌਜਵਾਨਾਂ ਨੇ ਇਸ ਲੜਕੀ ਨੂੰ ਜਬਰੀ ਚੁੱਕ ਲਿਆ। ਲੜਕੀ ਦੀ ਛੋਟੀ ਭੈਣ ਨੇ ਇਨ੍ਹਾਂ ਲੜਕਿਆਂ ਨੂੰ ਪਛਾਣ ਲਿਆ। ਇਨ੍ਹਾਂ ਚਾਰਾਂ ਵਿਚੋਂ ਇਕ ਉਨ੍ਹਾਂ ਦੇ ਪਿੰਡ ਬੀਣੇਵਾਲ ਦਾ ਹੀ ਸੀ। ਇਹ ਨੌਜਵਾਨ ਇਨ੍ਹਾਂ ਦੋਵੇਂ ਭੈਣਾਂ ਨਾਲ ਹਿਮਾਚਲ ਵਿਚ ਨਾਲ ਲਗਦੀ ਸਰਹੱਦ 'ਤੇ ਬਣੀ ਇਕ ਫੈਕਟਰੀ ਵਿਚ ਕੰਮ ਕਰਦੇ ਸਨ ਤੇ ਪਹਿਲਾਂ ਉਨ੍ਹਾਂ ਦੋਹਾਂ ਨੇ ਇਕ ਮਾਮਲੇ ਵਿਚ ਲਿਖਤੀ ਮੁਆਫ਼ੀ ਵੀ ਮੰਗੀ ਸੀ; ਪਰ ਇਕ ਦਿਨ ਜਦੋਂ ਫ਼ਿਰ ਉਸ ਨੇ ਲੜਕੀ ਨੂੰ ਛੇੜਿਆ ਤਾਂ ਉਸ ਨੇ ਇਕ ਲੜਕੇ ਦੇ ਮੂੰਹ 'ਤੇ ਥੱਪੜ ਮਾਰਿਆ ਸੀ।

ਹੁਣ ਵਾਲੀ ਘਟਨਾ ਬਾਰੇ ਲੜਕੀ ਦੀ ਭੈਣ ਨੇ ਘਰ ਆ ਕੇ ਦੱਸਿਆ ਅਤੇ ਪਰਿਵਾਰ ਵੱਲੋਂ ਪਿੰਡ ਵਿਚ ਬਣੀ ਪੁਲਿਸ ਦੀ ਚੌਕੀ ਵਿਚ ਇਤਲਾਹ ਵੀ ਦਿੱਤੀ ਗਈ ਪਰ ਕਿਸੇ ਨੇ ਵੀ ਉਨ੍ਹਾਂ ਦੀ ਗੱਲ ਨਹੀਂ ਸੁਣੀ। ਸਾਰਾ ਪਰਿਵਾਰ ਆਂਢ-ਗੁਆਂਢ ਵੀ ਮਦਦ ਨਾਲ ਰਾਤ ਭਰ ਲੜਕੀ ਦੀ ਭਾਲ ਕਰਦਾ ਰਿਹਾ ਤੇ ਲੜਕੀ ਦੀ ਲਾਸ਼ ਪੰਦਰਾਂ ਫੁੱਟ ਉਚੇ ਦਰੱਖ਼ਤ ਨਾਲ ਬੀਣੇਵਾਲ ਤੋਂ ਚਾਰ ਮੀਲ ਦੂਰ ਹਿਮਾਚਲ ਪ੍ਰਦੇਸ਼ ਵਿਚ ਪੈਂਦੇ ਸਿੰਗਾ ਪਿੰਡ ਦੇ ਪਹਾੜੀ ਖੇਤਰ ਵਿਚ ਲਟਕਦੀ ਮਿਲੀ। ਹਿਮਾਚਲ ਪੁਲਿਸ ਨੇ ਪੋਸਟ-ਮਾਰਟਮ ਤਾਂ ਕੀਤਾ, ਪਰ ਉਸ ਵਿਚ ਬਲਾਤਕਾਰ ਦਾ ਓਹਲਾ ਰੱਖ ਲਿਆ। ਜਦੋਂ ਲੋਕਾਂ ਦੇ ਵੱਡੇ ਇਕੱਠ ਕੇ ਗੜ੍ਹਸ਼ੰਕਰ ਵਿਚ ਧਰਨਾ ਦਿੱਤਾ, ਤਦ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਪਰ ਪਰਿਵਾਰ ਦੇ ਦੋਸ਼ਾਂ ਮੁਤਾਬਕ ਪੁਲਿਸ ਦੋਸ਼ੀ ਲੜਕਿਆਂ ਦੇ ਪਰਿਵਾਰਾਂ ਨਾਲ ਮਿਲੀ ਹੋਈ ਹੈ। ਇਸੇ ਲਈ ਪੁਲਿਸ ਨੇ ਦੋਸ਼ੀਆਂ ਦੇ ਰਿਮਾਂਡ ਦੀ ਮੰਗ ਵੀ ਨਹੀਂ ਕੀਤੀ ਗਈ।



***ਕੈਲੀਫ਼ੋਰਨੀਆ ਤੋਂ ਭੇਜੇ ਪੱਚੀ ਹਜ਼ਾਰ ਰਪੁਏ ਮਾਤਾ ਸੰਧਿਆ ਦੇਵੀ ਨੂੰ ਭੇਟ ਕਰਦੇ ਸੂਬੇਦਾਰ ਨਸੀਬ ਚੰਦ।***

ਹੁਸ਼ਿਆਰਪੁਰ ਪੁਲਿਸ ਨੇ ਹੁਣ ਤੱਕ ਚਾਰ ਵਿਚੋਂ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਲੋਕਾਂ ਦੇ ਦਬਾਅ ਹੇਠ ਦੋਸ਼ੀਆਂ ਵਿਰੁੱਧ ਧਾਰਾ 302 ਲਗਾਈ ਹੈ। ਲੋਕਾਂ ਦੀ ਮੰਗ ਹੈ ਕਿ ਦੋਸ਼ੀਆਂ ਵਿਰੁੱਧ ਕਾਨੂੰਨ ਦੀਆਂ ਵਰਤਮਾਨ ਧਰਾਵਾਂ ਮੁਤਾਬਕ ਸਮੂਹਿਕ ਬਲਾਤਕਾਰ ਦਾ ਪਰਚਾ ਵੀ ਦਰਜ ਕੀਤਾ ਜਾਵੇ। ਲੜਕੀ ਦੇ ਪਿਤਾ ਅਤੇ ਵੱਡੇ ਭਰਾ ਦੀ ਮੌਤ ਹੋ ਚੁੱਕੀ ਹੈ। ਘਰ ਵਿਚ ਬੇਹੱਦ ਦੁਖੀ ਮਾਤਾ, ਇਕ ਭੈਣ ਤੇ ਛੋਟਾ ਭਰਾ ਹੈ। ਗਰੀਬੀ ਕਾਰਨ ਇਹ ਸੋਲਾਂ-ਸਤਾਰਾਂ ਸਾਲ ਦੀ ਉਮਰ ਦੀਆਂ ਭੈਣਾਂ ਫੈਕਟਰੀ ਵਿਚ ਕੰਮ ਕਰਦੀਆਂ ਸਨ।

ਹਾਲ ਹੀ ਵਿਚ 'ਰੇਡੀਓ ਚੜ੍ਹਦੀ ਕਲਾ' ਵੱਲੋਂ ਅਪੀਲ ਕਰਨ 'ਤੇ ਦੁਖੀ ਪਰਿਵਾਰ ਨੂੰ ਅਮਰੀਕਾ ਤੋਂ ਕੁਝ ਸਮਾਜ ਸੇਵੀ ਲੋਕਾਂ ਨੇ ਪੱਚੀ ਹਜ਼ਾਰ ਰੁਪਏ ਭੇਜੇ ਹਨ। ਇਨਸਾਫ਼ ਲਈ ਵਿਲਕਦੇ ਪਰਿਵਾਰ ਨਾਲ ਫੋਨ ਨੰਬਰ 91-98154-39196 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਬਿਮਾਰ ਮੰਡੇਲਾ ਨਾਲ ਮੁਲਾਕਾਤ ਨਾ ਕਰ ਸਕੇ ਬਰਾਕ ਓਬਾਮਾ





**ਪ੍ਰੀਟੋਰੀਆ:** ਦੱਖਣੀ ਅਫਰੀਕਾ ਦੇ ਦੌਰੇ ਦੌਰਾਨ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਆਪਣੇ ਸਿਆਸੀ ਆਦਰਸ਼ ਨੈਲਸਨ ਮੰਡੇਲਾ ਨੂੰ ਨਹੀਂ ਮਿਲ ਸਕੇ। ਉਂਜ ਉਹ ਪਰਿਵਾਰ ਦੇ ਮੈਂਬਰਾਂ ਨੂੰ ਮਿਲੇ। ਸਰਕਾਰੀ ਸੂਤਰਾਂ ਅਨੁਸਾਰ ਓਬਾਮਾ ਤੇ ਉਨ੍ਹਾਂ ਦੀ ਪਤਨੀ ਮਿਸ਼ੇਲ ਓਬਾਮਾ ਨੇ ਮੰਡੇਲਾ ਦੇ ਪਰਿਵਾਰ ਨਾਲ ਮਿਲ ਕੇ ਉਨ੍ਹਾਂ ਨੂੰ ਇਸ ਔਖੀ ਘੜੀ ਵਿਚ ਹੌਸਲਾ ਦਿੱਤਾ। ਓਬਾਮਾ ਇਥੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜੂਮਾ ਨਾਲ ਗੱਲਬਾਤ ਕਰਨ ਲਈ ਆਏ ਸਨ। ਮੰਡੇਲਾ ਤੇ ਓਬਾਮਾ ਵਿਚਾਲੇ ਇਕੋ-ਇਕ ਮੁਲਾਕਾਤ 2005 ਵਿਚ ਵਾਸ਼ਿੰਗਟਨ ਵਿਚ ਹੋਈ ਸੀ।

ਓਬਾਮਾ ਭਾਵੇਂ ਮੰਡੇਲਾ ਨੂੰ ਆਪਣਾ ਸਿਆਸੀ ਹੀਰੋ ਮੰਨਦੇ ਹਨ ਪਰ ਇਸ ਦੇ ਬਾਵਜੂਦ ਦੋਵਾਂ ਵਿਚਾਲੇ ਸਿਆਸੀ ਮਤਭੇਦ ਵੀ ਹਨ। ਇਸੇ ਕਰਕੇ ਪਰਿਵਾਰ ਨੇ ਅਮਰੀਕੀ ਰਾਸ਼ਟਰਪਤੀ ਨੂੰ ਬਿਮਾਰ ਪਏ ਮੰਡੇਲਾ ਨਾਲ ਮੁਲਾਕਾਤ ਨਾ ਕਰਨ ਲਈ ਕਿਹਾ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਉਹ ਸਿਰਫ਼ ਫੋਟੋਆਂ ਖਿਚਵਾਉਣ ਲਈ ਮੰਡੇਲਾ ਨੂੰ ਨਹੀਂ ਮਿਲਣ ਜਾਣਾ ਚਾਹੁੰਦੇ ਸਨ। ਦੱਖਣੀ ਅਫਰੀਕਾ ਦੇ ਪਹਿਲੇ ਸਿਆਹ ਰਾਸ਼ਟਰਪਤੀ ਮੰਡੇਲਾ ਤੇ ਓਬਾਮਾ ਵਿਚਾਲੇ ਮੀਟਿੰਗ ਦੀ ਸਾਲਾਂ ਤੋਂ ਉਡੀਕ ਕੀਤੀ ਜਾ ਰਹੀ ਸੀ ਪਰ ਇਹ ਉਡੀਕ ਹਕੀਕਤ ਨਹੀਂ ਬਣ ਸਕੀ।

ਇਸੇ ਦੌਰਾਨ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਜੈਕਬ ਜ਼ੂਮਾ ਨੇ ਓਬਾਮਾ ਦਾ ਜ਼ੋਰਦਾਰ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਅਮਰੀਕਾ ਦਾ ਪਹਿਲਾ ਸਿਆਹਫਾਮ ਰਾਸ਼ਟਰਪਤੀ ਬਣ ਕੇ ਲੱਖਾਂ ਅਫਰੀਕੀਆਂ ਦਾ ਸੁਪਨਾ ਪੂਰਾ ਕਰ ਦਿੱਤਾ ਹੈ। ਓਬਾਮਾ ਦੀ ਰਾਸ਼ਟਰਪਤੀ ਵਜੋਂ ਅਫਰੀਕੀ ਮਹਾਦੀਪ ਦੀ ਇਹ ਦੂਜੀ ਫੇਰੀ ਹੈ। ਉਹ 2009 ਵਿਚ ਘਾਨਾ ਦੇ ਸੰਖੇਪ ਜਿਹੇ ਦੌਰੇ 'ਤੇ ਆਏ ਸਨ। ਅਮਰੀਕੀ ਰਾਸ਼ਟਰਪਤੀ ਦੇ ਪਿਤਾ ਕੀਨੀਆ ਦੇ ਹਨ। ਅਫਰੀਕੀ ਲੋਕ ਓਬਾਮਾ ਤੋਂ ਇਸ ਗੱਲੋਂ ਨਾਰਾਜ਼ ਹਨ ਕਿ ਉਨ੍ਹਾਂ ਦਾ ਮੂਲ ਇਸ ਮਹਾਦੀਪ ਵਿਚ ਹੈ ਤੇ ਉਸ ਦੇ ਬਾਵਜੂਦ ਉਹ ਇਥੇ ਬਹੁਤ ਘੱਟ ਧਿਆਨ ਦੇ ਰਹੇ ਹਨ ਜਦਕਿ ਚੀਨ ਇਸ ਮਹਾਦੀਪ ਵਿਚ ਦਿਨੋ ਦਿਨ ਪੈਰ ਪਸਾਰ ਰਿਹਾ ਹੈ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)
Cell: (510)-677-9942
Shop: (510)-505-9605
www.princebarbershop.com






FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com
Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



# ਪੰਜਾਬ ਦੇ ਬਹੁਤੇ ਮੰਤਰੀਆਂ ਦੀਆਂ ਗੱਡੀਆਂ ਖੜਕੀਆਂ

**ਚੰਡੀਗੜ੍ਹ:** ਪੰਜਾਬ ਦੇ ਮਾਲੀ ਸੰਕਟ ਨੇ ਲਾਲ ਬੱਤੀ ਵਾਲੀਆਂ ਦਰਜਨਾਂ ਕਾਰਾਂ ਦਾ ਧੂੰਆਂ ਕੱਢ ਦਿੱਤਾ ਹੈ। ਉਪਰੋਂ ਦਿੱਖਣ ਨੂੰ ਇਹ ਆਲੀਸ਼ਾਨ ਕਾਰਾਂ ਹਨ ਪਰ ਅੰਦਰੋਂ ਖੋਖਲੀਆਂ ਹੋ ਗਈਆਂ ਹਨ। ਇਨ੍ਹਾਂ ਕਾਰਾਂ ਦੀ ਮਿਆਦ ਪੁੱਗ ਚੁੱਕੀ ਹੈ ਪਰ ਫਿਰ ਵੀ ਇਹ ਸੜਕਾਂ 'ਤੇ ਦੌੜ ਰਹੀਆਂ ਹਨ। ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਲਈ ਤਾਂ 38 ਕਰੋੜ ਰੁਪਏ ਦੀ ਲਾਗਤ ਨਾਲ ਨਵਾਂ ਹੈਲੀਕਾਪਟਰ ਖਰੀਦ ਕਰ ਲਿਆ ਗਿਆ ਹੈ ਪਰ ਮੰਤਰੀਆਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਕਾਰਾਂ ਦੇਣ ਦਾ ਮਾਮਲਾ ਮਾਲੀ ਸੰਕਟ ਦੀ ਭੇਟ ਚੜ੍ਹ ਗਿਆ ਹੈ।



ਨਿਯਮਾਂ ਅਨੁਸਾਰ ਕੋਈ ਵੀ ਮਿਆਦ ਪੁਗਾ ਚੁੱਕੀ ਗੱਡੀ ਸੜਕ ਤੇ ਦੌੜ ਨਹੀਂ ਸਕਦੀ ਪਰ ਪੰਜਾਬ ਦੇ ਟਰਾਂਸਪੋਰਟ ਮੰਤਰੀ ਅਜੀਤ ਸਿੰਘ ਕੋਹਾੜ ਦੀ ਸਰਕਾਰੀ ਕੈਮਰੀ ਗੱਡੀ ਦੀ ਵੀ ਮਿਆਦ ਪੁੱਗ ਚੁੱਕੀ ਹੈ। ਸਿਰਫ਼ ਸ. ਕੋਹਾੜ ਹੀ ਨਹੀਂ, ਸੱਤ ਹੋਰ ਮੰਤਰੀਆਂ ਤੇ 17 ਮੁੱਖ ਸੰਸਦੀ ਸਕੱਤਰਾਂ ਦੀਆਂ ਲਾਲ ਬੱਤੀ ਵਾਲੀਆਂ ਕਾਰਾਂ ਦੀ ਮਿਆਦ ਪੁੱਗ ਚੁੱਕੀ ਹੈ। ਸਟੇਟ ਟਰਾਂਸਪੋਰਟ ਕਮਿਸ਼ਨਰ ਤੋਂ ਸੂਚਨਾ ਦੇ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਸੂਚਨਾ ਅਨੁਸਾਰ ਪੰਜਾਬ ਦੇ ਵੀ.ਵੀ.ਆਈ.ਪੀਜ਼ ਕੋਲ 58 ਸਰਕਾਰੀ ਵਾਹਨ ਹਨ ਜਿਨ੍ਹਾਂ ਦੀ ਮਿਆਦ ਪੁੱਗ ਚੁੱਕੀ ਹੈ।

ਇਹ ਗੱਡੀਆਂ ਆਪਣੇ ਨਿਰਧਾਰਤ ਕਿਲੋਮੀਟਰ ਤੋਂ ਜ਼ਿਆਦਾ ਚੱਲ ਚੁੱਕੀਆਂ ਹਨ। ਸੂਚਨਾ ਅਨੁਸਾਰ ਅੱਠ ਕੈਬਨਿਟ ਮੰਤਰੀਆਂ ਦੀਆਂ ਕੈਮਰੀ ਗੱਡੀਆਂ ਆਪਣਾ ਸਮਾਂ ਪੂਰਾ ਕਰ ਚੁੱਕੀਆਂ ਹਨ ਜਿਨ੍ਹਾਂ ਵਿਚ ਅਨਿਲ ਜੋਸ਼ੀ, ਸ਼ਰਨਜੀਤ ਸਿੰਘ ਢਿੱਲੋਂ, ਅਜੀਤ ਸਿੰਘ ਕੋਹਾੜ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸੁਰਜੀਤ ਸਿੰਘ ਰੱਖੜਾ, ਚੁੰਨੀ ਲਾਲ ਭਗਤ, ਮਦਨ ਮੋਹਨ ਮਿੱਤਲ ਤੇ ਸਰਵਣ ਸਿੰਘ ਫਿਲੌਰ ਸ਼ਾਮਲ ਹਨ। ਇਸ ਤੋਂ ਇਲਾਵਾ ਮੁੱਖ ਸੰਸਦੀ ਸਕੱਤਰ ਐਨ.ਕੇ.ਸ਼ਰਮਾ, ਪ੍ਰਕਾਸ਼ ਚੰਦ ਗਰਗ, ਬਲਵੀਰ ਸਿੰਘ ਘੁੰਨਸ, ਸੋਹਣ ਸਿੰਘ ਠੰਡਲ, ਵਿਰਸਾ ਸਿੰਘ ਵਲਟੋਹਾ ਤੇ ਇੰਦਰਬੀਰ ਸਿੰਘ ਬੁਲਾਰੀਆ ਨੂੰ ਸਰਕਾਰ ਵੱਲੋਂ ਕੈਮਰੀ ਗੱਡੀ ਮਿਲੀ ਹੋਈ ਹੈ ਪਰ ਹੁਣ ਇਹ ਗੱਡੀਆਂ ਖਟਾਰਾ ਹੋ ਚੁੱਕੀਆਂ ਹਨ।

ਸੂਚਨਾ ਅਨੁਸਾਰ ਮੁੱਖ ਸੰਸਦੀ ਸਕੱਤਰ ਹਰਮੀਤ ਸਿੰਘ ਸੰਧੂ, ਮਨਤਾਰ ਸਿੰਘ ਬਰਾੜ, ਮਹਿੰਦਰ ਕੌਰ ਜੋਸ਼, ਅਮਰਪਾਲ ਸਿੰਘ ਬੋਨੀ, ਡਾ. ਨਵਜੋਤ ਕੌਰ ਸਿੱਧੂ, ਦੇਸ ਰਾਜ ਧੁੱਗਾ, ਚੌਧਰੀ ਨੰਦ ਲਾਲ, ਕੇ. ਡੀ. ਭੰਡਾਰੀ, ਸੋਮ ਪ੍ਰਕਾਸ਼, ਨਿਸਾਰਾ ਖਤੂਨ ਤੇ ਅਵਿਨਾਸ਼ ਚੰਦਰ ਕੋਲ ਟੋਯੋਟਾ ਕੈਰੋਲਾ ਗੱਡੀਆਂ ਹਨ ਪਰ ਇਨ੍ਹਾਂ ਦੀ ਮਿਆਦ ਵੀ ਪੁੱਗ ਚੁੱਕੀ ਹੈ। ਇਨ੍ਹਾਂ ਮੁੱਖ ਸੰਸਦੀ ਸਕੱਤਰਾਂ ਵਿਚੋਂ ਅੱਠ ਤਾਂ ਅਜਿਹੇ ਹਨ ਜਿਨ੍ਹਾਂ ਨੂੰ ਦਿੱਤੀਆਂ ਜਿਪਸੀਆਂ ਵੀ ਖਟਾਰਾ ਹੋ ਚੁੱਕੀਆਂ ਹਨ। ਚਾਰ ਵਿਧਾਇਕਾਂ ਮਨੋਰੰਜਨ ਕਾਲੀਆ, ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ ਤੇ ਇਕ ਹੋਰ ਨੂੰ ਦਿੱਤੀਆਂ ਜਿਪਸੀਆਂ ਵੀ ਨਿਯਮਾਂ ਮੁਤਾਬਕ ਆਪਣੀ ਉਮਰ ਪੂਰੀ ਕਰ ਚੁੱਕੀਆਂ ਹਨ। ਇਸੇ ਤਰ੍ਹਾਂ ਵਿਧਾਇਕ ਤਰਲੋਚਨ ਸਿੰਘ ਸੂੰਢ ਦੀ ਇਨੋਵਾ ਗੱਡੀ ਵੀ ਆਪਣਾ ਸਮਾਂ ਪੂਰਾ ਕਰ ਚੁੱਕੀ ਹੈ।

ਸਟੇਟ ਟਰਾਂਸਪੋਰਟ ਕਮਿਸ਼ਨਰ ਵੱਲੋਂ ਸੰਗਰੂਰ ਤੋਂ ਸੰਸਦ ਮੈਂਬਰ ਵਿਜੇ ਇੰਦਰ ਸਿੰਗਲਾ ਨੂੰ ਦਿੱਤੀ ਜਿਪਸੀ ਵੀ ਆਪਣਾ ਸਮਾਂ ਪੂਰਾ ਕਰ ਚੁੱਕੀ ਹੈ। ਪੰਜਾਬ ਸਰਕਾਰ ਵੱਲੋਂ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦਿੱਤੀ ਅੰਬੈਸਡਰ (ਏਸੀ) ਗੱਡੀ ਵੀ ਮਿਆਦ ਪੁਗਾ ਚੁੱਕੀ ਹੈ। ਸੂਤਰਾਂ ਅਨੁਸਾਰ ਇਨ੍ਹਾਂ ਵੀ.ਵੀ.ਆਈ. ਪੀਜ਼ ਵੱਲੋਂ ਕਾਫ਼ੀ ਵਾਰ ਇਹ ਮਾਮਲਾ ਸਰਕਾਰ ਕੋਲ ਉਠਾਇਆ ਗਿਆ ਹੈ ਪਰ ਉਨ੍ਹਾਂ ਨੂੰ ਹਾਲੇ ਗੱਡੀਆਂ ਮਿਲੀਆਂ ਨਹੀਂ ਹਨ। ਪੰਜਾਬ ਸਰਕਾਰ ਵੱਲੋਂ ਨਵੀਆਂ ਗੱਡੀਆਂ ਖਰੀਦਣ ਦੀ ਤਜਵੀਜ਼ ਤਾਂ ਤਿਆਰ ਕੀਤੀ ਸੀ ਪਰ ਖਜ਼ਾਨੇ ਦੀ ਹਾਲਤ ਮਾੜੀ ਹੋਣ ਕਰਕੇ ਗੱਲ ਸਿਰੇ ਨਹੀਂ ਲੱਗ ਸਕੀ ਹੈ।

ਮੁੱਖ ਮੰਤਰੀ ਦੀ ਇਕ ਕੈਮਰੀ ਗੱਡੀ ਤੇ ਪੰਜ ਨਾਨ ਏ.ਸੀ. ਗੱਡੀਆਂ ਦੀ ਵੀ ਮਿਆਦ ਪੁੱਗ ਚੁੱਕੀ ਹੈ। ਇਸੇ ਤਰ੍ਹਾਂ ਉਪ ਮੁੱਖ ਮੰਤਰੀ ਨਾਲ ਚੱਲਦੀਆਂ ਇਕ ਦਰਜਨ ਗੱਡੀਆਂ ਦੀ ਮਿਆਦ ਲੰਘ ਚੁੱਕੀ ਹੈ ਜਿਨ੍ਹਾਂ ਵਿਚ ਤਿੰਨ ਨਾਨ ਏ.ਸੀ. ਗੱਡੀਆਂ, ਇਕ ਇਨੋਵਾ ਤੇ ਅੱਠ ਜਿਪਸੀਆਂ ਸ਼ਾਮਲ ਹਨ। ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਖੁਦ ਤਾਂ ਬੁਲੇਟ ਪਰੂਫ਼ ਗੱਡੀਆਂ ਵਿਚ ਸਫ਼ਰ ਕਰਦੇ ਹਨ ਜਦੋਂਕਿ ਕਾਫਲੇ ਨਾਲ ਚੱਲਦੀਆਂ ਬਾਕੀ ਗੱਡੀਆਂ ਵਿਚ ਸੁਰੱਖਿਆ ਦਸਤਾ ਹੁੰਦਾ ਹੈ।

# ਬਾਦਲ ਨੇ 15 ਵਰ੍ਹੇ ਲਾਰਿਆਂ ਨਾਲ ਹੀ ਸਾਰਿਆ

## ਡੇਢ ਦਹਾਕੇ ਵਿਚ ਵੀ ਨਹੀਂ ਬਣੀ ਮਹਾਰਾਜਾ ਰਣਜੀਤ ਸਿੰਘ ਦੀ ਯਾਦਗਾਰ

**ਸੰਗਰੂਰ:** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਸਥਾਨ ਤੇ ਨਾਨਕਾ ਪਿੰਡ ਬਡਰੁੱਖਾਂ ਅਜੇ ਵੀ ਉਨ੍ਹਾਂ ਦੀ ਕਿਸੇ ਢੁਕਵੀਂ ਯਾਦਗਾਰ ਤੋਂ ਵਾਂਝਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਵੱਲੋਂ ਅਨੇਕਾਂ ਵਾਰ ਐਲਾਨ ਕਰਨ ਦੇ ਬਾਵਜੂਦ ਪ੍ਰਸ਼ਾਸਨ ਨੇ ਸ਼ੇਰੇ ਪੰਜਾਬ ਦੀ ਯਾਦਗਾਰ ਬਣਾਉਣ ਵੱਲ ਕੋਈ ਧਿਆਨ ਨਹੀਂ ਦਿੱਤਾ। ਪਿਛਲੇ ਡੇਢ ਦਹਾਕੇ ਦੌਰਾਨ ਤਿੰਨ ਵਾਰ ਪੰਜਾਬ ਦੇ ਮੁੱਖ ਮੰਤਰੀ ਤੇ ਇਕ ਵਾਰ ਉਪ ਮੁੱਖ ਮੰਤਰੀ ਇਤਿਹਾਸਕ ਪਿੰਡ ਬਡਰੁੱਖਾਂ ਵਿਚ ਰਾਜ ਪੱਧਰੀ ਸਮਾਗਮ ਦੌਰਾਨ ਇਹ ਐਲਾਨ ਕਰ ਚੁੱਕੇ ਹਨ ਕਿ ਇਥੇ ਜਲਦੀ ਹੀ ਸ਼ੇਰੇ ਪੰਜਾਬ ਦੀ ਯਾਦ ਵਿਚ ਸੁੰਦਰ ਪਾਰਕ ਬਣਾ ਕੇ ਉਸ ਵਿਚ ਘੋੜੇ 'ਤੇ ਸਵਾਰ ਤਾਂਬੇ ਦਾ ਬੁੱਤ ਲਾਇਆ ਜਾਵੇਗਾ ਪਰ ਦੁਖ ਦੀ ਗੱਲ ਹੈ ਕਿ ਅਜੇ ਤੱਕ ਪਾਰਕ ਦਾ ਕੰਮ ਵੀ ਅੱਧ ਵਿਚਾਲੇ ਲਟਕ ਰਿਹਾ ਹੈ। ਪਿਛਲੇ 15 ਸਾਲਾਂ ਦੌਰਾਨ ਚਾਰ ਵਾਰ ਐਲਾਨ ਹੋਣ ਦੇ ਬਾਵਜੂਦ ਅਜੇ ਤੱਕ ਸਿਰਫ਼ ਸ਼ੇਰੇ ਪੰਜਾਬ ਦੀ ਯਾਦ ਵਿਚ ਬਣਨ ਵਾਲੇ ਪਾਰਕ ਦੀ ਚਾਰਦੀਵਾਰੀ ਹੀ ਹੋਈ ਹੈ। 1997 ਵਿਚ ਪੰਜਾਬ ਸਰਕਾਰ ਵੱਲੋਂ ਪਿੰਡ ਬਡਰੁੱਖਾਂ ਵਿਚ ਪਹਿਲੀ ਵਾਰ ਸ਼ੇਰੇ ਪੰਜਾਬ ਦੇ ਜਨਮ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਉਸ ਮੌਕੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਐਲਾਨ ਕੀਤਾ ਸੀ ਕਿ ਇਥੇ ਸ਼ੇਰੇ ਪੰਜਾਬ ਦੀ ਯਾਦ ਵਿਚ ਸੁੰਦਰ ਪਾਰਕ ਬਣਾ ਕੇ ਘੋੜੇ 'ਤੇ ਸਵਾਰ ਤਾਂਬੇ ਦਾ ਬੁੱਤ ਲਾਇਆ ਜਾਵੇਗਾ। ਇਹੋ ਐਲਾਨ 2001 ਤੇ 2007 ਵਿਚ ਮੁੜ ਮੁੱਖ ਮੰਤਰੀ ਵੱਲੋਂ ਦੁਹਰਾਇਆ ਗਿਆ ਪਰ ਇਸ 'ਤੇ ਕਾਰਵਾਈ ਅੱਜ ਤੱਕ ਨਹੀਂ ਹੋਈ। 2010 ਵਿਚ ਮੁੜ ਪਿੰਡ ਬਡਰੁੱਖਾਂ ਵਿਚ ਹੋਏ ਸਮਾਗਮ ਮੌਕੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਸ਼ੇਰੇ ਪੰਜਾਬ ਦੀ ਯਾਦਗਾਰ ਜਲਦੀ ਬਣਾਉਣ ਦਾ ਭਰੋਸਾ ਦਿੱਤਾ ਗਿਆ। ਪਿੰਡ ਬਡਰੁੱਖਾਂ ਦੇ ਸਰਪੰਚ ਅਨੁਸਾਰ ਸ਼ੇਰੇ ਪੰਜਾਬ ਯਾਦਗਾਰੀ ਪਾਰਕ ਲਈ ਪੰਜ ਲੱਖ ਰੁਪਏ ਦੀ ਗਰਾਂਟ 2011 ਵਿਚ ਮਿਲੀ ਸੀ ਜਿਸ ਨਾਲ ਪਾਰਕ ਦੀ ਚਾਰ ਦੀਵਾਰੀ ਕੀਤੀ ਜਾ ਚੁੱਕੀ ਹੈ ਜਦੋਂਕਿ ਅਗਲੇ ਪਾਸੇ ਦੀਵਾਰ ਉਪਰ ਲਾਈ ਗਰਿੱਲ ਦਾ ਖਰਚਾ ਪੰਚਾਇਤੀ ਫੰਡ ਵਿਚੋਂ ਕੀਤਾ ਹੈ। ਪਾਰਕ ਵਿਚ ਪੌਦੇ ਲਾਉਣ ਤੇ ਹੋਰ ਕੰਮ ਲਈ ਗਰਾਂਟ ਦੀ ਜ਼ਰੂਰਤ ਹੈ ਜਦੋਂਕਿ ਘੋੜੇ 'ਤੇ ਸਵਾਰ ਤਾਂਬੇ ਦਾ ਬੁੱਤ ਤਾਂ ਸਰਕਾਰ ਨੇ ਹੀ ਲਾਉਣਾ ਹੈ।



ਜਦੋਂ 15 ਸਾਲਾਂ ਵਿਚ ਪਾਰਕ ਦੀ ਸਿਰਫ਼ ਚਾਰ ਦੀਵਾਰੀ ਹੀ ਹੋਈ ਹੈ ਤਾਂ ਘੋੜੇ 'ਤੇ ਸਵਾਰ ਤਾਂਬੇ ਦੇ ਬੁੱਤ ਨੂੰ ਤਾਂ ਪਤਾ ਨਹੀਂ ਹੋਰ ਕਿੰਨੇ ਸਾਲ ਲੱਗ ਜਾਣਗੇ। ਸ਼ੇਰੇ ਪੰਜਾਬ ਦੀ ਬਰਸੀ ਮੌਕੇ ਸ਼ੇਰੇ ਪੰਜਾਬ ਦੇ ਜਨਮ ਸਥਾਨ ਦੇ ਲੋਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਧੂਰਾ ਪਿਆ ਸ਼ੇਰੇ ਪੰਜਾਬ ਯਾਦਗਾਰੀ ਪਾਰਕ ਮੁਕੰਮਲ ਕਰਕੇ ਉਸ ਵਿਚ ਜਲਦੀ ਤੋਂ ਜਲਦੀ ਘੋੜੇ ਤੇ ਸਵਾਰ ਤਾਂਬੇ ਦਾ ਬੁੱਤ ਲਾਇਆ ਜਾਵੇ।

# ਨਸ਼ਿਆਂ ਦੇ ਕਾਰੋਬਾਰ ਨੂੰ ਹਾਸਲ ਹੈ ਸਿਆਸੀ ਸਰਪ੍ਰਸਤੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਡੀ.ਜੀ.ਪੀ (ਜੇਲ੍ਹਾਂ) ਸ਼ਸ਼ੀਕਾਂਤ ਨੇ ਇਕ ਵਾਰ ਫਿਰ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੇ ਸਰਕਾਰੀ ਅਹੁਦੇ 'ਤੇ ਰਹਿੰਦਿਆਂ 10 ਅਜਿਹੇ ਬੰਦਿਆਂ ਦੇ ਨਾਂ ਗ੍ਰਹਿ ਵਿਭਾਗ ਨੂੰ ਭੇਜੇ ਸਨ ਜਿਹੜੇ ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਵੱਡੇ ਪੱਧਰ 'ਤੇ ਕਰ ਰਹੇ ਹਨ। ਇਨ੍ਹਾਂ ਨਾਵਾਂ ਵਿਚ ਅਕਾਲੀ, ਭਾਜਪਾ ਤੇ ਕਾਂਗਰਸ ਪਾਰਟੀਆਂ ਦੇ ਕਈ ਆਗੂਆਂ ਦੇ ਨਾਂ ਹਨ। ਇਸ ਸੂਚੀ ਵਿਚ ਸਮਾਜਸੇਵੀ ਜਥੇਬੰਦੀਆਂ ਸਮੇਤ ਪੁਲਿਸ ਅਫਸਰਾਂ ਦੇ ਨਾਂ ਵੀ ਦੱਸੇ ਜਾ ਰਹੇ ਹਨ। ਇਕ ਜ਼ਿੰਮੇਵਾਰ ਅਹੁਦੇ ਤੋਂ ਸੇਵਾ ਮੁਕਤ ਹੋਏ ਡੀ.ਜੀ.ਪੀ ਵੱਲੋਂ ਲਾਏ ਗਏ ਦੋਸ਼ਾਂ ਪ੍ਰਤੀ ਨਾ ਤਾਂ ਮੁੱਖ ਮੰਤਰੀ ਗੰਭੀਰ ਹੋਏ ਤੇ ਨਾ ਹੀ ਉਪ ਮੁੱਖ ਮੰਤਰੀ। ਸ਼ਸ਼ੀਕਾਂਤ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਕਰ ਰਹੇ ਲੋਕ ਰਾਜਨੀਤਕ ਪਾਰਟੀਆਂ ਨੂੰ ਮੋਟੇ ਪੈਸੇ ਦਿੰਦੇ ਹਨ ਜਿਸ ਕਾਰਨ ਇਹ ਕਾਰੋਬਾਰ ਘਟਣ ਦੀ ਬਜਾਏ ਵਧਦਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦੁਨੀਆਂ ਦੇ ਪਹਿਲੇ ਕਾਰੋਬਾਰਾਂ ਵਿਚ ਨਸ਼ਾ ਆਉਂਦਾ ਹੈ। ਉਨ੍ਹਾਂ ਕਿਹਾ ਕਿ ਪਹਿਲੇ ਨੰਬਰ 'ਤੇ ਹਥਿਆਰਾਂ ਦਾ, ਦੂਜੇ ਨੰਬਰ 'ਤੇ ਤੇਲ ਦਾ ਤੇ ਤੀਜੇ ਨੰਬਰ 'ਤੇ ਨਸ਼ਿਆਂ ਦਾ ਕਾਰੋਬਾਰ ਕੀਤਾ ਜਾ ਰਿਹਾ ਹੈ।




ਹੈਰਾਨੀ ਦੀ ਗੱਲ ਹੈ ਕਿ ਸ਼ਸ਼ੀਕਾਂਤ ਵੱਲੋਂ ਭੇਜੀ ਇਸ ਸੂਚੀ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਕਹਿਣਾ ਹੈ ਕਿ ਰਿਟਾਇਰ ਹੋ ਚੁੱਕੇ ਅਫ਼ਸਰਾਂ ਨੂੰ ਆਦਤ ਹੁੰਦੀ ਹੈ ਕਿ ਉਹ ਸਰਕਾਰ ਦੇ ਵਿਰੁੱਧ ਕੁਝ ਬੋਲਣਗੇ ਤਾਂ ਹੀ ਕੋਈ ਗੱਲ ਬਣੇਗੀ। ਇਸੇ ਤਰ੍ਹਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਜਿਨ੍ਹਾਂ ਕੋਲ ਗ੍ਰਹਿ ਵਿਭਾਗ ਦਾ ਵੀ ਚਾਰਜ ਹੈ, ਨੇ ਵੀ ਸ਼ਸ਼ੀਕਾਂਤ ਵੱਲੋਂ ਭੇਜੀ ਸੂਚੀ ਬਾਰੇ ਅਣਜਾਣਤਾ ਪ੍ਰਗਟਾਈ ਸੀ।

# ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਦੀ ਮੁੜ ਹੋਵੇਗੀ ਗਿਣਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਕਰਜ਼ੇ ਦੇ ਬੋਝ ਕਾਰਨ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੀ ਗਿਣਤੀ ਦਾ ਕੰਮ ਮੁੜ ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਹੈ। ਸੂਤਰਾਂ ਮੁਤਾਬਕ ਤਿੰਨੇ ਯੂਨੀਵਰਸਿਟੀਆਂ ਸਾਲ 2013 ਤੱਕ ਕੀਤੀਆਂ ਗਈਆਂ ਖੁਦਕੁਸ਼ੀਆਂ ਸਬੰਧੀ ਮਾਮਲਿਆਂ ਦੀ ਗਿਣਤੀ ਕਰਨਗੀਆਂ।

ਮਾਲ ਤੇ ਪੁਨਰਵਾਸ ਵਿਭਾਗ ਵੱਲੋਂ ਤਿੰਨੇ ਯੂਨੀਵਰਸਿਟੀਆਂ ਨੂੰ ਖੁਦਕੁਸ਼ੀਆਂ ਦੀ ਗਿਣਤੀ ਕਰਨ ਸਬੰਧੀ ਪੱਤਰ ਲਿਖ ਦਿੱਤਾ ਗਿਆ ਹੈ। ਇਨ੍ਹਾਂ ਯੂਨੀਵਰਸਿਟੀਆਂ ਨੇ ਸਮੁੱਚੇ ਰਾਜ ਵਿਚ ਸਾਲ 2000 ਤੋਂ 2010 ਤੱਕ ਦੌਰਾਨ ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਦੀ ਗਿਣਤੀ ਵੀ ਕੀਤੀ ਸੀ। ਇਸ ਗਿਣਤੀ ਦੌਰਾਨ 6634 ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕੀਤੇ ਜਾਣ ਸਬੰਧੀ ਤੱਥ ਸਾਹਮਣੇ ਆਏ ਹਨ।

ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਸਰਕਾਰ ਨੇ ਖੁਦਕੁਸ਼ੀ ਕਰ ਚੁੱਕੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਵਾਰਿਸਾਂ ਨੂੰ ਇਕ ਇਕ ਲੱਖ ਰੁਪਏ ਪ੍ਰਤੀ ਪਰਿਵਾਰ ਮੁਆਵਜ਼ਾ ਦੇਣਾ ਸ਼ੁਰੂ ਕਰ ਦਿੱਤਾ ਸੀ। ਸਰਕਾਰ ਨੇ ਦੋ ਲੱਖ ਰੁਪਏ ਪ੍ਰਤੀ ਪਰਿਵਾਰ ਦੇਣ ਦਾ ਫੈਸਲਾ ਕੀਤਾ ਹੈ ਜਿਸ ਵਿਚੋਂ ਇਕ ਲੱਖ ਰੁਪਏ ਬਾਅਦ ਵਿਚ ਦਿੱਤੇ ਜਾਣਗੇ। ਪੰਜਾਬ ਵਿਚ ਕਰਜ਼ੇ ਕਾਰਨ ਖੁਦਕੁਸ਼ੀਆਂ ਕਰਨ ਦੇ ਮਾਮਲੇ ਰੋਜ਼ਾਨਾ ਸਾਹਮਣੇ ਆ ਰਹੇ ਹਨ।



ਸਰਕਾਰ ਵੱਲੋਂ ਬੇਸ਼ੱਕ ਜ਼ਿਲ੍ਹਾ ਖੇਤੀਬਾੜੀ ਅਫ਼ਸਰਾਂ, ਡਿਪਟੀ ਕਮਿਸ਼ਨਰ ਦਫ਼ਤਰਾਂ ਤੇ ਪੁਲਿਸ ਨੂੰ ਇਹ ਰਿਕਾਰਡ ਰੱਖਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਪਰ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਰਗੇ ਮਾਮਲੇ 'ਤੇ ਜ਼ਿਲ੍ਹਾ ਪ੍ਰਸ਼ਾਸਨ ਗੰਭੀਰ ਨਹੀਂ ਦਿਖਾਈ ਦਿੱਤਾ ਜਿਸ ਕਾਰਨ ਸਰਕਾਰ ਨੂੰ ਖੁਦਕੁਸ਼ੀਆਂ ਦੀ ਗਿਣਤੀ ਦਾ ਕੰਮ ਮੁੜ ਤੋਂ ਇਨ੍ਹਾਂ ਤਿੰਨਾਂ ਯੂਨੀਵਰਸਿਟੀਆਂ ਨੂੰ ਸੌਂਪਣਾ ਪਿਆ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਿਰਾਂ ਡਾ. ਸੁਖਪਾਲ ਸਿੰਘ ਤੇ ਹੋਰਾਂ ਵੱਲੋਂ ਸੰਗਰੂਰ, ਬਠਿੰਡਾ, ਮੋਗਾ, ਬਰਨਾਲਾ, ਲੁਧਿਆਣਾ ਤੇ ਮਾਨਸਾ ਜ਼ਿਲ੍ਹਿਆਂ ਵਿਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਸਬੰਧੀ ਕੀਤੀ ਗਈ ਗਿਣਤੀ ਮੁਤਾਬਕ ਇਨ੍ਹਾਂ ਜ਼ਿਲ੍ਹਿਆਂ ਵਿਚ 6128 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਇਕ ਦਹਾਕੇ ਦੌਰਾਨ ਖੁਦਕੁਸ਼ੀਆਂ ਕੀਤੀਆਂ ਸਨ।

ਪੰਜਾਬੀ ਯੂਨੀਵਰਸਿਟੀ ਦੇ ਪ੍ਰੋ. ਓ.ਪੀ. ਮਿਗਲਾਨੀ ਦੀ ਅਗਵਾਈ ਹੇਠ ਕੀਤੇ ਗਏ ਸਰਵੇਖਣ ਮੁਤਾਬਕ ਸੱਤ ਜ਼ਿਲ੍ਹਿਆਂ ਫਰੀਦਕੋਟ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਮੁਕਤਸਰ, ਮੁਹਾਲੀ, ਪਟਿਆਲਾ ਤੇ ਰੋਪੜ ਵਿਚ 322 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਸਨ ਜਦੋਂਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੀ ਪ੍ਰੋ. ਗਿਆਨ ਕੌਰ ਦੀ ਅਗਵਾਈ ਹੇਠ ਕੀਤੇ ਗਏ ਸਰਵੇਖਣ ਅਨੁਸਾਰ ਅੰਮ੍ਰਿਤਸਰ, ਤਰਨਤਾਰਨ, ਗੁਰਦਾਸਪੁਰ, ਫਿਰੋਜ਼ਪੁਰ, ਨਵਾਂਸ਼ਹਿਰ, ਜਲੰਧਰ ਤੇ ਕਪੂਰਥਲਾ ਵਿਚ ਪਿਛਲੇ ਇੱਕ ਦਹਾਕੇ ਦੌਰਾਨ ਕਰਜ਼ੇ ਦਾ ਭਾਰ ਨਾ ਸਹਿੰਦਿਆਂ 184 ਕਿਸਾਨਾਂ ਤੇ 41 ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਸਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸੰਗਰੂਰ ਤੇ ਬਠਿੰਡਾ ਜ਼ਿਲ੍ਹਿਆਂ ਵਿਚ ਸਾਲ 2008 ਤੱਕ ਕੀਤੀਆਂ ਗਈਆਂ ਖੁਦਕੁਸ਼ੀਆਂ ਦੇ ਤੱਥ ਹੀ ਸਾਹਮਣੇ ਲਿਆਂਦੇ ਸਨ। ਇਸੇ ਤਰ੍ਹਾਂ ਹੋਰਨਾਂ ਯੂਨੀਵਰਸਿਟੀਆਂ ਨੇ ਵੀ ਸਾਲ 2010 ਜਾਂ 2011 ਤੱਕ ਦੇ ਤੱਥ ਹੀ ਸਾਹਮਣੇ ਲਿਆਂਦੇ ਸਨ। ਵਿੱਤ ਕਮਿਸ਼ਨਰ (ਮਾਲ) ਨਵਰੀਤ ਸਿੰਘ ਕੰਗ ਦਾ ਕਹਿਣਾ ਹੈ ਕਿ ਉਕਤ ਯੂਨੀਵਰਸਟੀਆਂ ਵੱਲੋਂ ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਗਈਆਂ ਖੁਦਕੁਸ਼ੀਆਂ ਦੇ ਮਾਮਲੇ ਵਿਚ ਇੱਕਸਾਰਤਾ ਨਾ ਹੋਣ ਕਾਰਨ ਰਾਜ ਸਰਕਾਰ ਨੇ ਅੱਜ ਤੱਕ ਕੀਤੀਆਂ ਗਈਆਂ ਖੁਦਕੁਸ਼ੀਆਂ ਦੇ ਵੇਰਵੇ ਇਕੱਠੇ ਕਰਨ ਲਈ ਕਿਹਾ ਹੈ ਤਾਂ ਜੋ ਪ੍ਰਭਾਵਿਤ ਕਿਸਾਨ ਤੇ ਖੇਤ ਮਜ਼ਦੂਰਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਜਾ ਸਕੇ।

# ਸਿੱਖਸ ਫਾਰ ਜਸਟਿਸ ਵਲੋਂ ਬਾਦਲ ਖਿਲਾਫ ਇਕ ਹੋਰ ਮੁਕੱਦਮਾ ਦਾਇਰ

**ਮਿਲਵਾਕੀ, ਵਿਸਕਾਨਸਿਨ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਨੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਿਰੁਧ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲਾਉਂਦਿਆਂ ਇਕ ਸਥਾਨਕ ਸੰਘੀ ਅਦਾਲਤ ਵਿਚ ਇਕ ਹੋਰ ਮੁਕੱਦਮਾ ਦਾਇਰ

## ਸੰਮਨਾਂ ਦੀ ਤਾਮੀਲ ਦੀ ਕੋਸ਼ਿਸ਼

ਕੀਤਾ ਹੈ ਅਤੇ ਇਸ ਵਲੋਂ ਸ. ਬਾਦਲ ਦੀ ਆਉਂਦੇ ਦਿਨਾਂ ਵਿਚ ਸੰਭਾਵੀ ਮਿਲਵਾਕੀ ਫੇਰੀ ਦੌਰਾਨ ਸੰਮਨ ਤਾਮੀਲ ਕਰਵਾਉਣ ਲਈ ਜ਼ੋਰਦਾਰ ਯਤਨ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਜਥੇਬੰਦੀ ਵਲੋਂ ਇਸ ਤੋਂ ਪਹਿਲਾਂ ਵੀ ਇਕ ਮੁਕੱਦਮਾ ਸ. ਬਾਦਲ ਵਿਰੁਧ ਦਾਇਰ ਕੀਤਾ ਗਿਆ ਸੀ ਅਤੇ ਇਸ ਵਲੋਂ ਸ. ਬਾਦਲ ਨੂੰ ਸੰਮਨਾਂ ਦੀ ਤਾਮੀਲ ਹੋਣ ਦਾ ਦਾਅਵਾ ਵੀ ਕੀਤਾ ਗਿਆ ਸੀ ਪ੍ਰੰਤੂ ਅਦਾਲਤ ਨੇ ਪ੍ਰਤੀਵਾਦੀ ਧਿਰ ਦੀ ਇਹ ਦਲੀਲ ਮੰਨਦਿਆਂ ਕਿ ਉਨ੍ਹਾਂ ਨੂੰ ਸੰਮਨਾਂ ਦੀ ਤਾਮੀਲ ਨਹੀਂ ਹੋਈ, ਮੁਕੱਦਮਾ ਖਾਰਜ ਕਰ ਦਿੱਤਾ ਸੀ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਇਕ ਬਿਆਨ ਵਿਚ ਕਿਹਾ ਹੈ ਕਿ 26 ਜੂਨ 2013 ਨੂੰ ਦਾਇਰ ਕੀਤੇ ਗਏ ਨਵੇਂ ਕੇਸ ਵਿਚ ਅਕਾਲੀ ਦਲ-ਅੰਮ੍ਰਿਤਸਰ ਦੇ ਕਾਰਕੁਨਾਂ ਨੇ ਦੋਸ਼ ਲਾਇਆ ਹੈ ਕਿ ਅਗਸਤ 2012 ਵਿਚ ਦਾਇਰ ਕੀਤੇ ਗਏ ਮੁਕੱਦਮੇ ਕਾਰਨ ਬਾਦਲ ਪ੍ਰਸਾਸ਼ਨ ਵਲੋਂ ਇਸਤਗਾਸਾ ਧਿਰ ਦੇ ਪੰਜਾਬ ਰਹਿੰਦੇ ਪਰਿਵਾਰਕ ਜੀਆਂ ਨੂੰ ਦਹਿਸ਼ਤ ਦਾ ਦੌਰ ਚਲਾ ਕੇ ਧਮਕਾਇਆ ਗਿਆ ਹੈ। ਪੰਜਾਬ ਪੁਲਿਸ ਦੇ ਡੀ ਜੀ ਪੀ ਸੁਮੇਧ ਸੈਣੀ ਦੀ ਨਿਯੁਕਤੀ ਦੇ ਹਵਾਲੇ ਨਾਲ ਇਸਤਗਾਸਾ ਧਿਰ ਨੇ ਦੋਸ਼ ਲਾਇਆ ਹੈ ਕਿ ਮੁੱਖ ਮੰਤਰੀ ਸ. ਬਾਦਲ ਨੇ ਆਪਣੇ ਸਾਸ਼ਨ ਦੌਰਾਨ ਹਰ ਉਸ ਪੁਲਿਸ ਅਫਸਰ ਦੀ ਪੁਸ਼ਤਪਨਾਹੀ ਕੀਤੀ ਹੈ, ਜਿਸ ਉਪਰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਅਤੇ ਝੂਠੇ ਪੁਲਿਸ ਮੁਕਾਬਲੇ ਬਣਾਉਣ ਦੇ ਦੋਸ਼ ਹਨ।


ਮੁੱਖ ਮੰਤਰੀ ਸ. ਬਾਦਲ ਦੇ ਇਸ ਹਫਤੇ ਇਕ ਵਿਆਹ ਸਮਾਗਮ ਵਿਚ ਸ਼ਾਮਲ ਹੋਣ ਲਈ ਵਿਸਕਾਨਸਿਨ ਆਉਣ ਦੀ ਸੰਭਾਵਨਾ ਨੂੰ ਮੁੱਖ ਰੱਖਦਿਆਂ ਸਿੱਖਸ ਫਾਰ ਜਸਟਿਸ ਨੇ ਐਲਾਨ ਕੀਤਾ ਹੈ ਕਿ ਇਸ ਫੇਰੀ ਦੌਰਾਨ ਉਨ੍ਹਾਂ ਨੂੰ ਸੰਘੀ ਅਦਾਲਤ ਦੇ ਸੰਮਨ ਤਾਮੀਲ ਕਰਵਾਉਣ ਵਾਲੇ ਵਿਅਕਤੀ ਨੂੰ 10,000 ਡਾਲਰ ਦਾ ਇਨਾਮ ਦਿੱਤਾ ਜਾਵੇਗਾ। ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਸੰਮਨਾਂ ਦੀ ਤਾਮੀਲ ਕਰਵਾਉਣ ਲਈ ਇਸ ਵਲੋਂ ਪੇਸ਼ੇਵਰ ਸਰਵਰਾਂ ਦੀਆਂ 3 ਏਜੰਸੀਆਂ ਨੂੰ ਹਾਇਰ ਕੀਤਾ ਗਿਆ ਹੈ। ਅਟਾਰਨੀ ਪੰਨੂ ਨੇ ਕਿਹਾ ਕਿ ਇਸ ਵਾਰ ਅਸੀਂ ਹਰ ਸੰਭਵ ਕੋਸ਼ਿਸ਼ ਕਰਾਂਗੇ ਕਿ ਬਾਦਲ ਨੂੰ ਸੰਮਨ ਦੇਣ ਵੇਲੇ ਫੋਟੋ ਜ਼ਰੂਰ ਲਈ ਜਾਵੇ ਤੇ ਹੋ ਸਕੇ ਤਾਂ ਵੀਡੀਓ ਬਣਾਈ ਜਾ ਸਕੇ।

ਮੁੱਖ ਮੰਤਰੀ ਖਿਲਾਫ ਕੇਸ ਏਲੀਅਨ ਟੋਰਟ ਕਲੇਮਸ ਐਕਟ ਤੇ ਟਾਰਚਰ ਵਿਕਟਿਮ ਪ੍ਰੋਟੈਕਸ਼ਨ ਐਕਟ ਤਹਿਤ ਦਾਇਰ ਕੀਤਾ ਗਿਆ ਹੈ ਜਿਸ ਵਿਚ ਦੋਸ਼ ਲਾਇਆ ਗਿਆ ਹੈ ਕਿ ਇਨ੍ਹਾਂ ਨੇ ਆਪਣੀ ਕਮਾਨ ਹੇਠ ਸਰੁੱਖਿਆ ਬਲਾਂ ਨੂੰ ਗੈਰ ਕਾਨੂੰਨੀ ਕਾਰਵਾਈਆਂ ਕਰਨ ਦੀ ਹਦਾਇਤ ਦਿੱਤੀ।

# ਨਹੀਂ ਬਦਲਿਆ ਦਲਾਈਲਾਮਾ ਬਾਰੇ ਨਜ਼ਰੀਆ

**ਪੇਇਚਿੰਗ:** ਤਿੱਬਤ ਦੇ ਧਾਰਮਿਕ ਤੇ ਜਲਾਵਤਨ ਆਗੂ ਦਲਾਈਲਾਮਾ ਦੇ ਮਾਮਲੇ 'ਤੇ ਚੀਨ ਨੇ ਆਪਣੀ ਪਹੁੰਚ ਬਦਲੇ ਜਾਣ ਤੋਂ ਇਨਕਾਰ ਕੀਤਾ ਹੈ। ਪਿਛਲੇ ਦਿਨੀਂ ਰਿਪੋਰਟਾਂ ਆਈਆਂ ਸਨ ਕਿ ਪੇਇਚਿੰਗ ਨੇ ਦਲਾਈਲਾਮਾ ਨੂੰ ਜਨਤਕ ਤੌਰ 'ਤੇ ਨੁਕਤਾਚੀਨੀ ਕੀਤੇ ਜਾਣ 'ਤੇ ਉਸ ਦੀ ਤਸਵੀਰ ਦੀ ਪੂਜਾ 'ਤੇ ਲਾਈ ਪਾਬੰਦੀ ਜਿਹੀਆਂ ਨੀਤੀਆਂ ਵਿਚ ਢਿੱਲ ਲਿਆਂਦੀ ਹੈ। ਚੀਨ ਨੇ ਸਪਸ਼ਟ ਕਿਹਾ ਹੈ ਕਿ ਦਲਾਈਲਾਮਾ ਬਾਰੇ ਦੇਸ਼ ਦੀ ਨੀਤੀ ਬੜੀ ਸਪਸ਼ਟ ਤੇ ਸਥਾਈ ਹੈ ਤੇ ਇਸ ਵਿਚ ਕੋਈ ਢਿੱਲਮੱਠ ਜਾਂ ਤਬਦੀਲੀ ਨਹੀਂ ਲਿਆਂਦੀ ਗਈ।

ਤਿੱਬਤ ਤੇ ਕੇਂਦਰਤ ਅਧਿਕਾਰਾਂ ਬਾਰੇ ਇਕ ਗਰੁੱਪ ਤੇ ਅਮਰੀਕਾ ਤੋਂ ਚਲਦੇ ਰੇਡੀਓ ਫਰੀ ਏਸ਼ੀਆ ਵੱਲੋਂ ਦਿੱਤੀਆਂ ਗਈਆਂ ਰਿਪੋਰਟਾਂ ਵਿਚ ਕਿਹਾ ਗਿਆ ਸੀ ਕਿ ਚੀਨ ਆਪਣੀ ਤਿੱਬਤ ਬਾਰੇ ਨੀਤੀ ਦੇ ਕੁਝ ਪਹਿਲੂਆਂ 'ਤੇ ਗੌਰ ਕਰਨ ਦੇ ਸੰਕੇਤ ਦੇ ਰਿਹਾ ਹੈ। ਚੀਨ ਦੀ ਇਸ ਨੀਤੀ ਕਾਰਨ



2009 ਤੋਂ ਲੈ ਕੇ ਹੁਣ ਤਕ 110 ਤੋਂ ਵੱਧ ਤਿੱਬਤੀ ਆਤਮਦਾਹ ਕਰ ਚੁੱਕੇ ਦੱਸੇ ਜਾਂਦੇ ਹਨ। ਰੇਡੀਓ ਫਰੀ ਏਸ਼ੀਆ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਚੀਨ ਨੇ ਤਿੱਬਤ ਦੇ ਕੁਝ ਖੇਤਰਾਂ ਵਿਚ ਸਥਾਨਕ ਲੋਕਾਂ ਨੂੰ ਦਲਾਈਲਾਮਾ ਨੂੰ ਇਕ ਧਾਰਮਿਕ ਆਗੂ ਵਜੋਂ ਪੂਰਾ ਮਾਣ ਦੇਣ ਦੀ ਆਗਿਆ ਦੇ ਦਿੱਤੀ ਹੈ ਪਰ 'ਸਿਆਸੀ ਹਸਤੀ' ਵਜੋਂ ਪ੍ਰਵਾਨਗੀ ਨਹੀਂ ਦਿੱਤੀ।

ਲੰਡਨ ਆਧਾਰਤ ਜਥੇਬੰਦੀ 'ਫਰੀ ਤਿੱਬਤ' ਅਨੁਸਾਰ ਸਥਾਨਕ ਪ੍ਰਸ਼ਾਸਨ ਨੇ ਹੁਣ ਦਲਾਈਲਾਮਾ ਦੀ ਬੋਧੀ ਭਿਕਸ਼ੂਆਂ ਰਾਹੀਂ ਨਿੰਦਾ ਕਰਨ ਦੀਆਂ ਨੀਤੀਆਂ ਵੀ ਤਿਆਗ ਦਿੱਤੀਆਂ ਹਨ। ਬੋਧੀ ਭਿਕਸ਼ੂਆਂ ਤੇ ਸਥਾਨਕ ਸਰਕਾਰੀ ਅਧਿਕਾਰੀਆਂ ਵਿਚਾਲੇ ਇਹ ਤਣਾਅ ਦਾ ਮੁੱਖ ਮੁੱਦਾ ਸੀ। ਚੀਨ ਆਲਮੀ ਪੱਧਰ 'ਤੇ ਸਵੀਕਾਰ ਇਸ ਧਾਰਮਿਕ ਆਗੂ ਦੀ ਲਗਾਤਾਰ ਨੁਕਤਾਚੀਨੀ ਤੇ ਨਿੰਦਾ ਕਰਦਾ ਆ ਰਿਹਾ ਹੈ ਤੇ ਉਸ ਨੂੰ ਚੀਨ ਵਿਰੋਧੀ ਵੱਖਵਾਦੀ ਕਰਾਰ ਦਿੰਦਾ ਰਿਹਾ ਹੈ। ਚੀਨ ਦੇ ਧਰਮ ਬਾਰੇ ਪ੍ਰਮੁੱਖ ਅਥਾਰਟੀ ਨੇ ਅੱਜ ਇਹ ਕਹਿੰਦਿਆਂ ਸਥਿਤੀ ਸਪਸ਼ਟ ਕੀਤੀ ਹੈ ਕਿ ਜੇਕਰ ਦਲਾਈਲਾਮਾ ਨੇ ਪੇਇਚਿੰਗ ਸਰਕਾਰ ਨਾਲ ਸਬੰਧ ਸੁਧਾਰਨੇ ਹਨ ਤਾਂ ਇਹ ਵੱਖਵਾਦੀ ਪੈਂਤੜਾ ਛੱਡੇ ਤੇ ਤਿੱਬਤ ਦੇ ਅਮਨਪੂਰਵਕ ਵਿਕਾਸ ਦਾ ਨੁਕਸਾਨ ਕਰਨ ਵਾਲੇ ਬਿਆਨ ਦੇਣੇ ਛੱਡੇ।

ਉਧਰ, ਅਮਰੀਕਾ ਦੇ ਚੀਨ ਵਿਚ ਸਫ਼ੀਰ ਗੈਰੀ ਲੋਕੇ ਨੇ ਤਿੱਬਤ ਦੀ ਛੇ ਦਿਨਾ ਫੇਰੀ ਤੋਂ ਬਾਅਦ ਕਿਹਾ ਹੈ ਕਿ ਉਹ ਇਸ ਦੀ ਰਾਜਧਾਨੀ ਲਹਾਸਾ ਵਿਚ ਕੌਂਸਲੇਟ ਖੋਲ੍ਹਣ ਦੇ ਆਪਣੇ ਯਤਨ ਜਾਰੀ ਰੱਖੇਗਾ। ਅਮਰੀਕਾ ਦੇ ਵਿਦੇਸ਼ ਵਿਭਾਗ ਦੇ ਤਰਜਮਾਨ ਪੈਟ੍ਰਿਕ ਵੈਂਟਰੈੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਤਿੱਬਤ ਦੀ ਰਾਜਧਾਨੀ ਵਿਚ ਕੌਂਸਲੇਟ ਖੋਲ੍ਹਣਾ ਹਾਲੇ ਵੀ ਅਮਰੀਕਾ ਦੀ ਨੀਤੀ ਦਾ ਹਿੱਸਾ ਹੈ ਜਿਸ ਨੂੰ ਤਿੱਬਤ ਪਾਲਿਸੀ ਐਕਟ ਵਜੋਂ ਵਿਚਾਰਿਆ ਜਾ ਰਿਹਾ ਹੈ। ਅਮਰੀਕੀ ਸਫ਼ੀਰ ਨੇ ਲਹਾਸਾ 'ਚ ਵੱਖ-ਵੱਖ ਵਰਗਾਂ ਨਾਲ ਤੇ ਭਿਕਸ਼ੂ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ।

## ਬਿਜਲਈ ਕਾਰ ਦੀ ਰਫ਼ਤਾਰ ਦਾ ਨਵਾਂ ਰਿਕਾਰਡ

**ਲੰਡਨ:** ਬਰਤਾਨੀਆ ਦੀ ਇਕ ਟੀਮ ਨੇ ਅਜਿਹੀ ਬਿਜਲਈ ਕਾਰ ਤਿਆਰ ਕਰਕੇ ਨਵਾਂ ਰਿਕਾਰਡ ਬਣਾਇਆ ਹੈ ਕਿ ਇਸ ਕਾਰ ਨੇ 328.6 ਕਿਲੋਮੀਟਰ ਪ੍ਰਤੀ ਘੰਟਾ ਦੀ ਉਚਤਮ ਰਫ਼ਤਾਰ ਨੂੰ ਛੂਹਿਆ ਹੈ। ਬੀਬੀਸੀ ਨਿਊਜ਼ ਦੀ ਰਿਪੋਰਟ ਅਨੁਸਾਰ ਡਰਾਈਸਨ ਰੇਸਿੰਗ ਟੈਕਨਾਲੋਜੀਜ਼ ਨੇ ਪਹਿਲੀ ਬਿਜਲਈ ਕਾਰ ਲੋਬਾ ਬੀ1269/ਈਵੀ ਜੋ ਹਲਕੇ ਵਜ਼ਨ ਦੀ ਕਾਰ ਹੈ, ਦਾ 281.6 ਕਿਲੋਮੀਟਰ ਪ੍ਰਤੀ ਘੰਟਾ ਦਾ ਰਿਕਾਰਡ ਤੋੜਿਆ ਹੈ।

ਇਸ ਨਵੀਂ ਹਲਕੇ ਵਜ਼ਨ ਦੀ ਕਾਰ ਨੇ ਯਾਰਕਸ਼ਾਇਰ ਹਵਾਈ ਸੈਨਾ ਟਿਕਾਣੇ ਉਤੇ ਇਹ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ।ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਲਾਰਡ ਡਰਾਈਸਨ ਜਿਸ ਨੇ ਇਸ ਨਵੀਂ ਕਾਰ ਨਾਲ ਇਹ ਨਵਾਂ ਰਿਕਾਰਡ ਬਣਾਇਆ, ਨੇ ਕਿਹਾ ਕਿ ਇਹ ਨਵੀਂ ਪ੍ਰਾਪਤੀ ਨਾਲ ਇਲੈਕਟ੍ਰਾਨਿਕ ਵਾਹਨਾਂ ਦੀ ਤਕਨੀਕ ਦੇ ਨਵੇਂ ਦਿਸਹੱਦੇ ਖੁੱਲ੍ਹਣਗੇ। ਇਸ ਤੋਂ ਪਹਿਲਾਂ 281.6 ਕਿਲੋਮੀਟਰ ਪ੍ਰਤੀ ਘੰਟੇ ਦਾ ਰਿਕਾਰਡ ਬਣਾਉਣ ਵਾਲੀ ਬੈਟਰੀ ਬਾਕਸ ਜਨਰਲ ਇਲੈਕਟ੍ਰਿਕ ਕਾਰ ਸੀ ਤੇ ਇਹ ਰਿਕਾਰਡ 1974 ਵਿਚ ਬਣਾਇਆ ਗਿਆ ਸੀ।


## ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
## ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ

**ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸ਼ੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ**

**ਫੋਨ: (559) 317-2149**



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577


## ਟਰੇਸੀ ਵਿਚ ਧਾਰਮਕ ਕਵੀ ਦਰਬਾਰ

**ਟਰੇਸੀ (ਬਿਊਰੋ):** ਆਲਮੀ ਸਿੱਖ ਰਹਿਤ ਪ੍ਰਚਾਰ ਮਿਸ਼ਨ ਵਲੋਂ ਵਿੱਢੀ ਗਈ ਹਫਤਾਵਾਰੀ ਧਾਰਮਕ ਕਵੀ ਦਰਬਾਰਾਂ ਦੀ ਲੜੀ ਵਿਚ ਇਕ ਧਾਰਮਕ ਕਵੀ ਦਰਬਾਰ ਸਥਾਨਕ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਖੇ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਕਵੀਆਂ ਨੇ ਸਿੱਖ ਧਾਰਮਕ ਵਿਰਸੇ ਨੂੰ ਦਰਸਾਉਂਦੀਆਂ ਕਵਿਤਾਵਾਂ ਪੇਸ਼ ਕੀਤੀਆਂ।

ਮਿਸ਼ਨ ਵਲੋਂ ਜਾਰੀ ਇਕ ਬਿਆਨ ਅਨੁਸਾਰ ਕਵੀ ਦਰਬਾਰ ਵਿਚ ਤਰਸੇਮ ਸਿੰਘ ਸੁਮਨ, ਗੁਰਦਿਆਲ ਸਿੰਘ ਨੂਰਪੁਰੀ, ਬੀਬੀ ਗੁਰਦੇਵ ਕੌਰ, ਜਸਦੀਪ ਸਿੰਘ, ਪ੍ਰੋ. ਸੁਰਜੀਤ ਸਿੰਘ ਨਨੂਆ, ਪ੍ਰਮਿੰਦਰ ਸਿੰਘ ਪ੍ਰਵਾਨਾ, ਜਸਵੰਤ ਸਿੰਘ ਸ਼ੇਰਗਿੱਲ, ਗੁਰਨਾਮ ਸਿੰਘ ਦਿਲਗੀਰ ਆਦਿ ਕਵੀ ਸ਼ਾਮਲ ਹੋਏ। ਮੰਚ ਸੰਚਾਲਨ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਕੀਤਾ। ਉਨ੍ਹਾਂ ਕਵੀ ਦਰਬਾਰ ਲਈ ਸਹਿਯੋਗ ਵਾਸਤੇ ਪ੍ਰਬੰਧਕ ਕਮੇਟੀ ਦੇ ਸਕੱਤਰ ਤਰਨਜੀਤ ਸਿੰਘ ਅਤੇ ਮੁੱਖ ਪ੍ਰਬੰਧਕ ਜੋਗਾ ਸਿੰਘ ਬਾਠ ਦਾ ਉਚੇਚਾ ਧੰਨਵਾਦ ਕੀਤਾ। ਹੋਰ ਜਾਣਕਾਰੀ ਲਈ ਪ੍ਰਮਿੰਦਰ ਸਿੰਘ ਪ੍ਰਵਾਨਾ ਫੋਨ 510-781-0487 ਨਾਲ ਸੰਪਰਕ ਕੀਤਾ ਜਾ ਸਕਦਾ ਹੈ।




ਕਵੀ ਦਰਬਾਰ 'ਚ ਸ਼ਾਮਲ ਹੋਏ ਸ਼ਾਇਰ




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

**10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ**

**AMANTEL.COM**

**$25 ਵਿਚ 2600 ਮਿੰਟ (43.5 ਘੰਟੇ)**

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*
*Same rate for lanline and mobile.*

**ਟੋਲ ਫਰੀ ਨੰਬਰ 1-888-652-6268**
**732-983-4332/4333**

ਪੰਜਾਬ ਟਾਈਮਜ਼

*ਸਨਿਚਰਵਾਰ, 6 ਜੁਲਾਈ 2013*

## ਪੰਜਾਬ ਦੀ ਪੱਗ

ਉਤਰਾਖੰਡ ਵਿਚ ਆਏ ਹੜ੍ਹਾਂ ਵਿਚ ਫਸੇ ਹੇਮਕੁੰਟ ਯਾਤਰੂਆਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਗਏ ਪੰਜਾਬ ਦੇ ਸੀਨੀਅਰ ਆਈ.ਏ.ਐਸ. ਅਫਸਰ ਕਾਹਨ ਸਿੰਘ ਪੰਨੂ ਦੀ ਕੁੱਟ-ਮਾਰ ਦਾ ਮਾਮਲਾ ਆਖਰਕਾਰ ਵਧਦਾ ਵਧਦਾ ਵਧ ਹੀ ਗਿਆ ਹੈ। ਕੁੱਟ-ਮਾਰ ਤੋਂ ਵੀ ਅਗਾਂਹ ਇਹ ਮਾਮਲਾ ਧਾਰਮਿਕ ਭਾਵਨਾਵਾਂ ਨਾਲ ਜੁੜ ਗਿਆ ਹੈ। ਕੁੱਟ-ਮਾਰ ਕਰਨ ਵਾਲੇ ਸ. ਪੰਨੂ ਦੀ ਦਸਤਾਰ ਵੀ ਉਤਾਰ ਕੇ ਲੈ ਗਏ ਸਨ। ਸਰਕਾਰ ਨੇ ਤਾਂ ਕੁੱਟ-ਮਾਰ ਦੇ ਇਸ ਮਾਮਲੇ ਦੀ ਜਾਂਚ ਅਰੰਭੀ ਹੀ ਸੀ, ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਵੀ ਤੁਰੰਤ ਕਾਰਵਾਈ ਕਰਦਿਆਂ ਮਾਮਲੇ ਦੀ ਤਹਿ ਤੱਕ ਜਾਣ ਲਈ ਜਾਂਚ ਕਮੇਟੀ ਦਾ ਐਲਾਨ ਕਰ ਦਿੱਤਾ। ਉਨ੍ਹਾਂ ਨੇ ਇਸ ਮਾਮਲੇ ਨੂੰ ਨਿਰੋਲ ਧਰਮ ਦੀ ਲੋਅ ਵਿਚ ਦੇਖਣ ਦਾ ਯਤਨ ਕੀਤਾ ਹੈ, ਕਿਉਂਕਿ ਇਕ ਸਿੱਖ ਦੀ ਦਸਤਾਰ ਉਤਾਰੀ ਗਈ ਸੀ। ਇਹ ਕਾਰਵਾਈਆਂ ਇੰਨੀ ਤੇਜ਼ੀ ਨਾਲ ਹੋਈਆਂ ਕਿ ਇਸ ਨਾਲ ਕਈ ਸਵਾਲ ਵੀ ਖੜ੍ਹੇ ਹੋ ਗਏ। ਇਕ ਧਿਰ ਵੱਲੋਂ ਇਸ ਮਾਮਲੇ ਨੂੰ ਕੈਬਨਿਟ ਮੰਤਰੀ ਸਿਕੰਦਰ ਸਿੰਘ ਮਲੂਕਾ ਨਾਲ ਵੀ ਜੋੜਿਆ ਗਿਆ ਹੈ ਜਿਨ੍ਹਾਂ ਦਾ ਸ. ਪੰਨੂ ਨਾਲ ਕੁਝ ਪ੍ਰਸ਼ਾਸਕੀ ਕੰਮਾਂ-ਕਾਰਾਂ ਕਰ ਕੇ ਤਣਾਅ ਚੱਲ ਰਿਹਾ ਹੈ। ਮੀਡੀਆ ਵਿਚ ਵੀ ਇਹ ਗੱਲ ਤਿੱਖੇ ਰੂਪ ਵਿਚ ਉਭਰੀ ਕਿ ਇਸ ਹਮਲੇ ਦੀ ਇਕ-ਅੱਧੀ ਕੜੀ ਸ. ਮਲੂਕਾ ਨਾਲ ਜੁੜਦੀ ਹੈ। ਇਹ ਕੜੀ ਆਪਸ ਵਿਚ ਕਿੰਨੀ ਕੁ ਜੁੜਦੀ ਹੈ, ਇਹ ਤਾਂ ਜਾਂਚ ਰਿਪੋਰਟਾਂ ਤੋਂ ਬਾਅਦ ਹੀ ਸਾਹਮਣੇ ਆਉਣਾ ਹੈ, ਪਰ ਇਹ ਮਾਮਲਾ ਸਿੱਧਾ ਸਿਆਸਤ ਨਾਲ ਜ਼ਰੂਰ ਜੁੜ ਗਿਆ ਹੈ। ਇਹ ਗੱਲ ਹੋਰਾਂ ਤੋਂ ਇਲਾਵਾ ਮੀਡੀਆ ਨੇ ਵੀ ਨੋਟ ਕੀਤੀ ਹੈ ਕਿ ਇਹ ਮਾਮਲਾ ਸਿਆਸਤ ਨਾਲ ਜੁੜਨ ਕਰ ਕੇ ਹੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਇੰਨੀ ਛੇਤੀ ਕਾਰਵਾਈ ਕੀਤੀ ਗਈ ਹੈ। ਨਹੀਂ ਤਾਂ ਪਹਿਲਾਂ ਜਦੋਂ ਵੀ ਕਦੇ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਆਗੂ ਆਪਸ ਵਿਚ ਡਾਂਗ-ਸੋਟਾ ਹੁੰਦੇ ਰਹੇ, ਉਦੋਂ ਪੱਗਾਂ ਲੱਥਦੀਆਂ ਦੀ ਕਿਸੇ ਨੇ ਕਦੀ ਪ੍ਰਵਾਹ ਨਹੀਂ ਕੀਤੀ; ਅਕਾਲ ਤਖਤ ਸਾਹਿਬ ਵੱਲੋਂ ਵੀ ਉਦੋਂ ਕੋਈ ਹਿਲਜੁਲ ਨਹੀਂ ਹੋਈ। ਫਿਰ ਅਜਿਹੀ ਕਿਹੜੀ ਗੱਲ ਸੀ ਕਿ ਜਥੇਦਾਰ ਵੱਲੋਂ ਇੰਨੀ ਛੇਤੀ ਕਾਰਵਾਈ ਅਰੰਭੀ ਗਈ, ਇਹ ਸਵਾਲ ਮੁੜ-ਘਿੜ ਸਾਹਮਣੇ ਆ ਰਿਹਾ ਹੈ। ਬੇਸ਼ਕ, ਸਿੱਖਾਂ ਲਈ ਦਸਤਾਰ ਦੀ ਬੜੀ ਅਹਿਮੀਅਤ ਹੈ। ਆਪਣੇ ਦੇਸ਼ ਪੰਜਾਬ ਅਤੇ ਸੰਸਾਰ ਭਰ ਵਿਚ ਹੋਰ ਥਾਈਂ ਵੀ ਜਦੋਂ ਕਦੀ ਦਸਤਾਰ ਦਾ ਮਾਮਲਾ ਉਭਰਿਆ ਹੈ, ਤਾਂ ਸਭ ਸਬੰਧਤ ਧਿਰਾਂ ਨੇ ਅਜਿਹੇ ਮਾਮਲਿਆਂ ਦੀ ਪੈਰਵੀ ਕੀਤੀ ਹੈ। ਉਦੋਂ ਫਰਕ ਸਿਰਫ ਇੰਨਾ ਸੀ ਕਿ ਸਾਰਾ ਕੁਝ ਧਾਰਮਿਕ ਸਰੋਕਾਰਾਂ ਕਰ ਕੇ ਕੀਤਾ ਗਿਆ। ਇਸੇ ਕਰ ਕੇ ਬਹੁਤ ਵੱਡੇ ਪੱਧਰ 'ਤੇ ਲਾਮਬੰਦੀ ਵੀ ਹੋਈ। ਵਿਦੇਸ਼ੀ ਧਰਤੀ ਉਤੇ ਜਿਸ ਤਰ੍ਹਾਂ ਦੇ ਨਸਲੀ ਅਤੇ ਹੋਰ ਵਿਤਕਰਿਆਂ ਵਿਚੋਂ ਸਿੱਖਾਂ ਨੂੰ ਲੰਘਣਾ ਪੈ ਰਿਹਾ ਹੈ, ਉਸ ਨੇ ਵੀ ਅਜਿਹੇ ਮਾਮਲੇ ਭਖਾਉਣ ਵਿਚ ਵਾਹਵਾ ਯੋਗਦਾਨ ਪਾਇਆ। ਬਹੁਤ ਸਾਰੇ ਦੇਸ਼ਾਂ ਵਿਚ ਅਜਿਹੇ ਮਾਮਲਿਆਂ ਦੀ ਡਟ ਕੇ ਪੈਰਵੀ ਕੀਤੀ ਗਈ ਅਤੇ ਇਸ ਨੇ ਚੰਗੇ ਨਤੀਜੇ ਵੀ ਸਾਹਮਣੇ ਆਏ।

ਦਸਤਾਰ ਸਿੱਖੀ ਅਤੇ ਸਿੱਖੀ ਦੀ ਸ਼ਾਨ ਨਾਲ ਜੁੜੀ ਹੋਈ ਹੈ। ਦਸਤਾਰ ਦੀ ਸ਼ਾਨ ਦਾ ਜਲਵਾ 'ਪੱਗ ਦੀ ਲਾਜ ਰੱਖਣੀ' ਵਰਗੇ ਮੁਹਾਵਰਿਆਂ ਨਾਲ ਵੀ ਪ੍ਰਗਟ ਹੁੰਦਾ ਹੈ। ਇਸ ਦੇ ਨਾਲ ਹੀ 'ਪੱਗ ਲਾਹੁਣੀ' ਦਾ ਮੁਹਾਵਰਾ ਵੀ ਹੈ ਜਿਸ ਦਾ ਅਰਥ ਅਗਲੇ ਦੀ ਬੇਇਜ਼ਤੀ ਕਰਨਾ ਹੈ। ਅਸਲ ਵਿਚ ਪੰਜਾਬ ਅਤੇ ਪੱਗ ਦੇ ਇਹ ਅਰਥ ਸਮਾਜ ਅਤੇ ਸਮਾਜਕ ਸਰੋਕਾਰਾਂ ਨਾਲ ਬਹੁਤ ਡੂੰਘੇ ਜੁੜੇ ਹੋਏ ਹਨ। ਮਾਮਲੇ ਨੂੰ ਰਤਾ ਕੁ ਕੁਰੇਦਿਆ ਜਾਵੇ ਤਾਂ ਇਹ ਸਰੋਕਾਰ ਹੌਲੀ ਹੌਲੀ ਜਗੀਰਦਾਰੀ ਯੁੱਗ ਨਾਲ ਜੁੜਨ ਲਗਦੇ ਹਨ। ਇਹ ਸ਼ਾਇਦ ਜਗੀਰੂ ਧੌਂਸ ਹੀ ਸੀ ਜਿਸ ਨੇ ਪੱਗ ਲਾਹ ਕੇ ਲੈ ਜਾਣ ਵਾਲੀ ਗੱਲ ਵਧੇਰੇ ਅਹਿਮ ਬਣਾ ਦਿੱਤੀ। ਲਾਹੀ ਹੋਈ ਪੱਗ ਨੂੰ ਜਿੱਤੇ ਹੋਏ ਤਮਗੇ ਵਾਂਗ ਸਾਂਭ ਕੇ ਰੱਖਣਾ ਜਗੀਰੂ ਮਾਨਸਿਕਤਾ ਤੋਂ ਵੱਧ ਕੁਝ ਵੀ ਨਹੀਂ। ਇਸੇ ਕਰ ਕੇ ਜਦੋਂ ਕਿਤੇ ਲੜਾਈ ਹੁੰਦੀ ਹੈ ਤਾਂ ਪੱਗਾਂ ਲਾਹੁਣ ਅਤੇ ਲੁਕੋਣ ਦਾ ਸਿਲਸਿਲਾ ਨਾਲ ਦੀ ਨਾਲ ਚਲਦਾ ਹੈ। ਸਿੱਖ ਵੀ ਅੱਜ ਤੱਕ ਇਸ ਜਗੀਰੂ ਸੋਚ ਤੋਂ ਖਹਿੜਾ ਛੁਡਾਉਣ ਤੋਂ ਅਸਮਰੱਥ ਰਹੇ ਹਨ। ਸ਼ਾਇਦ ਇਸੇ ਮਾਨਸਿਕਤਾ ਕਰ ਕੇ ਪੰਜਾਬ ਨਿੱਤ ਦਿਨ ਸਮਾਜਕ ਨਿਘਾਰ ਵੱਲ ਵਧ ਰਿਹਾ ਹੈ। ਪੰਜਾਬ ਵਿਚ ਪ੍ਰਚਲਿਤ ਅੰਤਾਂ ਦੀ ਮਾਰੂ ਸਮਾਜਕ ਬੁਰਾਈ, ਭਰੂਣ ਹੱਤਿਆ ਬਾਰੇ ਪੰਜਾਬ ਦੀ ਇਕ ਗੈਰ ਸਰਕਾਰੀ ਸੰਸਥਾ 'ਵਾਲੰਟਰੀ ਹੈਲਥ ਐਸੋਸੀਏਸ਼ਨ ਆਫ ਪੰਜਾਬ' ਵੱਲੋਂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਚਿੱਠੀ ਭੇਜੀ ਗਈ ਸੀ। ਇਸ ਚਿੱਠੀ ਦੇ ਆਧਾਰ 'ਤੇ ਜਥੇਦਾਰ ਨੇ ਸਿੱਖਾਂ ਨੂੰ ਭਰੂਣ ਹੱਤਿਆ ਤੋਂ ਤੋਬਾ ਕਰਨ ਦੀ ਹਦਾਇਤ ਵੀ ਕੀਤੀ ਸੀ; ਪਰ ਜੱਗ ਜਾਣਦਾ ਹੈ ਕਿ ਭਰੂਣ ਹੱਤਿਆ ਦਾ ਭੂਤ ਅੱਜ ਵੀ ਦਨਦਨਾ ਰਿਹਾ ਹੈ ਅਤੇ ਅੱਜ ਤੱਕ ਅਕਾਲ ਤਖਤ ਵੱਲੋਂ ਕਿਸੇ ਖਿਲਾਫ ਕਾਰਵਾਈ ਕਰਨ ਦੀ ਖਬਰ ਨਹੀਂ ਹੈ। ਇਸੇ ਤਰ੍ਹਾਂ ਨਸ਼ਿਆਂ ਦਾ ਮਾਮਲਾ ਹੈ। ਪੰਜਾਬ ਦਾ ਨੌਜਵਾਨ ਇਸ ਦਲਦਲ ਵਿਚ ਧਸਦਾ ਜਾ ਰਿਹਾ ਹੈ। ਚੋਣਾਂ ਵੇਲੇ ਤਾਂ ਨਸ਼ੀਲੇ ਪਦਾਰਥਾਂ ਦੇ ਹੜ੍ਹ ਲਿਆ ਦਿੱਤੇ ਜਾਂਦੇ ਹਨ। ਹੋਰ ਤਾਂ ਹੋਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੌਰਾਨ ਵੋਟਾਂ ਹਾਸਲ ਕਰਨ ਲਈ ਵੀ ਇਹ ਨਸ਼ੀਲੇ ਪਦਾਰਥ ਰੱਜ ਕੇ ਵੰਡੇ ਜਾਂਦੇ ਰਹੇ ਹਨ, ਪਰ ਉਦੋਂ ਵੀ ਕਿਸੇ ਪਾਸਿਉਂ ਕਿਸੇ ਪ੍ਰਕਾਰ ਦੀ ਕਾਰਵਾਈ ਦੀ ਕੋਈ ਖਬਰ ਨਹੀਂ ਆਈ। ਕੀ ਇਹ ਦੋਵੇਂ ਮਾਮਲੇ ਸਿੱਖੀ ਨਾਲ ਜੁੜੇ ਹੋਏ ਨਹੀਂ? ਇਹ ਸਵਾਲ ਕਿਸੇ ਸਿਆਸੀ ਲੀਡਰ ਦਾ ਨਹੀਂ, ਬਲਕਿ ਉਨ੍ਹਾਂ ਸੁਆਣੀਆਂ ਦਾ ਹੈ ਜਿਨ੍ਹਾਂ ਉਤੇ ਇਨ੍ਹਾਂ ਦੋਹਾਂ ਮਾਮਲਿਆਂ ਦਾ ਸਭ ਤੋਂ ਵੱਧ ਅਤੇ ਸਿੱਧਾ ਅਸਰ ਹੁੰਦਾ ਹੈ। ਸਿੱਖੀ ਵਿਚ ਔਰਤ ਨੂੰ ਬੜਾ ਉਚਾ ਦਰਜਾ ਦਿੱਤਾ ਗਿਆ ਹੈ, ਪਰ ਇਨ੍ਹਾਂ ਮਾਮਲਿਆਂ ਉਤੇ 'ਏਤੀ ਮਾਰ ਪਈ' ਹੈ ਅਤੇ ਕੋਈ ਵੀ ਕਿਸੇ ਨੂੰ ਵੀ ਦਰਦ ਨਹੀਂ ਆਇਆ ਹੈ। ਦਸਤਾਰ/ਪੱਗ ਦੀ ਸ਼ਾਨ ਲਈ ਲੜਨ/ਖੜ੍ਹਨ ਵਾਲਿਆਂ ਨੂੰ ਸਲਾਮ ਹੈ, ਪਰ ਆਮ ਸਿੱਖ ਦੀ ਜ਼ਿੰਦਗੀ ਨਾਲ ਜੁੜੇ ਹੋਰ ਸਰੋਕਾਰ ਵੀ ਇਸ ਸ਼ਾਨ ਦਾ ਅੰਗ ਬਣਨੇ ਚਾਹੀਦੇ ਹਨ। ਇਸ ਦੇ ਲਈ ਸ਼ਾਇਦ ਸਾਨੂੰ ਸਿਆਸਤ ਦੀ ਮਾਰ ਤੋਂ ਰਤਾ ਕੁ ਪਾਰ ਜਾ ਕੇ ਸੋਚਣਾ ਪਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੰਗੇਬਾਜ ਪੁਆੜੇ ਹੱਥੇ!*

ਆਪਣੀ ਅਕਲ ਤੋਂ ਲਈਏ ਨਾ ਕੰਮ ਕੋਈ, ਕਰਦਾ ਜਿਸ ਤਰ੍ਹਾਂ ਬੰਦਾ ਲਾਈਲੱਗ ਹੋਵੇ।
ਬਿਨ ਸੱਦਿਆਂ ਝੱਟ ਹੀ ਪਹੁੰਚ ਜਾਈਏ, ਧੁਖਦੀ ਕਿਤੇ ਲੜਾਈ ਦੀ ਅੱਗ ਹੋਵੇ।
ਸੁਣੀਏਂ ਇੱਕ ਨਾ ਅੱਗੇ ਨੂੰ ਧੁੱਸ ਦੇਈਏ, ਭਾਵੇਂ ਰੌਲਾ ਪਾ ਰੋਕਦਾ ਜੱਗ ਹੋਵੇ।
ਗਊ-ਗਧੇ ਦਾ ਸਾਨੂੰ ਨਾ ਫਰਕ ਕੋਈ, ਆਇਆ ਸਾਹਮਣੇ ਹੰਸ ਜਾਂ ਬੱਗ ਹੋਵੇ।
ਤੌਣੀ ਲਾਉਣ ਲਈ ਪੁੱਛੀਏ ਦੋਸ਼ ਕੋਈ ਨਾ, ਫੜਿਆ ਸਾਧ ਜਾਂ ਭਾਵੇਂ ਕੋਈ ਠੱਗ ਹੋਵੇ।
ਚੜ੍ਹੇ ਜੋਸ਼, ਫਿਰ ਹੋਸ਼ ਨੂੰ ਭੁੱਲ ਜਾਈਏ, ਲਾਹੁਣੀ ਕਿਸੇ ਦੇ ਸਿਰੋਂ ਜਦ ਪੱਗ ਹੋਵੇ!

# ਬਾਦਲ, ਮੋਦੀ ਤੇ ਰਾਸ਼ਟਰਵਾਦ

***ਕੀ ਸੰਘੀ ਲੀਡਰਸ਼ਿਪ ਦੀ ਥਾਪੀ ਤੋਂ ਇਲਾਵਾ ਮੋਦੀ ਦੀ ਚੜ੍ਹਤ ਦਾ ਕੋਈ ਹੋਰ ਰਾਜ਼ ਵੀ ਹੈ? ਕਾਂਗਰਸ ਦੀ ਬਦਨਾਮ ਦਿੱਖ? ਜਾਂ ਕੁਝ ਹੋਰ? ਇਹ ਸੱਚ ਹੈ ਕਿ ਮੁਲਕ ਦੇ ਵਸੀਲਿਆਂ ਦੀ ਧਾੜਵੀਆਂ ਵਾਂਗ ਲੁੱਟਮਾਰ ਦੇ ਬੇਮਿਸਾਲ ਘੁਟਾਲਿਆਂ ਕਾਰਨ ਕਾਂਗਰਸ ਦੀ ਸਿਆਸੀ ਸਾਖ਼ ਬੁਰੀ ਤਰ੍ਹਾਂ ਦਾਗ਼ੀ ਹੈ, ਪਰ ਇਸ ਪੱਖੋਂ ਦੇਖਿਆਂ, ਕਾਂਗਰਸ ਦੇ ਘੁਟਾਲਿਆਂ ਨੂੰ ਛੱਜ 'ਚ ਪਾ ਕੇ ਛੱਟਣ ਵਾਲੀ ਭਾਜਪਾ ਦਾ ਆਪਣਾ ਮੂੰਹ ਵੀ ਬਥੇਰਾ ਕਾਲਾ ਹੈ। ਜੇ ਫਿਰ ਵੀ, ਮੋਦੀ ਦੀ ਰਾਜਸੀ ਪ੍ਰੋਮੋਸ਼ਨ 'ਚ ਵਿਦੇਸ਼ੀ ਤੇ ਦੇਸੀ ਕਾਰਪੋਰੇਟ ਘਰਾਣਿਆਂ ਦੀ ਪਿਛਲੇ ਸਮੇਂ ਤੋਂ ਡੂੰਘੀ ਰੁਚੀ ਸਾਹਮਣੇ ਆਈ ਹੈ ਤਾਂ ਇਸ ਨੂੰ ਸਮਝਣ ਦੀ ਲੋੜ ਹੈ।***

**ਬੂਟਾ ਸਿੰਘ**

ਫੋਨ: 91-94634-74342

ਭਾਜਪਾ ਆਗੂ ਨਰੇਂਦਰ ਮੋਦੀ ਕੁੱਲ ਰੁਕਾਵਟਾਂ ਸਰ ਕਰ ਕੇ 2014 ਦੀਆਂ ਲੋਕ ਸਭਾ ਚੋਣਾਂ ਦੀ ਮੁਹਿੰਮ ਦੀ ਕਮਾਨ ਹੱਥ ਲੈਣ 'ਚ ਕਾਮਯਾਬ ਹੋ ਗਏ, ਪਰ ਉਨ੍ਹਾਂ ਦਾ ਰਾਹ ਇੰਨਾ ਸੁਖਾਲਾ ਵੀ ਨਹੀਂ। ਉਂਜ, ਉਹ ਮੋਦੀ ਜਿਸ ਦੇ ਹੱਥ 2002 'ਚ ਮੁਸਲਮਾਨਾਂ ਦੀ ਵਸੀਹ ਪੈਮਾਨੇ 'ਤੇ ਕਤਲੋਗ਼ਾਰਤ ਅਤੇ ਫਰਜ਼ੀ ਪੁਲਿਸ ਮੁਕਾਬਲਿਆਂ 'ਚ ਵਹਾਏ ਮੁਸਲਮਾਨ ਨੌਜਵਾਨਾਂ ਦੇ ਖ਼ੂਨ ਨਾਲ ਲਿੱਬੜੇ ਹੋਏ ਹਨ, ਆਪਣੇ ਸਭ ਤੋਂ ਵੱਡੇ ਸਰਪ੍ਰਸਤ ਰਹਿ ਚੁੱਕੇ ਲਾਲ ਕ੍ਰਿਸ਼ਨ ਅਡਵਾਨੀ ਨੂੰ ਠਿੱਬੀ ਲਾ ਕੇ ਅੱਗੇ ਨਿਕਲ ਗਿਆ ਹੈ। ਭਗਵਾਂ ਪਾਰਟੀ ਦੇ ਇਸ 'ਲੋਹ-ਪੁਰਸ਼' ਅਤੇ ਜਸਵੰਤ ਸਿੰਘ, ਯਸ਼ਵੰਤ ਸਿਨਹਾ ਤੇ ਉਮਾ ਭਾਰਤੀ ਨੇ ਮੋਦੀ ਦੇ ਹੱਕ 'ਚ ਬਣੇ ਮਾਹੌਲ ਨੂੰ ਦੇਖਦਿਆਂ ਮੀਟਿੰਗ ਵਿਚੋਂ ਬਹਾਨੇ ਨਾਲ ਗ਼ੈਰਹਾਜ਼ਰ ਰਹਿਣ 'ਚ ਹੀ ਭਲਾਈ ਸਮਝੀ। ਨਾ ਬਾਕੀਆਂ ਦੀ ਨਾਰਾਜ਼ਗੀ ਗੁੱਝੀ ਰਹੀ ਅਤੇ ਨਾ ਅਡਵਾਨੀ ਦੀ। ਮੋਦੀ ਨੂੰ ਚੋਣਾਂ ਦੀ ਕਮਾਨ ਸੌਂਪੇ ਜਾਣ ਦੇ ਫ਼ੈਸਲੇ ਉੱਪਰ ਮੋਹਰ ਲਗਦੇ ਸਾਰ ਅਸਤੀਫ਼ਾ ਦੇ ਕੇ ਅਡਵਾਨੀ ਨੇ ਫ਼ੈਸਲੇ ਨਾਲ ਸ਼ਰੇਆਮ ਨਾਰਾਜ਼ਗੀ ਜ਼ਾਹਿਰ ਕਰ ਦਿੱਤੀ। ਇਹ ਵੱਖਰੀ ਗੱਲ ਹੈ ਕਿ ਆਰ.ਐੱਸ.ਐੱਸ ਦੇ ਮੁਖੀ ਮੋਹਨ ਭਾਗਵਤ ਵਲੋਂ ਫ਼ੋਨ 'ਤੇ ਉਸ ਦੀ ਝਾੜ-ਝੰਬ ਕਰਨ ਅਤੇ ਰਾਜਨਾਥ ਸਿੰਘ ਤੇ ਸੁਸ਼ਮਾ ਸਵਰਾਜ ਵਰਗਿਆਂ ਵੱਲੋਂ ਪਹੁੰਚ ਕਰਨ 'ਤੇ ਉਸ ਨੇ ਮੌਕੇ ਦੀ ਨਜ਼ਾਕਤ ਦੇਖ ਕੇ ਸਮਝੌਤੇ ਦਾ 'ਮੋਮ ਵਰਗਾ ਨਰਮ' ਰਾਹ ਵੀ ਅਪਣਾ ਲਿਆ। ਆਖ਼ਿਰ ਸੰਘ ਦੀ ਲੀਡਰਸ਼ਿਪ ਨੂੰ ਵੀ ਆਪਣੇ ਹਿੰਦੂਤਵੀ ਏਜੰਡੇ ਨੂੰ ਅੱਗੇ ਵਧਾਉਣ ਲਈ ਮੋਦੀ ਵਰਗੇ ਵਧੇਰੇ ਹਿੰਸਕ ਚਿਹਰੇ ਦੀ ਵੱਧ ਲੋੜ ਸੀ। 'ਲੋਹਪੁਰਸ਼' ਦੀ ਲੀਡਰਸ਼ਿਪ ਹੇਠ ਤਾਂ ਭਾਜਪਾ ਨੂੰ ਦੋ ਲੋਕ ਸਭਾ ਚੋਣਾਂ ਵਿਚ ਹਾਰ ਦੀ ਨਮੋਸ਼ੀ ਝੱਲਣੀ ਪਈ ਹੈ!

ਤਾਜਪੋਸ਼ੀ ਹੁੰਦੇ ਸਾਰ ਹੀ ਭਾਰਤੀ ਫਾਸ਼ੀਵਾਦ ਦੇ ਮੁਜੱਸਮੇ ਮੋਦੀ ਨੇ ਪੰਜਾਬ ਵਿਚ ਪਠਾਨਕੋਟ ਤੋਂ ਪਾਰਟੀ ਦੀ ਚੋਣ ਮੁਹਿੰਮ ਦਾ ਬਿਗਲ ਵਜਾ ਦਿੱਤਾ। ਜਦੋਂ ਦਹਾਕਿਆਂ ਤੋਂ ਸੱਤਾ ਦੀ ਭਾਈਵਾਲ ਭਾਜਪਾ ਦੀ ਐਨੀ ਅਹਿਮ ਮੁਹਿੰਮ ਉਨ੍ਹਾਂ ਦੇ ਆਪਣੇ ਸੂਬੇ ਵਿਚੋਂ ਵਿੱਢੀ ਜਾ ਰਹੀ ਹੋਵੇ, ਫਿਰ ਭਲਾ ਬਾਦਲ ਅਕਾਲੀ ਦਲ ਅਜਿਹੇ ਅਹਿਮ ਮੌਕੇ 'ਤੇ ਗ਼ੈਰਹਾਜ਼ਰ ਕਿਵੇਂ ਰਹਿ ਸਕਦਾ ਸੀ। ਉੱਤਰਾਖੰਡ 'ਚ ਮਚੀ ਤਬਾਹੀ ਦੇ ਪੱਜ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਿਦੇਸ਼ ਦੌਰੇ ਤੋਂ ਤੁਰੰਤ ਵਾਪਸ ਆ ਗਏ ਅਤੇ ਚੰਡੀਗੜ੍ਹ 'ਚ ਤਬਾਹੀ ਪੀੜਤਾਂ ਦੀ ਹਰ ਮਦਦ ਕੀਤੇ ਜਾਣ ਦਾ ਰਸਮੀਂ ਭਰੋਸਾ ਦਿਵਾ ਕੇ ਸਿੱਧਾ ਮੋਦੀ ਰੈਲੀ 'ਚ ਜਾ ਬਿਰਾਜੇ ਜੋ ਉਨ੍ਹਾਂ ਦੀ ਵਾਪਸੀ ਦਾ ਅਸਲ ਮਕਸਦ ਸੀ। ਮੋਦੀ ਨਾਲ ਜਿੱਤ ਦੇ ਨਿਸ਼ਾਨ ਬਣਾਉਂਦੇ ਬਾਦਲ ਦੀ ਤਸਵੀਰ ਸਪਸ਼ਟ ਰਾਜਸੀ ਸੰਦੇਸ਼ ਹੈ ਕਿ ਮੋਦੀ ਤਾਂ ਕੀ, ਉਨ੍ਹਾਂ ਨੂੰ ਭਗਵਾਂ ਪਾਰਟੀ ਦੀ ਨੀਤੀ ਵਿਚ ਕੋਈ ਵੀ ਬਦਲਾਅ ਕਬੂਲ ਵੀ ਹੈ ਅਤੇ ਹਜ਼ਮ ਵੀ ਹੈ। ਜਦੋਂ ਤਕ ਭਾਜਪਾ ਅੰਦਰਲੀ ਰੱਦੋਬਦਲ ਪੰਜਾਬ ਵਿਚ ਉਨ੍ਹਾਂ ਦੇ ਰਾਜਸੀ ਗ਼ਲਬੇ ਲਈ ਕੋਈ ਖ਼ਤਰਾ ਨਹੀਂ ਬਣਦੀ, ਉਹ ਭਲਾ ਉਜਰ ਕਰਨਗੇ ਵੀ ਕਿਉਂ? ਉਨ੍ਹਾਂ ਨੂੰ ਭਾਜਪਾ ਦੀ ਮੂਲ ਰਾਜਸੀ ਤਾਸੀਰ 'ਸੱਭਿਆਚਾਰਕ ਰਾਸ਼ਟਰਵਾਦ' ਉੱਪਰ ਹੀ ਕੋਈ ਕਿੰਤੂ-ਪ੍ਰੰਤੂ ਨਹੀਂ ਹੈ!

ਹਿੰਦੂ ਫਿਰਕਾਪ੍ਰਸਤੀ ਦਾ ਵਿਰੋਧ ਅਤੇ ਧਾਰਮਿਕ ਘੱਟ ਗਿਣਤੀਆਂ ਦੇ ਹੱਕਾਂ ਦੀ ਦਾਅਵੇਦਾਰੀ ਅਕਾਲੀ ਦਲ ਦਾ ਵੱਡਾ ਮੁੱਦਾ ਰਿਹਾ ਹੈ। ਅਕਾਲੀ ਦਲ ਸੂਬਿਆਂ ਨੂੰ ਵੱਧ ਅਧਿਕਾਰਾਂ ਅਤੇ ਕੇਂਦਰ ਦੀ ਸੂਬਿਆਂ ਵਿਚ ਨਾਜਾਇਜ਼ ਦਖ਼ਲਅੰਦਾਜ਼ੀ 'ਤੇ ਰੋਕ ਲਾਉਣ ਵਾਲਾ ਸੰਘੀ ਸੰਵਿਧਾਨਕ ਚੌਖਟਾ ਲਿਆਉਣ ਦਾ ਹਾਮੀ ਰਿਹਾ ਹੈ। ਇਸ ਦੇ ਉਲਟ ਭਾਜਪਾ ਸਮੇਤ ਸੰਘੀਆਂ ਦਾ ਪੂਰਾ ਲਾਣਾ ਧਾਰਮਿਕ, ਭਾਸ਼ਾਈ ਘੱਟ ਗਿਣਤੀਆਂ ਅਤੇ ਕੌਮੀਅਤਾਂ ਦਾ ਘੋਰ ਦੁਸ਼ਮਣ ਹੈ ਅਤੇ ਹੋਰ ਵੀ ਵਧੇਰੇ ਕੇਂਦਰਮੁਖੀ ਰਾਜ ਢਾਂਚੇ ਦਾ ਮੁੱਦਈ ਹੈ। ਭਾਜਪਾ ਵਰਗੀ ਪਾਰਟੀ ਨਾਲ ਅਕਾਲੀ ਲੀਡਰਸ਼ਿਪ ਦੇ ਪੱਕੇ ਰਾਜਸੀ ਗੱਠਜੋੜ ਦਾ ਮਤਲਬ ਇਹੀ ਹੈ ਕਿ ਜ਼ਬਾਨੀ-ਕਲਾਮੀਂ ਅਕਾਲੀ ਦਲ ਦੇ ਦਾਅਵੇ ਕੁਝ ਵੀ ਹੋਣ, ਵਿਹਾਰਕ ਅਰਥਾਂ 'ਚ ਅਕਾਲੀ ਲੀਡਰਸ਼ਿਪ ਆਪਣੀ ਇਸ ਮੂਲ ਸਿਆਸੀ ਸੇਧ ਨੂੰ ਚਿਰੋਕਣੀ ਤਿਲਾਂਜਲੀ ਦੇ ਕੇ ਸੱਤਾ ਲਈ ਘੋਰ ਮੌਕਾਪ੍ਰਸਤ ਗੱਠਜੋੜਾਂ ਦੀ ਸਿਆਸਤ ਦੇ ਲੜ ਲੱਗ ਚੁੱਕੀ ਹੈ। ਸੱਤਾ 'ਚ ਬਣੇ ਰਹਿਣ ਲਈ ਉਸ ਨੂੰ ਮੋਦੀ ਵਰਗੇ ਸੁਪਰ ਫਾਸ਼ੀਵਾਦੀ ਨਾਲ ਜੋਟੀ ਪਾਉਣ ਵਿਚ ਕੋਈ ਸੰਕੋਚ ਨਹੀਂ ਹੈ।

ਅਡਵਾਨੀ ਦੀ ਸਰਪ੍ਰਸਤੀ ਦੇ ਬਾਵਜੂਦ ਭਾਜਪਾ ਦੇ ਅੰਦਰ ਮੋਦੀ ਦਾ ਤਿੱਖਾ ਵਿਰੋਧ ਕਰਨ ਵਾਲੇ ਸਿਆਸੀ ਸ਼ਰੀਕਾਂ ਦੀ ਕਮੀ ਨਹੀਂ ਰਹੀ। ਭਾਜਪਾ ਦੇ ਅੰਦਰ ਸੁਸ਼ਮਾ ਸਵਰਾਜ, ਉਮਾ ਭਾਰਤੀ, ਯਸ਼ਵੰਤ ਸਿਨਹਾ ਵਰਗੇ ਅਤੇ ਦੂਜੇ ਪਾਸੇ ਭਾਜਪਾ ਦੀ ਅਗਵਾਈ ਵਾਲੇ ਸਾਂਝੇ ਗੱਠਜੋੜ ਦੇ ਹਿੱਸੇਦਾਰ ਊਧਵ ਠਾਕਰੇ, ਨਿਤੀਸ਼ ਕੁਮਾਰ, ਸ਼ਰਦ ਯਾਦਵ ਵੀ ਮੋਦੀ ਨੂੰ ਅੱਗੇ ਲਿਆਉਣ ਦਾ ਜ਼ੋਰਦਾਰ ਵਿਰੋਧ ਕਰਦੇ ਰਹੇ ਹਨ। ਕਾਰਪੋਰੇਟ ਮੀਡੀਆ ਵਲੋਂ ਮੋਦੀ ਦੇ ਖ਼ੂੰਖ਼ਾਰ ਚਿਹਰੇ ਨੂੰ ਦਰਕਿਨਾਰ ਕਰ ਕੇ ਉਸ ਨੂੰ ਭਰੋਸੇਯੋਗ ਤੇ ਪਾਏਦਾਰ ਰਾਜਸੀ ਹਸਤੀ ਵਜੋਂ ਉਭਾਰਨ ਦੀ ਮੁਹਿੰਮ ਅੱਗੇ ਅਤੇ ਮੋਦੀ ਦੀ ਚਾਣਕਿਆ ਨੀਤੀ ਅੱਗੇ ਇਨ੍ਹਾਂ ਸਾਰਿਆਂ ਦੀ ਕੋਈ ਪੇਸ਼ ਨਹੀਂ ਗਈ। ਗੁਜਰਾਤ ਵਿਚ ਆਪਣੇ ਪਾਰਟੀ ਅੰਦਰਲੇ ਵਿਰੋਧੀਆਂ ਦੇ ਜਾਨੀ ਸਫ਼ਾਏ ਤੋਂ ਸ਼ੁਰੂ ਕਰ ਕੇ ਮੁਲਕ ਪੱਧਰ 'ਤੇ ਆਪਣੇ ਹੱਕ 'ਚ ਮਾਹੌਲ ਸਿਰਜਣ ਦੀ ਜੋੜ-ਤੋੜ ਮੁਹਿੰਮ ਨੇ ਮੋਦੀ ਦੇ ਵਿਰੋਧੀਆਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਅਤੇ ਇਕ ਇਕ ਕਰ ਕੇ ਉਹ ਉਸ ਦੀ ਰਾਜਸੀ ਚੜ੍ਹਤ ਨਾਲ ਸਮਝੌਤਾ ਕਰਨ ਲਈ ਮਜਬੂਰ ਹੋ ਗਏ। ਕੀ ਸੰਘੀ ਲੀਡਰਸ਼ਿਪ ਦੀ ਥਾਪੀ ਤੋਂ ਇਲਾਵਾ ਮੋਦੀ ਦੀ ਚੜ੍ਹਤ ਦਾ ਕੋਈ ਹੋਰ ਰਾਜ਼ ਵੀ ਹੈ? ਕਾਂਗਰਸ ਦੀ ਬਦਨਾਮ ਦਿੱਖ? ਜਾਂ ਕੁਝ ਹੋਰ? ਇਹ ਸੱਚ ਹੈ ਕਿ ਮੁਲਕ ਦੇ ਵਸੀਲਿਆਂ ਦੀ ਧਾੜਵੀਆਂ ਵਾਂਗ ਲੁੱਟਮਾਰ ਦੇ ਬੇਮਿਸਾਲ ਘੁਟਾਲਿਆਂ ਕਾਰਨ ਕਾਂਗਰਸ ਦੀ ਸਿਆਸੀ ਸਾਖ਼ ਬੁਰੀ ਤਰ੍ਹਾਂ ਦਾਗ਼ੀ ਹੈ, ਪਰ ਇਸ ਪੱਖੋਂ ਦੇਖਿਆਂ, ਕਾਂਗਰਸ ਦੇ ਘੁਟਾਲਿਆਂ ਨੂੰ ਛੱਜ 'ਚ ਪਾ ਕੇ ਛੱਟਣ ਵਾਲੀ ਭਾਜਪਾ ਦਾ ਆਪਣਾ ਮੂੰਹ ਵੀ ਬਥੇਰਾ ਕਾਲਾ ਹੈ। ਜੇ ਫਿਰ ਵੀ, ਮੋਦੀ ਦੀ ਰਾਜਸੀ ਪ੍ਰੋਮੋਸ਼ਨ 'ਚ ਵਿਦੇਸ਼ੀ ਤੇ ਦੇਸੀ ਕਾਰਪੋਰੇਟ ਘਰਾਣਿਆਂ ਦੀ ਪਿਛਲੇ ਸਮੇਂ ਤੋਂ ਡੂੰਘੀ ਰੁਚੀ ਸਾਹਮਣੇ ਆਈ ਹੈ ਤਾਂ ਇਸ ਨੂੰ ਸਮਝਣ ਦੀ ਲੋੜ ਹੈ। ਦਰਅਸਲ, ਉਪਰੋਥਲੀ ਸੱਤਾ 'ਚ ਦੋ ਪਾਰੀਆਂ ਦੇ ਬਾਵਜੂਦ ਵਿਦੇਸ਼ੀ ਤੇ ਦੇਸੀ ਕਾਰਪੋਰੇਟ ਜਗਤ ਕਾਂਗਰਸ ਦੀ ਲੀਡਰਸ਼ਿਪ ਨੂੰ ਪਾਟੋਧਾੜ ਦੀ ਸ਼ਿਕਾਰ, ਕਮਜ਼ੋਰ ਤੇ ਡਾਵਾਂਡੋਲ ਸਿਆਸੀ ਲੀਡਰਸ਼ਿਪ ਵਜੋਂ ਦੇਖਦਾ ਹੈ। ਕਾਰਪੋਰੇਟ ਜਗਤ ਸਮਝਦਾ ਹੈ ਕਿ ਕਾਂਗਰਸ ਜ਼ਰੀਏ ਉਨ੍ਹਾਂ ਦਾ ਏਜੰਡਾ ਜਿੱਥੋਂ ਤਕ ਲਾਗੂ ਕਰਵਾਇਆ ਜਾ ਸਕਦਾ ਸੀ, ਉਹ ਹੋ ਚੁੱਕਾ ਹੈ। ਇਸ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ ਦਲੇਰੀ ਨਾਲ ਵੱਡੇ ਫ਼ੈਸਲੇ ਲੈਣ ਵਾਲੀ ਲੀਡਰਸ਼ਿਪ ਚਾਹੀਦੀ ਹੈ। ਇਸ ਪੜਾਅ 'ਤੇ ਉਨ੍ਹਾਂ ਨੂੰ ਅਜਿਹੀ ਆਗੂ 'ਪ੍ਰਤਿਭਾ' ਮੋਦੀ ਦੀ ਸ਼ਖਸੀਅਤ ਵਿਚ ਦਿਖਾਈ ਦੇ ਰਹੀ ਹੈ। ਮੋਦੀ ਨੇ ਗੁਜਰਾਤ ਅੰਦਰ ਕਾਰਪੋਰੇਟ ਵਿਕਾਸ ਮਾਡਲ ਨੂੰ ਜਿਵੇਂ ਰਸਮੀ ਪ੍ਰਸ਼ਾਸਨਿਕ ਅਮਲਾਂ ਦੀਆਂ ਧੱਜੀਆਂ ਉਡਾ ਕੇ ਧੱਕੜ ਢੰਗ ਨਾਲ ਲਾਗੂ ਕੀਤਾ ਅਤੇ ਵਿਰੋਧੀ ਤਾਕਤਾਂ ਨੂੰ ਜਿਵੇਂ ਕੁਚਲਿਆ, ਉਸ ਨੇ ਕਾਰਪੋਰੇਟ ਜਗਤ ਦੇ ਮਨ ਮੋਹ ਲਏ ਹਨ। ਪਿਛਲੇ ਸਮੇਂ ਤੋਂ ਮੀਡੀਆ ਵਿਚ ਮੋਦੀ ਨੂੰ ਟਿਕਾਊ ਵਿਕਾਸ ਦੇ ਚਿੰਨ੍ਹ ਵਜੋਂ ਉਭਾਰਨ ਵਾਲੇ ਲੇਖਾਂ, ਟਿੱਪਣੀਆਂ, ਸਰਵੇਖਣਾਂ ਦੀ ਭਰਮਾਰ ਤੋਂ ਇਸ ਰਮਜ਼ ਨੂੰ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਵਿਚ ਇਕੋ ਨੁਕਤਾ ਵਾਰ ਵਾਰ ਦੁਹਰਾਇਆ ਜਾਂਦਾ ਰਿਹਾ : "ਮੋਦੀ ਕੌਮੀ ਪੱਧਰ ਦੀ ਲੀਡਰਸ਼ਿਪ ਦੇਣ ਦੇ ਸਮਰੱਥ ਹੈ "। ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਅਤੇ ਮੋਦੀ ਦੀ ਅਗਵਾਈ ਹੇਠ ਭਾਜਪਾ ਦਾ ਮੁਕਾਬਲਾ ਕਰ ਕੇ ਇਹ ਜਨਤਕ ਰਾਇ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਆਰਥਿਕ ਵਾਧਾ ਤੇ ਮੁਲਕ ਦਾ ਵਿਕਾਸ, ਵਧੀਆ ਨਿਜ਼ਾਮ, ਫੁਰਤੀਲੀ ਸਰਕਾਰ ਅਤੇ ਅੰਦਰੂਨੀ ਤੇ ਬਾਹਰੀ ਖ਼ਤਰਿਆਂ ਤੋਂ ਸੁਰੱਖਿਆ ਦੇ ਪੱਖਾਂ ਤੋਂ ਦੇਖਿਆ ਇਨ੍ਹਾਂ ਵਿਚੋਂ ਕਿਸ ਦੇ ਹੱਥ 'ਚ ਮੁਲਕ ਦਾ ਭਵਿਖ ਵਧੇਰੇ ਮਹਿਫ਼ੂਜ਼ ਅਤੇ ਬਿਹਤਰ ਹੋਵੇਗਾ। ਚੇਤੇ ਰਹੇ ਕਿ ਮੋਦੀ ਨੂੰ ਵਿਕਾਸ ਤੇ ਤਰੱਕੀ ਦਾ ਪ੍ਰਤੀਕ ਬਣਾ ਕੇ ਪੇਸ਼ ਕੀਤੇ ਜਾਣ ਦੀ ਕਵਾਇਦ ਮੀਡੀਆ ਦੇ ਇਕ ਵੱਡੇ ਹਿੱਸੇ ਵਲੋਂ ਉਦੋਂ ਕੀਤੀ ਜਾ ਰਹੀ ਹੈ ਜਦੋਂ ਉੱਚ ਅਦਾਲਤ ਵਿਚ ਚਲ ਰਹੇ ਚਰਚਿਤ ਮੁਕੱਦਮੇ ਦੌਰਾਨ ਸੀ.ਬੀ.ਆਈ. ਦੀ ਜਾਂਚ ਮੋਦੀ ਦੇ ਇਸ਼ਾਰੇ ਨਿਰਦੋਸ਼ਾਂ ਦੇ ਕਤਲਾਂ ਦੀਆਂ ਪਰਤਾਂ ਸਾਹਮਣੇ ਲਿਆ ਰਹੀ ਹੈ। ਮਾਮਲਾ ਜੋ ਗੁਜਰਾਤ ਦੇ ਫਰਜ਼ੀ ਇਸ਼ਰਤ ਜਹਾਂ ਪੁਲਿਸ ਮੁਕਾਬਲੇ ਵਜੋਂ ਅਖ਼ਬਾਰੀ ਸੁਰਖ਼ੀਆਂ 'ਚ ਹੈ ਜਿਸ ਦੀ ਚਾਰਜਸ਼ੀਟ ਇਸ 4 ਜੁਲਾਈ ਨੂੰ ਅਦਾਲਤ 'ਚ ਪੇਸ਼ ਕੀਤੀ ਜਾਣੀ ਹੈ।

ਚਾਹੇ ਅਖੌਤੀ ਇਸਲਾਮਿਕ ਅਤਿਵਾਦ ਅਤੇ ਮਾਓਵਾਦ ਦੇ ਅੰਦਰੂਨੀ ਖ਼ਤਰੇ ਦਾ ਸਵਾਲ ਹੋਵੇ ਜਾਂ ਲੋੜ ਅਨੁਸਾਰ ਕਦੇ ਚੀਨ ਤੇ ਕਦੇ ਪਾਕਿਸਤਾਨ ਤੋਂ ਬਾਹਰੀ ਖ਼ਤਰੇ ਨਾਲ ਕਰੜੇ ਹੱਥੀਂ ਨਜਿੱਠਣ ਦਾ ਹੋ-ਹੱਲਾ ਹੋਵੇ, ਮੁੱਖਧਾਰਾ ਮੀਡੀਆ ਮੁਲਕ ਦੇ ਅਵਾਮ ਦੀ ਸੁਰਤਾਅ ਉਨ੍ਹਾਂ ਦੇ ਅਸਲ ਮਸਲਿਆਂ ਅਤੇ ਅਸਲ ਖ਼ਤਰਿਆਂ ਤੋਂ ਹਟਾ ਕੇ ਉਨ੍ਹਾਂ ਨੂੰ ਕੌਮੀ ਜਨੂੰਨ ਦੇ ਰੋੜ੍ਹ 'ਚ ਵਹਾਉਣ ਲਈ ਪੂਰਾ ਟਿੱਲ ਲਾਉਂਦਾ ਰਿਹਾ ਹੈ। ਇਸ ਅਖੌਤੀ ਖ਼ਤਰੇ ਦੇ ਸਾਏ ਹੇਠ ਕਰੜੇ ਹੱਥੀਂ ਨਜਿੱਠਣ ਅਤੇ ਦੋਚਿੱਤੀ ਛੱਡ ਕੇ ਧੜੱਲੇ ਨਾਲ ਵੱਡੇ ਵੱਡੇ ਫ਼ੈਸਲੇ ਲੈਣ ਵਾਲੀ ਲੀਡਰਸ਼ਿਪ ਦੀ ਜ਼ੋਰਦਾਰ ਲੋੜ ਉਭਾਰੀ ਜਾਂਦੀ ਰਹੀ ਹੈ। ਇਸ ਮਾਹੌਲ ਦੇ ਹਵਾਲੇ ਨਾਲ ਭਾਜਪਾ ਆਗੂਆਂ ਦੀ ਜੰਗਬਾਜ਼ ਕਾਂਵਾਂਰੌਲੀ ਅਤੇ ਕੇਂਦਰ 'ਚ ਕਾਂਗਰਸੀ ਹੁਕਮਰਾਨਾਂ ਦੇ ਇਸ ਪੱਖੋਂ ਉਨ੍ਹਾਂ ਤੋਂ ਪਿੱਛੇ ਨਾ ਰਹਿਣ ਦੀ ਮੁਕਾਬਲੇਬਾਜ਼ੀ ਸੁਖ਼ਾਲਿਆਂ ਹੀ ਸਮਝ ਆ ਜਾਂਦੀ ਹੈ, ਜਿਸ ਦਾ ਇਕ ਇਜ਼ਹਾਰ ਕਸਾਬ, ਅਫ਼ਜ਼ਲ ਗੁਰੂ ਵਰਗਿਆਂ ਨੂੰ ਫਟਾਫਟ ਫਾਹੇ ਲਾਉਣ ਅਤੇ ਮਾਓਵਾਦੀ ਆਗੂਆਂ ਨੂੰ ਗੱਲਬਾਤ ਦੇ ਬਹਾਨੇ ਕਾਬੂ ਕਰ ਕੇ ਮੁਕਾਬਲਿਆਂ 'ਚ ਕਤਲ ਕਰਨ ਤੇ ਗੱਲਬਾਤ ਰਾਹੀਂ ਮਸਲਿਆਂ ਦਾ ਸਿਆਸੀ ਹੱਲ ਕੱਢਣ ਦੀ ਥਾਂ ਆਪਣੇ ਹੀ ਲੋਕਾਂ ਵਿਰੁੱਧ ਰਾਜ ਮਸ਼ੀਨਰੀ ਦੇ ਹਮਲੇ ਨੂੰ ਜ਼ਰਬਾਂ ਦੇਣ ਵਾਲੇ ਰਾਜਸੀ ਫ਼ੈਸਲਿਆਂ ਦੇ ਰੂਪ 'ਚ ਸਾਹਮਣੇ ਆਉਂਦਾ ਰਿਹਾ ਹੈ। ਇਹ ਕਾਰਪੋਰੇਟ ਵਿਕਾਸ ਮਾਡਲ ਦਾ ਸ਼ਾਂਤਮਈ ਵਿਰੋਧ ਕਰਨ ਜਾਂ ਇਸ ਨਾਲ ਹਥਿਆਰਬੰਦ ਟੱਕਰ ਲੈਣ ਵਾਲਿਆਂ ਨੂੰ ਸੁਣਾਉਣੀ ਸੀ।

ਲਿਹਾਜ਼ਾ, ਮੋਦੀ ਦੇ ਹੱਥ ਕਮਾਨ ਮੁਲਕ ਅੰਦਰ ਫਾਸ਼ੀਵਾਦ ਦੇ ਵਧ ਰਹੇ ਜੌੜੇ ਖ਼ਤਰੇ ਦਾ ਸੰਕੇਤ ਹੈ। ਮੋਦੀ ਨੇ ਐਲਾਨ ਕੀਤਾ ਕਿ ਅਕਤੂਬਰ ਵਿਚ ਉਹ ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਸਰਦਾਰ ਪਟੇਲ ਦੇ ਜਨਮ ਦਿਨ 'ਤੇ ਮੁਲਕ ਦੇ ਪੰਜ ਲੱਖ ਪਿੰਡਾਂ ਵਿਚੋਂ ਕਿਸਾਨਾਂ ਤੋਂ ਲੋਹੇ ਦੇ ਟੁਕੜੇ ਇਕੱਠੇ ਕਰਨ ਦੀ ਮੁਹਿੰਮ ਚਲਾਏਗਾ ਅਤੇ ਇਨ੍ਹਾਂ ਤੋਂ ਪਟੇਲ ਦਾ 392 ਫੁੱਟ ਉੱਚਾ (ਦੁਨੀਆ ਦਾ ਸਭ ਤੋਂ ਉੱਚਾ) 'ਏਕਤਾ ਦਾ ਬੁੱਤ' ਬਣਾ ਕੇ ਲਗਾਏਗਾ। ਉਹ 11 ਜੂਨ ਨੂੰ ਡੇਅਰੀ ਅਤੇ ਪਸ਼ੂਪਾਲਣ ਬਾਰੇ ਕੌਮੀ ਸੰਮੇਲਨ ਦੇ ਉਦਘਾਟਨ ਮੌਕੇ ਇਹ ਭਾਸ਼ਣ ਉਸ ਗੁਜਰਾਤ ਦੀ ਧਰਤੀ 'ਤੇ ਦੇ ਰਿਹਾ ਸੀ ਜਿਥੋਂ ਦੀਆਂ ਚਰਗਾਹਾਂ, ਘਾਹ ਦੇ ਮੈਦਾਨਾਂ ਅਤੇ ਕਿਸਾਨਾਂ ਦੇ ਖੇਤਾਂ ਉੱਪਰ ਉਸ ਦੀ 'ਫ਼ੌਲਾਦੀ' ਅਗਵਾਈ ਹੇਠ ਕਾਰਪੋਰੇਟਾਂ ਨੇ ਕਬਜ਼ੇ ਕਰ ਕੇ ਆਪਣੇ ਸੁਪਰ ਮੁਨਾਫ਼ਿਆਂ ਵਾਲੇ ਕਾਰੋਬਾਰ ਉਸਾਰ ਲਏ ਹਨ। ਟਾਟਾ ਅਤੇ ਅਦਾਨੀ ਘਰਾਣੇ ਇਸ ਦੀ ਮਿਸਾਲ ਹਨ। ਉਸ ਨੇ ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਹੋਰ ਸੰਘਰਸ਼ਸ਼ੀਲ ਅਵਾਮ ਨੂੰ ਸਪਸ਼ਟ ਇਸ਼ਾਰਾ ਕਰ ਦਿੱਤਾ ਹੈ ਕਿ ਉਹ ਪਟੇਲ ਵਾਂਗ ਹਰ ਜਮਹੂਰੀ ਵਿਰੋਧ ਨੂੰ ਫ਼ੌਜੀ ਬੂਟਾਂ ਹੇਠ ਬੇਰਹਿਮੀ ਨਾਲ ਕੁਚਲੇਗਾ। ਅਕਾਲੀ ਲੀਡਰਸ਼ਿਪ ਖ਼ੁਦ ਇਸ ਕਾਰਪੋਰੇਟ ਏਜੰਡੇ ਦੀ ਪੈਰੋਕਾਰ ਹੋਣ ਕਾਰਨ ਇਸ ਖ਼ਤਰੇ ਨੂੰ ਬੁੱਝਣ ਤੋਂ ਇਨਕਾਰੀ ਹੀ ਨਹੀਂ ਸਗੋਂ ਇਸ 'ਤੇ ਪਰਦਾਪੋਸ਼ੀ ਕਰ ਕਰੀ ਹੈ, ਪਰ ਮੁਲਕ ਦੀਆਂ ਜਮਹੂਰੀ ਤਾਕਤਾਂ ਨੂੰ ਜੌੜੇ ਫਾਸ਼ੀਵਾਦ ਦੇ ਇਸ ਵਧ ਰਹੇ ਖ਼ਤਰੇ ਬਾਰੇ ਖ਼ਬਰਦਾਰ ਹੋ ਕੇ ਇਸ ਦਾ ਹੱਲ ਜ਼ਰੂਰ ਸੋਚਣਾ ਚਾਹੀਦਾ ਹੈ।

# ਡੈਮਾਂ ਦੀ ਉਸਾਰੀ ਬਨਾਮ ਕੁਦਰਤ ਨਾਲ ਖਿਲਵਾੜ

**ਦੇਸ-ਪਰਦੇਸ**

**ਡੈਮਾਂ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਭਿਆਨਕ ਨੁਕਸਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਉਤਰਾਖੰਡ ਵਿਚ ਇਨ੍ਹਾਂ ਦੀ ਉਸਾਰੀ ਲਗਾਤਾਰ ਜਾਰੀ ਹੈ। ਇਥੋਂ ਦੇ ਪਣ-ਬਿਜਲੀ ਪ੍ਰੋਜੈਕਟਾਂ ਸਬੰਧੀ 2009 ਵਿਚ ਆਈ 'ਕੈਗ' ਦੀ ਰਿਪੋਰਟ ਵਿਚ ਸਪੱਸ਼ਟ ਕਿਹਾ ਗਿਆ ਸੀ ਕਿ 'ਇਕਦਮ ਆਉਣ ਵਾਲੇ ਹੜ੍ਹਾਂ ਨਾਲ ਨਜਿੱਠਣ ਲਈ ਕੋਈ ਵਿਸ਼ੇਸ਼ ਕਦਮ ਨਹੀਂ ਉਲੀਕੇ ਗਏ। ਅਜਿਹੇ ਹੜ੍ਹਾਂ ਦੇ ਮਾਰੂ ਨਤੀਜੇ ਨਾ ਸਿਰਫ ਪ੍ਰੋਜੈਕਟਾਂ ਦੇ ਢਾਂਚੇ ਨੂੰ ਹੀ ਤਬਾਹ ਕਰ ਸਕਦੇ ਹਨ, ਸਗੋਂ ਇਹ ਪਾਣੀ ਦੇ ਵਹਾਅ ਵਾਲੇ ਹੇਠਲੇ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਦੀਆਂ ਜਾਨਾਂ ਦਾ ਖੌਅ ਵੀ ਬਣ ਸਕਦੇ ਹਨ।'**



**ਪ੍ਰਫੁੱਲ ਬਿਦਵਈ**

ਉਤਰਾਖੰਡ ਵਿਚ ਆਏ ਭਿਆਨਕ ਹੜ੍ਹਾਂ ਕਾਰਨ ਜੋ ਸਰੀਰਕ, ਮਾਨਸਿਕ, ਸਮਾਜਕ, ਆਰਥਿਕ ਅਤੇ ਵਾਤਾਵਰਣਕ ਨੁਕਸਾਨ ਹੋਇਆ ਹੈ, ਉਸ ਦੀ ਪੂਰਤੀ ਲਈ ਵਰ੍ਹਿਆਂ ਦਾ ਸਮਾਂ ਲੱਗੇਗਾ। ਹੁਣ ਤੱਕ ਇਕ ਹਜ਼ਾਰ ਤੋਂ ਵਧੇਰੇ ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਚੁੱਕੀ ਹੈ। ਇਸ ਤ੍ਰਾਸਦੀ ਦੇ ਡੂੰਘੇ ਕਾਰਨ ਕੁਦਰਤੀ ਨਹੀਂ, ਸਗੋਂ ਮਨੁੱਖ ਵੱਲੋਂ ਸਿਰਜੇ ਗਏ ਹਨ। ਇਨ੍ਹਾਂ ਕਾਰਨਾਂ ਨੇ ਬੱਦਲ ਫਟਣ ਅਤੇ ਭਾਰੀ ਮੀਂਹ ਦੀਆਂ ਘਟਨਾਵਾਂ ਜੋ ਉਤਰਾਖੰਡ ਵਿਚ ਅਕਸਰ ਵਾਪਰਦੀਆਂ ਹਨ, ਨੂੰ ਵਿਆਪਕ ਤਬਾਹੀ ਵਿਚ ਬਦਲ ਦਿੱਤਾ। ਇਨ੍ਹਾਂ ਵਿਚ ਸਰਕਾਰੀ ਨੀਤੀਆਂ, ਪ੍ਰਸ਼ਾਸਨਕ ਅਸਫਲਤਾਵਾਂ, ਧੱਕੜ ਤਰੀਕੇ ਨਾਲ ਸੈਰ-ਸਪਾਟੇ ਨੂੰ ਹੱਲਾਸ਼ੇਰੀ ਦੇਣਾ, ਵਾਤਾਵਰਣ ਪੱਖੋਂ ਨਾਜ਼ੁਕ ਇਲਾਕਿਆਂ ਵਿਚ ਸੜਕਾਂ, ਹੋਟਲਾਂ, ਦੁਕਾਨਾਂ, ਖਾਣਾਂ ਅਤੇ ਬਹੁ-ਮੰਜ਼ਿਲਾ ਰਿਹਾਇਸ਼ੀ ਇਮਾਰਤਾਂ ਦੀ ਬੇਲਗਾਮ ਅਤੇ ਗ਼ੈਰ-ਯੋਜਨਾਬੱਧ ਉਸਾਰੀ ਵਰਗੇ ਕਾਰਨ ਮੁੱਖ ਹਨ। ਇਨ੍ਹਾਂ ਸਾਰਿਆਂ ਤੋਂ ਵੱਡਾ ਕਾਰਨ ਹੈ ਵਾਤਾਵਰਣ ਦੀ ਤਬਾਹੀ ਕਰਨ ਵਾਲੇ ਪਣ-ਬਿਜਲੀ ਡੈਮਾਂ ਦੀ ਯੋਜਨਾਬੱਧ ਉਸਾਰੀ। ਇਹ ਸਾਰਾ ਕੁਝ ਖ਼ੁਦ ਮਹਾਂ ਸੰਕਟ ਨੂੰ ਸੱਦਾ ਦੇਣ ਤੋਂ ਘੱਟ ਨਹੀਂ। ਨਦੀ ਘਾਟੀ ਪ੍ਰੋਜੈਕਟਾਂ ਬਾਰੇ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਦੀ ਮਾਹਿਰ ਕਮੇਟੀ ਦੇ ਮੈਂਬਰ ਵਜੋਂ ਆਪਣੇ ਅਤੀਤ ਦੇ ਤਜਰਬੇ ਕਾਰਨ ਮੈਂ ਜਾਣਦਾ ਹਾਂ ਕਿ ਡੈਮਾਂ ਨੇ ਇਸ ਤਬਾਹੀ ਵਿਚ ਕਿੰਨੀ ਵੱਡੀ ਮਾਰ ਕੀਤੀ ਹੈ।

ਇਹ ਸਹੀ ਹੈ ਕਿ 16 ਅਤੇ 17 ਜੂਨ ਦੇ ਦਰਮਿਆਨ 24 ਘੰਟਿਆਂ ਵਿਚ ਹੋਈ 340 ਤੋਂ 370 ਮਿਲੀਮੀਟਰ ਤੱਕ ਦੀ ਭਾਰੀ ਵਰਖਾ ਇਕਦਮ ਆਏ ਹੜ੍ਹਾਂ ਦਾ ਕਾਰਨ ਬਣੀ, ਪਰ ਅਜਿਹੀ ਵਰਖਾ ਕੋਈ ਪਹਿਲੀ ਵਾਰ ਨਹੀਂ ਹੋਈ। ਉਤਰਾਖੰਡ ਵਿਚ ਪਹਿਲਾਂ ਵੀ ਇਕ ਦਿਨ ਵਿਚ 400 ਮਿਲੀਮੀਟਰ ਤੋਂ ਵਧੇਰੇ ਵਰਖਾ ਹੋ ਚੁੱਕੀ ਹੈ। ਮਸਲਨ, 1995 ਵਿਚ ਇਕ ਦਿਨ 'ਚ 450 ਮਿਲੀਮੀਟਰ ਬਾਰਿਸ਼ ਹੋਈ ਸੀ ਅਤੇ 1965 ਵਿਚ ਤਾਂ 900 ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ ਸੀ। ਬੱਦਲਾਂ ਦਾ ਫਟਣਾ ਅਤੇ ਹੜ੍ਹ ਆਉਣੇ ਵੀ ਉਤਰਾਖੰਡ ਵਰਗੇ ਸੂਬੇ ਲਈ ਨਵੀਂ ਗੱਲ ਨਹੀਂ; ਪਰ ਇਸ ਵਾਰ ਹੜ੍ਹ ਦੇ ਪਾਣੀ ਵਿਚ ਲੱਖਾਂ ਟਨ ਗਾਰ, ਭਾਰੇ ਪੱਥਰ ਅਤੇ ਹੋਰ ਮਲਬਾ ਵਗੈਰਾ ਸੀ, ਜੋ ਸਾਰਾ ਕੁਝ ਬਹੁਤਾ ਕਰ ਕੇ ਡੈਮਾਂ ਦੀ ਉਸਾਰੀ ਦੀ ਰਹਿੰਦ-ਖੂੰਹਦ ਸੀ। ਪਾਣੀ ਅਤੇ ਇਸ ਸਾਰੇ ਮਲਬੇ ਦੀ ਨਿਕਾਸੀ ਲਈ ਕੋਈ ਹੋਰ ਰਾਹ ਨਾ ਹੋਣ ਕਾਰਨ ਸੈਂਕੜੇ ਪਿੰਡ ਅਤੇ ਕਸਬੇ ਹੜ੍ਹ ਦਾ ਨਿਸ਼ਾਨਾ ਬਣ ਗਏ। ਕਈ ਇਮਾਰਤਾਂ ਤਾਂ ਕਈ-ਕਈ ਫੁੱਟ ਚਿੱਕੜ ਹੇਠ ਦੱਬੀਆਂ ਗਈਆਂ। ਮਾਮਲਾ ਇਸ ਕਰ ਕੇ ਹੋਰ ਵਧੇਰੇ ਗੰਭੀਰ ਹੋ ਗਿਆ ਕਿ ਉੱਚੇ ਪਹਾੜਾਂ 'ਤੇ ਬਣੀਆਂ ਝੀਲਾਂ ਦਾ ਪਾਣੀ ਦੋ ਥਾਵਾਂ 'ਤੇ ਇਕੱਠਾ ਹੋ ਕੇ ਤੇਜ਼ੀ ਨਾਲ ਹੇਠਾਂ ਆਇਆ, ਜੋ ਕੇਦਾਰਨਾਥ ਦੀ ਤਬਾਹੀ ਦਾ ਕਾਰਨ ਬਣਿਆ। ਇਹ ਝੀਲਾਂ ਮੁੱਖ ਤੌਰ 'ਤੇ ਗਲੇਸ਼ੀਅਰਾਂ ਦੇ ਪਿਘਲਣ ਕਾਰਨ ਹੋਂਦ ਵਿਚ ਆਈਆਂ ਹਨ। ਗਲੇਸ਼ੀਅਰਾਂ ਦੇ ਪਿਘਲਣ ਦਾ ਕਾਰਨ ਵਾਤਾਵਰਣਕ ਤਬਦੀਲੀ ਅਤੇ ਤਾਪਮਾਨ ਵਿਚ ਹੋਇਆ ਵਾਧਾ ਹੈ, ਜਿਸ ਲਈ ਮਨੁੱਖ ਹੀ ਜ਼ਿੰਮੇਵਾਰ ਹੈ। ਇਕ ਪ੍ਰਭਾਵੀ ਅਗਾਊਂ ਚਿਤਾਵਨੀ ਪ੍ਰਬੰਧ, ਪ੍ਰਭਾਵਿਤ ਖੇਤਰਾਂ 'ਚੋਂ ਲੋਕਾਂ ਨੂੰ ਕੱਢਣ ਦੀ ਕੁਸ਼ਲ ਯੋਜਨਾਬੰਦੀ ਅਤੇ ਤੇਜ਼ੀ ਨਾਲ ਕੰਮ ਕਰਨ ਵਾਲੀ ਆਫ਼ਤ ਰਾਹਤ ਪ੍ਰਣਾਲੀ ਰਾਹੀਂ ਮਨੁੱਖੀ ਜਾਨਾਂ ਦੇ ਨੁਕਸਾਨ ਨੂੰ ਵੱਡੀ ਹੱਦ ਤੱਕ ਘਟਾਇਆ ਜਾ ਸਕਦਾ ਸੀ, ਪਰ ਅਜਿਹਾ ਕੁਝ ਮੌਜੂਦ ਹੀ ਨਹੀਂ ਸੀ। ਇਹ ਵੀ ਇਕ ਹੋਰ ਪ੍ਰਸ਼ਾਸਨਕ ਅਸਫਲਤਾ ਹੀ ਹੈ। ਸੂਬਾ ਸਰਕਾਰ ਨੇ ਸੈਰ-ਸਪਾਟੇ ਨੂੰ ਵੀ ਅੰਨ੍ਹੇਵਾਹ ਹੱਲਾਸ਼ਰੀ ਦਿੱਤੀ ਹੈ। ਨਤੀਜੇ ਵਜੋਂ ਉਥੇ ਜਾਣ ਵਾਲੇ ਲੋਕਾਂ ਦੀ ਗਿਣਤੀ ਢਾਈ ਕਰੋੜ ਤੱਕ ਪਹੁੰਚ ਗਈ ਹੈ ਜੋ ਉਤਰਾਖੰਡ ਦੀ 1 ਕਰੋੜ 8 ਲੱਖ ਦੀ ਸਮੁੱਚੀ ਆਬਾਦੀ ਤੋਂ ਵੀ ਢਾਈ ਗੁਣਾਂ ਵੱਧ ਹੈ। ਇੰਨੀ ਵੱਡੀ ਪੱਧਰ 'ਤੇ ਸੈਲਾਨੀਆਂ ਦੇ ਰਹਿਣ-ਸਹਿਣ ਦੇ ਪ੍ਰਬੰਧਾਂ ਆਦਿ ਲਈ ਹਜ਼ਾਰਾਂ ਏਕੜ ਜੰਗਲਾਂ ਦਾ ਸਫਾਇਆ ਕੀਤਾ ਗਿਆ ਹੈ। ਨਦੀਆਂ ਤੇ ਸੜਕਾਂ ਦੇ ਕਿਨਾਰਿਆਂ, ਤਿੱਖੀਆਂ ਢਲਾਣਾਂ ਅਤੇ ਇਥੋਂ ਤੱਕ ਕਿ ਦਰਿਆਵਾਂ ਦੇ ਹੜ੍ਹ ਖੇਤਰ ਵਾਲੇ ਮੈਦਾਨਾਂ ਵਿਚ ਵੀ ਹੋਟਲਾਂ, ਦੁਕਾਨਾਂ, ਰੈਸਟੋਰੈਂਟਾਂ ਅਤੇ ਰਿਹਾਇਸ਼ਗਾਹਾਂ ਦੀ ਉਸਾਰੀ ਕੀਤੀ ਗਈ ਹੈ। ਦਰਿਆਵਾਂ ਦੇ ਖੇਤਰਾਂ ਵਿਚ ਅਜਿਹੀ ਘੁਸਪੈਠ ਭਿਆਨਕ ਖ਼ਤਰਿਆਂ ਨਾਲ ਭਰੀ ਹੋਈ ਹੈ। ਇਸ ਦੇ ਬਾਵਜੂਦ ਯੂਨੀਵਰਸਿਟੀ, ਰੇਡੀਓ ਸੇਟਸ਼ਨ, ਜੇਲ੍ਹ ਅਤੇ ਹਥਿਆਰਬੰਦ ਸੀਮਾ ਬਲ ਦੇ ਹੈੱਡ ਕੁਆਰਟਰ ਸਮੇਤ ਕਈ ਅਹਿਮ ਸਰਕਾਰੀ ਇਮਾਰਤਾਂ ਵੀ ਦਰਿਆਵਾਂ ਦੇ ਹੜ੍ਹ ਖੇਤਰ ਵਾਲੇ ਮੈਦਾਨਾਂ ਵਿਚ ਬਣਾਈਆਂ ਗਈਆਂ ਹਨ।



ਇਸ ਮਾਮਲੇ ਵਿਚ ਸਭ ਤੋਂ ਵੱਡੇ ਦੋਸ਼ੀ ਪਣ-ਬਿਜਲੀ ਪ੍ਰੋਜੈਕਟਾਂ ਦੇ ਡੈਮ ਹਨ ਜੋ ਉਤਰਾਖੰਡ ਵਿਚ ਅਲਕਨੰਦਾ, ਮੰਦਾਕਨੀ, ਭਾਗੀਰਥੀ ਨਦੀਆਂ ਉੱਤੇ ਥਾਂ-ਥਾਂ 'ਤੇ ਫੈਲੇ ਹੋਏ ਹਨ। ਅੰਗਰੇਜ਼ੀ ਅਖ਼ਬਾਰ 'ਹਿੰਦੁਸਤਾਨ ਟਾਈਮਜ਼' ਮੁਤਾਬਕ, 23 ਮੈਗਾ ਪ੍ਰੋਜੈਕਟਾਂ ਸਮੇਤ 70 ਡੈਮ ਤਿਆਰ ਹੋ ਚੁੱਕੇ ਹਨ ਜਿਨ੍ਹਾਂ ਤੋਂ 100 ਮੈਗਾਵਾਟ ਬਿਜਲੀ ਪੈਦਾ ਹੋ ਰਹੀ ਹੈ। 'ਪੀਪਲਜ਼ ਸਾਇੰਸ ਇੰਸਟੀਚਿਊਟ' ਨਾਮਕ ਗ਼ੈਰ-ਸਰਕਾਰੀ ਸੰਸਥਾ ਅਨੁਸਾਰ 680 ਹੋਰ ਡੈਮ ਉਸਾਰੀ ਜਾਂ ਯੋਜਨਾਬੰਦੀ ਦੇ ਵੱਖ-ਵੱਖ ਪੜਾਵਾਂ ਅਧੀਨ ਹਨ। ਇਨ੍ਹਾਂ ਪਣ-ਬਿਜਲੀ ਪ੍ਰੋਜੈਕਟਾਂ ਦੀ ਸਥਾਪਨਾ ਲਈ ਬਾਰੂਦ ਨਾਲ ਪੱਥਰਾਂ ਨੂੰ ਤੋੜ ਕੇ ਪਹਾੜਾਂ ਵਿਚ ਵੱਡੀਆਂ-ਵੱਡੀਆਂ ਸੁਰੰਗਾਂ ਬਣਾਈਆਂ ਜਾਂਦੀਆਂ ਹਨ। ਇਨ੍ਹਾਂ ਸੁਰੰਗਾਂ ਵਿਚ ਵੱਡੀਆਂ ਟਰਬਾਈਨਾਂ ਚਲਦੀਆਂ ਹਨ। ਇਸ ਤਰ੍ਹਾਂ ਸਮੁੱਚੇ ਪਹਾੜ ਖੋਖਲੇ ਹੋ ਜਾਂਦੇ ਹਨ। ਸੜਕਾਂ, ਰਿਹਾਇਸ਼ੀ ਕਾਲੋਨੀਆਂ ਅਤੇ ਹੋਰ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਵੱਡੀ ਪੱਧਰ 'ਤੇ ਜੰਗਲਾਂ ਦੀ ਕਟਾਈ ਕੀਤੀ ਜਾਂਦੀ ਹੈ। ਬੜੇ ਤਬਾਹਕੁਨ ਢੰਗ ਨਾਲ ਟ੍ਰਾਂਸਮਿਸ਼ਨ ਲਾਈਨਾਂ ਵਿਛਾਈਆਂ ਜਾਂਦੀਆਂ ਹਨ। ਕਈ ਡੈਮ ਤਾਂ ਇਕ ਹੀ ਨਦੀ 'ਤੇ ਇੰਨੇ ਨੇੜੇ-ਨੇੜੇ ਬਣਾਏ ਗਏ ਹਨ ਕਿ ਨਦੀ ਦੇ ਪੁਨਰ-ਉਥਾਨ ਦਾ ਮੌਕਾ ਹੀ ਨਹੀਂ ਬਚਦਾ। ਇਹ ਡੈਮ ਸਥਾਨਕ ਵਾਤਾਵਰਣ ਅਤੇ ਉਥੋਂ ਦੇ ਜੀਵਨ-ਚੱਕਰ ਲਈ ਵੱਡੀ ਤਬਾਹੀ ਦਾ ਕਾਰਨ ਬਣਦੇ ਹਨ। ਇਨ੍ਹਾਂ ਕਾਰਨ ਜਮ੍ਹਾਂ ਹੋਣ ਵਾਲਾ ਮਲਬਾ, ਜਲ-ਚੱਕਰ ਵਿਚ ਅੜਿੱਕਾ ਬਣਦਾ ਹੈ ਅਤੇ ਨਦੀਆਂ ਦੇ ਕੁਦਰਤੀ ਵਹਾਅ ਨੂੰ ਬਦਲ ਦਿੰਦਾ ਹੈ। ਉਤਰਾਖੰਡ ਵਿਚ ਮੁਕੰਮਲ ਹੋ ਚੁੱਕੇ 70 ਡੈਮਾਂ ਨੇ ਨਦੀਆਂ ਦੇ 640 ਕਿਲੋਮੀਟਰ ਲੰਮੇ ਵਹਾਅ 'ਚ ਅੜਿੱਕਾ ਪਾਇਆ ਹੈ ਜੋ ਰਾਜ ਦੀਆਂ ਮੁੱਖ ਨਦੀਆਂ ਦੀ ਕੁਲ ਲੰਬਾਈ ਦਾ ਅੱਧ ਬਣਦਾ ਹੈ। ਨਦੀਆਂ ਦੇ ਵਹਾਅ ਵਿਚ ਪਈ ਰੁਕਾਵਟ ਹੀ ਵੱਡੇ ਹੜ੍ਹਾਂ ਨੂੰ ਜਨਮ ਦਿੰਦੀ ਹੈ।

ਡੈਮਾਂ ਕਾਰਨ ਵਾਤਾਵਰਨ ਨੂੰ ਹੋਣ ਵਾਲੇ ਭਿਆਨਕ ਨੁਕਸਾਨਾਂ ਦੀ ਪ੍ਰਵਾਹ ਕੀਤੇ ਬਿਨਾਂ ਉਤਰਾਖੰਡ ਵਿਚ ਇਨ੍ਹਾਂ ਦੀ ਉਸਾਰੀ ਲਗਾਤਾਰ ਜਾਰੀ ਹੈ। ਇਥੋਂ ਦੇ ਪਣ-ਬਿਜਲੀ ਪ੍ਰੋਜੈਕਟਾਂ ਸਬੰਧੀ 2009 ਵਿਚ ਆਈ 'ਕੈਗ' ਦੀ ਰਿਪੋਰਟ ਵਿਚ ਸਪੱਸ਼ਟ ਕਿਹਾ ਗਿਆ ਸੀ ਕਿ 'ਇਕਦਮ ਆਉਣ ਵਾਲੇ ਹੜ੍ਹਾਂ ਨਾਲ ਨਜਿੱਠਣ ਲਈ ਕੋਈ ਵਿਸ਼ੇਸ਼ ਕਦਮ ਨਹੀਂ ਉਲੀਕੇ ਗਏ। ਅਜਿਹੇ ਹੜ੍ਹਾਂ ਦੇ ਮਾਰੂ ਨਤੀਜੇ ਨਾ ਸਿਰਫ ਪ੍ਰੋਜੈਕਟਾਂ ਦੇ ਢਾਂਚੇ ਨੂੰ ਹੀ ਤਬਾਹ ਕਰ ਸਕਦੇ ਹਨ, ਸਗੋਂ ਇਹ ਪਾਣੀ ਦੇ ਵਹਾਅ ਵਾਲੇ ਹੇਠਲੇ ਖੇਤਰਾਂ ਵਿਚ ਰਹਿਣ ਵਾਲੇ ਲੋਕਾਂ ਦੀਆਂ ਜਾਨਾਂ ਦਾ ਖੌਅ ਵੀ ਬਣ ਸਕਦੇ ਹਨ।' 1990 ਵਿਚ ਜਦੋਂ ਮੈਂ ਅਜਿਹੇ ਪ੍ਰੋਜੈਕਟਾਂ ਦੇ ਮੁਲੰਕਣ ਸਬੰਧੀ ਵਾਤਾਵਰਨ ਕਮੇਟੀ ਦਾ ਮੈਂਬਰ ਸੀ ਤਾਂ ਕਮੇਟੀ ਸਾਹਮਣੇ ਪੇਸ਼ ਹੋਏ ਇਕ ਦਰਜਨ ਦੇ ਕਰੀਬ ਪ੍ਰੋਜੈਕਟਾਂ ਦੀਆਂ ਤਜਵੀਜ਼ਾਂ ਵਿਚ ਇਨ੍ਹਾਂ ਦੇ ਵਾਤਾਵਰਣ ਅਤੇ ਲੋਕਾਂ 'ਤੇ ਪੈਣ ਵਾਲੇ ਪ੍ਰਭਾਵਾਂ ਸਬੰਧੀ ਢੁਕਵਾਂ ਜ਼ਿਕਰ ਨਾ ਹੋਣ ਕਾਰਨ ਅਸੀਂ ਉਹ ਸਾਰੇ ਪ੍ਰੋਜੈਕਟ ਰੱਦ ਕਰ ਦਿੱਤੇ ਸਨ, ਪਰ ਮੌਜੂਦਾ ਕਮੇਟੀ ਨੇ ਅਪਰੈਲ 2007 ਤੋਂ ਲੈ ਕੇ ਦਸੰਬਰ 2010 ਤੱਕ ਉਹ ਸਾਰੇ 262 ਪ੍ਰੋਜੈਕਟ ਪਾਸ ਕਰ ਦਿੱਤੇ ਜਿਨ੍ਹਾਂ ਦੀ ਤਜਵੀਜ਼ ਇਸ ਸਾਹਮਣੇ ਪੇਸ਼ ਕੀਤੀ ਗਈ। ਪ੍ਰਭਾਵਿਤ ਲੋਕਾਂ ਅਤੇ ਵਾਤਾਵਰਣ ਪੱਖੀ ਕਾਰਕੁਨਾਂ ਵੱਲੋਂ ਆਲੋਚਨਾ ਹੋਣ ਤੋਂ ਬਾਅਦ ਮੰਤਰਾਲੇ ਨੇ ਬੀ.ਕੇ. ਚਤੁਰਵੇਦੀ ਦੀ ਅਗਵਾਈ ਹੇਠ ਕਮੇਟੀ ਬਣਾਈ, ਪਰ ਇਸ ਕਮੇਟੀ ਨੇ ਵੀ ਅੱਖਾਂ ਪੂੰਝਣ ਵਾਲੀ ਰਿਪੋਰਟ ਹੀ ਦਿੱਤੀ ਜਿਸ ਵਿਚ ਇਨ੍ਹਾਂ ਪ੍ਰੋਜੈਕਟਾਂ ਕਾਰਨ ਹੋਣ ਵਾਲੀ ਸੰਭਾਵਿਤ ਤਬਾਹੀ ਅਤੇ ਵਾਤਾਵਰਣ ਵਿਚ ਹੋਣ ਵਾਲੀ ਤਬਦੀਲੀ ਦਾ ਕੋਈ ਜ਼ਿਕਰ ਨਹੀਂ ਹੈ।

ਉਤਰਾਖੰਡ ਵਿਚ ਵਾਪਰੀ ਭਿਆਨਕ ਤ੍ਰਾਸਦੀ ਵਰਗੀ ਕਿਸੇ ਘਟਨਾ ਨੂੰ ਮੁੜ ਵਾਪਰਨ ਤੋਂ ਰੋਕਣ ਲਈ ਸਾਨੂੰ ਆਪਣੀ ਦਿਸ਼ਾ ਬਦਲਣੀ ਪਵੇਗੀ। ਉੱਚ ਵਰਗ ਦੀ ਬਿਜਲੀ ਦੀ ਭੁੱਖ ਦੀ ਪੂਰਤੀ ਲਈ ਅੰਨ੍ਹੇਵਾਹ ਡੈਮ ਉਸਾਰਨ ਦੀ ਨੀਤੀ ਕਿਸੇ ਤਰ੍ਹਾਂ ਵੀ ਜਾਇਜ਼ ਨਹੀਂ। ਸਾਰੇ ਡੈਮਾਂ ਦੀ ਸਖ਼ਤੀ ਨਾਲ ਪੁਨਰ-ਸਮੀਖਿਆ ਹੋਣੀ ਚਾਹੀਦੀ ਹੈ ਕਿ ਉਹ ਵਾਤਾਵਰਣਕ ਪੱਖੋਂ ਕਿੰਨੇ ਕੁ ਸਹੀ ਹਨ। ਉਦੋਂ ਤੱਕ ਡੈਮਾਂ ਸਬੰਧੀ ਹੋਰ ਕਿਸੇ ਵੀ ਨਵ-ਉਸਾਰੀ 'ਤੇ ਮੁਕੰਮਲ ਰੋਕ ਲਾ ਦਿੱਤੀ ਜਾਣੀ ਚਾਹੀਦੀ ਹੈ।

# ਪੰਜਾਬ ਵਿਚ ਵੀ ਹੜ੍ਹਾਂ ਦਾ ਖ਼ਤਰਾ

ਮੌਨਸੂਨ ਪੌਣਾਂ ਦੀ ਅਗੇਤੀ ਆਮਦ ਨੇ ਭਾਵੇਂ ਪੰਜਾਬ ਵਿਚ ਆਮ ਲੋਕਾਂ ਸਮੇਤ ਕਿਸਾਨਾਂ ਦੇ ਚਿਹਰਿਆਂ ਉਪਰ ਰੌਣਕ ਲਿਆ ਦਿੱਤੀ ਹੈ, ਪਰ ਸੂਬੇ ਤੋਂ ਬਾਹਰ ਦਿੱਲੀ ਅਤੇ ਉੱਤਰਾਖੰਡ ਸੂਬਿਆਂ ਵਿਚ ਪਈ ਭਾਰੀ ਬਰਸਾਤ ਨੇ ਜੋ ਤਬਾਹੀ ਮਚਾਈ ਹੈ, ਉਸ ਤੋਂ ਸਾਰੇ ਦੰਗ ਰਹਿ ਗਏ ਹਨ। ਖ਼ਾਸ ਕਰ ਕੇ ਉੱਤਰਾਖੰਡ ਸੂਬੇ ਵਿਚ ਹੋਏ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਨੇ ਪੂਰੇ ਦੇਸ਼ ਸਮੇਤ ਪੰਜਾਬ ਵਾਸੀਆਂ ਨੂੰ ਵੀ ਅਜਿਹੇ ਸੰਕਟਮਈ ਹਾਲਾਤ ਨਾਲ ਨਜਿੱਠਣ ਲਈ ਸੁਚੇਤ ਰਹਿਣ ਦੇ ਨਾਲ ਹੀ ਹੜ੍ਹ ਰੋਕੂ ਪ੍ਰਬੰਧਾਂ ਬਾਰੇ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਲੱਗੀਆਂ ਫੈਕਟਰੀਆਂ ਅਤੇ ਮੈਗਾ ਪ੍ਰੋਜੈਕਟਾਂ ਦੁਆਰਾ ਪੈਦਾ ਕੀਤੇ ਜਾ ਰਹੇ ਕਚਰੇ ਅਤੇ ਗੰਦਗੀ ਨੇ ਸਾਡੇ ਪਾਣੀਆਂ ਨੂੰ ਪਲੀਤ ਕਰ ਕੇ ਰੱਖ ਦਿੱਤਾ ਹੈ। ਜੇ ਪੰਜਾਬ ਵਿਚ ਹੜ੍ਹ ਦੇ ਸੰਭਾਵੀ ਖ਼ਤਰੇ ਸਬੰਧੀ ਗੱਲ ਕੀਤੀ ਜਾਵੇ ਤਾਂ ਭਾਖੜਾ ਦਾ ਪਾਣੀ ਵੀ ਨਿਸ਼ਚਿਤ ਰੇਖਾ ਤਕ ਪੁੱਜਦਾ ਜਾ ਰਿਹਾ ਹੈ। ਹਿਮਾਚਲ ਪ੍ਰਦੇਸ਼ ਅਤੇ ਉੱਤਰੀ ਭਾਰਤ 'ਚ ਜੇ ਵਰਖਾ ਦਾ ਕਹਿਰ ਜਾਰੀ ਰਹਿੰਦਾ ਹੈ ਅਤੇ ਮੌਨਸੂਨ ਪੌਣਾਂ ਦਾ ਰੁਖ਼ ਤੇਜ਼ ਹੋ ਜਾਂਦਾ ਹੈ ਤਾਂ ਪੰਜਾਬ ਉਪਰ ਵੀ ਸੰਕਟ ਦੇ ਬੱਦਲ ਛਾ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਿਛਲੇ ਸਮੇਂ ਦੌਰਾਨ ਵੀ ਹੜ੍ਹਾਂ ਕਾਰਨ ਕਈ ਵਾਰ ਪੰਜਾਬ ਵਿਚ ਭਾਰੀ ਜਾਨੀ-ਮਾਲੀ ਨੁਕਸਾਨ ਹੁੰਦਾ ਰਿਹਾ ਹੈ। ਹੁਣ ਜਿੱਥੇ ਸੂਬੇ ਵਿਚ ਅਬਾਦੀ ਪਹਿਲਾਂ ਨਾਲੋਂ ਵਧ ਗਈ ਹੈ, ਉੱਥੇ ਕੱਚਾ ਥਾਂ ਵੀ ਪਹਿਲਾਂ ਦੇ ਮੁਕਾਬਲੇ ਕਾਫ਼ੀ ਘਟ ਗਿਆ ਹੈ। ਸੜਕਾਂ, ਮਕਾਨਾਂ, ਇਮਾਰਤਾਂ ਅਤੇ ਪੱਕੀਆਂ ਗਲੀਆਂ ਆਦਿ ਕਾਰਨ ਪਾਣੀ ਜਜ਼ਬ ਹੋਣ ਲਈ ਜਗ੍ਹਾ ਨਹੀਂ ਮਿਲ ਰਹੀ। ਨਵੀਆਂ ਸੜਕਾਂ ਅਤੇ ਚੌੜੇ ਰਾਜ ਮਾਰਗਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਵੱਡੇ-ਵੱਡੇ ਪੁਰਾਣੇ ਦਰੱਖਤ ਵੱਢ ਸੁੱਟੇ ਹਨ। ਵਿਗਿਆਨੀਆਂ ਦਾ ਮੰਨਣਾ ਹੈ ਕਿ ਜੇ ਕੁਦਰਤ ਨਾਲ ਇਸੇ ਢੰਗ ਨਾਲ ਛੇੜ-ਛਾੜ ਕੀਤੀ ਜਾਂਦੀ ਰਹੀ ਅਤੇ ਦਰੱਖਤਾਂ ਦੀ ਅੰਨ੍ਹੇਵਾਹ ਕਟਾਈ ਇਸੇ ਤਰ੍ਹਾਂ ਜਾਰੀ ਰਹੀ ਤਾਂ ਕੁਦਰਤੀ ਕਹਿਰ ਦੀ ਆਮਦ ਨੂੰ ਰੋਕਣਾ ਮੁਸ਼ਕਿਲ ਹੋਵੇਗਾ। ਇਹੀ ਕੁਝ ਉੱਤਰਾਖੰਡ ਸੂਬੇ ਵਿਚ ਵਾਪਰਿਆ ਹੈ। ਇਸ ਇਲਾਕੇ ਵਿਚ ਪਹਾੜਾਂ ਦੀ ਖੁਦਾਈ ਕਰ ਕੇ ਸਨਅਤ ਲੱਗਣ ਕਾਰਨ ਕੁਦਰਤੀ ਸੰਤੁਲਨ ਵਿਚ ਬਹੁਤ ਜ਼ਿਆਦਾ ਵਿਗਾੜ ਆ ਗਿਆ ਸੀ ਜਿਸ ਕਾਰਨ ਜਲਵਾਯੂ ਵਿਚ ਤਬਦੀਲੀ ਆਈ। ਇਸ ਕਾਰਨ ਹੀ ਕੁਝ ਦਿਨ ਪਹਿਲਾਂ ਹੀ ਉਥੇ ਪਈ ਜ਼ਿਆਦਾ ਬਾਰਿਸ਼ ਅਤੇ ਬੱਦਲ ਫਟਣ ਕਾਰਨ ਸੜਕਾਂ ਬਹਿ ਗਈਆਂ, ਇਮਾਰਤਾਂ ਧਸ ਗਈਆਂ, ਵੱਡੇ-ਵੱਡੇ ਪ੍ਰੋਜੈਕਟ ਤੇ ਮਸ਼ੀਨਰੀ ਪਾਣੀ ਵਿਚ ਸਮਾ ਗਏ ਅਤੇ ਵੱਡੇ ਪੱਧਰ 'ਤੇ ਜਾਨ-ਮਾਲ ਦਾ ਨੁਕਸਾਨ ਹੋਇਆ ਹੈ।

ਜੇ ਗ਼ੌਰ ਨਾਲ ਵੇਖਿਆ ਜਾਵੇ ਤਾਂ ਪੰਜਾਬ ਦੇ ਜ਼ਿਆਦਾਤਾਰ ਪਿੰਡਾਂ ਵਿਚ ਪਾਣੀ ਦੀ ਨਿਕਾਸੀ ਦਾ ਹਾਲ ਮਾੜਾ ਹੈ। ਪਿੰਡ ਦੇ ਵਿਕਾਸ ਕੰਮਾਂ ਲਈ ਆਈਆਂ ਗਰਾਂਟਾਂ ਦੀ ਦੁਰਵਰਤੋਂ ਵੀ ਜੱਗ-ਜ਼ਾਹਰ ਹੈ। ਚੋਣਵੇਂ ਪਿੰਡ ਹੀ ਹੋਣਗੇ ਜਿੱਥੇ ਪਾਣੀ ਦੀ ਨਿਕਾਸੀ ਸਹੀ ਹੋਵੇ, ਨਹੀਂ ਤਾਂ ਹਲਕਾ ਜਿਹਾ ਮੀਂਹ ਹੀ ਪੂਰੇ ਪਿੰਡ ਵਿਚ ਚਿੱਕੜ ਹੀ ਚਿੱਕੜ ਕਰ ਦਿੰਦਾ ਹੈ। ਕਈ ਪਿੰਡਾਂ ਵਿਚ ਡਰੇਨਾਂ ਜਿਨ੍ਹਾਂ ਵਿਚੋਂ ਮੀਂਹ ਦੇ ਪਾਣੀ ਦੀ ਨਿਕਾਸੀ ਹੁੰਦੀ ਹੈ, ਵੀ ਜੰਗਲੀ ਬੂਟੀਆਂ, ਕੱਖ-ਕੰਡਿਆਂ ਨਾਲ ਭਰੀਆਂ ਰਹਿੰਦੀਆਂ ਹਨ। ਕੁਝ ਪਿੰਡਾਂ ਦੇ ਸਰਪੰਚ ਆਪਣੀ ਹਿੰਮਤ ਨਾਲ ਕਰੇਨਾਂ ਆਦਿ ਰਾਹੀਂ ਪਿੰਡ 'ਚ ਡਰੇਨਾਂ ਦੀ ਸਫ਼ਾਈ ਕਰਵਾ ਲੈਂਦੇ ਹਨ ਜਦਕਿ ਬਾਕੀਆਂ ਨੂੰ ਪੁੱਛਣ ਵਾਲਾ ਕੋਈ ਨਹੀਂ ਹੈ। ਪਿੰਡਾਂ 'ਚੋਂ ਲੰਘਦੀਆਂ ਪੰਜਾਬ ਵਿਚਲੀਆਂ ਨਹਿਰਾਂ ਦੀ ਡੂੰਘਾਈ ਨਵਿਆਉਣ ਤੋਂ ਵੀ ਸਰਕਾਰ ਬੇਫ਼ਿਕਰ ਹੈ। ਦੋ ਦਿਨ ਦੀ ਬਾਰਿਸ਼ ਨਾਲ ਹੀ ਡਰੇਨਾਂ ਭਰ ਜਾਂਦੀਆਂ ਹਨ। ਨਹਿਰਾਂ ਦੇ ਕਿਨਾਰਿਆਂ ਦੀਆਂ ਢਿੱਗਾਂ ਡਿੱਗ ਜਾਂਦੀਆਂ ਹਨ। ਜੇ ਪੰਜਾਬ ਵਿਚ ਬਰਸਾਤ ਸ਼ੁਰੂ ਹੋ ਗਈ ਜਾਂ ਯਮੁਨਾ, ਗੰਗਾ ਦਾ ਪਾਣੀ ਪੰਜਾਬ ਵੱਲ ਆ ਗਿਆ ਤਾਂ ਭਾਖੜਾ ਡੈਮ ਵਰਗੇ ਪੁਲ ਡੈਮ ਕਿੱਥੇ ਖੜ੍ਹਨਗੇ?

ਸਰਕਾਰਾਂ ਦੀ ਮੁਢਲੀ ਜ਼ਿੰਮੇਵਾਰੀ ਸਿਰਫ਼ ਇਹੀ ਨਹੀਂ ਕਿ ਉਹ ਹੜ੍ਹ ਰੋਕੂ ਪ੍ਰਬੰਧ ਜਾਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਮਹਿਜ਼ ਹਮਦਰਦੀ ਰੱਖੇ। ਅਜਿਹੀ ਕਿਸੇ ਵੀ ਸੰਕਟਮਈ ਸਥਿਤੀ ਨਾਲ ਨਜਿੱਠਣ ਲਈ ਪਿੰਡਾਂ ਦੇ ਛੱਪੜਾਂ ਦੀ ਸਫ਼ਾਈ ਕਰਵਾਉਣ ਦੇ ਨਾਲ ਹੀ ਖ਼ੂਹਨੁਮਾ ਵੱਡੇ ਟੈਂਕ ਬਣਾਉਣ ਦੀ ਜ਼ਰੂਰਤ ਹੈ। ਅਜੇ ਮੌਕਾ ਹੈ ਕਿ ਪਿੰਡ-ਪਿੰਡ ਅਜਿਹੇ ਬੋਰ ਕਰਵਾਏ ਜਾਣ ਜਿਨ੍ਹਾਂ ਨੂੰ ਉੱਚੇ ਰੱਖ ਕੇ ਪੁਣਿਆਂ ਪਾਣੀ ਪਾ ਕੇ ਹੜ੍ਹਾਂ ਦੇ ਕਹਿਰ ਤੋਂ ਬਚਿਆ ਜਾ ਸਕੇ। ਗਲੀ ਅਤੇ ਮੁਹੱਲਾ ਪੱਧਰ 'ਤੇ ਵੀ ਪਾਣੀ ਧਰਤੀ ਵਿਚ ਪਾਉਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਸਿਰਫ਼ ਹੜ੍ਹ ਰੋਕੂ ਜਾਂ ਹੜ੍ਹ ਬਚਾਓ ਸਮੱਗਰੀ, ਮੈਡੀਕਲ ਕੈਂਪ, ਟੈਂਟ, ਖਾਣ-ਪੀਣ ਤੇ ਰਹਿਣ ਦਾ ਸਮਾਨ ਖ਼ਰੀਦਣ 'ਤੇ ਨਾ ਜ਼ੋਰ ਦਿੱਤਾ ਜਾਵੇ, ਸਗੋਂ ਹੜ੍ਹਾਂ ਦੀ ਸਥਿਤੀ ਬਣਨ 'ਤੇ ਵਾਧੂ ਪਾਣੀ ਸੰਭਾਲਣ ਲਈ ਟੈਂਕ, ਬੋਰ, ਖੂਹ ਆਦਿ ਦਾ ਪ੍ਰਬੰਧ ਕੀਤਾ ਜਾਵੇ। ਪਾਣੀ ਦੀ ਮਾਰ ਅਤੇ ਹੜ੍ਹਾਂ ਦੀ ਕਰੋਪੀ ਤੋਂ ਬਚਣ ਲਈ ਹੜ੍ਹ ਰੋਕੂ ਪ੍ਰਬੰਧਾਂ ਦੀ ਲੋੜ ਹੈ। ਇਨ੍ਹਾਂ ਦੀ ਦਹਿਸ਼ਤ ਹੜ੍ਹਾਂ ਮਾਰੇ ਇਲਾਕੇ 'ਚ ਫਸੇ ਲੋਕ ਹੀ ਦੱਸ ਸਕਦੇ ਹਨ ਕਿ ਅੱਖੀਂ ਡਿੱਠੀ ਮੌਤ ਜਾਂ ਗਲ 'ਚੋਂ ਮੁੜਿਆ ਮੌਤ ਦਾ ਪੰਜਾ ਕੀ ਹੁੰਦਾ ਹੈ। ਕੌਮੀ ਪੱਧਰ 'ਤੇ ਇਨ੍ਹਾਂ ਹੜ੍ਹ-ਮਾਰੂ ਇਲਾਕਿਆਂ ਦੀ ਮਦਦ ਕਰਨੀ ਚਾਹੀਦੀ ਹੈ। ਪੰਜਾਬ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਅਗਾਮੀ ਪੱਕੇ ਪ੍ਰਬੰਧ ਕਰਨੇ ਚਾਹੀਦੇ ਹਨ ਤਾਂ ਜੋ ਸੂਬੇ ਨੂੰ ਗੰਗਾ-ਯਮੁਨਾ ਦੇ ਪਾਣੀ ਦੀ ਮਾਰ ਤੋਂ ਬਚਾਇਆ ਜਾ ਸਕੇ।

*-ਰਾਜਵਿੰਦਰ ਰੌਂਤਾ*

# ਸਾਖੀਆਂ ਦੇ ਸਿੱਟੇ ਬਾਰੇ ਸੋਚਿਓ ਸੱਜਣ ਜੀ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਕੋਈ ਲੰਮੇ ਚੌੜੇ ਜੰਤਰਾਂ-ਮੰਤਰਾਂ ਜਾਂ ਜਪਾਂ-ਤਪਾਂ ਦੀ ਥਾਂ, ਸਿਰਫ ਅੱਠਾਂ ਨੁਕਤਿਆਂ ਵਾਲਾ 'ਅਸ਼ਟਾਂਗ ਮਾਰਗ' ਦੱਸਣ ਵਾਲੇ ਮਹਾਤਮਾ ਬੁੱਧ ਦੇ ਇਰਦ-ਗਿਰਦ ਗਿਣਤੀ ਦੇ ਹੀ ਜਗਿਆਸੂ ਬੈਠੇ ਦੇਖ ਕੇ ਉਨ੍ਹਾਂ ਦਾ ਪਰਮ ਸੇਵਕ, ਅਨੰਦ ਕਹਿਣ ਲੱਗਾ, "ਮਹਾਰਾਜ! ਤੁਹਾਡੀ ਸਾਰੀ ਉਮਰ ਬੀਤ ਗਈ ਹੈ ਗਿਆਨ ਵੰਡਦਿਆਂ ਦੀ, ਤੁਹਾਡੇ ਬਚਨ ਸੁਣਨ ਵਾਸਤੇ ਬੱਸ ਉਂਗਲਾਂ 'ਤੇ ਗਿਣਨ ਜੋਗੇ ਅਭਿਲਾਸ਼ੀ ਹੀ ਆਉਂਦੇ ਨੇ, ਜਦ ਕਿ ਅਹੁ ਫਲਾਣਾ ਜੋਗੀ ਤੁਹਾਥੋਂ ਉਮਰ ਵਿਚ ਕਿਤੇ ਛੋਟਾ ਹੈ, ਪਰ ਉਹਦੇ ਡੇਰੇ 'ਤੇ ਸੈਂਕੜੇ ਹਜ਼ਾਰਾਂ ਸ਼ਰਧਾਲੂਆਂ ਦੀ ਭੀੜ ਲੱਗੀ ਰਹਿੰਦੀ ਹੈ। ਕੀ ਉਸ ਦੀ ਸਾਧਨਾ ਤੁਹਾਡੇ ਨਾਲੋਂ ਵਧ ਕੇ ਹੈ?"

ਅਨੰਦ ਨੂੰ ਸ਼ਾਂਤ ਕਰਦਿਆਂ ਮਹਾਤਮਾ ਬੁੱਧ ਨੇ ਫਰਮਾਇਆ, "ਹੇ ਅਨੰਦ! ਚੰਗੇ ਬੰਦਿਆਂ ਦੀਆਂ ਕਦੀ ਭੀੜਾਂ ਨਹੀਂ ਜੁੜਦੀਆਂ ਹੁੰਦੀਆਂ। ਇਹ ਵੀ ਯਾਦ ਰੱਖੀਂ ਕਿ ਭੀੜਾਂ ਵਿਚ ਸਦਾ ਚੰਗੇ ਬੰਦੇ ਨਹੀਂ ਹੁੰਦੇ!"

ਜੇ ਮਹਾਤਮਾ ਬੁੱਧ ਅੱਜ ਦੇ ਸਮੇਂ ਹੁੰਦੇ ਤਾਂ ਅਨੰਦ ਨੂੰ ਦਿੱਤੇ ਗਏ ਉਪਦੇਸ਼ ਵਿਚ ਇਹ ਸਤਰਾਂ ਵੀ ਸ਼ਾਮਲ ਹੋਣੀਆਂ ਸਨ, "ਅਨੰਦ ਪਿਆਰਿਆ! ਜਿਥੇ ਭੀੜਾਂ ਦਾ ਜਮਘਟਾ ਲੱਗਾ ਹੋਇਆ ਹੋਵੇ, ਉਥੇ ਥਾਂ-ਥਾਂ ਚਿਤਾਵਨੀਆਂ ਦੇ ਬੋਰਡ ਟੰਗੇ ਹੁੰਦੇ ਹਨ, 'ਜੇਬ ਕਤਰਿਆਂ ਤੋਂ ਸਾਵਧਾਨ!' 'ਆਪੋ ਆਪਣੇ ਸਾਮਾਨ ਦੀਆਂ ਗਠੜੀਆਂ ਹੱਥੋਂ ਨਾ ਛੱਡੋ!' 'ਬੇਪਛਾਣ ਬੰਦਿਆਂ ਪਾਸੋਂ ਕੋਈ ਚੀਜ਼ ਲੈ ਕੇ ਨਾ ਖਾਓ!' ਨਾਲੇ ਅਨੰਦ ਭਾਈ! ਸੂਝਵਾਨ ਸਿਆਣੇ ਲੋਕ ਕਦੇ ਭੀੜ ਦਾ ਹਿੱਸਾ ਨਹੀਂ ਬਣਦੇ। ਉਹ ਜਾਣਦੇ ਹੁੰਦੇ ਨੇ ਕਿ ਵੱਡੀਆਂ ਤੋਂ ਵੱਡੀਆਂ ਇਕੱਠੀਆਂ ਹੋਈਆਂ ਭੀੜਾਂ ਵੱਲ ਦੇਖ ਕੇ ਸਿਰਫ ਸਿਆਸਤਦਾਨਾਂ ਨੂੰ ਹੀ ਲਾਲੀਆਂ ਚੜ੍ਹਦੀਆਂ ਹਨ, ਕਿਉਂਕਿ ਉਨ੍ਹਾਂ ਨੇ ਆਪਣੀ 'ਜ਼ਿੰਦਾਬਾਦ' ਅਤੇ ਵਿਰੋਧੀਆਂ ਦੀ 'ਮੁਰਦਾਬਾਦ' ਕਰਾਉਣੀ ਹੁੰਦੀ ਹੈ ਤੇ ਆਪਣਾ ਉਲੂ ਸਿੱਧਾ ਕਰਨਾ ਹੁੰਦਾ ਹੈ। ਬਿਨਾਂ ਸੋਚਿਆਂ ਵਿਚਾਰਿਆਂ ਕਿਸੇ ਦੀ ਜ਼ਿੰਦਾਬਾਦ ਜਾਂ ਕਿਸੇ ਦੀ ਮੁਰਦਾਬਾਦ, ਕੇਵਲ ਭੀੜਾਂ ਹੀ ਕਰ ਸਕਦੀਆਂ ਹਨ। ਅਕਲ ਵਾਲੇ ਬੰਦੇ ਕਦੇ ਅਜਿਹਾ ਕੁਫ਼ਰ ਨਹੀਂ ਤੋਲ ਸਕਦੇ।"

ਗ੍ਰੰਥਕਾਰਾਂ ਮੁਤਾਬਕ ਇਕ ਸਮੇਂ ਕਸ਼ਮੀਰ ਦੀ ਸੰਗਤ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨਾਂ ਨੂੰ ਪੰਜਾਬ ਵੱਲ ਆ ਰਹੀ ਸੀ। ਉਨ੍ਹਾਂ ਸਫ਼ਰ ਦੌਰਾਨ ਰਾਹ ਵਿਚ ਕੱਟੂ ਸ਼ਾਹ ਦੇ ਘਰੇ ਪੜਾਅ ਕੀਤਾ ਜੋ ਗੁਰੂ ਘਰ ਦਾ ਹੀ ਪ੍ਰੇਮੀ ਸੀ। ਰਾਤ ਕੱਟ ਕੇ ਜਦੋਂ ਸਵੇਰੇ ਕਾਫ਼ਲਾ ਤੁਰਨ ਲੱਗਿਆ ਤਾਂ ਸੰਗਤ 'ਚੋਂ ਇਕ ਦੇ ਸਿਰ ਪ੍ਰੇਮ ਨਾਲ ਚੁੱਕੇ ਹੋਏ ਭਾਂਡੇ ਵੱਲ ਇਸ਼ਾਰਾ ਕਰ ਕੇ ਭਾਈ ਕੱਟੂ ਨੇ ਪੁੱਛਿਆ ਕਿ ਇਹਦੇ ਵਿਚ ਕੀ ਸ਼ੈਅ ਹੈ? ਸੰਗਤ ਨੇ ਦੱਸਿਆ ਕਿ ਬਹੁਤ ਸੁੱਚਮ ਨਾਲ ਚੋਇਆ ਹੋਇਆ ਸ਼ਹਿਦ ਹੈ ਜੋ ਅਸੀਂ ਪੰਜਾਬ ਪਹੁੰਚ ਕੇ ਗੁਰੂ ਜੀ ਨੂੰ ਸ਼ਰਧਾ ਨਾਲ ਛਕਾਉਣਾ ਹੈ। ਕੱਟੂ ਸ਼ਾਹ ਭੋਲੇ ਭਾਅ ਬੋਲਿਆ, "ਸ਼ਹਿਦ ਸੁਣ ਕੇ ਤਾਂ ਮੇਰੇ ਮੂੰਹ 'ਚ ਪਾਣੀ ਆ ਗਿਐ। ਥੋੜ੍ਹਾ ਜਿਹਾ ਮੈਨੂੰ ਵੀ ਖਾਣ ਨੂੰ ਦੇ ਦਿਉ?" ਸੁਣਨ ਵਾਲਿਆਂ ਨੂੰ ਬੜਾ ਬੁਰਾ ਲੱਗਿਆ, 'ਕੈਸਾ ਬੇਅਕਲਾ ਸਿੱਖ ਹੈ?' ਉਨ੍ਹਾਂ ਠੋਕ ਕੇ ਨਾਂਹ ਕਰ ਦਿੱਤੀ ਤੇ ਸਫ਼ਰ 'ਤੇ ਤੁਰ ਪਏ।

ਅੰਮ੍ਰਿਤਸਰ ਪਹੁੰਚ, ਗੁਰੂ ਮਹਾਰਾਜ ਨੂੰ ਨਮਸਕਾਰ ਕਰ ਕੇ ਚਾਈਂ ਚਾਈਂ ਸ਼ਹਿਦ ਵਾਲੇ ਭਾਂਡੇ ਦਾ ਢੱਕਣ ਖੋਲ੍ਹਿਆ ਤਾਂ ਉਹ ਹੈਰਾਨ ਹੀ ਰਹਿ ਗਏ। ਸ਼ਹਿਦ 'ਚੋਂ ਬਦਬੂ ਆ ਰਹੀ ਸੀ। ਪ੍ਰੇਸ਼ਾਨ ਹੁੰਦਿਆਂ ਉਨ੍ਹਾਂ ਗੁਰੂ ਜੀ ਨੂੰ ਰਾਹ ਵਾਲਾ ਵਾਕਿਆ ਸੁਣਾਉਂਦਿਆਂ ਪੁੱਛਿਆ ਕਿ ਸਾਡੇ ਚੰਗੇ ਭਲੇ ਸ਼ਹਿਦ ਨੂੰ ਕੀ ਹੋ ਗਿਆ? ਗੁਰੂ ਸਾਹਿਬ ਮੁਸਕਰਾ ਕੇ ਆਖਿਆ,

> ਜੋ ਮਮ ਸਿੱਖਨ ਕੇ ਮੁਖ ਪਰੇ।
> ਸੋ ਮੁਝ ਕੋ ਪਹੁਚਹਿ ਹਿਤ ਧਰੇ।

ਮੇਰੇ ਸਿੱਖ ਦੇ ਮੂੰਹ 'ਚ ਪਈ ਚੀਜ਼ ਮੈਨੂੰ ਪ੍ਰਾਪਤ ਹੋ ਜਾਂਦੀ ਹੈ। ਤੁਸੀਂ ਕੱਟੂ ਨੂੰ ਸ਼ਹਿਦ ਤੋਂ ਇਨਕਾਰ ਕਰ ਕੇ ਚੰਗਾ ਨਹੀਂ ਕੀਤਾ।

'ਮਹਾਰਾਜ ਹੁਣ ਫਿਰ ਕੀ ਕੀਤਾ ਜਾਏ?' ਸ਼ਰਧਾਲੂਆਂ ਦੇ ਇਸ ਸਵਾਲ ਦਾ ਜਵਾਬ ਦਿੰਦਿਆਂ ਗੁਰੂ ਜੀ ਨੇ ਉਨ੍ਹਾਂ ਨੂੰ ਮੁੜ ਭਾਈ ਕੱਟੂ ਕੋਲ ਵਾਪਸ ਭੇਜਿਆ। ਮੁੜਦੇ ਪੈਰੀਂ ਉਹ ਭਾਈ ਕੱਟੂ ਦੇ ਘਰੇ ਪਹੁੰਚੇ,

> ਮਾਨ ਬਚਨ ਕੋ ਬਹੁਰ ਪਧਾਰੇ।
> ਲੇ ਮਧੁ ਬਾਸਨ ਬਿਲਮ ਨਿਵਾਰੇ।

'ਸੂਰਜ ਪ੍ਰਕਾਸ਼' ਵਿਚ ਭਾਈ ਸੰਤੋਖ ਸਿੰਘ ਲਿਖਦੇ ਨੇ ਕਿ ਸੋਨ-ਸੁਨਹਿਰੀ ਭਾਅ ਮਾਰਦਾ ਸੁਗੰਧੀਦਾਰ ਸ਼ਹਿਦ ਛੱਕ 'ਕੱਟੂ ਸ਼ਾਹ ਹੇਰਿ ਮੁਸਕਾਇ।'

ਪਾਕਿਸਤਾਨ ਦੇ ਕਸਬਾ ਸੈਦਪੁਰ (ਜਿਸ ਨੂੰ ਅੱਜ ਕੱਲ੍ਹ ਐਮਨਾਬਾਦ ਆਖਿਆ ਜਾਂਦਾ ਹੈ) ਦਾ ਅਮੀਰ ਤੇ ਸਰਕਾਰੇ-ਦਰਬਾਰੇ ਅਸਰ ਰਸੂਖ ਰਖਾਉਂਦਾ ਮਲਿਕ ਭਾਗੋ, ਆਪਣੇ ਘਰ ਲੰਗਰ



ਲਾਈ ਬੈਠਾ ਹੈ ਜਿਸ ਵਿਚ ਛੱਤੀ ਪ੍ਰਕਾਰ ਦੇ ਭੋਜਨ ਬਣੇ ਹੋਏ ਨੇ। ਦੁਨੀਆਂ ਭਰ ਦੇ ਲਗੜ-ਬੱਗ ਸਾਧ ਬੂਬਨੇ ਉਹਦੇ ਮਹਿਲਾਂ ਵਿਚ ਰੱਜ ਰੱਜ ਡੱਲਾਂ ਲਾਹ ਰਹੇ ਨੇ। ਸੈਦਪੁਰ ਨੂੰ ਆਉਂਦੇ ਰਸਤੇ ਵੀ ਭੀੜਾਂ ਨਾਲ ਭਰੇ ਪਏ ਨੇ। ਚੋਟੀ ਦੇ ਹਲਵਾਈਆਂ ਵੱਲੋਂ ਬਣਾਏ ਹੋਏ ਬਹੁ-ਭਾਂਤੇ ਪਕਵਾਨ ਖਾ ਖਾ, ਲੋਕੀਂ ਭਾਗੋ ਦੀ ਅਮੀਰੀ ਦੇ ਸੋਹਿਲੇ ਗਾਉਂਦੇ ਤੁਰੇ ਜਾਂਦੇ ਨੇ। ਕਈ ਸੰਨਿਆਸੀ-ਜੋਗੀ ਦਾਨ-ਦੱਛਣਾ ਕੱਛੇ ਮਾਰ ਕੇ, ਭਾਗੋ ਦੀ ਅਮੀਰੀ ਹੋਰ ਵਧਣ ਫੁੱਲਣ ਦੀਆਂ ਗਜ਼ ਗਜ਼ ਲੰਮੀਆਂ ਅਰਦਾਸਾਂ ਕਰ ਰਹੇ ਨੇ।

ਭਗਵੇਂ ਕੱਪੜਿਆਂ ਅਤੇ ਹੱਥ 'ਚ ਫੜੀਆਂ ਜਪ ਮਾਲੀਆਂ ਤੇ ਲੰਮੀਆਂ ਜਟਾਵਾਂ ਵਾਲੇ ਜੋਗੀ, ਜੰਗਮਾਂ ਜਾਂ ਹੋਰ ਨਿੱਕੀ ਨੰਨ੍ਹੀ ਦੀ ਬੇਥਾਹ ਭੀੜ ਦੇਖ ਕੇ, ਆਮ ਲੋਕਾਂ ਦੀ ਨਜ਼ਰ ਵਿਚ ਲਹੂ ਪੀਣਾ ਭਾਗੋ ਦਾਨੀ ਤੇ ਧਰਮੀ ਬਣਿਆ ਦਿਖਾਈ ਦੇ ਰਿਹਾ ਹੈ ਪਰ ਧਰਮ ਦਾ ਰਹਿਬਰ ਇਸੇ ਕਸਬੇ ਦੀ ਇਕ ਨੁੱਕਰੇ, ਆਪਣੇ ਗਰੀਬੜੇ ਜਿਹੇ ਕਿਰਤੀ ਸਾਥੀ, ਭਾਈ ਲਾਲੋ ਦੀ ਅਹਿਰਨ ਕੋਲ ਬੈਠਾ ਬਾਜਰੇ ਦੀ ਸੁੱਕੀ ਰੋਟੀ ਖਾ ਰਿਹਾ ਹੈ। ਬਾਬਾ ਨਾਨਕ ਨਾਲੋਂ ਉਮਰ 'ਚ 17 ਸਾਲ ਵੱਡਾ ਭਾਈ ਲਾਲੋ ਆਪਣੇ ਮਹਿਮਾਨ ਕੋਲ ਬੈਠਾ ਮਾਲਾ ਨਹੀਂ ਫੇਰ ਰਿਹਾ। ਨਾ ਉਹ ਅੱਖਾਂ ਮੀਚ ਕੇ ਕੋਈ ਪਾਠ ਕਰ ਰਿਹਾ ਹੈ ਤੇ ਨਾ ਹੀ ਉਸ ਸਮਾਧੀ ਲਾਈ ਹੋਈ ਹੈ। ਉਹ ਤਾਂ ਤੇਸਾ-ਆਰੀ ਚਲਾਉਂਦਿਆਂ ਹੋਇਆਂ, ਗੁਰੂ ਬਾਬੇ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਕਰ ਰਿਹਾ ਐ ਕਿ ਭਾਗੋ ਜਿਹੇ ਸਰਮਾਏਦਾਰ ਹੈਣ ਤਾਂ ਖੂਨ ਪੀਣੀਆਂ ਜੋਕਾਂ, ਪਰ ਇਹ ਦਿਖਾਵਾ ਕਰ ਰਹੇ ਨੇ ਦਾਨ ਪੁੰਨ ਕਰਨ ਵਾਲੇ ਧਰਮੀ ਜਿਊੜੇ ਹੋਣ ਦਾ।

ਇਨਕਲਾਬੀ ਪੈਗਾਮ ਦੇਣ ਵਾਲੇ ਇਸ ਇਤਿਹਾਸਕ ਬਿਰਤਾਂਤ ਨੂੰ ਅਸੀਂ ਕਰਾਮਾਤ ਤੱਕ ਹੀ ਸੀਮਤ ਕਰ ਦਿੱਤਾ ਹੈ। ਇਸ ਦੇ ਅਰਥਾਂ ਦਾ ਗਹਿਰ ਗੰਭੀਰ ਮੁਤਾਲਿਆ ਕਰਨ ਦੀ ਥਾਂਵੇਂ ਅਸੀਂ ਭਾਗੋ ਦੀ ਰੋਟੀ 'ਚੋਂ ਲਹੂ ਤੇ ਲਾਲੋ ਦੀ ਰੋਟੀ 'ਚੋਂ ਦੁੱਧ ਚੁਆ ਰਹੇ ਗੁਰੂ ਨਾਨਕ ਦੇਵ ਨੂੰ 'ਕਰਾਮਾਤੀ' ਬਣਾ ਕੇ ਪੂਜਣਾ ਜ਼ਰੂਰੀ ਸਮਝ ਲਿਆ; ਬਜਾਏ ਇਸੇ ਦੇ ਕਿ ਉਨ੍ਹਾਂ ਦੇ ਫਲਸਫ਼ੇ ਨੂੰ ਜੀਵਨ ਦਾ ਆਧਾਰ ਬਣਾਇਆ ਜਾਂਦਾ ਪਰ ਅਸੀਂ ਭੀੜਾਂ ਦਾ ਹਿੱਸਾ ਬਣ ਕੇ ਗੁਰੂ ਬਾਬੇ ਦੀ ਬਖ਼ਸ਼ੀ ਜੀਵਨ ਜੁਗਤਿ ਨੂੰ ਪਾਸੇ ਹੀ ਕਰ ਦਿੱਤਾ। ਸਾਖੀ ਦੇ ਕੰਨ ਰਸ ਵਾਲੇ ਗੀਤ ਬਣਾ ਕੇ ਗਾਉਣੇ ਸ਼ੁਰੂ ਕਰ ਦਿੱਤੇ।

ਜਨਮ ਸਾਖੀਆਂ ਸਮੇਤ ਉਨ੍ਹਾਂ ਗ੍ਰੰਥਾਂ ਜਿਨ੍ਹਾਂ ਵਿਚ ਗੁਰੂ ਨਾਨਕ ਤੇ ਭਾਈ ਲਾਲੋ ਦੀ ਮਿਲਣੀ ਦਾ ਉਕਤ ਉਲੇਖ ਮਿਲਦਾ ਹੈ, ਉਨ੍ਹਾਂ ਵਿਚ ਇਹ ਕਿਤੇ ਦਰਜ ਨਹੀਂ ਕਿ ਗੁਰੂ ਨਾਨਕ ਨੇ ਭਾਈ ਲਾਲੋ ਨੂੰ ਇਹ ਹਦਾਇਤ ਦਿੱਤੀ ਹੋਵੇ ਕਿ ਤੂੰ ਭਾਈ ਸਿੱਖਾ! ਆਪਣਾ ਕੰਮ ਕੁੰਮ ਛੱਡ ਕੇ ਹਰ ਸੰਗਰਾਂਦ ਮੈਨੂੰ ਮਿਲਣ ਆਇਆ ਕਰ; ਜਾਂ ਮੱਸਿਆ-ਪੁੰਨਿਆ 'ਤੇ ਮੈਨੂੰ ਦਾਨ-ਦੱਛਣਾ ਦੇਣ ਪਹੁੰਚਿਆ ਕਰ। ਨਾ ਹੀ ਉਸ ਨੂੰ ਇਹ ਕਸ਼ਟ ਦਿੱਤਾ ਕਿ ਤੂੰ ਮੇਰੇ ਪਹਿਲੇ ਜਨਮਾਂ ਵਿਚ ਕੀਤੀ ਤਪੱਸਿਆ ਵਾਲਾ ਸਥਾਨ ਢੂੰਡ ਕੇ, ਹਰ ਹਾਲ ਡਿਗਦਾ-ਢਹਿੰਦਾ ਜ਼ਿਆਰਤ ਕਰਨ ਜ਼ਰੂਰ ਪੁੱਜਿਆ ਕਰ। ਹਾਂ, ਉਸ ਨੂੰ ਦੂਰ-ਦੁਰਾਡੇ ਕਿਤੇ ਟੱਕਰਾਂ ਮਾਰਨ ਨਾਲੋਂ ਇਹ ਆਖਿਆ ਕਿ 'ਘਰਿ ਘਰਿ ਅੰਦਰ ਧਰਮਸਾਲ॥'

ਇਨ੍ਹਾਂ ਸਤਰਾਂ ਦੇ ਲੇਖਕ ਦੀ ਤੁੱਛ ਬੁੱਧੀ ਅਨੁਸਾਰ ਘਰ ਵਿਚ 'ਧਰਮਸਾਲ ਬਣਾਉਣ' ਦਾ ਕੇਵਲ ਇਹੀ ਮੰਤਵ ਨਹੀਂ ਹੋ ਸਕਦਾ ਕਿ ਗ੍ਰਹਿਸਥੀ ਆਪਣੇ ਘਰ ਵਿਚ ਢੋਲਕੀਆਂ-ਛੈਣੇ ਵਜਾ ਕੇ ਬਾਣੀ ਗਾਈ ਜਾਣ। ਦਰਅਸਲ ਇਹ ਤਜਰਬੇ ਵਾਲੀ ਗੱਲ ਹੈ ਕਿ ਜਦੋਂ ਮਾਂ-ਬਾਪ, ਧੀਆਂ-ਪੁੱਤਰ ਸਾਰੇ ਇਕੱਠੇ ਹੋ ਕੇ ਟਿਕਾਉ ਵਿਚ ਬੈਠੇ ਹੋਣ ਤਾਂ ਉਥੇ ਪ੍ਰਲੋਕ ਨਾਲੋਂ ਇਸ ਲੋਕ ਦੀ ਵਧਰੇ ਚਰਚਾ ਹੁੰਦੀ ਹੈ। ਜਿਵੇਂ ਗੁਰੂ ਨਾਨਕ ਤੇ ਭਾਈ ਲਾਲੋ ਨੇ ਨੇੜੇ ਨੇੜੇ ਹੋ ਕੇ ਸਮੇਂ ਦੇ ਹੰਕਾਰੀ ਸਰਮਾਏਦਾਰ ਭਾਗੋ ਦਾ ਗਰੂਰ ਤੋੜਨ ਦੀਆਂ ਗੱਲਾਂ ਕੀਤੀਆਂ ਸਨ, ਇਵੇਂ ਬਾਬੇ ਨਾਨਕ ਦਾ ਸੰਦੇਸ਼ ਹੈ ਕਿ ਆਪਣੇ 'ਸਮਿਆਂ ਦੇ ਬਾਬਰਾਂ' ਦੀ ਹੈਂਕੜ ਤੋੜ ਕੇ ਸੱਚੇ ਸੁੱਚੇ ਕਿਰਤੀਆਂ ਨੂੰ ਵਡਿਆਇਆ ਜਾਵੇ। ਉਨ੍ਹਾਂ ਦੇ ਸਾਥੀ ਬਣਿਆ ਜਾਵੇ। ਉਨ੍ਹਾਂ ਨਾਲ ਹਿੱਕ ਤਾਣ ਕੇ ਸੱਚ ਦਾ ਪੱਖ ਪੂਰਿਆ ਜਾਵੇ।

ਪਰ ਗੁਰੂ ਨਾਨਕ ਦੇ ਅਜੋਕੇ ਪੈਰੋਕਾਰ ਕਹਾਉਣ ਵਾਲਿਆਂ ਨੂੰ ਇਸ ਲੋਕ ਦੀ ਨਹੀਂ, ਸਗੋਂ ਪ੍ਰਲੋਕ ਸੁਧਾਰਨ ਦੀ ਚਿੰਤਾ ਪਈ ਹੋਈ ਹੈ। ਗੁਰੂ ਨਾਨਕ ਤਾਂ ਸਪੱਸ਼ਟ ਆਖਦੇ ਨੇ ਕਿ ਹੋਰ ਅਗਲੇ-ਪਿਛਲੇ ਜਨਮਾਂ ਦੀ ਚਿੰਤਾ ਨਾਲੋਂ ਇਸ ਜੀਵਨ ਨੂੰ ਸੁਚੱਜਾ ਤੇ ਸੁਹਾਵਣਾ ਬਣਾਉਣ ਦਾ ਉਦਮ ਕਰ, 'ਜੀਵਨ ਤਲਬ ਨਿਵਾਰਿ॥' ਅੱਗੇ ਗੁਰੂ ਜੀ ਤੀਰਥ-ਭ੍ਰਮਣ ਦਾ ਖੰਡਨ ਕਰਦਿਆਂ ਫਰਮਾਉਂਦੇ ਨੇ,

> ਕਿਤੈ ਦੇਸਿ ਨ ਆਇਆ ਸੁਣੀਐ
> ਤੀਰਥ ਪਾਸਿ ਨ ਬੈਠਾ॥
> ਦਾਤਾ ਦਾਨੁ ਕਰੇ ਤਹ ਨਾਹੀ
> ਮਹਲ ਉਸਾਰਿ ਨ ਬੈਠਾ॥

'ਅੰਜਨ ਮਾਹਿ ਨਿਰੰਜਨ' ਰਹਿ ਕੇ ਸਾਵੀਂ ਪੱਧਰੀ ਜ਼ਿੰਦਗੀ ਜਿਉਣ ਦੀ ਥਾਂ ਮਾਡਰਨ ਧਰਮੀ, ਔਖੇ ਹੋ ਕੇ 'ਕਸ਼ਟ ਭੋਗਦਿਆਂ' ਮਨਘੜਤ ਤੀਰਥਾਂ 'ਤੇ ਜਾ ਕੇ ਪਤਾ ਨਹੀਂ ਕਿਹੜੇ ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਦੇ ਨੇ?

---

# ਏਤੀ ਮਾਰ ਪਈ ਕੁਰਲਾਣੈ...

## ਦੁਖਦੀ ਰਗ

ਹਿੰਦੁਸਤਾਨ ਦੇ ਉਤਰਾਖੰਡ ਦਾ ਕੱਚੇ ਪਹਾੜਾਂ ਅਤੇ ਜੰਗਲਾਂ ਦਾ ਉਹ ਇਲਾਕਾ ਜਿਸ ਵਿਚ ਹਿੰਦੂ ਅਤੇ ਸਿੱਖਾਂ ਦੇ ਧਾਰਮਿਕ ਸਥਾਨ ਹਨ, ਤੇ ਜਿੱਥੇ ਹਰ ਸਾਲ ਲੱਖਾਂ ਲੋਕ ਇਨ੍ਹਾਂ ਦੇ ਦਰਸ਼ਨਾਂ ਜਾਂ ਯਾਤਰਾ ਕਰਨ ਲਈ ਜਾਂਦੇ ਹਨ, ਉਥੇ ਇਸ ਸਾਲ ਰੱਬੀ ਕਹਿਰ ਨਾਜ਼ਲ ਹੋ ਗਿਆ। ਇਸ ਨੇ ਧਰਤੀ ਦੇ ਨਾਲ ਨਾਲ ਅਸਮਾਨ ਨੂੰ ਝੰਜੋੜ ਕੇ ਹੀ ਨਹੀਂ, ਤੋੜ ਕੇ ਰੱਖ ਦਿੱਤਾ। ਦੇਸ਼ ਦੇ ਕੋਨੇ ਕੋਨੇ ਵਿਚੋਂ ਇਨ੍ਹਾਂ ਧਾਰਮਿਕ ਸਥਾਨਾਂ ਦੇ ਦਰਸ਼ਨ ਦੀਦਾਰ

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਕਰਨ ਗਏ ਲੋਕ ਅਚਾਨਕ ਬੱਦਲ ਫੱਟਣ ਨਾਲ ਅਤੇ ਆਏ ਤੂਫ਼ਾਨ ਦੀ ਲਪੇਟ ਵਿਚ ਆ ਗਏ। ਕਈ ਹਜ਼ਾਰ ਲੋਕ ਮੌਤ ਦੇ ਮੂੰਹ ਵਿਚ ਜਾ ਪਏ। ਸਭ ਤੋਂ ਵੱਧ ਤਬਾਹੀ ਦਾ ਕੇਂਦਰ ਕੇਦਾਰਨਾਥ ਦਾ ਇਲਾਕਾ ਬਣਿਆ। ਗੋਬਿੰਦਘਾਟ, ਗੋਬਿੰਦਧਾਮ, ਸ੍ਰੀ ਹੇਮਕੁੰਡ ਸਾਹਿਬ, ਕੇਦਾਰਨਾਥ, ਬਦਰੀਨਾਥ, ਰੁਦਰਪ੍ਰਯਾਗ, ਗੰਗੋਤਰੀ, ਗੌਰੀ ਕੁੰਡ, ਜੋਸ਼ੀ ਮੱਠ ਅਤੇ ਰਿਸ਼ੀਕੇਸ਼- ਸਭ ਤੂਫ਼ਾਨ ਦੀ ਮਾਰ ਹੇਠ ਆ ਗਏ। ਰੁਦਰਪ੍ਰਯਾਗ ਤੋਂ ਰਿਸ਼ੀਕੇਸ਼ ਤੱਕ ਤਿੰਨ ਸੌ ਪੰਜਾਹ ਕਿਲੋ ਮੀਟਰ ਲੰਮੀ ਸੜਕ ਇਕ ਸੌ ਤੇਰਾਂ ਥਾਂਵਾਂ ਤੋਂ ਟੁੱਟ ਕੇ ਤਹਿਸ-ਨਹਿਸ ਹੋ ਗਈ। ਕੱਚੇ ਪਹਾੜ ਆਪਣੀਆਂ ਥਾਂਵਾਂ ਤੋਂ ਹਿੱਲ ਕੇ ਬਾਰਸ਼ ਦੇ ਤੇਜ਼ ਪਾਣੀ ਨਾਲ ਵਹਿ ਤੁਰੇ। ਲਗਾਤਾਰ ਪੈਂਦੀ ਤੇਜ਼ ਬਾਰਸ਼ ਦੇ ਪਾਣੀ ਅਤੇ ਕੱਚੀਆਂ ਪਹਾੜੀਆਂ ਦੇ ਮਲਬੇ ਨੇ ਹਜ਼ਾਰਾਂ ਹੀ ਯਾਤਰੀ, ਇਮਾਰਤਾਂ, ਬੱਸਾਂ-ਕਾਰਾਂ ਤੇ ਗੱਡੀਆਂ ਨੂੰ ਆਪਣੇ ਅੰਦਰ ਸਮੇਟ ਲਿਆ ਅਤੇ ਹਜ਼ਾਰਾਂ ਜਿਉਂਦੇ ਜਾਗਦੇ ਇਨਸਾਨ ਮਲਬੇ ਥੱਲੇ ਦੱਬ ਕੇ ਲਾਸ਼ਾਂ ਬਣ ਗਏ। ਟੀ.ਵੀ. ਚੈਨਲ ਅਤੇ ਅਖ਼ਬਾਰਾਂ ਵਾਲੇ ਆਪੋ ਆਪਣੇ ਕਿਆਫ਼ੇ ਲਾ ਲਾ ਕੇ ਹਰ ਰੋਜ਼ ਦੱਸ ਰਹੇ ਹਨ ਕਿ ਕਿੰਨੇ ਲੋਕ ਮਾਰੇ ਗਏ, ਕਿੰਨੇ ਬਚਾ ਲਏ ਗਏ ਅਤੇ ਕਿੰਨੇ ਕੁ ਲੋਕ ਅਜੇ ਅਤਿ ਮੁਸ਼ਕਿਲ ਥਾਂਵਾਂ 'ਤੇ ਫਸੇ ਹੋਏ ਹਨ। ਸਹੀ ਗਿਣਤੀ ਨਾ ਸਰਕਾਰਾਂ ਕੋਲ ਹੈ, ਨਾ ਚੈਨਲਾਂ ਤੇ ਨਾ ਹੀ ਅਖ਼ਬਾਰਾਂ ਵਾਲਿਆਂ ਕੋਲ ਹੈ। ਸਹੀ ਗਿਣਤੀ ਜਾਣਨ ਲਈ ਬਹੁਤ ਲੰਮਾ ਸਮਾਂ ਲੱਗੇਗਾ; ਜਾਂ ਸ਼ਾਇਦ ਕਦੀ ਵੀ ਨਹੀਂ ਲੱਗ ਸਕੇਗਾ, ਕਿਉਂਕਿ ਪਾਣੀ ਤੇ ਮਲਬੇ ਦੇ ਤੇਜ਼ ਵਹਾ ਨਾਲ ਰੁੜ੍ਹ ਕੇ ਬਹੁਤ ਸਾਰੀਆਂ ਲਾਸ਼ਾਂ ਮੈਦਾਨੀ ਇਲਾਕਿਆਂ ਵਿਚ ਵੀ ਪਹੁੰਚ ਰਹੀਆਂ ਹਨ।

ਇਹ ਸਾਰਾ ਖੇਡ ਕੁਦਰਤ ਨੇ ਆਪ ਖੇਡਿਆ ਹੈ। ਇਸ ਵਿਚ ਕੋਈ ਮੁਲਕ, ਸਰਕਾਰ ਜਾਂ ਕਿਸੇ ਬੰਦੇ ਦਾ ਕੋਈ ਹੱਥ ਨਹੀਂ। ਸੰਸਾਰ ਦੇ ਹੋਰ ਮੁਲਕਾਂ ਵਿਚ ਵੀ ਭਿਆਨਕ ਅਤੇ ਤਬਾਹਕੁਨ ਤੂਫ਼ਾਨ ਆ ਰਹੇ ਹਨ, ਪਰ ਉਤਰਾਖੰਡ ਵਿਚ ਰੱਬੀ ਕਹਿਰ ਦੀ ਅਤਿ ਹੋ ਨਿਬੜੀ ਹੈ। ਇਸ ਦੁਖਦਾਈ ਸਮੇਂ ਵਿਚ ਭਾਰਤ ਅਤੇ ਉਤਰਾਖੰਡ ਦੀਆਂ ਸਰਕਾਰਾਂ ਦਾ ਰੋਲ ਪ੍ਰਸ਼ੰਸਾਯੋਗ ਹੈ। ਸਭ ਤੋਂ ਵੱਧ ਪ੍ਰਸ਼ੰਸਾ ਕਰਨੀ ਬਣਦੀ ਹੈ ਹਿੰਦੁਸਤਾਨ ਦੀ ਫੌਜ ਦੀ ਜਿਸ ਦੇ ਅਫ਼ਸਰ ਅਤੇ ਜਵਾਨ ਆਪਣੀਆਂ ਜਾਨਾਂ ਤਲੀ 'ਤੇ ਰੱਖ ਕੇ ਅਤਿ ਖ਼ਤਰਨਾਕ ਅਤੇ ਮੁਸ਼ਕਿਲ ਥਾਂਵਾਂ 'ਤੇ ਪਹੁੰਚ ਕੇ ਰਾਹਤ ਪਹੁੰਚਾ ਰਹੇ ਹਨ ਅਤੇ ਹੈਲੀਕਾਪਟਰਾਂ ਰਾਹੀਂ ਤੂਫ਼ਾਨ ਵਿਚ ਘਿਰੇ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਂਵਾਂ 'ਤੇ ਪਹੁੰਚਾ ਰਹੇ ਹਨ। ਸਾਡਾ ਇਨ੍ਹਾਂ ਯੋਧੇ ਤੇ ਸੂਰਬੀਰਾਂ ਅੱਗੇ ਸਿਰ ਝੁਕਦਾ ਹੈ।


ਆਓ, ਹੁਣ ਗੱਲ ਕਰੀਏ ਉਨ੍ਹਾਂ ਲੋਕਾਂ ਦੀ ਜੋ ਅਜੇ ਵੀ ਜੰਗਲ ਬੇਲੇ ਜਾਂ ਮਲਬਿਆਂ ਵਿਚ ਘਿਰੇ ਹੋਏ ਸਹਾਇਤਾ ਲਈ ਆਵਾਜ਼ਾਂ ਦੇ ਰਹੇ ਹਨ ਅਤੇ ਉਪਰੋਂ ਬਾਰਸ਼ ਵੀ ਮੁੜ ਮੁੜ ਕੇ ਬਚਾਉ ਕਾਰਜਾਂ ਵਿਚ ਰੁਕਾਵਟਾਂ ਪਾ ਰਹੀ ਹੈ। ਨਾਲ ਹੀ ਲਾਹਣਤ ਪਾਈਏ ਉਨ੍ਹਾਂ ਲੋਕਾਂ ਨੂੰ ਜੋ ਸ਼ਕਲੋਂ ਤਾਂ ਬੰਦੇ ਦਿਸਦੇ ਹਨ, ਪਰ ਇਹ ਭੁੱਖੇ ਭੇੜੀਏ, ਕੰਮ ਪਸ਼ੂਆਂ ਤੋਂ ਵੀ ਬਦਤਰ ਕਰਦੇ ਹਨ। ਜਿਥੇ ਹਿੰਦੁਸਤਾਨ ਦੀ ਫੌਜ ਦਾ ਕਿਰਦਾਰ ਅਤੇ ਸੇਵਾ ਵੇਖ ਕੇ ਸਿਰ ਫ਼ਖ਼ਰ ਨਾਲ ਉਚਾ ਹੋ ਗਿਆ ਸੀ, ਉਥੇ ਦੂਜੀ ਖ਼ਬਰ ਪੜ੍ਹ ਕੇ ਸ਼ਰਮ ਨਾਲ ਸਿਰ ਝੁਕ ਗਿਆ ਕਿ ਗੋਬਿੰਦਘਾਟ ਦੇ ਸੇਵਾਦਾਰਾਂ ਨੂੰ ਗੋਲਕ ਤੋੜਦਿਆਂ ਫੌਜ ਦੇ ਜਵਾਨਾਂ ਨੇ ਆਣ ਫੜਿਆ ਤੇ ਲਾਹਣਤਾਂ ਵੀ ਪਾਈਆਂ। ਇਹ ਗੱਲਾਂ ਆਮ ਹੀ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ, ਪਰ ਜੇ ਇਹੋ ਜਿਹੇ ਸਮੇਂ ਵਿਚ ਵੀ ਇਹ ਨਿੰਦਣਯੋਗ ਕੰਮ ਹੋਇਆ ਹੈ ਤਾਂ ਬਹੁਤ ਮਾੜਾ ਹੈ। ਇਹ ਦੁਖਦਾਈ ਸਮਾਂ ਧਰਮਾਂ ਦੇ ਆਧਾਰ 'ਤੇ ਗੱਲਾਂ ਕਰਨ ਦਾ ਨਹੀਂ ਹੈ। ਇਹੋ ਜਿਹੇ ਸਮੇਂ ਤਾਂ ਸਮੁੱਚੀ ਮਾਨਵਤਾ ਜਾਂ ਸਮੁੱਚੀ ਲੋਕਾਈ ਪਰਿਵਾਰ ਦੇ ਰੂਪ ਵਿਚ ਦਿਖਾਈ ਦੇਣੀ ਚਾਹੀਦੀ ਹੈ, 'ਨਾ ਕੋ ਬੈਰੀ ਨਾਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ॥' ਪਰ ਕਈ ਦਰਿੰਦੇ ਮਾਨਸ ਇਹੋ ਜਿਹੇ ਸਮੇਂ ਲਾਸ਼ਾਂ ਦੇ ਗਹਿਣੇ-ਗੱਟੇ ਲੁੱਟ ਕੇ ਲਗਦੇ ਹੱਥੀਂ ਲਾਸ਼ਾਂ ਦੀਆਂ ਇੱਜ਼ਤਾਂ ਵੀ ਲੁੱਟ ਲੈਂਦੇ ਹਨ। ਇਹ ਵੀ ਕੋਈ ਨਵੀਂਆਂ ਗੱਲਾਂ ਨਹੀਂ। ਜਦ ਵੀ ਕਿਤੇ ਕੋਈ ਸਾੜ੍ਹਸਤੀ ਵਾਪਰਦੀ ਹੈ ਤਾਂ ਉਸ ਵੇਲੇ ਇਹੋ ਜਿਹੇ ਅਕ੍ਰਿਤਘਣ ਲੋਕ ਵੀ ਆਪਣਾ ਕੰਮ ਕਰ ਜਾਂਦੇ ਹਨ। ਸਮਾਜ ਦੇ ਹਰ ਵਰਗ ਵਿਚ ਮਾੜੇ ਲੋਕ ਮਿਲ ਜਾਂਦੇ ਹਨ। ਹਾਂ, ਇਹੋ ਜਿਹੇ ਮੌਕੇ ਆਪਣੇ ਅਤੇ ਬਾਹਰਲੇ ਮੁਲਕਾਂ ਵਿਚ ਵੀ ਕਈ ਸੰਸਥਾਵਾਂ ਜਾਂ ਜਥੇਬੰਦੀਆਂ ਮੈਦਾਨ ਵਿਚ ਆ ਖਲੋਂਦੀਆਂ ਹਨ। ਚੈਨਲਾਂ ਅਤੇ ਅਖ਼ਬਾਰਾਂ ਵਿਚ ਵੀ ਧਰਮ ਅਤੇ ਇਨਸਾਨੀਅਤ ਦੇ ਨਾਂ 'ਤੇ ਜਜ਼ਬਾਤੀ ਗੱਲਾਂ ਕੀਤੀਆਂ ਜਾਂਦੀਆਂ ਹਨ। ਬੈਂਕ ਅਕਾਊਂਟ ਵੀ ਨਸ਼ਰ ਕੀਤੇ ਜਾਂਦੇ ਹਨ। ਦਾਨੀ ਪੁਰਸ਼ ਜਾਂ ਪਰਿਵਾਰ, ਪੀੜਤਾਂ ਲਈ ਆਪਣੀ ਕਮਾਈ ਵਿਚੋਂ ਦਿਲ ਖੋਲ੍ਹ ਕੇ ਦਾਨ ਵੀ ਦਿੰਦੇ ਹਨ, ਫਿਰ ਪਤਾ ਲਗਦਾ ਹੈ ਕਿ ਬੈਂਕ ਅਕਾਊਂਟਾਂ ਵਿਚ ਪਹੁੰਚੇ ਹਜ਼ਾਰਾਂ ਨਹੀਂ, ਲੱਖਾਂ ਰੁਪਏ ਜਾਂ ਡਾਲਰ ਕਿਸੇ ਪੀੜਤ ਕੋਲ ਪਹੁੰਚਣ ਦੀ ਥਾਂ ਪਤਾ ਨਹੀਂ ਕਿਹੜੇ ਖੁਹ-ਖਾਤੇ ਪੈ ਗਏ। ਅਜਿਹਾ ਕਰਨ ਵਾਲੇ ਬੀਬੀਆਂ ਸ਼ਕਲਾਂ ਵਾਲੇ ਨਾ ਰੱਬ ਤੋਂ ਡਰਦੇ ਹਨ ਤੇ ਨਾ ਹੀ ਮੌਤ ਤੋਂ। ਕਈ ਭਾਗਾਂ ਵਾਲੇ ਪਰਉਪਕਾਰੀ ਦੁਖਿਆਰਿਆ ਜਾਂ ਜ਼ਰੂਰਤਮੰਦਾਂ ਕੋਲ ਪਹੁੰਚ ਵੀ ਜਾਂਦੇ ਹੋਣਗੇ ਤਾਂ ਉਹ ਬਹੁਤ ਵਿਰਲੇ ਅਤੇ ਰੱਬ ਦੇ ਭੈਅ ਵਾਲੇ ਲੋਕ ਹੀ ਹੋਣਗੇ। ਬਾਕੀ ਤਾਂ ਆਪਣੇ ਘਰੀਂ ਸੇਠ ਬਣ ਕੇ ਬੈਠ ਜਾਣ ਵਾਲੇ ਹੀ ਹੁੰਦੇ ਹਨ। ਇਹੋ ਜਿਹੇ ਇਨਸਾਨ ਭਾਵੇਂ ਉਹ ਸਿੱਖ ਹੋਣ ਜਾਂ ਹਿੰਦੂ, ਉਹ ਇਨਸਾਨ ਨਹੀਂ, ਬੇਈਮਾਨ ਹੀ ਹੁੰਦੇ ਹਨ।

ਇਕ ਹੋਰ ਘਟਨਾ ਜੋ ਨਿੰਦਣਯੋਗ ਹੈ, ਉਹ ਇਹ ਕਿ ਇਸ ਰਾਹਤ ਕਾਰਜ ਲਈ ਸੁਰੱਖਿਆ ਦਸਤਾ ਲੈ ਕੇ ਗਏ ਆਈ.ਏ.ਐਸ. ਅਫ਼ਸਰ ਸ. ਕਾਹਨ ਸਿੰਘ ਪੰਨੂ ਨਾਲ ਆਪਣੇ ਹੀ ਲੋਕਾਂ ਵੱਲੋਂ ਉਨ੍ਹਾਂ ਦੇ ਗਲ ਪੈਣਾ ਤੇ ਦਸਤਾਰ ਨੂੰ ਹੱਥ ਪਾਉਣਾ। ਕਈ ਲੋਕ ਇਹੋ ਜਿਹੇ ਦੁਖਦਾਈ ਸਮਿਆਂ 'ਤੇ ਵੀ ਆਪਣੀ ਚੌਧਰ ਚਮਕਾਉਣ ਤੋਂ ਬਾਜ ਨਹੀਂ ਆਉਂਦੇ। ਇਕ ਚੈਨਲ 'ਤੇ ਲਾਈਵ ਪ੍ਰੋਗਰਾਮ ਦੇਖਿਆ, ਜਿਸ ਵਿਚ ਹਰ ਵਰਗ ਦੇ ਲੋਕ ਇਸ ਭਿਆਨਕ ਦੁਖਾਂਤ ਵਿਚ ਉਜੜੇ ਤੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਲਈ ਆਪਣੀ ਕਿਰਤ ਕਮਾਈ ਵਿਚੋਂ ਹਿੱਸਾ ਪਾਉਣ ਲਈ ਉਤਾਵਲੇ ਸਨ, ਪਰ ਕੁਝ ਐਸੇ ਲੋਕਾਂ ਦੀ ਆਵਾਜ਼ ਵੀ ਫੋਨ ਕਾਲਾਂ ਵਿਚ ਆਈ ਜੋ ਸਿੱਧੇ ਹੀ ਆਖ ਰਹੇ ਸਨ ਕਿ ਸਿੱਖਾਂ ਨੂੰ ਸਿਰਫ ਸਿੱਖਾਂ ਦੀ ਹੀ ਮੱਦਦ ਕਰਨੀ ਚਾਹੀਦੀ ਹੈ; ਪਰ ਸਾਡੀ ਹੱਥ ਜੋੜ ਕੇ ਬੇਨਤੀ ਹੈ ਕਿ ਅੱਜ ਇਨਸਾਨ ਤੇ ਸਿਰਫ਼ ਇਨਸਾਨ ਬਣ ਕੇ ਮਾਨਵਤਾ ਦੇ ਦਰਦ ਵਿਚ ਸ਼ਾਮਿਲ ਹੋਈਏ। ਇਹੋ ਹੀ ਸਾਡੇ ਸ਼ਬਦ ਗੁਰੂ ਦਾ ਵੀ ਹੁਕਮ ਹੈ। ਆਓ! ਰੰਜਿਸ਼ਾਂ ਦੀਆਂ ਕੰਧਾਂ ਢਾਹ ਕੇ ਉਤਰਾਖੰਡ ਵਿਚ ਆਏ ਤੂਫ਼ਾਨ ਦੇ ਪੀੜਤਾਂ ਲਈ ਜੋ ਕਰ ਸਕਦੇ ਹਾਂ, ਉਹ ਜ਼ਰੂਰ ਕਰੀਏ। ਰੱਬ ਮਿਹਰ ਕਰੇ ਤੇ ਤੂਫ਼ਾਨ ਵਿਚ ਘਿਰਿਆ ਹਰ ਇਨਸਾਨ ਸਹੀ ਸਲਾਮਤ ਆਪਣੇ ਪਰਿਵਾਰ ਵਿਚ ਪਹੁੰਚ ਜਾਵੇ; ਕਿਉਂਕਿ ਮੇਰੇ ਸਤਿਗੁਰ ਨੇ ਵੀ ਇਕ ਦਿਨ ਉਸ ਮਾਲਿਕ ਨੂੰ ਆਵਾਜ਼ ਦਿੱਤੀ ਸੀ,

> ਏਤੀ ਮਾਰ ਪਈ ਕੁਰਲਾਣੈ
> ਤੈਂ ਕੀ ਦਰਦ ਨਾ ਆਇਆ॥

# ਹਰ ਸ਼ਾਖ ਪੇ ਉਲੂ ਬੈਠਾ ਹੈ, ਅੰਜਾਮੇ ਗੁਲਿਸਤਾਂ ਕਿਆ ਹੋਗਾ?

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਇੱਕ ਹਫਤੇ ਤੋਂ ਵੱਧ ਸਮਾਂ ਬੀਤਣ ਮਗਰੋਂ ਵੀ ਉਤਰਾ ਖੰਡ ਵਿਚ ਹੜ੍ਹਾਂ ਦੀ ਮਾਰ ਹੇਠ ਆਏ ਸਾਰੇ ਲੋਕਾਂ ਨੂੰ ਕੱਢਿਆ ਨਹੀਂ ਜਾ ਸਕਿਆ। ਮਰਨ ਵਾਲਿਆਂ ਦੀ ਅਸਲ ਗਿਣਤੀ ਵੀ ਨਾ ਰਾਜ ਸਰਕਾਰ ਜਾਣਦੀ ਹੈ, ਨਾ ਕੇਂਦਰ ਦੇ ਹਾਕਮਾਂ ਨੂੰ ਪਤਾ ਹੈ ਤੇ ਨਾ ਰਾਹਤ ਦਾ ਕੰਮ ਕਰਨ ਵਾਲੀ ਕਿਸੇ ਏਜੰਸੀ ਕੋਲ ਇਸ ਦੀ ਕੋਈ ਪੱਕੀ ਰਿਪੋਰਟ ਹੈ। ਸਾਰੇ ਆਪੋ-ਆਪਣੇ ਘੋੜੇ ਭਜਾਈ ਜਾਂਦੇ ਹਨ। ਖੱਬੇ ਹੱਥ ਨੂੰ ਸੱਜੇ ਦਾ ਪਤਾ ਨਹੀਂ ਲੱਗਦਾ। ਕਈ ਥਾਂ ਇਹ ਹਾਲਤ ਵੀ ਹੈ ਕਿ ਇੱਕ ਹੱਥ ਦੂਸਰੇ ਦੇ ਉਲਟ ਚੱਲ ਰਿਹਾ ਨਜ਼ਰ ਆਉਂਦਾ ਹੈ। ਪਹਿਲੀ ਮੰਦਾਕਿਨੀ ਨਦੀ ਦਾ ਪਾਣੀ ਘਟ ਗਿਆ, ਪਰ ਜਿੰਨੀ ਗਾਰ ਉਹ ਸੁੱਟ ਗਿਆ, ਉਹ ਅਜੇ ਤੱਕ ਚੁੱਕੀ ਨਹੀਂ ਜਾ ਸਕੀ ਤੇ ਦੂਸਰੀ ਭਾਗੀਰਥੀ ਨਦੀ ਦੇ ਉਛਾਲੇ ਮਾਰਨ ਨੇ ਉਸ ਖੇਤਰ ਦੇ ਲੋਕਾਂ ਨੂੰ ਨਵੀਂ ਚਿੰਤਾ ਵਿਚ ਡੋਬ ਦਿੱਤਾ ਹੈ। ਇਹ ਚਿੰਤਾ ਪੰਜਾਬ ਦੇ ਲੋਕਾਂ ਤੱਕ ਵੀ ਆ ਗਈ। ਰਾਵੀ ਨੇ ਸਿਰਫ ਇੱਕ ਦਿਨ ਉਛਾਲਾ ਮਾਰਿਆ ਤੇ ਘਣੀਏ ਕੇ ਬੇਟ ਵਾਲਾ ਕੱਚਾ ਪੁਲ ਨਾਕਾਰਾ ਹੋ ਗਿਆ ਹੈ। ਉਸੇ ਦਿਨ ਪਏ ਮੀਂਹ ਨਾਲ ਭਾਖੜਾ ਡੈਮ ਦੇ ਪਿਛਵਾੜੇ ਬਣੀ ਝੀਲ ਦੇ ਖਤਰੇ ਦੇ ਨਿਸ਼ਾਨ ਵੱਲ ਵਧਣ ਦੀਆਂ ਰਿਪੋਰਟਾਂ ਆ ਗਈਆਂ। ਜਿਨ੍ਹਾਂ ਲੀਡਰਾਂ ਨੇ ਏਦਾਂ ਦੇ ਮੌਕੇ ਦੇਸ਼ ਦੀ ਅਗਵਾਈ ਕਰਨੀ ਹੁੰਦੀ ਹੈ, ਉਹ ਹਮੇਸ਼ਾ ਵਾਂਗ ਨਿਰਾਸ਼ ਕਰ ਰਹੇ ਹਨ।

ਕੌਰਵਾਂ ਤੇ ਪਾਂਡਵਾਂ ਦੇ ਵਕਤ ਤੋਂ ਵਗਦੀ ਆਈ ਮੰਦਾਕਿਨੀ ਨਦੀ ਹਮੇਸ਼ਾ ਕੇਦਾਰ ਨਾਥ ਮੰਦਰ ਤੋਂ ਥੋੜ੍ਹਾ ਜਿਹਾ ਫਾਸਲਾ ਰੱਖ ਕੇ ਵਹਿੰਦੀ ਰਹੀ ਸੀ, ਪਰ ਇਸ ਵਾਰੀ ਉਹ ਉਛਲ ਕੇ ਕੰਢਿਆਂ ਤੋਂ ਬਾਹਰ ਆ ਗਈ। ਕਾਰਨ ਤਾਂ ਮੀਂਹ ਦਾ ਦੱਸਿਆ ਗਿਆ, ਪਰ ਇਹ ਮੀਂਹ ਉਸ ਖੇਤਰ ਵਿਚ ਪਹਿਲੀ ਵਾਰੀ ਏਨੇ ਜ਼ੋਰ ਵਾਲੇ ਨਹੀਂ ਪਏ। ਪੁਰਾਣੇ ਸਮਿਆਂ ਵਿਚ ਕਦੀ ਨਾ ਉਛਲੀ ਇਸ ਨਦੀ ਦੇ ਇਸ ਵਾਰੀ ਉਛਲ ਜਾਣ ਦੀ ਅਸਲੀ ਜੜ੍ਹ ਜਿਹੜੇ ਕਾਰਨ ਬਣੇ ਹਨ, ਉਨ੍ਹਾਂ ਦੀ ਕੋਈ ਗੱਲ ਹੀ ਨਹੀਂ ਕਰ ਰਿਹਾ। ਜਦੋਂ ਇਹ ਪੁਣ-ਛਾਣ ਕਰਨੀ ਹੋਈ ਤਾਂ ਰਾਮਦੇਵ ਯੋਗੀ ਦੇ ਇੱਕ ਡਰਾਮੇ ਤੋਂ ਸ਼ੁਰੂ ਕਰਨੀ ਪੈਣੀ ਹੈ। ਉਸ ਨੇ ਦਿੱਲੀ ਵਿਚ ਰਾਮ-ਲੀਲਾ ਮੈਦਾਨ ਵਿਚ ਵਰਤ ਰੱਖਿਆ ਸੀ। ਜਦੋਂ ਪੁਲਿਸ ਪਿੱਛੇ ਪੈ ਗਈ ਤਾਂ ਔਰਤਾਂ ਦੀ ਸਲਵਾਰ-ਕਮੀਜ਼ ਪਾ ਕੇ ਅਤੇ ਘੁੰਡ ਕੱਢ ਕੇ ਨਿਕਲਦਾ ਕਾਬੂ ਆ ਗਿਆ। ਇਥੋਂ ਛੁੱਟਣ ਪਿੱਛੋਂ ਹਰਿਦੁਆਰ ਜਾ ਕੇ ਉਸ ਨੇ ਫਿਰ ਇਹੋ ਸਾਂਗ ਸ਼ੁਰੂ ਕਰ ਦਿੱਤਾ। ਭਾਜਪਾ ਦੇ ਪ੍ਰਭਾਵ ਵਾਲੇ ਸੰਤ ਸਾਰੇ ਦੇਸ਼ ਵਿਚੋਂ ਉਸ ਦਾ ਵਰਤ ਤੁੜਾਉਣ ਜਾ ਪਹੁੰਚੇ। ਫਿਰ ਉਸ ਨੇ ਸਿਰੇ ਦੀ ਡਰਾਮੇਬਾਜ਼ੀ ਕਰ ਕੇ ਵਰਤ ਛੱਡ ਦਿੱਤਾ, ਪਰ ਜਿਹੜੇ ਹਸਪਤਾਲ ਵਿਚ ਉਸ ਦਾ ਵਰਤ ਤੁੜਾਉਣ ਦਾ ਇਹ ਨਾਟਕ ਚੱਲ ਰਿਹਾ ਸੀ, ਉਸੇ ਹਸਪਤਾਲ ਦੇ ਇੱਕ ਕੋਨੇ ਵਿਚ ਇੱਕ ਅਸਲੀ ਸੰਤ ਸਵਾਮੀ ਨਿਗਮਾਨੰਦ ਨੇ ਵਰਤ ਰੱਖਿਆ ਹੋਇਆ ਸੀ, ਉਸ ਨੂੰ ਕਿਸੇ ਨੇ ਪੁੱਛਿਆ ਤੱਕ ਨਹੀਂ ਸੀ।

ਰਾਮਦੇਵ ਦੀ ਨੌਟੰਕੀ ਮੁੱਕਣ ਤੋਂ ਚਾਰ ਦਿਨ ਬਾਅਦ ਸਵਾਮੀ ਨਿਗਮਾਨੰਦ ਪ੍ਰਾਣ ਤਿਆਗ ਗਿਆ ਸੀ। ਘਰੋਂ ਇੰਜੀਨੀਅਰ ਬਣਨ ਤੁਰੇ ਤੇ ਫਿਰ ਵਾਤਾਵਰਣ ਬਚਾਉਣ ਲਈ ਸੰਤ ਬਣ ਕੇ ਮਰਨ ਵਰਤ ਰੱਖਣ ਤੇ ਮਰ ਜਾਣ ਵਾਲੇ ਨਿਗਮਾਨੰਦ ਦਾ ਕਹਿਣਾ ਸੀ ਕਿ ਗੰਗਾ ਨਦੀ, ਤੇ ਉਸ ਨੂੰ ਪਾਣੀ ਦੇਣ ਵਾਲੀਆਂ ਅਲਕ ਨੰਦਾ, ਮੰਦਾਕਿਨੀ, ਭਾਗੀਰਥੀ ਆਦਿ ਨਦੀਆਂ ਵਿਚ ਨਾਜਾਇਜ਼ ਉਸਾਰੀਆਂ ਅਤੇ ਨਾਜਾਇਜ਼ ਖਲਾਈ ਨਾਲ ਇਹ ਹਾਲਾਤ ਪੈਦਾ ਹੋ ਰਹੇ ਹਨ ਕਿ ਕਿਸੇ ਦਿਨ ਕਹਿਰ ਵਾਪਰ ਜਾਵੇਗਾ। ਉਸ ਦੀ ਕਿਸੇ ਨੇ ਗੱਲ ਨਹੀਂ ਸੀ ਸੁਣੀ। ਸੁਣਨੀ ਵੀ ਕਿਸੇ ਨਹੀਂ ਸੀ, ਕਿਉਂਕਿ ਨਾਜਾਇਜ਼ ਧੰਦੇ ਕਰਨ ਵਾਲਿਆਂ ਤੋਂ ਮਹੀਨਾ ਉਗਰਾਹੁਣ ਤੋਂ ਲੈ ਕੇ ਚੋਣ ਚੰਦੇ ਵਸੂਲਣ ਤੱਕ ਦਾ ਧੰਦਾ ਭਾਰਤੀ ਜਨਤਾ ਪਾਰਟੀ ਤੇ ਕਾਂਗਰਸ ਪਾਰਟੀ-ਦੋਵਾਂ ਦੇ ਆਗੂ ਕਰਦੇ ਸਨ। ਜੇ ਨਿਗਮਾਨੰਦ ਦੀ ਗੱਲ ਸੁਣ ਕੇ ਉਸ ਦੀ ਜਾਨ ਬਚਾ ਲਈ ਜਾਂਦੀ ਤਾਂ ਕੇਦਾਰ ਨਾਥ ਵੀ ਕਹਿਰ ਦੇ ਵਾਪਰਨ ਤੋਂ ਬਚਿਆ ਰਹਿਣਾ ਸੀ।



*ਉਤਰਾ ਖੰਡ ਦੇ ਹੜ੍ਹਾਂ 'ਚ ਫਸੇ ਲੋਕ*

ਜਦੋਂ ਕੇਦਾਰ ਨਾਥ ਦਾ ਹੁਣ ਵਾਲਾ ਕਹਿਰ ਵਾਪਰ ਚੁੱਕਾ, ਓਦੋਂ ਨਵੀਂ ਡਰਾਮੇਬਾਜ਼ੀ ਸ਼ੁਰੂ ਹੋ ਗਈ। ਹਰ ਵੱਡੀ ਸਿਆਸੀ ਪਾਰਟੀ ਇਸ ਮੌਕੇ ਦੇਸ਼ ਦੇ ਲੋਕਾਂ ਨੂੰ ਇਹ ਦੱਸਣ ਲਈ ਬੇਸ਼ਰਮੀ ਦੀ ਹੱਦ ਪਾਰ ਕਰਨ ਲੱਗ ਪਈ ਕਿ ਲੋਕਾਂ ਦਾ ਦਰਦ ਸਿਰਫ ਉਸੇ ਨੂੰ ਹੈ, ਬਾਕੀ ਸਾਰੇ ਮੌਕੇ ਦਾ ਲਾਭ ਲੈਣ ਵਾਲੇ ਹਨ। ਬਹੁਤੀ ਮੁਕਾਬਲੇਬਾਜ਼ੀ ਫਿਰ ਕਾਂਗਰਸ ਤੇ ਭਾਜਪਾ ਵਿਚਾਲੇ ਹੋਈ। ਦੋਵਾਂ ਦੇ ਆਗੂ ਆਪਣਾ ਜਲੂਸ ਆਪ ਕਢਵਾਉਣ ਤੋਂ ਵੀ ਨਹੀਂ ਝਿਜਕੇ।

ਪਹਿਲਾਂ ਗੱਲ ਕਰੀਏ ਕਾਂਗਰਸ ਪਾਰਟੀ ਦੀ। ਉਸ ਦਾ 'ਯੁਵਰਾਜ' ਕਹਿ ਕੇ ਪ੍ਰਚਾਰੇ ਜਾਂਦੇ ਰਾਹੁਲ ਗਾਂਧੀ ਬਾਰੇ ਲੋਕ ਪਹਿਲਾਂ ਛੇ ਦਿਨ ਵੇਖਦੇ ਰਹੇ ਕਿ ਉਹ ਕਿੱਥੇ ਹੈ ਤੇ ਸੱਤਵੇਂ ਦਿਨ ਉਹ ਉਤਰਾ ਖੰਡ ਨੂੰ ਰਾਹਤ ਦੇ ਟਰੱਕ ਭੇਜਣ ਦੇ ਵਕਤ ਝੰਡੀ ਦਿਖਾਉਣ ਪਹੁੰਚ ਗਿਆ। ਉਦੋਂ ਇਹ ਪਤਾ ਲੱਗਾ ਕਿ ਰਾਹਤ ਦੇ ਟਰੱਕ ਪਿਛਲੇ ਦੋ ਦਿਨਾਂ ਤੋਂ ਤਿਆਰ ਕੀਤੇ ਪਏ ਸਨ, ਪਰ ਤੋਰਨ ਲਈ ਰਾਹੁਲ ਗਾਂਧੀ ਦੀ ਉਡੀਕ ਹੋ ਰਹੀ ਸੀ। ਲੋਕ ਮਰੀ ਜਾਂਦੇ ਸਨ, ਰਾਹਤ ਸਮਗਰੀ ਦੇ ਟਰੱਕ ਤਿਆਰ ਖੜੇ ਸਨ, ਪਰ ਝੰਡੀ ਦਿਖਾਉਣ ਵਾਸਤੇ ਰਾਹੁਲ ਗਾਂਧੀ ਦੀ ਉਡੀਕ ਕਰ ਕੇ ਇਹ ਇੱਕ ਤਰ੍ਹਾਂ ਮੌਤ ਦੇ ਮੂੰਹ ਫਸੇ ਲੋਕਾਂ ਨਾਲ ਭੱਦਾ ਮਜ਼ਾਕ ਕੀਤਾ ਗਿਆ। ਫਿਰ ਇੱਕ ਕਹਾਣੀ ਹੋਰ ਵਾਪਰ ਗਈ। ਦੋ ਦਿਨ ਪਹਿਲਾਂ ਗੁਜਰਾਤ ਦਾ ਮੁੱਖ ਮੰਤਰੀ ਨਰਿੰਦਰ ਮੋਦੀ ਉਤਰਾ ਖੰਡ ਨੂੰ ਜਹਾਜ਼ ਲੈ ਕੇ ਨਿਕਲ ਪਿਆ ਸੀ, ਪਰ ਉਸ ਨੂੰ ਰਾਹ ਵਿਚੋਂ ਇਹ ਕਹਿ ਕੇ ਮੋੜ ਦਿੱਤਾ ਗਿਆ ਸੀ ਕਿ ਉਥੇ ਅਹਿਮ ਹਸਤੀਆਂ ਦੇ ਜਾਣ ਨਾਲ ਰਾਹਤ ਦੇ ਕੰਮਾਂ ਵਿਚ ਵਿਘਨ ਪੈਂਦਾ ਹੈ। ਮੋਦੀ ਦੇ ਮੁੜਨ ਦਾ ਭਾਜਪਾ ਨੇ ਰੋਸ ਕੀਤਾ ਸੀ ਤੇ ਰੋਸ ਗਲਤ ਸੀ, ਪਰ ਦੋ ਦਿਨ ਬਾਅਦ ਉਸੇ ਪਾਸੇ ਰਾਹੁਲ ਗਾਂਧੀ ਕਾਲੀ ਵਰਦੀ ਵਾਲੇ ਕਮਾਂਡੋ ਲੈ ਕੇ ਤੁਰ ਪਿਆ, ਉਦੋਂ ਇਹ ਅਹਿਮ ਹਸਤੀਆਂ ਵਾਲੀ ਗੱਲ ਅੱਖੋਂ ਪਰੋਖੇ ਕਰ ਕੇ ਉਸ ਲਈ ਸਾਰੇ ਪ੍ਰਬੰਧ ਕਰ ਦਿੱਤੇ ਗਏ। ਰਾਤ ਦੀ ਉਸ ਦੀ ਆਰਾਮਦੇਹ ਰਿਹਾਇਸ਼ ਦਾ ਖਿਆਲ ਕਰ ਕੇ ਇੰਡੋ ਤਿੱਬਤਨ ਬਾਰਡਰ ਪੁਲਿਸ ਦੇ ਹੈਡ ਕੁਆਰਟਰ ਵਿਚ ਅਫਸਰਾਂ ਦੀ ਰਿਹਾਇਸ਼ ਖਾਲੀ ਕਰਵਾਈ ਗਈ ਤੇ ਰਾਹਤ ਦੇ ਕੰਮ ਕਰਨ ਵਾਲਿਆਂ ਨੂੰ ਤੰਬੂਆਂ ਵਿਚ ਸੌਣ ਭੇਜ ਦਿੱਤਾ ਗਿਆ। ਮੋਦੀ ਜਦੋਂ ਆਇਆ ਸੀ, ਉਸ ਨੂੰ ਮੋੜਨਾ ਠੀਕ ਸੀ, ਪਰ ਰਾਹੁਲ ਨੂੰ ਉਚੇਚੇ ਪ੍ਰਬੰਧ ਕਰ ਕੇ ਹੀਰੋ ਬਣਾਉਣ ਨੇ ਜ਼ਾਹਰ ਕਰ ਦਿੱਤਾ ਕਿ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਦੀ ਚਾਪਲੂਸੀ ਕਰਨ ਲਈ ਸਰਕਾਰੀ ਮਸ਼ੀਨਰੀ ਹੱਦਾਂ ਟੱਪ ਗਈ ਹੈ।

ਦੂਸਰੇ ਪਾਸੇ ਮੋਦੀ ਵੀ ਮੋਦੀ ਹੈ ਤੇ ਉਹ ਕੁਝ ਵੀ ਕਹਿ ਸਕਦਾ ਹੈ। ਉਸ ਨੇ ਕੁਝ ਸਮਾਂ ਪਹਿਲਾਂ ਇਹ ਕਹਿ ਦਿੱਤਾ ਸੀ ਕਿ ਉਸ ਦੀ ਸਰਕਾਰ ਦੀ ਕਾਮਯਾਬੀ ਦੀ ਮਿਸਾਲ ਇਹ ਹੈ ਕਿ ਅੱਜ ਦਿੱਲੀ ਦੇ ਲੋਕ ਗੁਜਰਾਤ ਦੀਆਂ ਗਾਂਵਾਂ ਦਾ ਦੁੱਧ ਪੀਂਦੇ ਹਨ। ਇਹ ਇੱਕ ਤਕੜੀ ਗੱਪ ਸੀ। ਜਿਹੜੀ ਅਮੂਲ ਕੰਪਨੀ ਇਹ ਦੁੱਧ ਸਪਲਾਈ ਕਰ ਰਹੀ ਹੈ, ਉਹ ਨਰਿੰਦਰ ਮੋਦੀ ਦੇ ਜਨਮ ਤੋਂ ਵੀ ਪੰਜ ਸਾਲ ਪਹਿਲਾਂ ਦੀ ਬਣੀ ਹੋਈ ਹੈ ਤੇ ਮੋਦੀ ਦਾ ਰਾਜ ਆਉਣ ਤੋਂ ਕਈ ਦਹਾਕੇ ਪਹਿਲਾਂ ਤੋਂ ਦੁੱਧ ਸਪਲਾਈ ਕਰਦੀ ਆਈ ਹੈ। ਹੁਣ ਮੋਦੀ ਨੇ ਇੱਕ ਹੋਰ ਵੱਡੀ ਗੱਪ ਮਾਰ ਦਿੱਤੀ ਕਿ ਉਸ ਨੇ ਤਿੰਨ ਦਿਨਾਂ ਵਿਚ ਉਤਰਾ ਖੰਡ ਰਾਜ ਵਿਚ ਫਸੇ ਪੰਦਰਾਂ ਹਜ਼ਾਰ ਗੁਜਰਾਤੀ ਹੜ੍ਹ ਪੀੜਤਾਂ ਨੂੰ ਕੱਢ ਲਿਆ ਹੈ ਤੇ ਭਾਰਤ ਸਰਕਾਰ ਇਸ ਤੋਂ ਅੱਧੇ ਵੀ ਨਹੀਂ ਕੱਢ ਸਕੀ। ਜੇ ਇੱਕ ਹੈਲੀਕਾਪਟਰ ਇੱਕ ਵਾਰੀ ਵੀਹ ਬੰਦੇ ਲਿਆਵੇ ਤੇ ਦਿਨ ਵਿਚ ਦਸ ਗੇੜੇ ਵੀ ਲਾਵੇ ਤਾਂ ਦੋ ਸੌ ਤੋਂ ਵੱਧ ਨਹੀਂ ਬਣਦੇ ਤੇ ਉਸ ਨੇ ਦੋ ਹੈਲੀਕਾਪਟਰ ਵੀ ਲਾਏ ਹੁੰਦੇ ਤਾਂ ਤਿੰਨ ਦਿਨਾਂ ਵਿਚ ਬਾਰਾਂ ਸੌ ਬੰਦੇ ਨਹੀਂ ਸਨ ਨਿਕਲਣੇ, ਪਰ ਉਹ ਤਿੰਨ ਦਿਨਾਂ ਵਿਚ ਪੰਦਰਾਂ ਹਜ਼ਾਰ ਬੰਦੇ ਕੱਢ ਲਿਆਉਣ ਦੀ ਗੱਪ ਮਾਰ ਗਿਆ। ਇਸ ਦਾ ਮਜ਼ਾਕ ਉਡਿਆ ਤਾਂ ਪਹਿਲਾਂ ਭਾਜਪਾ ਦਾ ਬੁਲਾਰਾ ਇਸ ਨੂੰ ਜਾਇਜ਼ ਠਹਿਰਾਉਂਦਾ ਰਿਹਾ ਤੇ ਜਦੋਂ ਵੇਖਿਆ ਕਿ ਇਹ ਕਿਸੇ ਦੇ ਮੰਨਣ ਵਿਚ ਨਹੀਂ ਆ ਰਿਹਾ ਤਾਂ ਭਾਜਪਾ ਦੇ ਪ੍ਰਧਾਨ ਰਾਜਨਾਥ ਸਿੰਘ ਨੇ ਕਹਿ ਦਿੱਤਾ ਕਿ ਮੋਦੀ ਨੇ ਇਹ ਗੱਲ ਕਹੀ ਹੀ ਨਹੀਂ, ਕਿਸੇ ਸਮੱਰਥਕ ਨੇ ਕਹਿ ਦਿੱਤੀ ਸੀ। ਜੇ ਸਮਰੱਥਕ ਨੇ ਕਹੀ ਸੀ ਤਾਂ ਉਦੋਂ ਤੱਕ ਇਸ ਨੂੰ ਜਾਇਜ਼ ਕਿਉਂ ਠਹਿਰਾਉਂਦੇ ਰਹੇ, ਜਦੋਂ ਤੱਕ ਭਾਜਪਾ ਦੀ ਸਹਿਯੋਗੀ ਸ਼ਿਵ ਸੈਨਾ ਦੇ ਪ੍ਰਧਾਨ ਉਧਵ ਠਾਕਰੇ ਨੇ ਵੀ ਇਸ ਗੱਪ ਦੀ ਨੁਕਤਾਚੀਨੀ ਨਹੀਂ ਸੀ ਕਰ ਦਿੱਤੀ?

ਤੀਸਰਾ ਪੱਖ ਇਹ ਹੈ ਕਿ ਕੁਝ ਲੋਕਾਂ ਨੂੰ ਰਾਹਤ ਦਾ ਕੰਮ ਕਰਨ ਵਾਲੇ ਜਿਹੜੇ ਪਾਇਲਟਾਂ ਨੇ ਬਚਾਇਆ ਸੀ, ਉਨ੍ਹਾਂ ਦੇ ਨਾਲ ਦੇ ਕੁਝ ਮਾਰੇ ਵੀ ਗਏ ਸਨ। ਇੱਕ ਹੈਲੀਕਾਪਟਰ ਤਬਾਹ ਹੋਣ ਨਾਲ ਜਿਹੜੀਆਂ ਵੀਹ ਮਨੁੱਖੀ ਜਾਨਾਂ ਗਈਆਂ, ਉਨ੍ਹਾਂ ਵਿਚ ਅੱਧੇ ਕੁ ਰਾਹਤ ਦਾ ਕੰਮ ਕਰਨ ਵਾਲੇ ਨੀਮ ਫੌਜੀ ਫੋਰਸਾਂ ਦੇ ਜਵਾਨ, ਅਧਿਕਾਰੀ ਤੇ ਪਾਇਲਟ ਸਨ। ਆਪਣੀ ਜਾਨ ਖਤਰੇ ਵਿਚ ਪਾ ਕੇ ਜਿਹੜੇ ਲੋਕਾਂ ਨੂੰ ਰਾਹਤ ਦਾ ਕੰਮ ਕਰਨ ਵਾਲਿਆਂ ਨੇ ਉਥੋਂ ਕੱਢ ਕੇ ਲਿਆਂਦਾ, ਉਨ੍ਹਾਂ ਦੇ ਬਚ ਜਾਣ ਦਾ ਰਾਜਸੀ ਲਾਭ ਲੈਣ ਵਾਲੇ ਸਰਗਰਮ ਹੋ ਗਏ। ਉਨ੍ਹਾਂ ਪੀੜਤਾਂ ਵਿਚੋਂ ਜਿਹੜੇ ਆਂਧਰਾ ਪ੍ਰਦੇਸ਼ ਸੂਬੇ ਦੇ ਸਨ, ਉਨ੍ਹਾਂ ਨੇ ਜਦੋਂ ਡੇਹਰਾਦੂਨ ਹਵਾਈ ਅੱਡੇ ਤੋਂ ਜਹਾਜ਼ ਫੜਨਾ ਸੀ ਤਾਂ ਇਕ ਕਾਂਗਰਸ ਪਾਰਟੀ ਦਾ ਅਤੇ ਇਕ ਤੇਲਗੂ ਦੇਸਮ ਪਾਰਟੀ ਦਾ ਪਾਰਲੀਮੈਂਟ ਮੈਂਬਰ ਇਸ ਦਾ ਸਿਹਰਾ ਲੈਣ ਲਈ ਉਥੇ ਤੂੰ-ਤੂੰ, ਮੈਂ-ਮੈਂ ਕਰਨ ਲੱਗ ਪਏ। ਪਹਿਲਾਂ ਗੱਲਾਂ ਵਿਚ ਗੁੱਸਾ ਨਿਕਲ ਰਿਹਾ ਸੀ, ਫਿਰ ਧੱਕਾ-ਮੁੱਕੀ ਹੋਈ ਤੇ ਉਸ ਦੇ ਬਾਅਦ ਇੱਕ ਦੂਸਰੇ ਨੂੰ ਥੱਪੜ ਮਾਰ ਦਿੱਤੇ ਤੇ ਇਹ ਕੰਮ ਦੋ ਪਾਰਟੀਆਂ ਦੇ ਉਨ੍ਹਾਂ ਪਾਰਲੀਮੈਂਟ ਮੈਂਬਰਾਂ ਨੇ ਕੀਤਾ, ਜਿਹੜੇ ਕਿਸੇ ਨੂੰ ਕੱਢਣ-ਕਢਾਉਣ ਨਹੀਂ ਸੀ ਗਏ, ਸਿਰਫ ਉਂਗਲ ਨੂੰ ਲਹੂ ਲਾ ਕੇ ਹੀਰੋ ਬਣਨਾ ਚਾਹੁੰਦੇ ਸਨ।

ਚੌਥਾ ਪੱਖ ਅੱਧਾ ਤਾਂ ਸਾਧਾਂ ਦੇ ਭੇਸ ਵਿਚ ਭੇੜੀਆਂ ਦਾ ਹੈ ਤੇ ਅੱਧਾ ਸਾਡੇ ਮੀਡੀਏ ਵਾਲੇ ਭਾਈਬੰਦਾਂ ਦਾ। ਇੱਕ ਦਿਨ ਇੱਕ ਟੀ ਵੀ ਚੈਨਲ ਨੇ ਇਹ ਖਬਰ ਦੇ ਕੇ ਲੋਕਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ ਕਿ ਕੇਦਾਰ ਨਾਥ ਤੋਂ ਬਚ ਕੇ ਆਏ ਸਾਧੂ-ਸੰਤਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਟੀ ਵੀ ਰਿਪੋਰਟਰ ਨਾਲ ਦੀ ਨਾਲ ਇਹ ਕਹਿ ਰਿਹਾ ਸੀ ਕਿ ਹੁਣ ਰਾਮ ਦੇ ਦੇਸ਼ ਭਾਰਤ ਵਿਚ ਰਾਵਣ ਦੇ ਰਾਜ ਦਾ ਨਮੂਨਾ ਪੇਸ਼ ਹੋ ਰਿਹਾ ਹੈ, ਜਿੱਥੇ ਸਾਧੂ-ਸੰਤਾਂ ਦੀ ਵੀ ਤਲਾਸ਼ੀ ਲਈ ਜਾ ਸਕਦੀ ਹੈ। ਕੁਝ ਦੇਰ ਬਾਅਦ ਕੁਝ ਹੋਰ ਟੀ ਵੀ ਚੈਨਲਾਂ ਨੇ ਦੂਸਰੀ ਤਸਵੀਰ ਵਿਖਾ ਦਿੱਤੀ, ਜਿਸ ਵਿਚ ਸੰਤਾਂ ਦੀ ਔਕਾਤ ਸਾਹਮਣੇ ਆ ਰਹੀ ਸੀ। ਸਾਧਾਂ ਦੀ ਤਲਾਸ਼ੀ ਵਿਚ ਲੋਕਾਂ ਦੇ ਲੁੱਟੇ ਹੋਏ ਜਾਂ ਚੋਰੀ ਕੀਤੇ ਕੈਮਰੇ, ਮੋਬਾਈਲ ਅਤੇ ਪੈਸੇ ਦਿਖਾਈ ਦਿੰਦੇ ਸਨ। ਮੋਹ-ਮਾਇਆ ਦੇ ਤਿਆਗੀ ਅਖਵਾਉਂਦੇ ਇਨ੍ਹਾਂ ਸਾਧਾਂ ਕੋਲ ਇਹ ਚੀਜ਼ਾਂ ਕਿੱਥੋਂ ਆਈਆਂ, ਇਹ ਭੇਦ ਦੋ ਦਿਨ ਨਿਕਲ ਜਾਣ ਦੇ ਬਾਅਦ ਖੁੱਲ੍ਹਾ। ਪਤਾ ਲੱਗਾ ਕਿ ਹੜ੍ਹ ਦਾ ਪਾਣੀ ਉਤਰ ਜਾਣ ਪਿੱਛੋਂ ਜਿਹੜੀਆਂ ਲਾਸ਼ਾਂ ਮਿਲੀਆਂ, ਕਈਆਂ ਦੀਆਂ ਉਂਗਲਾਂ ਕੱਟੀਆਂ ਹੋਈਆਂ ਸਨ। ਉਹ ਇਸ ਲਈ ਕਿ ਮਰਨ ਮਗਰੋਂ ਲਾਸ਼ਾਂ ਆਕੜ ਜਾਣ ਨਾਲ ਉਂਗਲਾਂ ਤੋਂ ਮੁੰਦਰੀਆਂ ਤੇ ਅੰਗੂਠੀਆਂ ਨਹੀਂ ਲੱਥੀਆਂ ਹੋਣਗੀਆਂ ਤੇ ਜਿਹੜੇ ਲਾਲਚੀ ਲੋਕਾਂ ਨੇ ਉਂਗਲਾਂ ਵੀ ਵੱਢ ਕੇ ਲਾਹੁਣ ਵਾਲੀ ਨੀਚ ਹਰਕਤ ਕੀਤੀ ਹੋਵੇਗੀ, ਉਨ੍ਹਾਂ ਵਿਚੋਂ ਕੁਝ ਉਹ ਸਾਧ ਹੋਣਗੇ, ਜਿਨ੍ਹਾਂ ਕੋਲੋਂ ਤਲਾਸ਼ੀ ਵਿਚ ਏਦਾਂ ਦਾ ਕੀਮਤੀ ਸਾਮਾਨ ਮਿਲਿਆ ਸੀ। ਗਏ ਤਾਂ ਉਥੇ ਪਾਪ ਬਖਸ਼ਾਉਣ ਲਈ ਹੋਣਗੇ, ਨਵੇਂ ਪਾਪਾਂ ਨਾਲ ਸਾਰੇ ਦੇਸ਼ ਨੂੰ ਸ਼ਰਮਿੰਦਾ ਕਰ ਆਏ।

ਬੜਾ ਮਹਾਨ ਦੇਸ਼ ਹੈ ਇਹ, ਬਹੁਤ ਹੀ ਮਹਾਨ ਹੈ। ਸਾਨੂੰ ਇਸ ਗੱਲ ਨੂੰ ਹਕੀਕਤ ਮੰਨਣ ਵਿਚ ਕੋਈ ਹਰਜ ਨਹੀਂ ਜਾਪਦਾ ਕਿ ਇਥੇ ਲੀਡਰਾਂ ਤੋਂ ਲੈ ਕੇ ਸਾਧਾਂ ਤੱਕ ਇਤਬਾਰ ਦੇ ਲਾਇਕ ਹੀ ਕੋਈ ਨਹੀਂ ਲੱਭਦਾ। ਦੇਸ਼ ਦੀ ਬਦਹਾਲੀ ਦਾ ਕਾਰਨ ਵੀ ਇਹੋ ਜਾਪ ਰਿਹਾ ਹੈ। ਉਰਦੂ ਦਾ ਸ਼ੇਅਰ ਹੈ, 'ਵੀਰਾਨ ਗੁਲਿਸਤਾਂ ਕਰਨੇ ਕੋ, ਬਸ ਏਕ ਹੀ ਉਲੂ ਕਾਫੀ ਹੈ, ਹਰ ਸ਼ਾਖ ਪੇ ਉਲੂ ਬੈਠਾ ਹੈ, ਅੰਜਾਮੇ ਗੁਲਿਸਤਾਂ ਕਿਆ ਹੋਗਾ?'

# ਟੈਕਸਸ ਬਣਿਆ ਸਭ ਤੋਂ ਵੱਧ ਸਜ਼ਾ-ਏ-ਮੌਤ ਵਾਲਾ ਸੂਬਾ

**ਹਿਊਸਟਨ:** ਅਮਰੀਕੀ ਸੂਬੇ ਟੈਕਸਸ ਵਿਚ 1982 ਵਿਚ ਸਜ਼ਾ-ਏ-ਮੌਤ ਬਹਾਲ ਕੀਤੇ ਜਾਣ ਤੋਂ ਬਾਅਦ ਬੀਤੇ ਦਿਨ 500ਵੇਂ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੇ ਘਾਟ ਉਤਾਰਿਆ ਗਿਆ। ਇਸ ਦੇ ਨਾਲ ਹੀ ਟੈਕਸਸ ਮੌਤ ਦੀਆਂ ਸਭ ਤੋਂ ਵੱਧ ਸਜ਼ਾਵਾਂ ਦੇਣ ਵਾਲਾ ਅਮਰੀਕੀ ਸੂਬਾ ਬਣ ਗਿਆ ਹੈ ਹਾਲਾਂਕਿ ਅਮਰੀਕਾ ਵਿਚ ਆਮ ਤੌਰ 'ਤੇ ਇਸ ਰੁਝਾਨ ਵਿਚ ਕਮੀ ਆਈ ਹੈ।




ਟੈਕਸਸ ਵਿਚ ਸਜ਼ਾ-ਏ-ਮੌਤ ਦੀ 500ਵੀਂ ਸ਼ਿਕਾਰ ਕੁਕੀਨ ਦੀ ਇਕ ਨਸ਼ੇੜੀ ਤੇ ਘਰੇਲੂ ਸਿਹਤ ਸੰਭਾਲ ਸੇਵਕਾ 52 ਸਾਲਾ ਕਿੰਬਰਲੇ ਮੈਕਾਰਥੀ ਬਣੀ ਜਿਸ ਨੇ ਡਲਾਸ ਦੀ ਇਕ 71 ਸਾਲਾ ਔਰਤ ਡੋਰਥੀ ਬੂਥ ਦਾ ਲੁੱਟ-ਖੋਹ ਲਈ ਕਤਲ ਕੀਤਾ ਸੀ। ਸੂਬੇ ਦੇ ਫੌਜਦਾਰੀ ਨਿਆਂ ਵਿਭਾਗ ਮੁਤਾਬਕ ਉਸ ਨੂੰ ਹੰਟਸਵਿਲੇ ਜੇਲ੍ਹ ਵਿਚ ਜ਼ਹਿਰ ਦਾ ਟੀਕਾ ਲਾਇਆ ਗਿਆ। ਇਸ ਮੌਕੇ ਜੇਲ੍ਹ ਦੇ ਬਾਹਰ ਦਰਜਨਾਂ ਮੁਜ਼ਾਹਰਾਕਾਰੀਆਂ ਨੇ ਸਜ਼ਾ-ਏ-ਮੌਤ ਬੰਦ ਕੀਤੇ ਜਾਣ ਦੀ ਮੰਗ ਨੂੰ ਲੈ ਕੇ ਮੁਜ਼ਾਹਰਾ ਕੀਤਾ। ਮੈਕਾਰਥੀ ਸੂਬੇ ਵਿਚ ਸਜ਼ਾ ਦੀ ਬਹਾਲੀ ਤੋਂ ਬਾਅਦ ਇਹ ਸਜ਼ਾ ਹਾਸਲ ਕਰਨ ਵਾਲੀ ਚੌਥੀ ਔਰਤ ਸੀ। ਇਸ ਤੋਂ ਪਹਿਲਾਂ ਟੈਕਸਸ ਦੀ ਫੌਜਦਾਰੀ ਅਪੀਲੀ ਅਦਾਲਤ ਦੇ ਦੋ ਦਿਨਾਂ ਵਿਚ ਦੂਜੀ ਵਾਰ ਉਸ ਨੂੰ ਸਜ਼ਾ ਸੁਣਾਉਣ ਵਾਲੀ ਜਿਊਰੀ ਦੀ ਬਣਤਰ ਵਿਚਲੀਆਂ ਖਾਮੀਆਂ ਸਬੰਧੀ ਮੈਕਾਰਥੀ ਦੀ ਦੂਜੀ ਅਪੀਲ ਖਾਰਜ ਕਰਕੇ ਉਸ ਨੂੰ ਮੌਤ ਦੇ ਘਾਟ ਉਤਰੇ ਜਾਣ ਦਾ ਰਾਹ ਸਾਫ ਕਰ ਦਿੱਤਾ ਸੀ। ਮੁਜਰਮ ਔਰਤ ਨੇ ਦੋਸ਼ ਲਾਇਆ ਸੀ ਕਿ ਡਲਾਸ ਦੇ ਪ੍ਰਾਸੀਕਿਊਟਰਾਂ ਨੇ ਉਸ ਦੇ ਕੇਸ ਸਬੰਧੀ ਜਿਊਰੀ ਵਿਚੋਂ ਤਿੰਨ ਅਫਰੀਕੀ-ਅਮਰੀਕੀ (ਸਿਆਹਫਾਮ) ਮੈਂਬਰਾਂ ਨੂੰ ਕੱਢ ਕੇ ਉਸ ਨਾਲ ਨਸਲੀ ਵਿਤਕਰਾ ਕੀਤਾ ਸੀ।

ਗੌਰਤਲਬ ਹੈ ਕਿ ਮੈਕਾਰਥੀ ਅਫਰੀਕੀ ਮੂਲ ਦੀ ਔਰਤ ਸੀ ਤੇ ਉਸ ਦੇ ਕੇਸ ਨਾਲ ਸਬੰਧਤ ਜਿਊਰੀ ਵਿਚ ਸਿਰਫ ਇਕ ਹੀ ਅਫਰੀਕੀ-ਅਮਰੀਕੀ ਨੂੰ ਸ਼ਾਮਲ ਕੀਤਾ ਗਿਆ ਸੀ। ਉਸ ਨੇ ਆਪਣੀ ਗੁਆਂਢਣ ਤੇ ਯੂਨੀਵਰਸਿਟੀ ਦੀ ਰਿਟਾਇਰਡ ਪ੍ਰਫੈਸਰ ਬੀਬੀ ਬੂਥ ਨੂੰ ਅੱਠ ਜੁਲਾਈ 1997 ਵਿੱਚ ਛੁਰਾ ਮਾਰ ਕੇ ਕਤਲ ਕਰ ਦੇਣ ਦੀ ਦੋਸ਼ੀ ਕਰਾਰ ਦਿੱਤਾ ਗਿਆ ਸੀ।

# ਕਾਂਗਰਸ ਵਿਚ ਹੋਵੇਗਾ ਔਰਤਾਂ ਦਾ ਬੋਲਬਾਲਾ

**ਨਵੀਂ ਦਿੱਲੀ**: ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਨੇ ਪਾਰਟੀ ਦੇ ਨਵ-ਨਿਯੁਕਤ ਅਹੁਦੇਦਾਰਾਂ ਦੀ ਟੀਮ ਨਾਲ ਰਸਮੀ ਗੱਲਬਾਤ ਕਰਦਿਆਂ ਭਰੋਸਾ ਦਿੱਤਾ ਕਿ ਸਰਬ ਭਾਰਤੀ ਕਾਂਗਰਸ ਵਿਚ ਤੇ ਪਾਰਟੀ ਦੇ ਹੋਰ ਵਿੰਗਾਂ ਵਿਚ ਔਰਤਾਂ ਨੂੰ 50% ਨੁਮਾਇੰਦਗੀ ਮਿਲਣੀ ਯਕੀਨੀ ਬਣਾਉਣਗੇ। ਇਹ ਟੀਮ 2014 ਦੀਆਂ ਲੋਕ ਸਭਾ ਚੋਣਾਂ ਲਈ ਰਾਹੁਲ ਗਾਂਧੀ ਨੇ ਕਾਇਮ ਕੀਤੀ ਹੈ।

ਪਾਰਟੀ ਦੇ ਤਰਜਮਾਨ ਦੱਸਿਆ ਕਿ ਗਾਂਧੀ ਨੇ ਆਲ ਇੰਡੀਆ ਕਾਂਗਰਸ ਕਮੇਟੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਰਾਖਵਾਂਕਰਨ ਨਹੀਂ ਹੈ ਤੇ ਔਰਤਾਂ ਨੂੰ ਨੁਮਾਇੰਦਗੀ ਦੇਣ ਦਾ ਮਸਲਾ ਹੈ। ਉਨ੍ਹਾਂ ਕਿਹਾ ਕਿ ਜਦੋਂ ਰਾਹੁਲ ਗਾਂਧੀ ਨੇ ਨੋਟ ਕੀਤਾ ਕਿ ਔਰਤਾਂ ਦੀ ਹਾਜ਼ਰੀ ਤਸੱਲੀਬਖਸ਼ ਅਨੁਪਾਤ ਵਿਚ ਨਹੀਂ ਤਾਂ ਉਨ੍ਹਾਂ ਕਿਹਾ ਕਿ ਔਰਤਾਂ ਦੀ ਹਾਜ਼ਰੀ ਘੱਟ ਹੈ ਪਰ ਆਉਂਦੇ ਦੋ-ਤਿੰਨ ਸਾਲਾਂ ਵਿਚ ਇਹ ਜ਼ਰੂਰ ਹੀ 50 ਫੀਸਦੀ ਹੋ ਜਾਵੇਗੀ। ਏਆਈਸੀਸੀ ਦੇ 12 ਜਨਰਲ ਸਕੱਤਰਾਂ ਵਿਚ ਇਕੋ ਮਹਿਲਾ ਅੰਬਿਕਾ ਸੋਨੀ ਹੈ ਜਦਕਿ 44 ਸਕੱਤਰਾਂ ਵਿਚ ਪੰਜ ਔਰਤਾਂ ਸ਼ਾਮਲ ਹਨ।

# ਅਮਰੀਕੀ ਵਿਚ ਗੈਰ ਕਾਨੂੰਨੀ ਪਰਵਾਸੀਆਂ ਲਈ ਆਸ ਦੀ ਕਿਰਨ

**ਵਾਸ਼ਿੰਗਟਨ:** ਅਮਰੀਕੀ ਸੈਨੇਟ ਨੇ ਇਮੀਗ੍ਰੇਸ਼ਨ ਸੁਧਾਰ ਬਿਲ ਪਾਸ ਕਰ ਦਿੱਤਾ ਹੈ। ਇਹ ਕਾਨੂੰਨ ਬਣਨ ਨਾਲ 2.40 ਲੱਖ ਭਾਰਤੀਆਂ ਸਮੇਤ ਕੁਲ 1.1 ਕਰੋੜ ਗੈਰ ਕਾਨੂੰਨੀ ਪਰਵਾਸੀਆਂ ਲਈ ਅਮਰੀਕੀ ਨਾਗਰਿਕਤਾ ਦਾ ਰਸਤਾ ਖੁੱਲ੍ਹ ਜਾਵੇਗਾ। ਓਬਾਮਾ ਪ੍ਰਸ਼ਾਸਨ ਦਾ ਇਹ ਬਿਲ ਬੀਤੇ ਦਿਨੀਂ 32 ਦੇ ਮੁਕਾਬਲੇ 68 ਵੋਟਾਂ ਨਾਲ ਪਾਸ ਹੋਇਆ। ਬਿੱਲ ਨੂੰ ਕਾਨੂੰਨ ਬਣਾਉਣ ਲਈ ਰਾਸ਼ਟਰਪਤੀ ਬਰਾਕ ਓਬਾਮਾ ਕੋਲ ਭੇਜਣ ਤੋਂ ਪਹਿਲਾਂ ਅਜੇ ਇਸ 'ਤੇ ਪ੍ਰਤੀਨਿਧੀ ਸਭਾ ਵਿਚ ਵਿਚਾਰ ਹੋਵੇਗਾ।




ਅਜੇ ਇਸ ਬਿਲ ਵਿਚ ਐਚ-1 ਬੀ ਵੀਜ਼ਾ ਨਾਲ ਜੁੜੀ ਕੁਝ ਕਰੜੀ ਵਿਵਸਥਾ ਵੀ ਹੈ ਜੋ ਅਮਰੀਕਾ ਵਿਚ ਭਾਰਤੀ ਕੰਪਨੀਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗੀ। ਓਬਾਮਾ ਨੇ ਕਿਹਾ ਕਿ ਇਹ ਬਿੱਲ ਅਮਰੀਕਾ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ 1.1 ਕਰੋੜ ਲੋਕਾਂ ਲਈ ਨਾਗਰਿਕਤਾ ਹਾਸਲ ਕਰਨ ਦਾ ਰਸਤਾ ਖੋਲ੍ਹੇਗਾ। ਉਨ੍ਹਾਂ ਨੇ ਕਿਹਾ ਕਿ ਇਹ ਕਾਨੂੰਨ ਇਮੀਗ੍ਰੇਸ਼ਨ ਵਿਵਸਥਾ ਨੂੰ ਆਧੁਨਿਕ ਬਣਾਵੇਗਾ ਤਾਂ ਜੋ ਇਹ ਇਕ ਵਾਰ ਫਿਰ ਰਾਸ਼ਟਰ ਦੇ ਤੌਰ 'ਤੇ ਉਨ੍ਹਾਂ ਦੀਆਂ ਕੀਮਤਾਂ ਨੂੰ ਦਰਸਾ ਸਕੇ ਤੇ ਸਮੇਂ ਦੀਆਂ ਜ਼ਰੂਰਤਾਂ ਨੂੰ ਸਮਝ ਸਕੇ। ਇਹ ਅਮਰੀਕਾ ਦੇ ਘਾਟਿਆਂ ਨੂੰ ਘੱਟ ਕਰੇਗਾ ਤੇ ਅਰਥਵਿਵਸਥਾ ਦੇ ਵਿਕਾਸ ਵਿਚ ਮਦਦਗਾਰ ਸਿੱਧ ਹੋਵੇਗਾ।

ਇਸ ਬਿਲ ਨੂੰ ਸਰਹੱਦੀ ਸੁਰੱਖਿਆ, ਆਰਥਿਕ ਮੌਕੇ ਤੇ ਇਮੀਗਰੇਸ਼ਨ ਆਧੁਨਿਕਰਨ ਐਕਟ ਦਾ ਨਾਂ ਦਿੱਤਾ ਗਿਆ ਹੈ। ਬਿੱਲ ਨੂੰ ਦੋਵੇਂ ਪਾਰਟੀਆਂ ਦੀ ਹਮਾਇਤ ਹਾਸਲ ਹੋਈ ਤੇ ਇਹ 68-32 ਦੇ ਵੱਡੇ ਬਹੁਮਤ ਨਾਲ ਪਾਸ ਹੋਇਆ। ਜ਼ਿਕਰਯੋਗ ਹੈ ਕਿ 100 ਮੈਂਬਰੀ ਅਮਰੀਕੀ ਸੈਨੇਟ ਵਿਚ ਵੋਟਿੰਗ ਬਹੁਤੀ ਵਾਰੀ ਡੈਮੋਕਰੇਟਿਕ ਤੇ ਰਿਪਬਲੀਕਨ ਪਾਰਟੀਆਂ ਦਰਮਿਆਨ ਪਾਰਟੀ ਵੰਡ ਦੇ ਆਧਾਰ ਉਤੇ ਹੁੰਦੀ ਹੈ। ਸੈਨੇਟ ਵਿਚ ਬਹੁਮਤ ਦੇ ਆਗੂ ਹੈਰੀ ਰੀਡ ਨੇ ਕਿਹਾ ਕਿ ਇਹ ਬਿਲ ਪਰਵਾਸੀਆਂ ਦੀਆਂ ਪੀੜ੍ਹੀਆਂ ਵੱਲੋਂ ਪਾਏ ਯੋਗਦਾਨ ਨੂੰ ਮਾਨਤਾ ਦਿੰਦਾ ਹੈ ਕਿਉਂਕਿ ਇਹ ਮੁਲਕ ਪਰਵਾਸੀਆਂ ਨੇ ਹੀ ਵਸਾਇਆ ਹੈ। ਦੂਜੇ ਪਾਸੇ ਵਿਰੋਧੀ ਰਿਪਬਲੀਕਨਾਂ ਦੇ ਬਹੁਮਤ ਵਾਲੀ ਪ੍ਰਤੀਨਿਧ ਸਭਾ ਦੇ ਸਪੀਕਰ ਜੌਹਨ ਬੋਏਨਰ ਨੇ ਕਿਹਾ ਹੈ ਕਿ ਇਸ ਬਿੱਲ ਨੂੰ ਸਦਨ ਵਿਚ ਪੇਸ਼ ਹੋਣ ਤੋਂ ਪਹਿਲਾਂ ਉਨ੍ਹਾਂ ਦੀ ਕਾਨਫਰੰਸ ਦਾ ਬਹੁਮਤ ਹਾਸਲ ਕਰਨਾ ਪਵੇਗਾ। ਇਸ ਤੋਂ ਜਾਪਦਾ ਹੈ ਕਿ ਇਹ ਬਿੱਲ ਸ਼ਾਇਦ ਛੇਤੀ ਕਾਨੂੰਨ ਨਾ ਬਣ ਸਕੇ।

## ਵਿਦੇਸ਼ੀ ਡਾਕਟਰਾਂ ਦੇ ਵੱਧ ਠਹਿਰਾਅ ਲਈ ਅਮਰੀਕੀ ਸੰਸਦ ਵਿਚ ਬਿੱਲ

**ਵਾਸ਼ਿੰਗਟਨ:** ਅਮਰੀਕਾ ਵਿਚ ਡਾਕਟਰਾਂ ਦੀ ਘਾਟ ਨਾਲ ਨਜਿੱਠਣ ਲਈ ਭਾਰਤੀ ਮੂਲ ਦੇ ਸੰਸਦ ਮੈਂਬਰ ਡਾ. ਅਮੀ ਬੇਰਾ ਨੇ ਆਪਣੇ ਹੋਰ ਸਾਥੀ ਸੰਸਦ ਮੈਂਬਰਾਂ ਨਾਲ ਮਿਲ ਕੇ ਅਜਿਹਾ ਬਿੱਲ ਸੰਸਦ ਵਿਚ ਪੇਸ਼ ਕੀਤਾ ਹੈ ਜੋ ਵਿਦੇਸ਼ੀ ਡਾਕਟਰਾਂ ਨੂੰ ਅਮਰੀਕਾ ਵਿਚ ਵਧੇਰੇ ਸਮਾਂ ਠਹਿਰਨ ਦੀ ਇਜਾਜ਼ਤ ਦਿੰਦਾ ਹੈ।

ਡਾ. ਬੇਰਾ ਨੇ ਬਿੱਲ ਨੂੰ ਪੇਸ਼ ਕਰਨ ਤੋਂ ਬਾਅਦ ਕਿਹਾ ਕਿ ਉਹ ਖੁਦ ਡਾਕਟਰ ਹੋਣ ਕਰਕੇ ਇਹ ਜਾਣਦੇ ਹਨ ਕਿ ਇਸ ਬਿੱਲ ਦੇ ਪਾਸ ਹੋਣ ਨਾਲ ਵੱਡੀ ਪੱਧਰ ਉੱਤੇ ਆਈ ਡਾਕਟਰਾਂ ਦੀ ਘਾਟ ਨਾਲ ਨਜਿੱਠਿਆ ਜਾ ਸਕੇਗਾ। ਵਿਦੇਸ਼ੀ ਡਾਕਟਰਾਂ ਨੂੰ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਪੁੱਗਣ ਬਾਅਦ ਵੀ ਉਨ੍ਹਾਂ ਨੂੰ ਅਮਰੀਕਾ ਵਿਚ ਰਹਿਣ ਦੀ ਆਗਿਆ ਹੋਵੇਗੀ ਬਾਸ਼ਰਤੇ ਕਿ ਉਹ ਗੈਰ-ਤਰਜੀਹੀ ਇਲਾਕਿਆਂ ਵਿਚ ਪ੍ਰੈਕਟਿਸ ਕਰਨ ਲਈ ਤਿਆਰ ਹੋਣ।

'ਦਿ ਐਸੋਸੀਏਸ਼ਨ ਆਫ ਅਮਰੀਕਨ ਮੈਡੀਕਲ ਕਾਲਜਜ਼' ਅਨੁਸਾਰ ਸਾਲ 2015 ਤਕ ਦੇਸ਼ ਵਿਚ 63000 ਡਾਕਟਰਾਂ ਦੀ ਘਾਟ ਪੈਦਾ ਹੋ ਜਾਵੇਗੀ ਤੇ 2025 ਤਕ ਅਮਰੀਕਾ ਵਿਚ 1,30,000 ਡਾਕਟਰਾਂ ਦੀ ਘਾਟ ਪੈਦਾ ਹੋ ਜਾਵੇਗੀ। ਮੌਜੂਦਾ ਕਾਨੂੰਨ ਅਨੁਸਾਰ ਜੇ ਡਾਕਟਰ ਜੇ-1 ਵੀਜ਼ਾ ਤਹਿਤ ਅਮਰੀਕਾ ਵਿਚ ਟਰੇਂਡ ਹੋਏ ਹਨ, ਨੂੰ ਵੀਜ਼ਾ ਖਤਮ ਹੋਣ ਤੋਂ ਬਾਅਦ ਦੋ ਸਾਲ ਲਈ ਵਾਪਸ ਆਪਣੇ ਦੇਸ਼ ਪਰਤਣਾ ਲਾਜ਼ਮੀ ਹੈ ਤੇ ਇਸ ਤੋਂ ਪਹਿਲਾਂ ਕਿ ਉਹ ਗਰੀਨ ਕਾਰਡ ਤੇ ਨਵੇਂ ਵੀਜ਼ੇ ਲਈ ਅਪਲਾਈ ਕਰ ਸਕਣ। ਸੰਸਦ ਮੈਂਬਰ ਮਾਰਕ ਮੈਡੋਜ਼ ਅਨੁਸਾਰ ਅਮਰੀਕੀ ਵੀਜ਼ਾ ਪ੍ਰਣਾਲੀ ਵਿਚ ਇਹ ਬਿੱਲ ਜ਼ਿਕਰਯੋਗ ਸੁਧਾਰ ਲਿਆਵੇਗਾ।

## ਪਤਨੀ ਦੇ ਕਾਤਲ ਪਰਵਾਸੀ ਭਾਰਤੀ ਨੂੰ ਮਿਲੀ ਉਮਰ ਕੈਦ

**ਲੰਡਨ:** ਆਪਣੀ ਪਤਨੀ ਨੂੰ ਮਾਰਨ ਦੇ ਦੋਸ਼ ਵਿਚ ਭਾਰਤੀ ਮੂਲ ਦੇ ਦੁਕਾਨਦਾਰ ਨੂੰ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਭਾਰਤੀ ਮੂਲ ਦੇ ਦੁਕਾਨਦਾਰ ਦੇਵਿੰਦਰ ਸਿੰਘ ਨੇ ਆਪਣੀ ਪਤਨੀ ਚਾਰਲੋਟ ਸਮਿੱਥ (33) ਦੀ ਇਸ ਕਰਕੇ ਸਿਰ ਵਿਚ ਲੱਕੜ ਦਾ ਖਿਡਾਉਣਾ ਹਾਥੀ ਮਾਰ-ਮਾਰ ਕੇ ਹੱਤਿਆ ਕਰ ਦਿੱਤੀ ਸੀ ਕਿ ਉਹ ਉਸ ਤੋਂ ਤਲਾਕ ਮੰਗ ਰਹੀ ਸੀ। ਇਸ ਕਤਲ ਦੇ ਦੋਸ਼ ਵਿਚ ਸਟੈਫੋਰਡ ਕਰਾਊਨ ਕੋਰਟ ਨੇ ਦੇਵਿੰਦਰ ਸਿੰਘ ਨੂੰ 16 ਸਾਲ ਕੈਦ ਦੀ ਸਜ਼ਾ ਸੁਣਾਈ ਹੈ ਤੇ ਇਸ ਤੋਂ ਬਾਅਦ ਉਸ ਨੂੰ ਭਾਰਤ ਭੇਜ ਦਿੱਤਾ ਜਾਵੇਗਾ। ਦੇਵਿੰਦਰ ਸਿੰਘ ਨੇ ਦੋ ਕਿਲੋ ਭਾਰਾ ਖਿਡਾਉਣਾ ਵਾਰ-ਵਾਰ ਆਪਣੀ ਪਤਨੀ ਦੇ ਸਿਰ ਵਿਚ ਮਾਰਿਆ। ਇਸ ਕੇਸ ਦੀ ਪੰਜ ਦਿਨ ਚੱਲੀ ਸੁਣਵਾਈ ਦੌਰਾਨ ਮਾਹਿਰ ਡਾਕਟਰ ਓਲਫ ਬਾਇਡਰਜੇਕੀ ਨੇ ਆਪਣੀ ਗਵਾਹੀ ਵਿਚ ਕਿਹਾ ਕਿ ਆਪਣੇ 20 ਸਾਲ ਦੇ ਕਾਰਜਕਾਲ ਦੌਰਾਨ ਉਸ ਨੇ ਸਿਰ ਵਿਚ ਏਨੀਆਂ ਗੰਭੀਰ ਸੱਟਾਂ ਨਹੀਂ ਦੇਖੀਆਂ। ਸਮਿੱਥ ਨੇ ਮਾਪਿਆਂ ਇਰੇਨੇ ਕੋਰਕ ਤੇ ਪੀਟਰ ਸਮਿੱਥ ਨੇ ਇਸ ਸਜ਼ਾ ਸਬੰਧੀ ਇਕ ਬਿਆਨ ਜਾਰੀ ਕਰਕੇ ਕਿਹਾ ਹੈ ਕਿ ਉਨ੍ਹਾਂ ਦਾ ਨੁਕਸਾਨ ਨਾ ਪੂਰਿਆ ਜਾਣ ਵਾਲਾ ਹੈ ਤੇ ਦੋਸ਼ੀ ਕਿੰਨਾ ਸਮਾਂ ਜੇਲ੍ਹ ਵਿਚ ਰਹਿੰਦੈ, ਇਹ ਕੋਈ ਮਸਲਾ ਨਹੀਂ ਹੈ।



ਜ਼ਿਕਰਯੋਗ ਹੈ ਕਿ ਇਸ ਘਟਨਾ ਨੂੰ ਅੰਜਾਮ ਦੇ ਕੇ ਦੇਵਿੰਦਰ ਸਿੰਘ ਲੰਡਨ ਭੱਜ ਗਿਆ ਸੀ ਤੇ ਉਸ ਨੇ ਚਾਰਲੋਟ ਦੇ ਫ਼ੋਨ ਵਿਚੋਂ ਸਿੰਮ ਕੱਢ ਕੇ ਉਸ ਦੇ ਮਾਪਿਆਂ ਤੇ ਮਿੱਤਰਾਂ ਨੂੰ ਫ਼ੋਨ ਵੀ ਕੀਤੇ ਸਨ। ਦੋਵੇਂ ਗੋਆ ਵਿਚ ਮਿਲੇ ਸਨ ਤੇ ਦਸੰਬਰ 2010 ਵਿਚ ਉਨ੍ਹਾਂ ਨੇ ਵਿਆਹ ਕਰਵਾ ਲਿਆ ਸੀ ਤੇ ਇਸ ਤੋਂ ਬਾਅਦ ਦੇਵਿੰਦਰ ਵੀਜ਼ਾ ਲੈ ਕੇ ਬਰਤਾਨੀਆ ਪੁੱਜ ਗਿਆ ਸੀ। ਦੇਵਿੰਦਰ ਨੂੰ ਉਸ ਦੀ ਪਤਨੀ ਦੇ ਪਰਿਵਾਰ ਨੇ ਹੀ ਆਪਣੇ ਜੱਦੀ ਸ਼ਹਿਰ ਸਟੈਫੋਰਡਸ਼ਾਇਰ ਵਿਚ ਦੁਕਾਨ ਖੋਲ੍ਹ ਕੇ ਦਿੱਤੀ ਸੀ ਪਰ ਦੇਵਿੰਦਰ ਵਧੇਰੇ ਸ਼ਰਾਬ ਪੀਣ ਲੱਗ ਗਿਆ ਤੇ ਆਪਣੀ ਪਤਨੀ ਦੀ ਕੁੱਟਮਾਰ ਕਰਨ ਲੱਗਾ।

## ਕੈਨੇਡਾ ਵਿਚ ਮੰਦਰ ਦੀ ਭੰਨਤੋੜ

**ਟੋਰਾਂਟੋ (ਬਿਊਰੋ):** ਬ੍ਰਿਟਿਸ਼ ਕੋਲੰਬੀਆ ਸੂਬੇ ਵਿਚਲੇ ਸ਼ਹਿਰ ਸਰੀ ਦੇ ਦੋ ਵਿਅਕਤੀਆਂ ਨੇ ਲਕਸ਼ਮੀ ਨਰਾਇਣ ਮੰਦਰ ਦੀਆਂ ਬੇਸਬਾਲ ਬੈਟਾਂ ਨਾਲ ਕੁਝ ਤਾਕੀਆਂ ਦੇ ਸ਼ੀਸ਼ੇ ਤੋੜ ਦਿੱਤੇ। ਹਿੰਦੂ ਜਥੇਬੰਦੀਆਂ ਇਸ ਘਟਨਾ ਨੂੰ ਨਫਰਤ ਫੈਲਾਉਣ ਲਈ ਕੀਤਾ ਜੁਰਮ ਕਰਾਰ ਦੇ ਰਹੀਆਂ ਕਿਉਂਕਿ ਵਰਤੇ ਗਏ ਬੈਟ 'ਤੇ ਸਿੱਖ ਸ਼ਬਦ ਤੇ ਖੰਡਾ ਉਕਰਿਆ ਹੋਇਆ ਹੈ। ਹਮਲਾਵਰਾਂ ਨੇ ਮੰਦਰ ਦੇ ਮੁੱਖ ਦੁਆਰ ਦੇ ਨਾਲ ਲਗਦੀਆਂ ਤਿੰਨ ਤਾਕੀਆਂ ਤੋੜ ਦਿੱਤੀਆਂ।

ਮੰਦਰ ਦੇ ਪ੍ਰਬੰਧਕ ਅਨੁਸਾਰ ਹਮਲਾਵਰ ਤਾਕੀਆਂ ਦੀ ਤੋੜ-ਭੰਨ ਕਰਕੇ ਬੇਸਬਾਲ ਬੈਟ ਵੀ ਉਥੇ ਹੀ ਛੱਡ ਗਏ ਹਨ ਜਿਸ ਤੋਂ ਪਤਾ ਚੱਲਦਾ ਹੈ ਕਿ ਇਹ ਘਟਨਾ ਸਿਰਫ ਨਫਰਤ ਫੈਲਾਉਣ ਲਈ ਕੀਤੀ ਗਈ ਹੈ। ਵੈਦਿਕ ਹਿੰਦੂ ਕਲਚਰਲ ਸੁਸਾਇਟੀ ਦੇ ਪ੍ਰਧਾਨ ਪ੍ਰਸ਼ੋਤਮ ਗੋਇਲ ਨੇ ਵੀ ਕਿਹਾ ਕਿ ਇਹ ਤੋੜ-ਭੰਨ ਜਾਣਬੁਝ ਕੇ ਕੀਤੀ ਗਈ ਹੈ। ਇਸ ਦੌਰਾਨ ਵਰਲਡ ਸਿੱਖ ਆਰਗੇਨਾਈਜੇਸ਼ਨ ਕੈਨੇਡਾ ਦੇ ਪ੍ਰਧਾਨ ਪ੍ਰੇਮ ਸਿੰਘ ਵਿਰਿੰਗ ਨੇ ਘਟਨਾ ਸਥਾਨ ਦਾ ਦੌਰਾ ਕੀਤਾ ਤੇ ਨਿੰਦਾ ਕੀਤੀ ਹੈ। ਇਸ ਘਟਨਾ ਦੀ ਜਾਂਚ ਕਰ ਰਹੀ ਸਰੀ ਰੌਇਲ ਕੈਨੇਡੀਅਨ ਮਾਊਂਟਡ ਪੁਲਿਸ ਦਾ ਕਹਿਣਾ ਹੈ ਕਿ ਉਹ ਇਸ ਨੂੰ ਨਫਰਤ ਫੈਲਾਉਣ ਲਈ ਕੀਤਾ ਜੁਰਮ ਨਹੀਂ ਮੰਨ ਰਹੀ।

## ਕੈਲੀਫੋਰਨੀਆ 'ਚ ਅਕਤੂਬਰ ਮਹੀਨਾ ਹਿੰਦੂ ਧਰਮ ਨੂੰ ਸਮਰਪਿਤ ਕੀਤਾ

**ਸੈਕਰਾਮੈਂਟੋ:** ਕੈਲੀਫੋਰਨੀਆ ਦੀ ਸੈਨੇਟ ਨੇ ਸੂਬੇ ਵਿਚ ਵਸਦੇ ਅਮਰੀਕਨ ਹਿੰਦੂਆਂ ਦੀ ਅਮਰੀਕਾ ਪ੍ਰਤੀ ਸਮਰਪਣ ਭਾਵਨਾ ਤੇ ਯੋਗਦਾਨ ਦੇ ਮੱਦੇਨਜ਼ਰ ਅਕਤੂਬਰ ਮਹੀਨੇ ਨੂੰ ਹਿੰਦੂ ਜਾਗਰੂਕਤਾ ਤੇ ਪ੍ਰਸ਼ੰਸਾ ਮਹੀਨੇ ਵਜੋਂ ਐਲਾਨਿਆ ਹੈ। ਇਸ ਸਬੰਧੀ ਸੈਨੇਟ ਨੇ ਬਕਾਇਦਾ ਮਤਾ ਪਾਸ ਕੀਤਾ ਹੈ। ਸੈਨੇਟ ਵਿਚ ਆਗੂ ਐਲੇਨ ਕੋਰਬੈਟ ਜੋ ਹਿੰਦੂ ਅਮਰੀਕਨ ਭਾਈਚਾਰੇ ਦੀ ਵੱਡੀ ਸਮਰਥਕ ਹੈ, ਨੇ ਅਕਤੂਬਰ ਮਹੀਨੇ ਨੂੰ ਹਿੰਦੂ ਜਾਗਰੂਕਤਾ ਮਹੀਨੇ ਵਜੋਂ ਮਨਾਉਣ ਲਈ ਵਾਸ਼ਿੰਗਟਨ ਦੀ ਹਿੰਦੂ-ਅਮਰੀਕਨ ਫਾਊਂਡੇਸ਼ਨ (ਐਚਏਐਫ) ਨਾਲ ਮਿਲ ਕੇ ਯਤਨ ਕੀਤੇ ਤੇ ਮਤੇ ਦੀ ਭਾਸ਼ਾ ਤਿਆਰ ਕੀਤੀ।

ਸੈਨੇਟ ਆਗੂ ਕੋਰਬੈਟ ਨੇ ਕਿਹਾ ਕਿ ਕੈਲੀਫੋਰਨੀਆ ਵਿਚ ਇਸ ਵਿਲੱਖਣ ਕਿਸਮ ਦੇ ਸਹਿਣਸ਼ੀਲਤਾ, ਸਰਬਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੇ ਧਰਮ ਪ੍ਰਤੀ ਉਹ ਆਪਣੇ ਸਤਿਕਾਰ ਦਾ ਪ੍ਰਗਟਾਵਾ ਕਰਦੇ ਹਨ ਤੇ ਅਮਰੀਕਨ ਹਿੰਦੂਆਂ ਦੀ ਪ੍ਰਸੰਸਾ ਕਰਦੇ ਹਨ। ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਵਿਚ 3,70,00 ਹਿੰਦੂ ਭਾਈਚਾਰੇ ਦੇ ਲੋਕ ਵਸਦੇ ਹਨ। ਇਹ ਲੋਕ ਇਥੋਂ ਦਾ ਬੌਧਿਕ, ਤਕਨੀਕੀ ਸਰਮਾਇਆ ਹਨ।

ਇਨ੍ਹਾਂ ਦਾ ਵਿਗਿਆਨਕ, ਟੈਕਨਾਲੋਜੀ, ਵਿੱਦਿਅਕ ਖੇਤਰ, ਵਪਾਰ, ਕਲਾ ਤੇ ਸਾਹਿਤ ਵਿਚ ਵਿਸ਼ੇਸ਼ ਯੋਗਦਾਨ ਹੈ। ਇਸ ਮਤੇ ਨੂੰ 55 ਗੈਰ-ਸਰਕਾਰੀ ਸੰਗਠਨਾਂ ਦੀ ਵੀ ਹਮਾਇਤ ਹਾਸਲ ਸੀ। ਇਨ੍ਹਾਂ ਨੂੰ ਹੋਰ ਵੱਖ-ਵੱਖ ਧਾਰਮਿਕ ਸੰਸਥਾਵਾਂ, ਮਨੁੱਖੀ ਅਧਿਕਾਰ ਜਥੇਬੰਦੀਆਂ ਦੀ ਹਮਾਇਤ ਹਾਸਲ ਹੈ। ਇਹ ਸੰਸਥਾਵਾਂ ਵੱਖ-ਵੱਖ ਸੂਬਿਆਂ ਦੀ ਸੈਨੇਟ ਨੂੰ ਇਹ ਲਿਖ ਕੇ ਭੇਜ ਚੁੱਕੀਆਂ ਹਨ ਕਿ ਉਹ ਅਕਤੂਬਰ 2013 ਨੂੰ ਹਿੰਦੂ ਜਾਗਰੂਕਤਾ ਮਹੀਨੇ ਵਜੋਂ ਮਾਨਤਾ ਦੇਣ। ਜ਼ਿਕਰਯੋਗ ਹੈ ਕਿ ਸਵਾਮੀ ਵਿਵੇਕਾਨੰਦ ਨੇ ਸ਼ਿਕਾਗੋ ਵਿਚ 1893 ਵਿਚ ਵਿਸ਼ਵ ਧਾਰਮਿਕ ਸੰਸਦ ਵਿਚ ਅਮਰੀਕਾ ਵਿਚ ਹਿੰਦੂ ਧਰਮ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਦਿਵਾਈ ਸੀ।

## ਦੋ ਹੋਰ ਅਮਰੀਕੀ 'ਵਰਸਿਟੀਆਂ ਵਿਚ ਇੰਡੀਅਨ ਚੇਅਰਾਂ

**ਨਿਊ ਯਾਰਕ:** ਇੰਡੀਅਨ ਕੌਂਸਲ ਫਾਰ ਕਲਚਰਲ ਰਿਲੇਸ਼ਨਜ਼ (ਆਈਸੀਸੀਆਰ) ਦੇ ਸਹਿਯੋਗ ਨਾਲ ਅਮਰੀਕਾ ਦੀਆਂ ਬਰਾਊਨ ਤੇ ਪੇਸ ਯੂਨੀਵਰਸਿਟੀਆਂ ਵਿਚ ਇੰਡੀਅਨ ਸਟੱਡੀਜ਼ 'ਤੇ ਦੋ ਹੋਰ ਚੇਅਰਜ਼ ਸਥਾਪਤ ਕੀਤੀਆਂ ਜਾਣਗੀਆਂ। ਨਿਊਯਾਰਕ ਵਿਚ ਭਾਰਤੀ ਕੌਂਸੂਲ ਜਨਰਲ ਦਿਆਨੇਸ਼ਵਰ ਮੂਲੇ ਨੇ ਦੱਸਿਆ ਕਿ ਪਿਛਲੇ ਹਫ਼ਤੇ 'ਸਮਕਾਲੀਨ ਭਾਰਤੀ ਅਧਿਐਨ' ਬਾਰੇ ਰੁਟਗਰਜ਼ ਯੂਨੀਵਰਸਿਟੀ ਨਾਲ ਆਪਸੀ ਸਹਿਮਤੀ ਪੱਤਰ ਸਹੀਬੰਦ ਕਰਨ ਮਗਰੋਂ ਕੌਂਸਲੇਟ ਵੱਲੋਂ ਹੋਰ 'ਇੰਡੀਅਨ ਚੇਅਰਜ਼' ਸਥਾਪਤ ਕਰਨ ਲਈ ਹੋਰ ਅਮਰੀਕੀ ਯੂਨੀਵਰਸਿਟੀਆਂ ਤੱਕ ਪਹੁੰਚ ਕੀਤੀ ਜਾ ਰਹੀ ਹੈ।



ਉਨ੍ਹਾਂ ਨੇ ਅਹੁਦਾ ਸੰਭਾਲਣ ਮਗਰੋਂ ਪਹਿਲੀ ਵਾਰ ਭਾਰਤੀ ਕੌਂਸਲੇਟ ਜਨਰਲ ਵਿਚ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਰਾਸ਼ਟਰਪਤੀ ਬਰਾਕ ਓਬਾਮਾ ਟਵੰਟੀ ਫਸਟ ਸੈਂਚੁਰੀ ਨਾਲਿਜ-ਇਨੀਸ਼ੀਏਟਿਵ ਤਹਿਤ ਭਾਰਤ ਗਿਆਨ ਦੇ ਖੇਤਰ ਵਿਚ ਅਮਰੀਕਾ ਨਾਲ ਭਾਈਵਾਲੀ ਦੀਆਂ ਸੰਭਾਵਨਾਵਾਂ ਵੀ ਤਲਾਸ਼ ਰਿਹਾ ਹੈ। ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਵੱਖ-ਵੱਖ ਕੋਰਸਾਂ ਵਿਚ 100,000 ਤੋਂ ਵੱਧ ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ ਜੋ 3.5 ਅਰਬ ਡਾਲਰ ਦੇ ਕਰੀਬ ਟਿਊਸ਼ਨ ਫੀਸਾਂ ਤੇ ਹੋਰ ਖਰਚੇ ਅਦਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਭਾਰਤੀ ਯੂਨੀਵਰਸਿਟੀਆਂ ਵਿਚੋਂ ਇਥੇ ਆਏ ਹਜ਼ਾਰਾਂ ਗਰੇਜੂਏਟ ਹਨ, ਜਿਨ੍ਹਾਂ ਨੂੰ ਪੜ੍ਹਿਆਂ-ਲਿਖਿਆਂ ਵਿਚਲੀ ਬੇਰੁਜ਼ਗਾਰੀ ਦੇ ਪ੍ਰਭਾਵ ਤੋਂ ਬਚਣ ਲਈ ਹੁਨਰ ਦੇ ਵਿਕਾਸ ਦੀ ਲੋੜ ਹੈ। ਅਮਰੀਕੀ ਯੂਨੀਵਰਸਿਟੀਆਂ ਨਾਲ ਭਾਈਵਾਲੀ ਕਰਕੇ ਹੁਨਰ ਵਿਕਾਸ, ਸਿਖਲਾਈ, ਰਿਸਰਚ, ਅਮਰੀਕੀ ਵਿਦਿਆਰਥੀਆਂ ਲਈ ਦੂਜੇ ਦੇਸ਼ਾਂ ਵਿਚ ਪੜ੍ਹਨ ਤੇ ਫੈਕਲਟੀ ਐਕਸਚੇਂਜ ਦੇ ਖੇਤਰਾਂ ਵਿਚ ਗਿਆਨ ਦੇ ਦੇਣ-ਲੈਣ ਵਿਚ ਮਦਦ ਹੋ ਸਕੇਗੀ।

ਪੈਨਸਿਲਵੈਨੀਆ ਯੂਨੀਵਰਸਿਟੀ ਵਿਚ ਵੀ ਭਾਰਤੀ ਚੇਅਰ ਸਥਾਪਤ ਕੀਤੀ ਜਾ ਰਹੀ ਹੈ। ਕੋਲੰਬੀਆ ਯੂਨੀਵਰਸਿਟੀ ਵਿਚ ਵੀ ਭਾਰਤ ਵੱਲੋਂ ਡਾ. ਬੀ.ਆਰ. ਅੰਬੇਦਕਰ ਦੇ ਨਾਂ 'ਤੇ 'ਲਾਅ ਚੇਅਰ' ਕਾਇਮ ਕੀਤੀ ਗਈ ਹੈ। ਬਾਬਾ ਸਾਹਿਬ ਇਸ ਮਾਣਮੱਤੀ 'ਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਪੜ੍ਹੇ ਸਨ।

## ਮਲੇਸ਼ੀਆ ਨੇ ਖਾੜਕੂ ਸਤਪਾਲ ਸਿੰਘ ਨੂੰ ਭਾਰਤ ਭੇਜਿਆ

**ਕੁਆਲਾਲੰਪੁਰ:** ਮਲੇਸ਼ੀਆ ਦੀ ਸਰਕਾਰ ਨੇ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਖਾੜਕੂ ਸਤਪਾਲ ਸਿੰਘ ਨੂੰ ਭਾਰਤ ਭੇਜ ਦਿੱਤਾ ਹੈ। ਭਾਰਤ ਸਰਕਾਰ ਨੇ ਮੁਕੱਦਮਾ ਚਲਾਉਣ ਲਈ ਉਸ ਦੀ ਹਵਾਲਗੀ ਮੰਗੀ ਸੀ। ਵਿਸ਼ੇਸ਼ ਟਾਸਕ ਫੋਰਸ (ਅਤਿਵਾਦ) ਦੇ ਡਾਇਰੈਕਟਰ ਮੁਹੰਮਦ ਫੁਜ਼ੀ ਹਾਰੂਨ ਅਨੁਸਾਰ 41 ਸਾਲਾ ਸਤਪਾਲ ਸਿੰਘ ਨੂੰ ਚੇਰਾਸ ਦੇ ਉਪ ਨਗਰ ਤੋਂ ਪਰਵਾਸ ਕਾਨੂੰਨਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਚਾਰ ਜਨਵਰੀ ਨੂੰ ਫੜਿਆ ਗਿਆ ਸੀ ਤੇ ਬੀਤੇ ਦਿਨ ਭਾਰਤ ਭੇਜ ਦਿੱਤਾ ਗਿਆ।



ਉਨ੍ਹਾਂ ਦਾਅਵਾ ਕੀਤਾ ਕਿ ਉਹ ਸਿੱਖਾਂ ਦੀ ਖਾੜਕੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦਾ ਮੈਂਬਰ ਹੈ। ਉਹ ਅਤਿਵਾਦੀ ਕਾਰਵਾਈਆਂ ਲਈ ਮਲੇਸ਼ੀਆ ਦੀ ਧਰਤੀ ਨੂੰ ਵਰਤ ਰਿਹਾ ਸੀ। ਉਨ੍ਹਾਂ ਦੱਸਿਆ ਕਿ ਸਤਪਾਲ ਸਿੰਘ ਨੇ ਆਪਣੀ ਜਥੇਬੰਦੀ ਦੇ ਉਨ੍ਹਾਂ ਮੈਂਬਰਾਂ ਨੂੰ ਜਾਅਲੀ ਦਸਤਾਵੇਜ਼ ਮੁਹੱਈਆ ਕਰਵਾਏ ਜਿਨ੍ਹਾਂ ਨੇ ਭਾਰਤ ਵਿਚ 2006 ਦੌਰਾਨ ਲੜੀਵਾਰ ਬੰਬ ਧਮਾਕੇ ਕੀਤੇ। ਭਾਰਤ ਵਿਚ ਸਾਲ 2006 ਦੇ ਧਮਾਕਿਆਂ ਮਗਰੋਂ ਮਲੇਸ਼ੀਆ ਦੀ ਪੁਲਿਸ ਨੇ ਸ਼ੱਕੀ ਅਤਿਵਾਦੀਆਂ 'ਤੇ ਨਜ਼ਰ ਰੱਖਣੀ ਸ਼ੁਰੂ ਕੀਤੀ ਤੇ ਸਤਪਾਲ ਸਿੰਘ ਕਾਬੂ ਆਇਆ। ਚਾਰ ਅਗਸਤ, 2011 ਵਿਚ ਪੁਲੀਸ ਨੇ ਸੰਗਠਨ ਦੇ ਮੈਂਬਰ ਤੇ ਇਥੇ ਰੈਸਟੋਰੈਂਟ ਚਲਾ ਰਹੇ ਅਮਰਜੀਤ ਸਿੰਘ, ਸੰਗੀਤ ਅਧਿਆਪਕ ਦਲਜੀਤ ਸਿੰਘ ਤੇ ਠੇਕੇਦਾਰ ਕੇਵਲ ਸਿੰਘ ਸੋਢ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਦਾ ਚੌਥਾ ਸਾਥੀ ਦਲਜੀਤ ਸਿੰਘ 13 ਮਈ ਨੂੰ ਪੁਲਿਸ ਦੇ ਕਾਬੂ ਆਇਆ। ਸਤਪਾਲ ਸਿੰਘ ਤੋਂ ਇਲਾਵਾ ਇਨ੍ਹਾਂ ਚਾਰਾਂ ਨੂੰ ਵੀ ਭਾਰਤ ਹਵਾਲੇ ਕੀਤਾ ਜਾ ਚੁੱਕਿਆ ਹੈ।

ਜਨਮ ਦਿਨ ਮੁਬਾਰਕ ! ਜਨਮ ਦਿਨ ਮੁਬਾਰਕ ! ! ਜਨਮ ਦਿਨ ਮੁਬਾਰਕ ! ! ! ਜਨਮ ਦਿਨ ਮੁਬਾਰਕ ! ! ! ! ਜਨਮ ਦਿਨ ਮੁਬਾਰਕ !

Happy Birthday Happy Birthday

Happy Birthday Happy Birthday

# ਪਰਬਤ ਵਾਂਗ ਅਡੋਲ ਸਾਡੀ ਮਾਂ ਸੰਸਾਰ ਕੌਰ ਨੂੰ

# 104ਵਾਂ ਜਨਮ ਦਿਨ ਮੁਬਾਰਕ








### ਨਦੀ ਕਿਨਾਰੇ ਰੁੱਖੜਾ, ਭਲਕੇ ਛਾਂ ਹੋਵੇ ਜਾਂ ਨਾ

ਅਣਥਕ ਘਾਲਣਾ ਅਤੇ ਜੱਦੋਜਹਿਦ ਦੀ ਮੂਰਤ ਸਾਡੀ ਨਿਮਾਣੀ ਮਾਂ ਸੰਸਾਰ ਕੌਰ ਨੂੰ ਸਮੂਹ ਪਰਿਵਾਰ ਦੀਆਂ ਚਾਰ ਪੀੜ੍ਹੀਆਂ ਵਲੋਂ ਮਾਣ-ਸਤਿਕਾਰ ਤੇ ਪਿਆਰ ਭਰਿਆ ਸਿਜਦਾ। ਬੀਜੀ ਸੰਸਾਰ ਕੌਰ ਦੇ 104ਵੇਂ ਜਨਮ ਦਿਨ ਉਪਰ ਸਾਡੇ ਸਾਰੇ ਪਰਿਵਾਰ ਵਲੋਂ ਪਰਮਾਤਮਾ ਅੱਗੇ ਇਹੋ ਅਰਦਾਸ ਹੈ ਕਿ ਸਾਡੀ ਮਾਂ ਦੀ ਰਹਿੰਦੀ ਜ਼ਿੰਦਗੀ ਦੇ ਦਿਨ ਸੁਖਦਾਈ ਅਤੇ ਸ਼ਾਂਤਮਈ ਹੋਣ ਅਤੇ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ। ਉਨ੍ਹਾਂ ਦਾ ਹੱਥ ਸਾਡੇ ਸਿਰ 'ਤੇ ਇਸੇ ਤਰ੍ਹਾਂ ਬਣਿਆ ਰਹੇ।

**ਵਲੋਂ**

**ਸਮੂਹ ਛੋਕਰ, ਪੂੰਨੀਆ, ਥਾਂਦੀ, ਢਿੱਲੋਂ, ਸ਼ਰਮਾ, ਵੈਨਸਲ, ਕੰਦੋਲਾ, ਧਾਲੀਵਾਲ, ਕਾਹਲੋਂ, ਸਹੋਤਾ ਅਤੇ ਮਾਨ ਪਰਿਵਾਰ**

ਇਨਕਲਾਬੀ 281-376-1855, ਜਸਵੀਰ 708-275-3884

ਜਨਮ ਦਿਨ ਮੁਬਾਰਕ ! ਜਨਮ ਦਿਨ ਮੁਬਾਰਕ ! ! ਜਨਮ ਦਿਨ ਮੁਬਾਰਕ ! ! ! ਜਨਮ ਦਿਨ ਮੁਬਾਰਕ ! ! ! ! ਜਨਮ ਦਿਨ ਮੁਬਾਰਕ !

# ਬਰੇਲ ਲਿੱਪੀ ‘ਚ ਤਿਆਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਪਾਠ ਦੇ ਭੋਗ ਪਾਏ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਪਹਿਲੀ ਵਾਰ ਬਰੇਲ ਲਿੱਪੀ ਵਿਚ ਲਿੱਪੀਅੰਤਰ ਕੀਤੇ ਗਏ ਗੁਰੂ ਗ੍ਰੰਥ ਸਾਹਿਬ ਦੀਆਂ ਪੋਥੀਆਂ ਤੋਂ ਕੀਤੇ ਸਹਿਜ ਪਾਠ ਰਾਹੀਂ ਭੋਗ ਪਾਏ ਗਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਲਿੱਪੀਅੰਤਰ ਕਰਨ ਵਾਲੇ ਭਾਈ ਗੁਰਮੇਜ ਸਿੰਘ ਦਾ ਸਨਮਾਨ ਕੀਤਾ ਗਿਆ।

ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਗੁਰਮੇਜ ਸਿੰਘ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ ਬਰੇਲ ਲਿੱਪੀ ਵਿਚ ਲਿਪੀਅੰਤਰ 18 ਪੋਥੀਆਂ ਦੇ ਰੂਪ ਵਿਚ ਕੀਤਾ ਗਿਆ ਹੈ। ਉਨ੍ਹਾਂ ਇਸ ਦੀਆਂ ਪਹਿਲੀਆਂ ਪੋਥੀਆਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਭੇਟ ਕੀਤੀਆਂ ਸਨ ਜਿਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਦੇ ਪਿਛਲੇ ਪਾਸੇ ਕਮਰਾ ਨੰਬਰ 13 ਵਿਚ ਸਥਾਪਤ ਕੀਤਾ ਗਿਆ ਹੈ। ਉਥੇ ਕੋਈ ਵੀ ਨੇਤਰਹੀਣ ਵਿਅਕਤੀ ਪਾਠ ਕਰ ਸਕਦਾ ਹੈ। ਇਨ੍ਹਾਂ ਪੋਥੀਆਂ ਰਾਹੀਂ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਹਿਜ ਪਾਠ ਰਾਹੀਂ ਭੋਗ ਪਾਏ ਗਏ।

ਭਾਈ ਗੁਰਮੇਜ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਪਾਏ ਗਏ ਸਹਿਜ ਪਾਠ ਦੇ ਭੋਗ ਲਈ ਉਨ੍ਹਾਂ ਲਗਭਗ ਡੇਢ ਮਹੀਨਾ ਪਾਠ ਕੀਤਾ ਹੈ ਅਤੇ ਹੁਣ ਸ੍ਰੀ ਅਕਾਲ ਤਖ਼ਤ ਦੇ ਸਿਰਜਣਾ ਦਿਵਸ ਮੌਕੇ ਭੋਗ ਪਾਏ ਗਏ ਹਨ। ਇਨ੍ਹਾਂ ਪੋਥੀਆਂ ਦੇ ਛੇ ਸਰੂਪ ਤਿਆਰ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਇੱਕ ਸ੍ਰੀ ਹਰਿਮੰਦਰ ਸਾਹਿਬ ਵਿਖੇ, ਇੱਕ ਚੀਫ਼ ਖਾਲਸਾ ਦੀਵਾਨ ਦੇ ਯਤੀਮਖ਼ਾਨਾ ਅੰਮ੍ਰਿਤਸਰ ਵਿਖੇ, ਇਕ ਫਗਵਾੜਾ ਨੇੜੇ ਸਪਰੋਟ ਨੰਗਲ ਸਥਿਤ ਨੇਤਰਹੀਣ ਆਸ਼ਰਮ ਵਿਚ, ਇੱਕ ਲੁਧਿਆਣਾ ਸਥਿਤ ਭਾਰਤ ਨੇਤਰਹੀਣ ਸੇਵਕ ਸਮਾਜ ਸੰਸਥਾ ਨੂੰ ਅਤੇ ਇੱਕ ਦਿੱਲੀ ਸਥਿਤ ਗੁਰਦੁਆਰਾ ਰਕਾਬਗੰਜ ਵਿਖੇ ਭੇਟ ਕੀਤੇ ਗਏ ਸਨ। ਇੱਕ ਸਰੂਪ ਉਨ੍ਹਾਂ ਘਰ ਵਿਚ ਰੱਖਿਆ ਹੋਇਆ ਹੈ ਜਿਸ ਰਾਹੀਂ ਉਹ ਖ਼ੁਦ ਗੁਰਬਾਣੀ ਦਾ ਪਾਠ ਕਰਦੇ ਹਨ। ਉਨ੍ਹਾਂ ਦੱਸਿਆ ਕਿ ਲਿਪੀਅੰਤਰ ਕੀਤੇ ਗਏ ਇਨ੍ਹਾਂ ਸਰੂਪਾਂ ਦੀ ਹੋਰ ਵੀ ਮੰਗ ਆਈ ਹੈ ਅਤੇ ਸ਼੍ਰੋਮਣੀ ਕਮੇਟੀ ਨੇ ਹੋਰ ਸਰੂਪ ਤਿਆਰ ਕਰਨ ਲਈ ਮੱਦਦ ਦੇਣ ਦਾ ਭਰੋਸਾ ਦਿੱਤਾ ਹੈ।



*ਜਥੇਦਾਰ ਅਵਤਾਰ ਸਿੰਘ ਅਤੇ ਗਿਆਨੀ ਗੁਰਬਚਨ ਸਿੰਘ , ਭਾਈ ਗੁਰਮੇਜ ਸਿੰਘ ਨੂੰ ਸਿਰੋਪਾ ਭੇਟ ਕਰਦੇ ਸਨਮਾਨਤ ਕਰਦੇ ਹੋਏ।*

## ਅਕਾਲ ਤਖ਼ਤ ਦਾ ਸਥਾਪਨਾ ਦਿਵਸ ਮਨਾਇਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੱਜ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਅਕਾਲ ਤਖ਼ਤ ਦਾ 407ਵਾਂ ਸਥਾਪਨਾ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਰਾਏ ਸਿੰਘ ਦੇ ਜਥੇ ਨੇ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ। ਸੰਗਤ ਨੂੰ ਸੰਬੋਧਨ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਗੁਰੂ ਅਰਜਨ ਦੇਵ ਵੱਲੋਂ ਸ਼ਹਾਦਤ ਤੋਂ ਪਹਿਲਾਂ ਕਹੇ ਹੋਏ ਬਚਨਾਂ ਅਨੁਸਾਰ ਗੁਰੂ ਹਰਿਗੋਬਿੰਦ ਨੇ ਭਗਤੀ ਅਤੇ ਸ਼ਕਤੀ ਦੇ ਸੁਮੇਲ ਅਕਾਲ ਤਖ਼ਤ ਦੀ ਸਥਾਪਨਾ ਕੀਤੀ। ਅਕਾਲ ਤਖ਼ਤ ਤੋਂ ਹਮੇਸ਼ਾਂ ਜ਼ੁਲਮ ਨੂੰ ਰੋਕਿਆ ਗਿਆ ਹੈ ਅਤੇ ਨਿਮਾਣੇ ਦੀ ਸਹਾਇਤਾ ਕਰਨ ਦੇ ਉਪਰਾਲੇ ਕੀਤੇ ਗਏ ਹਨ। ਉਨ੍ਹਾਂ ਸਮੁੱਚੀ ਕੌਮ ਨੂੰ ਕਿਹਾ ਕਿ ਅੱਜ ਜੋ ਨਸ਼ਿਆਂ, ਭਰੂਣ ਹੱਤਿਆ ਤੇ ਪਤਿਤਪੁਣੇ ਦੀ ਜੋ ਹਨ੍ਹੇਰੀ ਝੁੱਲ ਰਹੀ ਹੈ, ਉਸ ਨੂੰ ਰੋਕਣ ਲਈ ਹਰ ਸਿੱਖ ਖੰਡੇ ਬਾਟੇ ਦੀ ਪਾਹੁਲ ਛਕ ਕੇ ਬਾਣੀ ਅਤੇ ਬਾਣੇ ਦਾ ਧਾਰਨੀ ਹੋਵੇ ਅਤੇ ਦੇਸ਼-ਵਿਦੇਸ਼ ਵਿਚ ਸਿੱਖੀ ਦਾ ਪ੍ਰਚਾਰ ਕਰ ਕੇ ਅਕਾਲ ਤਖ਼ਤ ਨੂੰ ਸਮਰਪਿਤ ਹੋਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਗੁਰੂ ਹਰਿਗੋਬਿੰਦ ਨੇ 1606 ਈਸਵੀ ਵਿਚ ਅਕਾਲ ਤਖ਼ਤ ਦੀ ਸਥਾਪਨਾ ਕੀਤੀ ਸੀ ਅਤੇ ਉਸਾਰੀ ਹਰਿਮੰਦਰ ਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਪਾਸੋਂ ਕਰਵਾਈ। ਗੁਰੂ ਜੀ ਨੇ ਸਿੱਖਾਂ ਨੂੰ ਸ਼ਸਤਰਧਾਰੀ ਬਣਾਉਣ ਲਈ ਅਕਾਲ ਤਖ਼ਤ ਦੀ ਸਿਰਜਣਾ ਕੀਤੀ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਬਖ਼ਸ਼ਿੰਦ ਤੇ ਰਹਿਮਤਾਂ ਦਾ ਪਾਤਰ ਵੀ ਹੈ। ਇੱਥੋਂ ਭੁੱਲਣਹਾਰਾਂ ਨੂੰ ਬਿਰਤੀ ਸ਼ੁੱਧ ਕਰਨ ਲਈ ਤਨਖਾਹ ਵੀ ਲਾਈ ਗਈ। ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਸ਼ਕਤੀਆਂ ਦਾ ਮੁਕਾਬਲਾ ਕਰਨ ਲਈ ਕੌਮ ਅਕਾਲ ਤਖ਼ਤ ਨੂੰ ਸਮਰਪਿਤ ਹੋਵੇ।

# ਦਿੱਲੀ-ਅੰਮ੍ਰਿਤਸਰ-ਬਰਮਿੰਘਮ ਸਿੱਧੀ ਹਵਾਈ ਉਡਾਣ ਪਹਿਲੀ ਅਗਸਤ ਤੋਂ

**ਅੰਮ੍ਰਿਤਸਰ:** ਏਅਰ ਇੰਡੀਆ ਹਵਾਈ ਕੰਪਨੀ ਵੱਲੋਂ ਪਹਿਲੀ ਅਗਸਤ ਤੋਂ ਅੰਮ੍ਰਿਤਸਰ-ਦਿੱਲੀ-ਬਰਮਿੰਘਮ ਵਿਚਾਲੇ ਸਿੱਧੀ ਹਵਾਈ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ। ਇਹ ਖ਼ੁਲਾਸਾ ਏਅਰ ਇੰਡੀਆ ਦੇ ਜਨਰਲ ਮੈਨੇਜਰ ਅਨਿਲ ਮਹਿਤਾ ਨੇ ਕੀਤਾ। ਉਹ ਅੱਜ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਆਏ ਸਨ।

ਹਵਾਈ ਕੰਪਨੀ ਦੇ ਜਨਰਲ ਮੈਨੇਜਰ ਨੇ ਦੱਸਿਆ ਕਿ ਸ੍ਰੀ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡਾ ਰਾਜਾਸਾਂਸੀ ਤੋਂ ਅਗਸਤ ਮਹੀਨੇ ਤੋਂ ਬਰਮਿੰਘਮ ਲਈ ਨਵੀਂ ਉਡਾਣ ਸ਼ੁਰੂ ਕੀਤੀ ਜਾ ਰਹੀ ਹੈ ਜੋ ਬਾਰਸਤਾ ਦਿੱਲੀ ਬਰਮਿੰਘਮ ਪੁੱਜੇਗੀ। ਇਹ ਉਡਾਣ ਇੱਥੋਂ ਲੰਡਨ ਲਈ ਪਹਿਲਾਂ ਚੱਲ ਰਹੀਆਂ ਦੋ ਉਡਾਣਾਂ ਤੋਂ ਵੱਖਰੀ ਹੋਵੇਗੀ। ਇਸ ਦੇ ਸ਼ੁਰੂ ਹੋਣ ਨਾਲ ਯਾਤਰੂਆਂ ਨੂੰ ਵੱਡੀ ਸਹੂਲਤ ਪ੍ਰਾਪਤ ਹੋਵੇਗੀ।

ਇਸ ਮੌਕੇ ਹਾਜ਼ਰ ਸਟੇਸ਼ਨ ਮੈਨੇਜਰ ਸ਼ਸ਼ੀਕਾਂਤ ਕੌਂਡਲ ਨੇ ਦੱਸਿਆ ਕਿ ਇਹ ਹਵਾਈ ਉਡਾਣ ਪਹਿਲੀ ਅਗਸਤ ਤੋਂ ਸ਼ੁਰੂ ਹੋਵੇਗੀ ਅਤੇ ਹਫ਼ਤੇ ਵਿਚ ਚਾਰ ਦਿਨ ਸੋਮਵਾਰ, ਮੰਗਲਵਾਰ, ਵੀਰਵਾਰ ਅਤੇ ਸ਼ਨਿੱਚਰਵਾਰ ਚੱਲੇਗੀ। ਇਹ ਉਡਾਣ ਸਵੇਰੇ ਸਾਢੇ 10 ਵਜੇ ਅੰਮ੍ਰਿਤਸਰ ਤੋਂ ਰਵਾਨਾ ਹੋਵੇਗੀ ਅਤੇ 11:45 ਵਜੇ ਦਿੱਲੀ ਪੁੱਜੇਗੀ, ਜਿਥੋਂ ਡੇਢ ਵਜੇ ਬਰਮਿੰਘਮ ਲਈ ਰਵਾਨਾ ਹੋਵੇਗੀ ਅਤੇ 9 ਘੰਟੇ ਦੀ ਉਡਾਣ ਮਗਰੋਂ ਉਥੋਂ ਦੇ ਸਥਾਨਕ ਸਮੇਂ ਛੇ ਵਜੇ ਬਰਮਿੰਘਮ ਪੁੱਜੇਗੀ। ਅਗਲੇ ਦਿਨ ਬਰਮਿੰਘਮ ਤੋਂ ਰਵਾਨਾ ਹੋਵੇਗੀ ਅਤੇ ਦਿੱਲੀ ਹੁੰਦੀ ਹੋਈ ਅੰਮ੍ਰਿਤਸਰ ਪੁੱਜੇਗੀ। ਇਸ ਉਡਾਣ ਲਈ ਏਅਰ ਇੰਡੀਆ ਵੱਲੋਂ 787 ਡਰੀਮ ਲੈਂਡ ਜਹਾਜ਼ ਦੀ ਵਰਤੋਂ ਕੀਤੀ ਜਾਵੇਗੀ ਜੋ ਅਤਿ-ਆਧੁਨਿਕ ਇਲੈਕਟ੍ਰੋਨਿਕ ਸਹੂਲਤਾਂ ਨਾਲ ਲੈਸ ਹੈ। ਇਸ ਵਿਚ 18 ਬਿਜ਼ਨਸ ਸ਼੍ਰੇਣੀ ਤੇ 238 ਇਕੌਨਮੀ ਸ਼੍ਰੇਣੀ ਦੀਆਂ ਸੀਟਾਂ ਹਨ। ਇਸ ਉਡਾਣ ਦੇ ਯਾਤਰੂਆਂ ਨੂੰ ਦਿੱਲੀ ਵਿਖੇ ਜਹਾਜ਼ ਨਹੀਂ ਬਦਲਣਾ ਪਵੇਗਾ।

## ਮਾਲੀਆ ਇਕੱਠਾ ਕਰਨ ‘ਚ ਅੰਮ੍ਰਿਤਸਰ ਦੀ ਝੰਡੀ

**ਅੰਮਿਤਸਰ:** ਮਾਲੀਆ ਇਕੱਠਾ ਕਰਨ ਵਿਚ ਅੰਮ੍ਰਿਤਸਰ ਪੰਜਾਬ ਭਰ ‘ਚੋਂ ਮੋਹਰੀ ਰਿਹਾ ਹੈ। ਮਾਲ ਵਿਭਾਗ ਵੱਲੋਂ ਪਿਛਲੇ ਵਿੱਤੀ ਵਰ੍ਹੇ ਦੌਰਾਨ ਜ਼ਿਲ੍ਹੇ ਵਿਚੋਂ ਤਿੰਨ ਅਰਬ ਤੋਂ ਵੱਧ ਦਾ ਮਾਲੀਆ ਇਕੱਠਾ ਕਰਕੇ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਾਇਆ ਗਿਆ ਹੈ। ਸਰਕਾਰ ਨੇ ਮਾਲ ਵਿਭਾਗ ਨੂੰ ਅੰਮ੍ਰਿਤਸਰ ‘ਚੋਂ 295 ਕਰੋੜ ਮਾਲੀਆ ਇਕੱਠਾ ਕਰਨ ਦਾ ਟੀਚਾ ਦਿੱਤਾ ਸੀ ਪਰ 3,01,44,08,040 ਰੁਪਏ ਇਕੱਠਾ ਹੋ ਗਿਆ।



# ਘਰ ਖਰੀਦਣਾ ਹੈ ਜਾਂ ਵੇਚਣਾ!

**ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ**

**ਜਰਨੈਲ ਸਿੰਘ ਲਾਲੜੀਆ**

**ਫੋਨ:209-856-2131**



Century 21 M&M AND ASSOCIATES

Each office is independently owned and operated.

**Jarnail Singh Lallria**
**Broker Associate**
DRE#01440382

**Cell: 209-620-5393**
Fax:209-216-5502
e-mail: jlallria@c21mm.com
Mob Web: m.jlallria.c21mm.com

**2995 "R" Street, Suite # 102, Merced, CA 95348**


# ਭਾਰਤ-ਪਾਕਿਸਤਾਨ ਗੱਲਬਾਤ ਲਈ ਸਹਿਮਤ

**ਨਵੀਂ ਦਿੱਲੀ:** ਭਾਰਤ ਅਤੇ ਪਾਕਿਸਤਾਨ ਵਿਚਾਰ ਅਧੀਨ ਦੁਵੱਲੇ ਮਸਲਿਆਂ 'ਤੇ ਅਗਲੇ ਦੋ-ਤਿੰਨ ਮਹੀਨਿਆਂ 'ਚ ਤੀਜੇ ਪੜਾਅ ਦੀ ਗੱਲਬਾਤ ਲਈ ਮੀਟਿੰਗਾਂ ਕਰਨ ਲਈ ਸਹਿਮਤ ਹੋ ਗਏ ਹਨ। ਜਨਵਰੀ 'ਚ ਪਾਕਿਸਤਾਨੀ ਫੌਜ ਵੱਲੋਂ ਭਾਰਤੀ ਸੈਨਿਕਾਂ ਦੇ ਸਿਰ ਲਾਹੁਣ ਦੀ ਘਟਨਾ ਮਗਰੋਂ ਇਸ ਗੱਲਬਾਤ ਵਿਚਾਲੇ ਟੁੱਟ ਗਈ ਸੀ। ਇਹ ਐਲਾਨ ਭਾਰਤ ਦੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦੇ ਵਿਦੇਸ਼ ਮਾਮਲਿਆਂ ਬਾਰੇ ਵਿਸ਼ੇਸ਼ ਸਲਾਹਕਾਰ ਸਰਤਾਜ ਅਜ਼ੀਜ਼ ਵਿਚਾਲੇ 'ਏਸੀਆਨ' ਵਿਦੇਸ਼ ਮੰਤਰੀਆਂ ਦੀ ਮੀਟਿੰਗ ਤੋਂ ਵੱਖਰੇ ਤੌਰ 'ਤੇ ਹੋਈ ਮੀਟਿੰਗ ਮੌਕੇਕੀਤਾ ਗਿਆ ਹੈ। 'ਏਸੀਆਨ' ਵਿਦੇਸ਼ ਮੰਤਰੀਆਂ ਦਾ ਇਕੱਠ ਬਰੂਨੀ 'ਚ ਹੋਇਆ। ਪਾਕਿਸਤਾਨ 'ਚ ਨਵੀਂ ਸਰਕਾਰ ਬਣਨ ਮਗਰੋਂ ਇਹ ਦੋਵੇਂ ਮੁਲਕਾਂ 'ਚ ਇਹ ਪਹਿਲੀ ਉੱਚ ਪੱਧਰੀ ਮੀਟਿੰਗ ਸੀ।

ਮੀਟਿੰਗ ਤੋਂ ਮਗਰੋਂ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਜਨਾਬ ਅਜ਼ੀਜ਼ ਨੇ ਕਿਹਾ ਕਿ ਉਨ੍ਹਾਂ ਨੇ ਆਪਸੀ ਭਰੋਸੇ ਦੀ ਬਹਾਲੀ ਅਤੇ ਸੰਵਾਦ ਤੋਰਨ ਲਈ ਵੱਖ-ਵੱਖ ਤਰ੍ਹਾਂ ਦੇ ਯਤਨ ਕਰਨ ਬਾਰੇ ਗੱਲਬਾਤ ਕੀਤੀ। ਦੋਵੇਂ ਧਿਰਾਂ ਇਹ ਸੰਵਾਦ ਅਮਲ ਤੇਜ਼ ਕਰਨਾ ਚਾਹੁੰਦੀਆਂ ਹਨ ਤੇ ਅਗਲੇ ਦੋ-ਤਿੰਨ ਮਹੀਨੇ 'ਚ ਵੱਖ-ਵੱਖ ਗਰੁੱਪਾਂ ਦੀਆਂ ਮੀਟਿੰਗਾਂ ਲਈ ਸਹਿਮਤ ਹੋਈਆਂ ਹਨ। ਜਨਾਬ ਖੁਰਸ਼ੀਦ ਨੇ ਕਿਹਾ ਕਿ ਪਾਕਿਸਤਾਨ ਨੇ ਇਕ ਵਾਰ ਫਿਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਪਾਕਿਸਤਾਨ ਦੌਰੇ ਦਾ ਸੱਦਾ ਦਿੱਤਾ ਹੈ। ਹੁਣ ਮਹੱਤਵਪੂਰਨ ਗੱਲ ਇਹ ਹੈ ਕਿ ਦੋਵੇਂ ਧਿਰਾਂ ਸਬੰਧਾਂ ਨੂੰ ਅੱਗੇ ਲਿਜਾਣਾ ਚਾਹੁੰਦੀਆਂ ਹਨ।

# ਯੂਬਾ ਸਿਟੀ ਵਿਚ ਲੋਕ ਨ੍ਰਿਤ ਵਰਕਸ਼ਾਪ

**ਯੂਬਾ ਸਿਟੀ (ਬਿਊਰੋ):** ਕਰੀਏਟਿਵ ਕਲਚਰਲ ਸੁਸਾਇਟੀ, ਚੰਡੀਗੜ੍ਹ ਵਲੋਂ ਮਨਪ੍ਰੀਤ ਧਾਮੀ ਫਿਲਮ ਪ੍ਰੋਡਕਸ਼ਨ, ਯੂਬਾ ਸਿਟੀ ਦੇ ਸਹਿਯੋਗ ਨਾਲ ਇਥੇ ਲੋਕ ਨ੍ਰਿਤ ਅਤੇ ਥੀਏਟਰ ਵਰਕਸ਼ਾਪ ਲੰਘੀ 13 ਜੂਨ ਤੋਂ 30 ਜੂਨ ਤੱਕ ਲਾਈ ਗਈ ਜਿਸ ਵਿਚ ਬੱਚਿਆਂ ਅਤੇ ਨੌਜਵਾਨਾਂ ਨੂੰ ਸੁਸਾਇਟੀ ਦੇ ਪ੍ਰਧਾਨ ਈਸ਼ਵਰ ਦੱਤ ਸ਼ਰਮਾ ਵਲੋਂ ਪੰਜਾਬ ਦੇ ਲੋਕ ਨ੍ਰਿਤਾਂ-ਭੰਗੜਾ, ਝੂਮਰ, ਲੁੱਡੀ ਆਦਿ ਦੀ ਸਿਖਲਾਈ ਦਿੱਤੀ ਗਈ।

ਸੁਸਾਇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਪੰਜਾਬ ਦਾ ਸਭਿਆਚਾਰ ਸਾਂਭਣ ਅਤੇ ਇਸ ਦੇ ਪ੍ਰਸਾਰ ਲਈ ਮਨਪ੍ਰੀਤ ਧਾਮੀ ਫਿਲਮ ਪ੍ਰੋਡਕਸ਼ਨ ਦਾ ਇਹ ਪਹਿਲਾ ਯਤਨ ਸੀ। ਇਸ ਵਲੋਂ ਨਿਕਟ ਭਵਿੱਖ ਵਿਚ ਹੋਰ ਵੀ ਉਪਰਾਲੇ ਕੀਤੇ ਜਾਣਗੇ।








SPECIAL OFFER 4 CAMERAS WITH 4 CH DVR — LED MONITOR INCLUDED — ~~$1449~~ $1349 +Tax

SPECIAL OFFER 8 CAMERAS INSTALLATION INCLUDED — LED MONITOR INCLUDED — ~~$2849~~ $2349 +Tax

SPECIAL OFFER 12 CAMERAS INSTALLATION INCLUDED — LED MONITOR INCLUDED — ~~$4249~~ $3749 +Tax

**Call Sukhpal : 661-586-5080**

Buy Online : www.ezchase.com
Email : commvision@sbcglobal.net

VISTA CCTV TECHNOLOGY
Corporate people first choice for Securit
NOW YOU CAN WATCH YOUR BUSINESS ON YOUR ANY SMART PHONE



# The Anu Attorney Immigration Law Firm
# Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration & Bankruptcy in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW**
*Divorce *Annulment
*International Custody

**INCORPORATIONS**
*International Contracts, Mergers
*Attorney Supreme Court of India
*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 21 H, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

# ਅੰਬਰ ਜਿੱਡੀ ਉਡਾਣ

## ਅਮਰੀਕਾ 'ਚ ਸਾਕਾਰ ਹੋਣਗੇ ਦੇਵਦਾਸੀ ਦੀ ਧੀ ਦੇ ਸੁਪਨੇ



ਪਹਿਲੀ ਨਜ਼ਰੇ 18 ਸਾਲਾ ਸ਼ਵੇਤਾ ਅੱਲੜ ਉਮਰ ਦੀ ਕਿਸੇ ਵੀ ਹੋਰ ਕੁੜੀ ਵਰਗੀ ਲਗਦੀ ਹੈ...ਕਾਲੀ ਟੀ-ਸ਼ਰਟ ਅਤੇ ਜੀਨ ਵਿਚ ਲਿਪਟੀ, ਉਹ ਘਬਰਾਈ ਜਿਹੀ ਮੁਸਕਰਾਹਟ ਆਪਣੇ ਚਿਹਰੇ ਉਤੇ ਲਿਆਉਂਦੀ ਹੈ। ਉਸ ਨੂੰ ਦੇਖ ਕੇ ਲਗਦਾ ਨਹੀਂ ਕਿ ਇਹ ਕੁੜੀ ਨਿਊ ਯਾਰਕ ਦੇ ਵੱਕਾਰੀ ਬਾਰਡ ਕਾਲਜ ਵਿਚ ਸਾਈਕੋਲੋਜੀ ਦੀ ਡਿਗਰੀ ਲਈ ਚੁਣੀ ਗਈ ਹੈ। ਇਸ ਸਾਲ ਅਪਰੈਲ ਵਿਚ ਉਸ ਨੂੰ 'ਨਿਊਜ਼ ਵੀਕ' ਦੇ ਔਰਤਾਂ ਵਾਲੇ ਅੰਕ ਵਿਚ ਸੰਸਾਰ ਦੀਆਂ ਅੰਡਰ-25 ਕੁੜੀਆਂ ਵਿਚ ਸ਼ੁਮਾਰ ਕੀਤਾ ਗਿਆ ਸੀ।

ਸ਼ਵੇਤਾ ਦਾ ਇਸ ਚੋਟੀ ਉਤੇ ਪਹੁੰਚਣ ਦਾ ਪਹਿਲਾ ਪੈਂਡਾ ਬਹੁਤ ਬਿਖੜਾ ਹੈ। ਸ਼ਵੇਤਾ ਕਰਨਾਟਕਾ ਤੋਂ ਹੈ ਅਤੇ ਉਸ ਦਾ ਦਾਦਾ ਚਕਲਾ ਚਲਾਉਂਦਾ ਸੀ, ਪਰ ਉਸ ਦੀ ਸ਼ਰਾਬ ਪੀਣ ਅਤੇ ਹੋਰ ਨਸ਼ੇ ਖਾਣ ਦੀ ਆਦਤ ਕਾਰਨ ਉਸ ਦੀ ਦਾਦੀ ਨੂੰ ਲੋਕਾਂ ਨੇ ਘਰਾਂ ਵਿਚ ਨੌਕਰਾਣੀ ਬਣਨਾ ਪਿਆ। ਆਪਣੀ ਧੀ (ਸ਼ਵੇਤਾ ਦੀ ਮਾਂ) ਨੂੰ ਚੰਗੀ ਜ਼ਿੰਦਗੀ ਦੇਣ ਖਾਤਿਰ ਉਸ ਨੇ ਉਸ ਨੂੰ ਆਪਣੇ ਜੱਦੀ ਪਿੰਡ ਭੇਜ ਦਿੱਤਾ, ਪਰ ਉਥੇ ਕਹਾਣੀ ਹੋਰ ਹੀ ਬਣ ਗਈ। ਸ਼ਵੇਤਾ ਦੀ ਮਾਂ ਉਸ ਬੰਦੇ ਨਾਲ ਪਿਆਰ ਪਾ ਬੈਠੀ ਜਿਹੜਾ ਪਹਿਲਾਂ ਹੀ ਵਿਆਹਿਆ ਹੋਇਆ ਸੀ। ਸ਼ਵੇਤਾ ਦੱਸਦੀ ਹੈ- "ਮੇਰੀ ਮਾਂ ਵੇਸਵਾ ਨਹੀਂ, ਉਹ ਤਾਂ ਦੇਵਦਾਸੀ ਸੀ। ਉਹ ਉਸ ਬੰਦੇ ਨਾਲ ਵਿਆਹ ਨਹੀਂ ਸੀ ਕਰਵਾ ਸਕਦੀ, ਪਰ ਉਹ ਚਾਹੁੰਦੀ ਸੀ ਕਿ ਉਸ ਦੇ ਪਿਆਰ ਦੀ ਕੋਈ ਨਿਸ਼ਾਨੀ ਹੋਵੇ ਤੇ ਇਸ ਹਾਲਾਤ ਵਿਚੋਂ ਹੀ ਮੇਰਾ ਜਨਮ ਹੋਇਆ।" ਮੁੰਬਈ ਆਉਣ ਤੋਂ ਪਹਿਲਾਂ ਸ਼ਵੇਤਾ ਦੀ ਮਾਂ ਇਕ ਹੋਰ ਸ਼ਖ਼ਸ ਨਾਲ ਰਹਿੰਦੀ ਰਹੀ। ਇਸ ਸ਼ਖ਼ਸ ਨੇ ਸ਼ਵੇਤਾ ਨੂੰ ਵੀ ਆਪਣੇ ਕੋਲ ਰੱਖਿਆ ਅਤੇ ਆਪਣਾ ਉਪ ਨਾਮ ਵੀ ਦਿੱਤਾ। ਆਪਣੇ ਉਨ੍ਹਾਂ ਦਿਨਾਂ ਨੂੰ ਯਾਦ ਕਰਦਿਆਂ ਸ਼ਵੇਤਾ ਦੱਸਦੀ ਹੈ, "ਕਮਾਠੀਪੁਰਾ ਵਿਚ ਜ਼ਿੰਦਗੀ ਬਸਰ ਕਰਨੀ ਸੌਖੀ ਨਹੀਂ ਸੀ। ਮੇਰਾ ਪਿਉ ਸ਼ਰਾਬੀ ਸੀ। ਸਿੱਟੇ ਵਜੋਂ ਮੇਰੀ ਮਾਂ ਨੂੰ ਫੈਕਟਰੀ ਵਿਚ ਕੰਮ ਕਰਨਾ ਪੈਂਦਾ ਸੀ। ਮੈਨੂੰ ਮੁਕਾਮੀ (ਲੋਕਲ) ਮਿਊਂਸੀਪਲ ਸਕੂਲ ਵਿਚ ਪੜ੍ਹਾਇਆ ਗਿਆ।...ਪੁਲਿਸ ਦੇ ਛਾਪੇ ਆਮ ਪੈਂਦੇ ਸਨ ਅਤੇ ਵੇਸਵਾਵਾਂ ਨੂੰ ਪੁਲਿਸ ਵਾਲਿਆਂ ਤੋਂ ਬਚਣ ਲਈ ਆਪਣੀਆਂ ਨਾਈਟੀਆਂ ਸਣੇ ਇੱਧਰ-ਉਧਰ ਭੱਜਣਾ ਪੈ ਜਾਂਦਾ ਸੀ।...ਜਦੋਂ ਮੈਂ 10 ਕੁ ਸਾਲ ਦੀ ਹੋਈ, ਲੋਕਾਂ ਨੇ ਮੇਰੇ ਉਤੇ ਵੀ ਅੱਖ ਰੱਖਣੀ ਸ਼ੁਰੂ ਕਰ ਦਿੱਤੀ।"

ਵੇਸਵਾਵਾਂ ਦੇ ਰੈੱਡ ਲਾਈਟ ਏਰੀਏ ਦੇ ਕੁਝ ਕੁ ਸੁਖਦ ਪਲਾਂ ਨੂੰ ਵੀ ਉਹ ਯਾਦ ਕਰਦੀ ਹੈ- "ਮੇਰੀ ਮਾਂ ਸਵੇਰੇ 9 ਤੋਂ 7 ਵਜੇ ਤੱਕ ਕੰਮ ਕਰਦੀ ਸੀ। ਫਿਰ ਵੇਸਵਾਵਾਂ ਹੀ ਮੈਨੂੰ ਸਕੂਲ ਜਾਣ ਲਈ ਤਿਆਰ ਕਰਦੀਆਂ ਅਤੇ ਵਾਪਸੀ 'ਤੇ ਮੇਰਾ ਪੂਰਾ ਧਿਆਨ ਰੱਖਦੀਆਂ।" ਜਿਉਂ ਹੀ ਸ਼ਵੇਤਾ ਵੱਡੀ ਹੋਈ, ਉਸ ਦੇ ਪਿਉ ਨੇ ਹੀ ਉਸ ਨਾਲ ਛੇੜਖਾਨੀ ਸ਼ੁਰੂ ਕਰ ਦਿੱਤੀ। ਸ਼ਵੇਤਾ ਦੀਆਂ ਅੱਖਾਂ ਭਰ ਆਉਂਦੀਆਂ ਹਨ- "ਪਹਿਲਾਂ ਤਾਂ ਮੈਨੂੰ ਸਮਝ ਹੀ ਨਾ ਲੱਗੀ ਕਿ ਹੋ ਕੀ ਰਿਹਾ ਹੈ? ਉਹ ਮੈਨੂੰ ਵਾਰ-ਵਾਰ ਛੂੰਹਦਾ ਸੀ। ਕੁਝ ਸਾਲ ਪਹਿਲਾਂ ਜਦੋਂ ਇਹ ਗੱਲ ਮੈਂ ਆਪਣੀ ਮਾਂ ਨਾਲ ਕੀਤੀ ਤਾਂ ਉਹ ਸੁੰਨ ਹੋ ਕੇ ਰਹਿ ਗਈ, ਪਰ ਉਸ ਨੂੰ ਤਸੱਲੀ ਸੀ ਕਿ ਉਹਦੀ ਧੀ ਇਸ ਜੰਜਾਲ ਵਿਚੋਂ ਬਚ ਕੇ ਨਿਕਲ ਆਈ ਸੀ।"

### ਸਿਦਕ ਨੂੰ ਰਾਹ

ਅਸਲ ਵਿਚ ਨੰਨ੍ਹੀ ਜਾਨ ਸ਼ਵੇਤਾ ਨੇ ਜ਼ਿੰਦਗੀ ਵਿਚ ਆਈ ਹਰ ਮੁਸ਼ਕਿਲ ਪਾਰ ਕਰਨ ਦਾ ਹੀਆ ਕੀਤਾ। ਉਹ ਕਹਿੰਦੀ ਹੈ, "ਮੇਰਾ ਰੰਗ ਕਾਲਾ ਸੀ। ਛੋਟੇ ਹੁੰਦਿਆਂ ਮੈਨੂੰ ਮੇਰੇ ਸਹਿਪਾਠੀ ਅਤੇ ਗੁਆਂਢੀ 'ਕਾਲੀ' ਕਹਿ ਕੇ ਸੱਦਦੇ ਸਨ। ਇਸ ਦਾ ਮੇਰੇ ਮਨ ਉਤੇ ਬੜਾ ਬੁਰਾ ਅਸਰ ਪਿਆ।" ਇਸ ਤੋਂ ਬਾਅਦ ਮਾਂ ਦੇ ਜ਼ੋਰ ਪਾਉਣ ਉਤੇ ਉਸ ਨੇ 'ਆਪਨੇ ਆਪ' ਵਿਖੇ ਜਾਣਾ ਸ਼ੁਰੂ ਕੀਤਾ। 'ਆਪਨੇ ਆਪ' ਕਮਾਠੀਪੁਰਾ ਵਿਚ ਕੁਝ ਔਰਤਾਂ ਨੇ ਸੰਸਥਾ ਸ਼ੁਰੂ ਕੀਤੀ ਸੀ ਅਤੇ ਇਹ ਵੇਸਵਾਵਾਂ ਦੇ ਬੱਚਿਆਂ ਲਈ ਕੰਮ ਕਰਦੀ ਸੀ। ਸ਼ਵੇਤਾ ਦੱਸਦੀ ਹੈ, "ਮਾਂ ਨੂੰ ਮੇਰੀ ਸਮਰੱਥਾ ਬਾਰੇ ਪਤਾ ਸੀ। ਇਸੇ ਕਰ ਕੇ ਉਹ ਮੈਨੂੰ ਪੜ੍ਹਾਈ ਲਈ ਜ਼ੋਰ ਦਿੰਦੀ ਸੀ। ਮੈਂ ਵੀ ਕਮਾਠੀਪੁਰਾ ਤੋਂ ਨਿਕਲਣਾ ਚਾਹੁੰਦੀ ਸੀ।"...ਤੇ 'ਆਪਨੇ-ਆਪ' ਹੀ ਸ਼ਵੇਤਾ ਲਈ ਰਾਹ ਬਣਿਆ। ਉਥੇ ਉਸ ਦਾ ਸੰਪਰਕ ਗ਼ੈਰ-ਸਰਕਾਰੀ ਸੰਸਥਾ (ਐਨ.ਜੀ.ਓ.) 'ਕ੍ਰਾਂਤੀ' ਦੇ ਰੌਬਿਨ ਚੌਰਸੀਆ ਨਾਲ ਹੋਇਆ। ਇਹ ਬੰਦਾ ਵੇਸਵਾਵਾਂ ਦੀਆਂ ਕੁੜੀਆਂ ਦੀ ਭਲਾਈ ਲਈ ਕੰਮ ਕਰਦਾ ਸੀ। ਸ਼ਵੇਤਾ ਫਿਰ ਦੱਸਦੀ ਹੈ, "ਰੌਬਿਨ ਨੇ ਮੇਰੀ ਗੱਲ ਬੜੇ ਤਹੱਮਲ ਨਾਲ ਸੁਣੀ ਅਤੇ ਜਦੋਂ ਗੱਲ ਖ਼ਤਮ ਹੋਈ ਤਾਂ ਮੈਂ ਸਵੈ-ਵਿਸ਼ਵਾਸ ਨਾਲ ਭਰੀ ਹੋਈ ਸਾਂ। ਉਸ ਨੇ ਮੈਨੂੰ ਅੰਗਰੇਜ਼ੀ ਸਿੱਖਣ ਲਈ ਕਿਹਾ। ਅਸਲ ਵਿਚ ਇਹ ਉਹ ਸ਼ਖ਼ਸ ਸੀ ਜਿਸ ਨੂੰ ਪਹਿਲੀ ਵਾਰ ਮੈਂ ਆਪਣੀ ਜੀਵਨ ਕਹਾਣੀ ਸੁਣਾਈ ਸੀ। ਫਿਰ ਮੈਂ 'ਕ੍ਰਾਂਤੀ' ਵੱਲੋਂ ਦਿਵਾਏ ਬੀ.ਐਚ.ਕੇ. ਫਲੈਟ ਵਿਚ ਚਲੀ ਗਈ। ਉਥੇ 8 ਹੋਰ ਕੁੜੀਆਂ ਵੀ ਸਨ।" ਇਸੇ ਸਾਲ ਜਨਵਰੀ ਵਿਚ ਉਸ ਨੇ ਇਕ ਇੰਟਰਨੈਸ਼ਨਲ ਪ੍ਰੋਗਰਾਮ 'ਸਮੈਸਟਰ ਐਟ ਸੀ' ਵਿਚ ਦਾਖ਼ਲਾ ਪਾ ਲਿਆ, ਪਰ ਉਸ ਨੂੰ ਸਮੇਂ ਸਿਰ ਪਾਸਪੋਰਟ ਹੀ ਨਾ ਮਿਲਿਆ। ਉਂਜ, ਇਸ ਨਾਲ ਉਸ ਦਾ ਨਾਂ 'ਨਿਊਜ਼ ਵੀਕ' ਦੀ ਸੂਚੀ ਵਿਚ ਆ ਗਿਆ। ਫਿਰ ਅਪਰੈਲ ਵਿਚ ਨਿਊ ਯਾਰਕ ਵਿਚ ਹੋਈ ਮਹਿਲਾ ਮਹਾਂਸਭਾ ਵਿਚ ਉਸ ਨੂੰ ਸੱਦਾ ਆ ਗਿਆ। ਅਸਲ ਵਿਚ ਰੌਬਿਨ ਨੇ ਉਸ ਬਾਰੇ ਵੇਰਵੇ ਅਤੇ ਸ਼ਵੇਤਾ ਵੱਲੋਂ ਦਿੱਲੀ ਵਾਲੇ 16 ਦਸੰਬਰ ਰੇਪ ਕੇਸ ਬਾਰੇ ਉਹਦਾ ਲਿਖਿਆ ਲੇਖ 'ਨਿਊਜ਼ ਵੀਕ' ਨੂੰ ਭੇਜ ਦਿੱਤਾ ਸੀ। ਸ਼ਵੇਤਾ ਦਾ ਇਹ ਲੇਖ 'ਨਿਊਜ਼ ਵੀਕ' ਨੂੰ ਪਸੰਦ ਆ ਗਿਆ। ਫਿਰ ਬਾਰਡ ਯੂਨੀਵਰਸਿਟੀ ਦੇ ਨੁਮਾਇੰਦੇ ਨਾਲ ਅਚਾਨਕ ਗੱਲਬਾਤ ਹੋ ਗਈ ਤੇ ਹੁਣ ਉਹ ਇਸੇ ਸਾਲ ਅਗਸਤ ਵਿਚ ਇਸ ਕਾਲਜ ਵਿਚ ਡਿਗਰੀ ਕੋਰਸ ਕਰਨ ਜਾ ਰਹੀ ਹੈ। ਉਸ ਨੂੰ 50 ਹਜ਼ਾਰ ਡਾਲਰ ਦਾ ਵਜ਼ੀਫਾ ਮਿਲਿਆ ਹੈ। ਇਸ ਨਾਲ ਉਸ ਦੀ ਟਿਊਸ਼ਨ ਫੀਸ ਅਤੇ ਰਹਿਣ ਦਾ ਅੱਧਾ ਖ਼ਰਚ ਚੁਕਤਾ ਹੋ ਜਾਵੇਗਾ। ਹਰ ਸਾਲ ਉਸ ਉਤੇ ਕੁੱਲ 68 ਹਜ਼ਾਰ ਡਾਲਰ ਖ਼ਰਚ ਹੋਣੇ ਹਨ। ਸ਼ਵੇਤਾ ਨੇ ਆਪਣੇ ਭਵਿੱਖ ਬਾਰੇ ਯੋਜਨਾਵਾਂ ਵੀ ਬਣਾ ਲਈਆਂ ਹਨ। ਉਹ ਚਾਹੁੰਦੀ ਹੈ ਕਿ ਪੜ੍ਹਾਈ ਤੋਂ ਬਾਅਦ ਉਹ ਭਾਰਤ ਆ ਕੇ ਵੇਸਵਾਵਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਥਰੈਪੀ ਕੇਂਦਰ ਖੋਲ੍ਹੇ। ਆਪਣੇ ਅੱਜ ਬਾਰੇ ਉਹ ਆਖਦੀ ਹੈ, "ਮੈਂ ਉਸ ਤਰ੍ਹਾਂ ਜਿਉਣਾ ਚਾਹੁੰਦੀ ਹਾਂ ਜਿਸ ਤਰ੍ਹਾਂ ਮੈਂ ਚਾਹੁੰਦੀ ਹਾਂ। ਸਭ ਤੋਂ ਵੱਡੀ ਗੱਲ ਮੈਂ ਮਾਂ ਨੂੰ ਸੁੱਖ ਦੇਣਾ ਚਾਹੁੰਦੀ ਹਾਂ ਜਿਸ ਦੀ ਮੇਰੇ ਜੀਵਨ ਵਿਚ ਬਹੁਤ ਅਹਿਮੀਅਤ ਹੈ।"

*-ਰਿੰਕੀ ਕੁਮਾਰ*



### ਸਾਰਾ ਜਹਾਂ ਹਮਾਰਾ...

*ਸ਼ਵੇਤਾ ਨੂੰ ਆਪਣੀ ਮਾਂ ਦੇ ਜਿੰਨੇ ਵੀ ਫੋਨ ਆਉਂਦੇ ਹਨ, ਉਨ੍ਹਾਂ ਦਾ ਜਵਾਬ ਦੇਣ ਤੋਂ ਬਾਅਦ ਅਖੀਰ 'ਚ ਉਹ 'ਆਈ ਲਵ ਯੂ' ਕਹਿਣਾ ਨਹੀਂ ਭੁੱਲਦੀ। ਉਸ ਦੀ ਮਾਂ ਉਹਦੇ ਲਈ ਹਮੇਸ਼ਾ ਥੰਮ੍ਹ ਬਣੀ ਰਹੀ ਹੈ। ਸ਼ਵੇਤਾ ਕਹਿੰਦੀ ਹੈ, "ਔਰਤਾਂ ਨੂੰ ਸਿਰਫ਼ ਆਪਣੇ ਸੁਪਨੇ ਪੂਰੇ ਕਰਨ ਦਿਉ, ਚਾਰੇ ਪਾਸੇ ਬਹਾਰ ਆ ਜਾਵੇਗੀ।" ਉਸ ਦਾ ਮਤਰੇਆ ਬਾਪ ਵੀ ਉਸ ਨੂੰ ਫੋਨ ਕਰਦਾ ਹੈ। ਉਸ ਨੂੰ ਉਸ ਨਾਲ ਵੀ ਹੁਣ ਕੋਈ ਹਿਰਖ ਨਹੀਂ। ਹੁਣ ਉਹ ਆਪਣੀ ਜ਼ਿੰਦਗੀ ਦੀ ਅੰਬਰ ਜਿੱਡੀ ਉਡਾਣ ਭਰ ਰਹੀ ਹੈ। ਇੱਦਾਂ ਦੇ ਬੰਦੇ ਹੁਣ ਬਹੁਤ ਪਿਛਾਂਹ ਰਹਿ ਗਏ ਹਨ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜੁਲਾਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-72



*ਤਸਵੀਰ: ਰਾਮਵੀਰ ਕੌਰ ਖਹਿਰਾ, ਮਿਸ਼ੀਗਨ*

***ਕੋਈ ਵੇਲਾ ਸੀ ਨਿੱਤ ਮਾਂ ਦੋ ਡੰਗ ਕੱਢਦੀ ਹੁੰਦੀ ਸੀ ਧਾਰ।***<br>***ਘਰ ਵਿਚ ਲੱਗੀ ਰਹਿੰਦੀ ਖਾਲਸ ਦੁੱਧ-ਘਿਓ ਦੀ ਬਹਾਰ।***<br>***ਜੇਹਾ ਦੁੱਧ ਵੇਚਿਆ, ਤੇਹਾ ਪੁੱਤ ਵੇਚਿਆ, ਮਿਲਦੀ ਸੀ ਫਟਕਾਰ।***

## ਕੈਪਸ਼ਨ ਮੁਕਾਬਲਾ-70



ਨਿੱਕੀਆਂ ਨਿੱਕੀਆਂ ਦੋ ਕੌਰਾਂ<br>ਬੜੀਆਂ ਲੱਗਣ ਪਿਆਰੀਆਂ।<br>ਦੁਪਹਿਰ ਖਿੜੀ ਦੇ ਫੁੱਲਾਂ ਦੀਆਂ<br>ਦੋਨੋਂ ਜਾਪਣ ਕਿਆਰੀਆਂ।<br>ਲੋਗੜੀ ਦੇ ਫੁੱਲਾਂ ਜਿਹੀਆਂ<br>ਮਾਂ ਦੀਆਂ ਦੁਲਾਰੀਆਂ।<br>ਭੋਲੇ-ਭਾਲੇ ਚਿਹਰੇ ਨੇ<br>ਤੇ ਨੈਣਾਂ ਵਿਚ ਉਡਾਰੀਆਂ।<br>ਲੱਖ ਲਾਹਣਤਾਂ ਐਸੀਆਂ<br>ਜਿਨ੍ਹਾਂ ਕੁੱਖਾਂ ਦੇ ਵਿਚ ਮਾਰੀਆਂ।<br>ਗਊਆਂ ਵਰਗੀਆਂ ਧੀਆਂ ਨਿੰਮਿਆ<br>ਬੱਚੀਆਂ ਇਹ ਵਿਚਾਰੀਆਂ।

***-ਨਿੰਮਾ ਡੱਲੇਵਾਲਾ***

---

ਇਕ ਦਾ ਮਾਮਾ ਇਕ ਦਾ ਚਾਚਾ,<br>ਕੱਲ੍ਹ ਨੂੰ ਜਿਦ੍ਹਾ ਵਿਆਹ,<br>ਭਾਣਜੀ ਅਤੇ ਭਤੀਜੀ ਤਾਈਂ,<br>ਚੜ੍ਹੇ ਪਏ ਨੇ ਚਾਅ।<br>ਨਿੱਕੀਆਂ ਨਿੱਕੀਆਂ ਭੈਣਾਂ ਨੇ ਜਦ,<br>ਮਿਲ ਕੇ ਗਿੱਧਾ ਪਾਇਆ।<br>ਸਾਰਾ ਮੇਲ ਹੈਰਾਨ ਰਹਿ ਗਿਆ,<br>ਹਰ ਕੋਈ ਹਰਸ਼ਾਇਆ।<br>ਨੱਚ ਨੱਚ ਦੋਵਾਂ ਧਰਤ ਹਿਲਾਈ,<br>ਕੀਤੀ ਬੜੀ ਕਮਾਲ।<br>ਧੀਆਂ ਮੇਰੇ ਦੇਸ਼ ਦੀਆਂ,<br>'ਸੁਰਜੀਤ' ਰਹਿਣ ਖੁਸ਼ਹਾਲ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਰਲ਼ ਮਿਲ ਸਾਰੇ ਖੁਸ਼ੀ ਮਨਾਵਣ,<br>ਨਾਲੇ ਨੱਚਣ ਨਾਲੇ ਗਾਵਣ।<br>ਸਜ ਸੰਵਰ ਕੇ ਅਸੀਂ ਵੀ ਆਈਆਂ,<br>ਪਰ ਸੰਗ ਨੇ ਰੋਕਾਂ ਲਾਈਆਂ।<br>ਆ ਸਖੀਏ ਕੋਈ ਬਣਤ ਬਣਾਈਏ,<br>ਧੂੜਾਂ ਆਪਾਂ ਪੱਟ ਦਿਖਾਈਏ।

***-ਜਗਮੀਤ ਸਿੰਘ ਪੰਧੇਰ***<br>***ਫੋਨ:91-98783-37222***

---

ਖਿੱਚ ਤਿਆਰੀ ਦੋਵੇਂ ਜਣੀਆਂ<br>ਜਾ ਵਿਆਹ 'ਚ ਨੱਚਣ ਖੜ੍ਹੀਆਂ।<br>ਜੇ ਵੀਰ ਦਾ ਵਿਆਹ ਹੈ ਤਾਂ ਭੀ,<br>ਇੰਜੜੀ ਫੜ੍ਹਨ ਲਈ ਨੇ ਖੜ੍ਹੀਆਂ।<br>ਭੈਣ ਦਾ ਵਿਆਹ ਹੋਵੇ ਤਾਂ ਭੀ,<br>'ਫਲਾਵਰ ਗਰਲ' ਬਣਨ ਲਈ ਅੜੀਆਂ।<br>ਜੋ ਭੀ ਹੋਵੇ ਕੋਈ ਝਗੜਾ ਨਹੀਂ,<br>ਸਭਿਆਚਾਰ ਦੀਆਂ ਲਾ'ਤੀਆਂ ਝੜੀਆਂ।

***-ਸੇਵਾ ਸਿੰਘ ਨੂਰਪੁਰੀ***<br>***ਸੈਨ ਹੋਜ਼ੇ, ਕੈਲੀਫੋਰਨੀਆ।***

---

ਅਮਨ ਤੇ ਰਿਤੂ ਮਾਮੇ ਦੇ ਵਿਆਹ ਦੀ<br>ਕਰੀ ਫਿਰਨ ਤਿਆਰੀ।<br>ਪਾਏ ਸੂਟ ਪੰਜਾਬੀ ਸੋਹਣੇ ਦੋਹਾਂ ਨੇ,<br>ਫੋਟੋ ਬਹੁਤ ਹੀ ਲੱਗੇ ਪਿਆਰੀ।<br>ਕੱਲ੍ਹ ਸੀ ਜਾਗੋ ਅੱਜ ਬਰਾਤ ਨਾਲ,<br>ਜਾਣ ਦੀ ਹੈ ਤਿਆਰੀ।

***-ਗੋਰਾ ਪ੍ਰਜਾਪਤ, ਨਿਊ ਯਾਰਕ***<br>***ਫੋਨ: 718-690-8403***

# ਦਸਤਾਰ ਦੇ ਸਤਿਕਾਰ ਲਈ ਗੰਭੀਰ ਨਹੀਂ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਆਈ.ਏ.ਐਸ. ਅਧਿਕਾਰੀ ਕਾਹਨ ਸਿੰਘ ਪੰਨੂੰ 'ਤੇ ਉਤਰਾਖੰਡ ਵਿਚ ਹੋਏ ਹਮਲੇ ਤੇ ਉਸ ਦੀ ਦਸਤਾਰ ਲਾਹੁਣ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਪਰ ਪੰਜਾਬ ਵਿਚ ਸਰਕਾਰ ਵਿਰੁੱਧ ਹੁੰਦੇ ਰੋਸ ਪ੍ਰਦਰਸ਼ਨਾਂ ਵਿਚ ਪੁਲਿਸ ਕਾਰਵਾਈ ਦੌਰਾਨ ਲੱਥਦੀਆਂ ਪੱਗਾਂ ਬਾਰੇ ਸ਼੍ਰੋਮਣੀ ਕਮੇਟੀ ਕਦੇ ਵੀ ਗੰਭੀਰ ਨਹੀਂ ਹੋਈ। ਉੱਘੇ ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆ ਨੇ ਕਿਹਾ ਕਿ ਪੰਜਾਬ ਵਿਚ ਦਸਤਾਰ ਲਾਹੁਣ ਦੀਆਂ ਹੋ ਰਹੀਆਂ ਘਟਨਾਵਾਂ ਕਾਰਨ ਵਿਦੇਸ਼ਾਂ ਵਿਚ ਇਸ ਧਾਰਮਿਕ ਚਿੰਨ੍ਹ 'ਤੇ ਲੱਗੀ ਪਾਬੰਦੀ ਹਟਾਉਣ ਲਈ ਲੜੀ ਜਾ ਰਹੀ ਲੜਾਈ ਕਮਜ਼ੋਰ ਪਵੇਗੀ।




ਉਨ੍ਹਾਂ ਕਿਹਾ ਕਿ ਜੇਕਰ ਸਿੱਖ ਆਪ ਹੀ ਆਪਣੇ ਧਾਰਮਿਕ ਚਿੰਨ੍ਹ ਦਾ ਸਤਿਕਾਰ ਨਹੀਂ ਕਰਨਗੇ ਤਾਂ ਉਹ ਵਿਦੇਸ਼ੀਆਂ ਨੂੰ ਕਿਵੇਂ ਦੱਸਣਗੇ ਕਿ ਦਸਤਾਰ ਉਨ੍ਹਾਂ ਦਾ ਧਾਰਮਿਕ ਚਿੰਨ੍ਹ ਹੈ ਤੇ ਇਸ ਦਾ ਸਤਿਕਾਰ ਕੀਤਾ ਜਾਵੇ। ਸ. ਬਾਗੜੀਆ ਨੇ ਕਿਹਾ ਕਿ ਸ. ਪੰਨੂੰ 'ਤੇ ਹੋਏ ਹਮਲੇ ਦਾ ਅਕਾਲ ਤਖ਼ਤ ਸਾਹਿਬ ਨੂੰ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਤੇ ਇਸ ਬਾਰੇ ਪੰਜਾਬ ਸਰਕਾਰ ਦੀ ਕਾਰਵਾਈ ਨੂੰ ਉਡੀਕੇ ਬਿਨਾਂ ਆਪਣੀ ਕਾਰਵਾਈ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭਾਵੇਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ ਪਰ ਉਨ੍ਹਾਂ ਨੂੰ ਸਖਤ ਕਦਮ ਚੁੱਕਣੇ ਚਾਹੀਦੇ ਹਨ।

ਅਮਰੀਕਾ ਅਧਾਰਿਤ ਧਰਮ ਤੇ ਸਿੱਖਿਆ ਸਬੰਧੀ ਸਿੱਖ ਕੌਂਸਲ ਦੇ ਚੇਅਰਮੈਨ ਡਾ. ਰਾਜਵੰਤ ਸਿੰਘ ਨੇ ਕਿਹਾ ਕਿ ਇਕ ਪਾਸੇ ਉਹ ਵਿਦੇਸ਼ੀ ਹਵਾਈ ਅੱਡਿਆਂ ਦੇ ਅਧਿਕਾਰੀਆਂ ਨੂੰ ਇਹ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਦਸਤਾਰ ਉਨ੍ਹਾਂ ਦਾ ਧਾਰਮਿਕ ਚਿੰਨ੍ਹ ਹੈ। ਇਸ ਦਾ ਸਤਿਕਾਰ ਕੀਤਾ ਜਾਵੇ ਪਰ ਦੂਜੇ ਪਾਸੇ ਸਿੱਖਾਂ ਨੇ ਭਾਰਤ ਵਿਚ ਸੀਨੀਅਰ ਆਈ.ਏ.ਐਸ. ਅਧਿਕਾਰੀ ਦੀ ਦਸਤਾਰ ਉਤਾਰੀ ਅਤੇ ਉਸ ਦੀ ਵੀਡਿਓ ਇੰਟਰਨੈਟ 'ਤੇ ਪਾ ਦਿੱਤੀ ਜਿਹੜੀ ਕਿ ਬਹੁਤ ਹੀ ਅਫਸੋਸ ਵਾਲੀ ਗੱਲ ਹੈ।

ਦਲ ਖਾਲਸਾ ਆਗੂ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੱਖਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਉਹ ਇਕ ਅਧਿਕਾਰੀ ਦੀ ਦਸਤਾਰ ਲਾਹ ਕੇ ਵਿਸ਼ਵ ਭਰ ਵਿਚ ਉਸ ਨੂੰ ਜ਼ਲੀਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਸਿੱਖ ਆਪ ਹੀ ਆਪਣੀਆਂ ਦਸਤਾਰਾਂ ਉਛਾਲ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਪੰਨੂੰ ਬਾਰੇ ਕਿਸੇ ਨੂੰ ਕੋਈ ਇਤਰਾਜ਼ ਸੀ ਤਾਂ ਉਸ ਨਾਲ ਗੱਲਬਾਤ ਕਰ ਕੇ ਮਸਲਾ ਹੱਲ ਕੀਤਾ ਜਾ ਸਕਦਾ ਸੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਿਹਾ ਕਿ ਇਸ ਘਟਨਾ ਨਾਲ ਵਿਦੇਸ਼ਾਂ ਵਿਚ ਸਿੱਖ ਭਾਈਚਾਰੇ ਵੱਲੋਂ ਧਾਰਮਿਕ ਚਿੰਨ੍ਹਾਂ ਦਸਤਾਰ ਤੇ ਕਿਰਪਾਨ ਲਈ ਲੜੀ ਜਾ ਰਹੀ ਲੜਾਈ ਨੂੰ ਭਾਰੀ ਠੇਸ ਵੱਜੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਕਾਰਵਾਈ ਕੇਵਲ ਅੱਖਾਂ ਪੂੰਝਣ ਤੱਕ ਹੀ ਸੀਮਤ ਹੈ। ਇਸ ਬਾਰੇ ਸ਼੍ਰੋਮਣੀ ਕਮੇਟੀ ਦੀ ਮੈਂਬਰ ਕਿਰਨਜੋਤ ਕੌਰ ਦੀ ਰਾਇ ਹੈ ਕਿ ਇਹ ਘਟਨਾ ਵਿਦੇਸ਼ਾਂ ਵਿਚ ਧਾਰਮਿਕ ਚਿੰਨ੍ਹਾਂ ਲਈ ਹੋ ਰਹੀ ਜੱਦੋ ਜਹਿਦ 'ਤੇ ਕੋਈ ਅਸਰ ਨਹੀਂ ਪਾਵੇਗੀ ਕਿਉਂਕਿ ਇਹ ਘਟਨਾ ਕੌਮੀ ਮੀਡੀਆ 'ਤੇ ਬਹੁਤੀ ਸਾਹਮਣੇ ਨਹੀਂ ਆਈ। ਉਨ੍ਹਾਂ ਕਿਹਾ ਕਿ ਇਹ ਘਟਨਾ ਬੇਹੱਦ ਮੰਦਭਾਗੀ ਹੈ।

# ਅਮਰੀਕਾ ਅੱਸੀ ਹਜ਼ਾਰ ਫ਼ੌਜੀ ਘਟਾਏਗਾ

ਵਾਸ਼ਿੰਗਟਨ: ਅਮਰੀਕਾ ਦੀ ਫੌਜ ਨੇ ਐਲਾਨ ਕੀਤਾ ਹੈ ਕਿ ਬਜਟ ਕਟੌਤੀ ਯੋਜਨਾ ਦੇ ਮੱਦੇਨਜ਼ਰ 2017 ਤਕ ਫੌਜੀਆਂ ਦੀ ਗਿਣਤੀ 80,000 ਤਕ ਘਟਾਈ ਜਾਵੇਗੀ। ਦੂਜੀ ਸੰਸਾਰ ਜੰਗ ਤੋਂ ਬਾਅਦ ਸੈਨਾ ਦੀ ਵੱਡੇ ਪੱਧਰ ਉੱਤੇ ਨਫ਼ਰੀ ਘਟਾਉਣ ਦਾ ਇਹ ਪਹਿਲਾ ਮੌਕਾ ਹੈ। ਅਮਰੀਕੀ ਸੈਨਾ ਮੁਖੀ ਜਨਰਲ ਰੇਮੰਡ ਓਡੀਐਰਨੋ ਨੇ ਕਿਹਾ ਕਿ ਸੈਨਾ ਵਿਚ ਕਟੌਤੀ ਦਾ ਅਸਰ ਇਸ ਦੇ ਅਨੇਕਾਂ ਫੌਜੀ ਟਿਕਾਣਿਆਂ ਉਤੇ ਤੇ ਦੇਸ਼ ਤੋਂ ਬਾਹਰ ਫੌਜ ਦੀ ਗਿਣਤੀ ਉਤੇ ਪਵੇਗਾ ਪਰ ਏਸ਼ੀਆ ਪ੍ਰਸ਼ਾਂਤ ਖਿੱਤੇ ਵਿਚ ਇਸ ਦਾ ਕੋਈ ਅਸਰ ਨਹੀਂ ਹੋਵੇਗਾ।

ਅਮਰੀਕੀ ਸੈਨਾ ਮੁਖੀ ਅਨੁਸਾਰ ਬਜਟ ਕਟੌਤੀ ਅਨੁਸਾਰ ਅਫ਼ਗਾਨਿਸਤਾਨ, ਇਰਾਕ ਵਿਚ ਸੈਨਾ ਦੀ ਤਾਇਨਾਤੀ 'ਤੇ ਅਸਰ ਪਵੇਗਾ ਤੇ 2012 ਰੱਖਿਆ ਰਣਨੀਤਕ ਦਿਸ਼ਾ-ਨਿਰਦੇਸ਼ਾਂ ਅਨੁਸਾਰ ਫੌਜ ਦੀ ਗਿਣਤੀ 5,70,000 ਤੋਂ ਘੱਟ ਕੇ 4,90,000 ਹੋ ਜਾਵੇਗੀ। ਇਸ ਕਟੌਤੀ ਅਧੀਨ ਕਈ ਬ੍ਰਿਗੇਡਾਂ ਹੀ ਖਤਮ ਹੋ ਜਾਣਗੀਆਂ। ਫੌਜ ਦੀ ਗਿਣਤੀ 9/11 ਤੋਂ ਪਹਿਲਾਂ ਵਾਲੇ ਪੱਧਰ 'ਤੇ ਆ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਨਾਲ ਫੌਜ ਦੀਆਂ ਕੁੱਲ 12 ਬ੍ਰਿਗੇਡਾਂ ਜਿਨ੍ਹਾਂ ਵਿਚ ਦੋ ਜਰਮਨੀ ਵਿਚ ਹਨ, ਪੂਰੀ ਤਰ੍ਹਾਂ ਕਾਰਜਹੀਣ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਪਿਛਲੇ 12 ਸਾਲਾ ਤੋਂ ਅਤਿਵਾਦ ਵਿਰੁੱਧ ਜੰਗ ਤੋਂ ਸਿੱਖੇ ਸਬਕ ਅਨੁਸਾਰ ਸੈਨਾ ਦੀ ਕਾਰਜਸ਼ੀਲ ਸਮਰੱਥਾ ਤੇ ਲਚਕੀਲਾਪਣ ਵਧਾਉਣ ਦੀ ਲੋੜ ਹੈ।

# ਹੋਂਦ ਚਿਲੜ 'ਚ 47 ਸਿੱਖਾਂ ਦੇ ਕਤਲੇਆਮ ਦਾ ਖੁਲਾਸਾ

**ਚੰਡੀਗੜ੍ਹ:** ਹੋਂਦ ਚਿਲੜ ਕਾਂਡ ਦੀ ਜਾਂਚ ਕਰ ਰਹੇ ਇਕ ਮੈਂਬਰੀ ਕਮਿਸ਼ਨ ਦੇ ਰਿਟਾਇਰਡ ਜੱਜ ਟੀ.ਪੀ. ਗਰਗ ਦੀ ਅਦਾਲਤ ਵਿਚ 1984 ਵਿਚ ਗੁੜਗਾਉਂ ਵਿਚ ਮਾਰੇ 47 ਸਿੱਖਾਂ ਦਾ ਵੇਰਵਾ, ਤਬਾਹ ਕੀਤੇ ਗਏ ਘਰਾਂ ਤੇ ਸਾਜ਼ੋ ਸਾਮਾਨ ਦੀ ਜਾਣਕਾਰੀ ਅਦਾਲਤ ਵਿਚ ਪੇਸ਼ ਕੀਤੀ ਗਈ। ਇਸ ਨਾਲ ਗੁੜਗਾਉਂ ਪ੍ਰਸ਼ਾਸਨ ਵੱਲੋਂ ਉਸ ਸਮੇਂ ਸਭ ਠੀਕ ਠਾਕ ਹੋਣ ਦੇ ਕੀਤੇ ਗਏ ਦਾਅਵਿਆਂ ਦੀ ਪੋਲ ਖੁਲ੍ਹ ਗਈ ਹੈ। ਇਸ ਕੇਸ ਦੀ ਅਗਲੀ ਸੁਣਵਾਈ 19 ਜੁਲਾਈ ਨੂੰ ਹੋਵੇਗੀ।

ਪਿਛਲੀ ਤਰੀਕ 'ਤੇ ਗੁੜਗਾਉਂ ਪ੍ਰਸ਼ਾਸਨ ਨੇ ਅਦਾਲਤ ਵਿਚ ਦਾਅਵਾ ਕੀਤਾ ਸੀ ਕਿ ਪ੍ਰਸ਼ਾਸਨ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਸਮੇਂ ਫੌਰੀ ਕਾਰਵਾਈ ਕੀਤੀ ਸੀ ਜਿਸ ਕਰਕੇ ਸ਼ਹਿਰ ਵਿਚ ਕੋਈ ਨੁਕਸਾਨ ਨਹੀਂ ਸੀ ਹੋਣ ਦਿਤਾ ਤੇ ਸਥਿਤੀ 'ਤੇ ਜਲਦੀ ਕਾਬੂ ਪਾ ਲਿਆ ਸੀ ਪਰ ਪੀੜਤ ਪਰਿਵਾਰਾਂ ਨੇ ਉਸ ਸਮੇਂ ਵੀ ਪ੍ਰਸ਼ਸਾਨ ਦੇ ਦਾਅਵੇ ਨੂੰ ਰੱਦ ਕੀਤਾ ਸੀ ਤੇ ਕਮਿਸ਼ਨ ਦੀ ਅਦਾਲਤ ਵਿਚ ਅਹਿਮ ਤੱਥ ਪੇਸ਼ ਕੀਤੇ ਹਨ ਜਿਨ੍ਹਾਂ ਨੂੰ ਝੁਠਲਾਉਣਾ ਪ੍ਰਸ਼ਾਸਨ ਲਈ ਔਖਾ ਹੋ ਜਾਵੇਗਾ।

ਪੀੜਤਾਂ ਦੇ ਵਕੀਲ ਸੁਭਾਸ਼ ਮਿੱਤਲ ਨੇ ਉਨ੍ਹਾਂ ਭਿਆਨਕ ਦਿਨਾਂ ਦੀ ਤਸਵੀਰ ਪੇਸ਼ ਕਰਦਿਆਂ ਕਿਹਾ ਕਿ ਕੁਝ ਸਮੇਂ ਵਿਚ ਹੀ ਗੁੰਡਾਗਰਦੀ ਨੇ ਗੁੜਗਾਉਂ ਸ਼ਹਿਰ ਨੂੰ ਆਪਣੀ ਲਪੇਟ ਵਿਚ ਲੈ ਲਿਆ ਤੇ ਉਸ ਸਮੇਂ ਝੁੱਲੀ ਹਨੇਰਗਰਦੀ ਨੇ ਕਈ ਕੀਮਤਾਂ ਜਾਨਾਂ ਨੂੰ ਨਿਗਲ ਲਿਆ। ਹਸਦੇ ਵਸਦੇ ਘਰ ਮਿੰਟਾਂ ਵਿਚ ਹੀ ਤਬਾਹ ਕਰ ਦਿਤੇ ਗਏ। ਲੋਕਾਂ ਦੇ ਘਰਾਂ, ਸਾਜ਼ੋ ਸਾਮਾਨ ਤੇ ਦੁਕਾਨਾਂ ਨੂੰ ਸਾੜ ਦਿੱਤਾ ਗਿਆ।

ਵਕੀਲ ਨੇ ਅਦਾਲਤ ਵਿਚ ਮ੍ਰਿਤਕਾਂ ਦੀ ਸੂਚੀ ਪੇਸ਼ ਕੀਤੀ ਜਿਸ ਅਨੁਸਾਰ ਸੇਵਾ ਸਿੰਘ ਦੇ ਪਰਿਵਾਰ ਦੇ ਚਾਰ ਜੀਅ ਪਤਨੀ ਸਵਰਨ ਕੌਰ, ਦੋ ਪੁੱਤਰ ਜਤਿੰਦਰ ਸਿੰਘ, ਸਤਿੰਦਰ ਸਿੰਘ, ਨੂੰਹ ਕੁਲਦੀਪ ਕੌਰ, ਪਾਲ ਸਿੰਘ ਦੇ ਪਰਿਵਾਰ ਦੇ ਛੇ ਜੀਅ ਪਾਲ ਸਿੰਘ, ਉਸ ਦੀ ਪਤਨੀ ਮਹਿੰਦਰ ਕੌਰ, ਧੀ ਗੁਰਮੇਲ ਕੌਰ, ਦੋ ਪੁੱਤਰ ਸੁੱਚਾ ਸਿੰਘ ਤੇ ਬੱਗਾ ਸਿੰਘ, ਪ੍ਰੇਮ ਸਿੰਘ ਦੇ ਤਿੰਨ ਪੁੱਤਰ ਪਵਿੱਤਰ ਸਿੰਘ, ਪ੍ਰਦੀਪ ਸਿੰਘ ਤੇ ਪਰਵਿੰਦਰ ਸਿੰਘ ਮਾਰੇ ਗਏ। ਸੂਚੀ ਵਿਚ ਅਰਜਨ ਸਿੰਘ, ਭਗਤ ਸਿੰਘ, ਜਾਗੇ ਰਾਮ, ਗੁਰਬਖਸ਼ ਸਿੰਘ, ਕਰਮਜੀਤ ਕੌਰ, ਹਰਮੀਤ ਕੌਰ, ਹਰਮਿੰਦਰ ਸਿੰਘ, ਕਰਮ ਸਿੰਘ, ਗੋਪਾਲ ਸਿੰਘ, ਦਲੀਪ ਸਿੰਘ, ਹਰਮਹਿੰਦਰ ਸਿੰਘ, ਜੋਗਿੰਦਰ ਸਿੰਘ, ਜਤਿੰਦਰ ਸਿੰਘ ਦੇ ਨਾਂ ਵੀ ਸ਼ਾਮਲ ਹਨ। ਅਦਾਲਤ ਸਾਹਮਣੇ 292 ਤਬਾਹ ਕੀਤੇ ਘਰਾਂ, ਮਕਾਨਾਂ, ਦੁਕਾਨਾਂ ਦੀ ਸੂਚੀ ਵੀ ਪੇਸ਼ ਕੀਤੀ ਗਈ।

ਜੱਜ ਨੇ ਰਿਪੋਰਟ ਪੜ੍ਹਨ ਤੋਂ ਬਾਅਦ ਸਬੰਧਤ ਧਿਰਾਂ ਤੇ ਪ੍ਰਸ਼ਾਸਨ ਨੂੰ ਨੋਟਿਸ ਜਾਰੀ ਕਰ ਦਿੱਤੇ ਹਨ। ਕੇਸ ਦੀ ਅਗਲੀ ਸੁਣਵਾਈ 19 ਜੁਲਾਈ ਨੂੰ ਹੋਵੇਗੀ। ਗ਼ੌਰਤਲਬ ਹੈ ਕਿ ਕਮਿਸ਼ਨ ਪਹਿਲਾਂ ਕੇਵਲ ਹੋਂਦ ਚਿਲੜ ਪਿੰਡ ਵਿਚ ਮਾਰੇ ਗਏ ਸਿੱਖਾਂ ਦੇ ਮਾਮਲੇ ਦੀ ਜਾਂਚ ਕਰਨ ਲਈ ਬਣਾਇਆ ਸੀ ਤੇ ਉਸ ਤੋਂ ਬਾਅਦ ਗੁੜਗਾਉਂ ਅਤੇ ਪਟੌਦੀ ਕਸਬੇ ਵਿਚ ਮਾਰੇ ਗਏ ਸਿੱਖਾਂ ਦੇ ਮਾਮਲੇ ਉਤੇ ਕਾਫੀ ਰੌਲਾ ਰੱਪਾ ਪਿਆ ਸੀ ਤੇ ਹਰਿਆਣਾ ਸਰਕਾਰ ਨੇ ਕਮਿਸ਼ਨ ਦਾ ਘੇਰਾ ਵਧਾ ਕੇ ਇਸ ਵਿਚ ਗੁੜਗਾਉਂ ਅਤੇ ਪਟੌਦੀ ਨੂੰ ਵੀ ਸ਼ਾਮਲ ਕਰ ਦਿਤਾ ਸੀ। ਇਸ ਲਈ ਕਮਿਸ਼ਨ ਹੋਂਦ ਚਿੱਲੜ ਦੇ ਨਾਲ ਇਨ੍ਹਾਂ ਦੋ ਮਾਮਲਿਆਂ ਬਾਰੇ ਵੀ ਨਿਰਣਾ ਕਰੇਗਾ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਭਾਈ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਕਿ ਪ੍ਰਸ਼ਾਸਨ ਉਦੋਂ ਵੀ ਹਮਲਾਵਰਾਂ ਦੇ ਹੱਕ 'ਚ ਭੁਗਤਿਆ ਸੀ ਤੇ ਅੱਜ ਵੀ ਗਲਤ ਤੇ ਝੂਠੀਆਂ ਰਿਪੋਰਟਾਂ ਤਿਆਰ ਕਰਕੇ ਕਾਤਲਾਂ ਦਾ ਪੱਖ ਪੂਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਹਰਿਆਣਾ ਸਰਕਾਰ ਦੀ ਮਿਲੀਭੁਗਤ ਜ਼ਾਹਰ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਚਾਈ ਪ੍ਰਸ਼ਾਸਨ ਨੂੰ ਲਾਜੁਆਬ ਕਰਕੇ ਰੱਖ ਦੇਵੇਗੀ।

## ਸੰਪਾਦਕ ਦੀ ਡਾਕ

### ਮੇਜਰ ਦੇ ਮਨ 'ਚ ਔਰਤਾਂ ਪ੍ਰਤੀ ਤੁਅੱਸਬ ਨਹੀਂ

**ਸਤਿਕਾਰਯੋਗ ਸੰਪਾਦਕ ਜੀ,**

ਪੰਜਾਬ ਟਾਈਮਜ਼ ਦੇ 22 ਜੂਨ ਦੇ ਅੰਕ ਵਿਚ 'ਸੰਪਾਦਕ ਦੀ ਡਾਕ' ਕਾਲਮ ਹੇਠ ਜਗਜੀਤ ਸਿੰਘ ਜਖਮੀ ਦੀ ਮੇਜਰ ਕੁਲਾਰ ਦੀ ਕਹਾਣੀ 'ਨ੍ਹੇਰੀਆਂ ਝੱਖੜਾਂ 'ਚ ਬਾਲੇ ਦਿਲ ਕੋਈ' ਬਾਰੇ ਟਿੱਪਣੀ ਪੜ੍ਹ ਕੇ ਮਨ ਨੂੰ ਠੇਸ ਪਹੁੰਚੀ। ਮੈਂ ਮੇਜਰ ਕੁਲਾਰ ਦੀਆਂ ਲਿਖਤਾਂ ਪੰਜਾਬ ਟਾਈਮਜ਼ ਦੇ ਜ਼ਰੀਏ ਪੜ੍ਹਦਾ ਆ ਰਿਹਾ ਹਾਂ। ਉਨ੍ਹਾਂ ਦੀ ਲਿਖਤ ਬਹੁਤ ਉਸਾਰੂ ਤੇ ਜਿੰਦਗੀ ਨੂੰ ਸੇਧ ਦੇਣ ਵਾਲੀ ਹੁੰਦੀ ਹੈ। ਉਸ ਦੀਆਂ ਲਿਖਤਾਂ ਔਰਤ ਜਾਤੀ ਦੇ ਵਿਰੁਧ ਨਹੀਂ ਸਗੋਂ ਜੀਵਨ ਜਾਚ ਨਾਲ ਭਰਪੂਰ ਹੁੰਦੀਆਂ ਹਨ। ਸਾਡੇ ਭਾਈਚਾਰੇ ਵਿਚ ਹੀਰ ਦੀ ਗੱਲ ਤਾਂ ਹਰ ਕੋਈ ਕਰਦਾ ਹੈ ਪਰ ਉਸ ਦੇ ਆਪਣੇ ਘਰ ਹੀਰ ਜਨਮ ਲਵੇ, ਇਸ ਗੱਲੋਂ ਡਰਦਾ ਹੈ। ਜਿਹੜੀ ਕਹਾਣੀ ਵਿਚ ਜ਼ਖਮੀ ਹੋਰਾਂ ਨੂੰ ਔਰਤ ਜਾਤੀ ਪ੍ਰਤੀ ਨਫਰਤ ਝਲਕੀ, ਉਹ ਸਿਰਫ ਇੱਕ ਦੁਖੀ ਮਾਂ ਦੀ ਮਨੋਅਵਸਥਾ ਬਿਆਨ ਕਰਦੀ ਹੈ। ਮਾਂ ਕਹਿੰਦੀ ਹੈ, "ਮੈਨੂੰ ਪਤਾ ਹੁੰਦਾ ਕਲਜੋਗਣ ਨੇ ਇੰਜ ਕਰਨੀ ਹੈ ਤਾਂ ਮੈਂ ਢਿੱਡ ਵਿਚ ਹੀ ਨਿੱਕਾ ਨਿੱਕਾ ਕਟਵਾ ਦਿੰਦੀ।"

ਇਹ ਵਾਕ ਕੋਈ ਮੇਜਰ ਕੁਲਾਰ ਦੀ ਆਪਣੀ ਰਾਏ ਨਹੀਂ ਬਲਕਿ ਕਹਾਣੀ ਦੇ ਪਾਤਰ ਦੀ ਵਿਥਿਆ ਹੈ। ਇਹ ਕਹਾਣੀ ਦੀ ਪਾਤਰ ਉਸ ਦੁਖੀ ਮਾਂ ਦੀ ਅਵਾਜ਼ ਹੈ, ਜਿਸ ਦੀ ਧੀ ਨੇ ਘਰੋਂ ਉਧਲ ਕੇ ਮਾਪਿਆਂ ਦੀ ਪੱਗ ਪੈਰੀਂ ਰੋਲੀ ਹੈ। ਬੇਸ਼ੱਕ ਅਸੀਂ ਅਮਰੀਕਾ, ਕੈਨੇਡਾ ਜਾਂ ਹੋਰ ਕਿਸੇ ਪੱਛਮੀ ਦੇਸ਼ ਦੇ ਬਾਸ਼ਿੰਦੇ ਬਣ ਚੁਕੇ ਹਾਂ।

ਸਵਾਲ ਹੈ ਕਿ ਕੀ ਅਸੀਂ ਆਪਣੀਆਂ ਵਿਰਾਸਤੀ ਕਦਰਾਂ ਕੀਮਤਾਂ ਵੀ ਭੁਲ ਗਏ ਹਾਂ? ਜੇ ਇਹ ਗੱਲ ਹੋਵੇ ਫਿਰ ਅਸੀਂ ਇਨ੍ਹਾਂ ਮੁਲਕਾਂ ਵਿਚ ਕਿਸੇ ਭਾਰਤੀ ਕੁੜੀ ਦੇ ਕਾਲੇ ਮੂਲ ਦੇ ਮੁੰਡੇ ਨਾਲ ਰਿਸ਼ਤਾ ਜੋੜਨ 'ਤੇ ਇਤਰਾਜ਼ ਨਾ ਕਰੀਏ। ਅਸੀਂ ਗੈਰਤਮੰਦ ਪੰਜਾਬੀ ਹਾਂ। ਹਾਂ, ਹਰ ਇੱਕ ਦਾ ਸੋਚਣ ਦਾ ਦਾਇਰਾ ਵੱਖਰਾ ਹੋ ਸਕਦਾ ਹੈ ਪਰ ਮੇਜਰ ਨੇ ਕਿਸੇ ਗੋਰੇ ਪਰਿਵਾਰ ਦੀ ਕਹਾਣੀ ਨਹੀਂ ਲਿਖੀ। ਇਹ ਕਹਾਣੀ ਆਮ ਪੇਂਡੂ ਪਰਿਵਾਰ ਦੇ ਜੀਵਨ ਦੀ ਗਾਥਾ ਹੈ। ਲੱਖ ਪ੍ਰਦੇਸੀ ਹੋਈਏ, ਆਪਣੀ ਪੱਗ ਨਹੀਂ ਰੋਲ ਸਕਦੇ।

*-ਨੀਟਾ ਮਾਛੀਕੇ, ਫਰਿਜ਼ਨੋ*




# Global Multi Services


1950 E. Miner Ave., Stockton, CA 95205

## ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ ਵਾਲਿਆਂ ਵਲੋਂ

ਸਟਾਕਟਨ ਇਲਾਕੇ 'ਚ ਰਹਿੰਦੇ ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇਕੋ ਛੱਤ ਥੱਲੇ

ਇਸ ਮਹੀਨੇ ਸਪੈਸ਼ਲ ਆਫਰ

**Dynatrac 8 Drive Tire for $3000**



### Repair Shop

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰਮੰਤ ਤਸੱਲੀਬਖਸ਼ ਕੀਤੀ ਜਾਂਦੀ ਹੈ। 50 ਟਰੱਕਾਂ ਦੀ ਖੁੱਲ੍ਹੀ ਡੁੱਲ੍ਹੀ ਪਾਰਕਿੰਗ ਦਾ ਵੀ ਪ੍ਰਬੰਧ ਹੈ। ਟਰੱਕ ਟਰੇਲਰ ਵਾਸ਼ ਵੀ ਕੀਤਾ ਜਾਂਦਾ ਹੈ।

ਫੋਨ: 209-547-9210
ਫੈਕਸ: 209-547-9211

ਸਟਾਕਟਨ ਇਲਾਕੇ ਵਿਚ ਪੰਜਾਬੀ ਭਰਾਵਾਂ ਦੀ ਇਕੋ ਇਕ Allignment Shop

ਪਿਛਲੇ ਅੱਠ ਸਾਲਾਂ ਤੋਂ ਤੁਹਾਡੀ ਸੇਵਾ ਵਿਚ

### Registration Services

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, Dot Fuel Tax, Corporation Filing ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲਈ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਤੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਮਦਦ ਕਰਦੇ ਹਾਂ।

ਫੋਨ: 209-982-9996 ਫੈਕਸ: 209-982-9997

e-mail: globalmultiservices123@yahoo.com

# ਸਮੇਂ ਸਮੇਂ ਬਦਲਦੇ ਰਹੇ ਨੇ ਕਲਾਕਾਰਾਂ ਦੀ ਪ੍ਰਸਿੱਧੀ ਦੇ ਮਾਪਦੰਡ

**ਕੀ ਮੈਂ ਝੂਠ ਬੋਲਿਐ...**



ਸਵਰਨ ਸਿੰਘ ਟਹਿਣਾ
ਫੋਨ:91-98141-78883

ਜਦੋਂ ਕੋਠਿਆਂ 'ਤੇ ਸਪੀਕਰ ਲੱਗਦੇ ਸਨ ਤੇ ਇਕਲੌਤੀ ਵੱਡੀ ਸੰਗੀਤ ਕੰਪਨੀ 'ਐਚ.ਐਮ.ਵੀ' ਕਲਾਕਾਰ ਨੂੰ ਰਿਕਾਰਡ ਕਰਨ ਤੋਂ ਪਹਿਲਾਂ ਚੰਗੀ ਤਰ੍ਹਾਂ ਟੁਣਕਾ ਕੇ ਦੇਖਦੀ ਸੀ, ਉਦੋਂ ਤੇ ਅੱਜ ਦੀ ਮਸ਼ਹੂਰੀ ਵਾਲੀ ਪਰਿਭਾਸ਼ਾ ਵਿਚ ਬਹੁਤ ਫ਼ਰਕ ਏ। ਉਦੋਂ ਉਸ ਗਾਇਕ ਨੂੰ ਪ੍ਰਸਿੱਧ ਮੰਨਿਆ ਜਾਂਦਾ, ਜਿਸ ਨੂੰ ਦੇਖਣ ਲਈ ਗੱਡਿਆਂ 'ਤੇ ਚੜ੍ਹ ਅਖਾੜੇ ਵਾਲੀ ਥਾਂ ਲੋਕ ਅੱਪੜਦੇ। ਕਲਾਕਾਰ ਨਹੀਂ ਸੀ ਜਾਣਦਾ ਕਿ ਉਸ ਦਾ ਰਿਕਾਰਡ ਕਿੰਨਾ ਵਿਕਿਆ, ਉਹ ਇਹ ਵੀ ਨਹੀਂ ਸੀ ਜਾਣਦਾ ਕਿ ਉਸ ਦਾ ਰਿਕਾਰਡ ਤਿਆਰ ਕਰਨ 'ਤੇ ਖਰਚਾ ਕਿੰਨਾ ਆਇਆ, ਉਹ ਵਿਚਾਰਾ ਸਾਦਾ ਜਿਹਾ ਹੁੰਦਾ ਸੀ ਤੇ ਸੁਣਨ ਵਾਲੇ ਉਸ ਤੋਂ ਵੀ ਸਾਦੇ। ਜਿੰਨਾ ਚਿਰ ਲੋਕ ਦੇਖਣ-ਸੁਣਨ ਆਉਂਦੇ ਰਹਿੰਦੇ, ਕਲਾਕਾਰ ਦੀ ਚੜ੍ਹਤ ਬਣੀ ਰਹਿੰਦੀ।

ਫੇਰ ਕੈਸਿਟ ਦੌਰ ਚੱਲ ਪਿਆ ਤਾਂ ਕਲਾਕਾਰ ਦੀ ਪ੍ਰਸਿੱਧੀ ਦਾ ਮਾਪਦੰਡ ਟਰੈਕਟਰਾਂ 'ਤੇ ਵੱਜਦੇ ਗਾਣੇ ਬਣ ਗਏ। ਉਹ ਕਲਾਕਾਰ ਪ੍ਰਸਿੱਧ ਮੰਨਿਆ ਜਾਂਦਾ, ਜਿਸ ਦੀ ਨਵੀਂ ਆਈ ਕੈਸਿਟ ਹੱਥੋ-ਹੱਥ ਵਿਕਦੀ ਹੋਵੇ। ਹੱਟੀ, ਭੱਠੀ, ਸੱਥ, ਵਿਆਹ, ਹਰ ਥਾਂ ਜਿਹੜੇ ਕਲਾਕਾਰ ਦੀ ਗੱਲ ਛਿੜੇ, ਉਹ ਪ੍ਰਸਿੱਧ ਮੰਨਿਆ ਜਾਂਦਾ। ਉਦਾਸ ਗੀਤਾਂ ਵਾਲੇ ਸੱਭਿਆਚਾਰਕ ਮੇਲਿਆਂ ਦੇ 'ਸ਼ਹਿਨਸ਼ਾਹ' ਅਖਵਾਉਂਦੇ ਤੇ ਭੰਗੜੇ ਵਾਲੇ ਵਿਆਹਾਂ ਦੇ। ਮੇਲਿਆਂ ਦਾ ਰੇਟ ਮਸੀਂ ਇੱਕੀ ਸੌ, ਇਕੱਤੀ ਸੌ ਤੇ ਵਿਆਹਾਂ ਦਾ ਵੀਹ-ਪੱਚੀ ਹਜ਼ਾਰ ਹੁੰਦਾ ਤੇ ਇਹ ਵੀ ਉਨ੍ਹਾਂ ਨੂੰ ਹੀ ਮਿਲਦਾ, ਜਿਨ੍ਹਾਂ ਨੂੰ ਦੇਖਣ ਲਈ ਲੋਕ ਵਹੀਰਾਂ ਘੱਤ ਤੁਰਦੇ।

ਫੇਰ ਕੈਸਿਟ ਦੌਰ ਮੁੱਕਿਆ ਤਾਂ ਸੀ.ਡੀ. ਦੌਰ ਨੇ ਕਰਵਟ ਲਈ। ਹੁਣ ਉਹ ਕਲਾਕਾਰ ਹਿੱਟ ਮੰਨਿਆ ਜਾਣ ਲੱਗਾ, ਜਿਸਦੀ ਸੀ.ਡੀ ਅਸਾਨੀ ਨਾਲ ਚਾਲੀ-ਪੰਜਾਹ ਹਜ਼ਾਰ ਵਿਕ ਜਾਵੇ। ਉਹਨੂੰ ਹੋਰ ਜ਼ਿਆਦਾ ਹਿੱਟ ਮੰਨਿਆ ਜਾਣ ਲੱਗਾ, ਜਿਸ ਦੇ ਗਾਣੇ ਫੋਨ ਦੀਆਂ ਰਿੰਗ ਟੋਨਾਂ ਬਣਦੇ ਹੋਣ। ਸੰਗੀਤ ਕੰਪਨੀਆਂ ਦੇ ਫੋਨ ਕੰਪਨੀਆਂ ਨਾਲ ਸਮਝੌਤੇ ਹੋਏ ਤੇ ਰਿੰਗ ਟੋਨ ਬਦਲੇ ਗਾਹਕਾਂ ਤੋਂ ਲਏ ਜਾਣ ਵਾਲੇ ਪੈਸੇ ਦੋਹੇਂ ਧਿਰਾਂ ਨੇ ਅੱਧੋ-ਅੱਧੇ ਵੰਡਣੇ ਸ਼ੁਰੂ ਕੀਤੇ। ਉਸ ਦੌਰ 'ਚ ਕਈ ਉਨ੍ਹਾਂ ਕਲਾਕਾਰਾਂ ਨੂੰ ਕੰਪਨੀਆਂ ਨੇ ਹਿੱਟ ਮੰਨਿਆ, ਜਿਨ੍ਹਾਂ ਦਾ ਇੱਕ ਇੱਕ ਗਾਣਾ ਲੱਖਾਂ ਲੋਕਾਂ ਨੇ ਰਿੰਗ ਟੋਨ ਵਜੋਂ ਅਪਣਾਇਆ।

ਪਰ ਜਿਹੜਾ ਦੌਰ ਅੱਜ ਚੱਲ ਰਿਹਾ ਹੈ, ਇਹ ਬਿਲਕੁਲ ਨਿਵੇਕਲਾ ਵੀ ਏ ਤੇ ਕਈਆਂ ਦੀ ਸਮਝੋਂ ਪਰ੍ਹੇ ਵੀ। ਅੱਜ ਕਈ ਉਨ੍ਹਾਂ ਕਲਾਕਾਰਾਂ ਨੂੰ ਵੀ ਹਿੱਟ ਮੰਨਿਆ ਜਾ ਰਿਹਾ ਹੈ, ਜਿਨ੍ਹਾਂ ਦੀ ਆਮ ਪੇਂਡੂ ਸਰੋਤਿਆਂ ਤੱਕ ਸਿੱਧੀ ਪਹੁੰਚ ਨਹੀਂ। ਇਹ ਉਹ ਲੋਕ ਨੇ, ਜਿਨ੍ਹਾਂ ਨੂੰ ਇੰਟਰਨੈਟ ਬਾਰੇ ਗਿਆਨ ਨਹੀਂ। ਕੋਈ ਪਤਾ ਨਹੀਂ ਕਿ 'ਫੇਸਬੁਕ', 'ਟਵਿਟਰ', 'ਯੂ ਟਿਊਬ' ਤੇ ਵੈਬਸਾਈਟਾਂ ਵੀ ਕਲਾਕਾਰਾਂ ਨੂੰ ਮਕਬੂਲ ਕਰਨ ਦਾ ਜ਼ਰੀਆ ਬਣ ਚੁੱਕੀਆਂ ਨੇ। ਜ਼ਾਹਰ ਹੈ, ਪੰਜਾਬ ਦਾ ਇਕ ਵਰਗ ਇਸ ਤਕਨੀਕ ਨਾਲ ਹਾਲੇ ਤੱਕ ਨਹੀਂ



ਜੁੜ ਸਕਿਆ, ਕਿਉਂਕਿ ਜ਼ਿੰਦਗੀ ਦੇ ਹੋਰ ਝਮੇਲਿਆਂ 'ਚੋਂ ਹੀ ਉਨ੍ਹਾਂ ਨੂੰ ਵਿਹਲ ਨਹੀਂ ਮਿਲੀ। ਫੇਰ ਵੀ ਕਾਲਜੀਏਟ ਤੇ ਸ਼ਹਿਰੀ ਵਰਗ ਇਨ੍ਹਾਂ ਸਭ ਗੱਲਾਂ ਬਾਬਤ ਚੰਗੀ ਤਰ੍ਹਾਂ ਜਾਨਣ ਲੱਗਾ ਏ।

ਅੱਜ ਟੈਲੀਵਿਜ਼ਨ 'ਤੇ ਲਗਾਤਾਰ ਦਿਸਦੇ ਰਹਿਣਾ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ। ਪੰਜਾਬ ਦਾ ਇਕ ਸਭ ਤੋਂ ਵੱਧ ਵੇਖਿਆ ਜਾਣ ਵਾਲਾ ਟੀ.ਵੀ. ਚੈਨਲ ਤੀਹ ਸੈਕਿੰਡ ਦੇ ਇਕ ਪ੍ਰੋਮੋ ਦਾ ਸਤਾਰਾਂ ਸੌ ਤੋਂ ਵੱਧ ਮੁੱਲ ਵਸੂਲਦਾ ਹੈ, ਦੂਜੇ ਨੰਬਰ ਵਾਲਾ ਤੇਰਾਂ ਸੌ ਤੋਂ ਵੱਧ ਤੇ 'ਜਲੰਧਰ ਦੂਰਦਰਸ਼ਨ' ਉਦੋਂ ਤੋਂ ਹਾਸ਼ੀਏ 'ਤੇ ਚਲਾ ਗਿਆ ਏ, ਜਦੋਂ ਤੋਂ ਲੋਕਾਂ ਦੇ ਘਰਾਂ ਵਿਚ 'ਡਿਸ਼ਾਂ' ਲੱਗ ਗਈਆਂ ਨੇ। ਕੁਝ ਇਕ ਕਲਾਕਾਰਾਂ ਨੂੰ ਛੱਡ ਬਾਕੀਆਂ ਦੀ ਏਨੀ ਪਹੁੰਚ ਨਹੀਂ ਕਿ ਉਹ ਦਿਨ ਦੇ ਚਾਲੀ-ਚਾਲੀ ਪ੍ਰੋਮੋ ਕਈ-ਕਈ ਮਹੀਨੇ ਚਲਾ ਕੇ ਜੋ ਪਹਿਲਾਂ ਕਮਾਇਆ, ਉਹ ਵੀ ਉਜਾੜ ਛੱਡਣ, ਏਸੇ ਕਰਕੇ ਉਨ੍ਹਾਂ ਕਲਾਕਾਰਾਂ ਨੂੰ ਸੋਸ਼ਲ ਸਾਈਟਾਂ ਨੇ ਮਾਂਵਾਂ ਵਰਗਾ ਪਿਆਰ ਦੇਣਾ ਸ਼ੁਰੂ ਕੀਤੈ।

ਇਨ੍ਹਾਂ ਸਾਈਟਾਂ 'ਤੇ ਬਿਨਾਂ ਕੋਈ ਪੈਸਾ ਖਰਚ ਕੀਤਿਆਂ ਕੋਈ ਵੀ, ਕੁਝ ਵੀ ਅਪਲੋਡ ਕਰ ਸਕਦਾ ਹੋਣ ਕਰਕੇ ਕਲਾਕਾਰਾਂ ਦੀ ਗਿਣਤੀ ਵਿਚ ਅੰਤਾਂ ਦਾ ਵਾਧਾ ਹੋ ਗਿਐ। ਹੁਣ ਹਰ ਕੋਈ ਕਲਾਕਾਰ ਹੈ, ਸਟੂਡੀਓ 'ਚ ਪੰਜ-ਸੱਤ ਹਜ਼ਾਰ ਦੀ ਰਿਕਾਰਡਿੰਗ ਕਰਾ ਕੇ ਗਾਣਾ ਸਾਈਟ 'ਤੇ ਚੜ੍ਹਾ ਦਿਓ ਤੇ ਬਾਕੀ ਗੁੱਭ-ਗਲ੍ਹਾਟ ਲੋਕੀਂ ਕੁਮੈਂਟਾਂ ਜ਼ਰੀਏ ਆਪੇ ਕੱਢ ਲੈਂਦੇ ਨੇ। ਜਿਸ ਤਰ੍ਹਾਂ ਪਹਿਲਾਂ ਉਹ ਕਲਾਕਾਰ ਸਭ ਤੋਂ ਵੱਧ ਪ੍ਰਭਾਵ ਵਾਲਾ ਮੰਨਿਆ ਜਾਂਦਾ ਸੀ, ਜਿਸ ਦੇ ਪ੍ਰੋਮੋ ਚੈਨਲਾਂ 'ਤੇ ਸਭ ਤੋਂ ਵੱਧ ਚੱਲਦੇ ਹੋਣ, ਉਸੇ ਤਰ੍ਹਾਂ ਹੁਣ ਉਹ ਵੱਧ ਕਾਮਯਾਬ ਮੰਨਿਆ ਜਾਂਦੈ, ਜਿਸ ਦੀ ਇੰਟਰਨੈਟ 'ਤੇ ਸਰਗਰਮੀ ਜ਼ਿਆਦਾ ਹੋਵੇ। ਏਸੇ ਕਰਕੇ ਕਈ ਕਲਾਕਾਰਾਂ ਨੇ ਥੋੜ੍ਹੇ-ਥੋੜ੍ਹੇ ਪੈਸਿਆਂ 'ਤੇ ਇੰਟਰਨੈਟ ਕਾਮੇ ਰੱਖੇ ਹੋਏ ਨੇ। ਇਹ ਕਾਮੇ ਕਲਾਕਾਰ ਦੇ ਗਾਣਿਆਂ ਨੂੰ ਲੋਕਾਂ ਨਾਲ ਪੂਰਾ ਦਿਨ 'ਸ਼ੇਅਰ' ਕਰਦੇ ਨੇ, ਜਾਅਲੀ ਅਕਾਊਂਟ ਬਣਾ ਕੇ ਵੱਖ-ਵੱਖ ਨਾਂਵਾਂ ਤਹਿਤ ਗਾਣੇ ਥੱਲੇ ਕੁਮੈਂਟ ਕਰਦੇ ਨੇ, 'ਨਾਈਸ ਵੀਰ ਜੀ', 'ਚੱਕ 'ਤੇ ਫੱਟੇ', 'ਏਦੂੰ ਸਿਰਾ ਹੋਰ ਨਹੀਂ ਹੋ ਸਕਦਾ' ਵਗੈਰਾ-ਵਗੈਰਾ।

ਕੰਪਨੀਆਂ ਨੂੰ ਕਿਉਂਕਿ 'ਯੂ ਟਿਊਬ', 'ਆਈ ਟਿਊਨ' ਤੇ ਹੋਰ ਸਾਈਟਾਂ ਤੋਂ ਪੈਸੇ ਮਿਲਣੇ ਸ਼ੁਰੂ ਹੋ ਗਏ ਨੇ, ਉਸ ਕਰਕੇ ਨਵੇਂ ਦੌਰ ਵਿਚ ਉਹ ਕਲਾਕਾਰ ਪ੍ਰਸਿੱਧੀ ਦੇ ਮਾਪਦੰਡ 'ਤੇ ਖਰਾ ਉੱਤਰਦਾ ਹੈ, ਜਿਸ ਦਾ ਗਾਣਾ ਕੁਝ ਘੰਟਿਆਂ ਵਿਚ 'ਯੂ ਟਿਊਬ' 'ਤੇ ਲੱਖਾਂ ਲੋਕ ਦੇਖ ਲੈਣ ਜਾਂ ਜਿਸ ਦੇ ਗਾਣੇ ਦੀ 'ਆਈ ਟਿਊਨ' ਤੋਂ ਡਾਊਨਲੋਡਿੰਗ ਜ਼ਿਆਦਾ ਹੁੰਦੀ ਹੋਵੇ।

ਇਹ ਸਸਤਾ ਸਾਧਨ ਜਿੱਥੇ ਕਲਾਕਾਰਾਂ ਲਈ ਅਲਾਦੀਨ ਦੇ ਚਿਰਾਗ ਵਰਗਾ ਸਾਬਤ ਹੋ ਰਿਹੈ, ਉਥੇ ਸਧਾਰਨ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਦਾ ਜ਼ਰੀਆ ਵੀ ਬਣ ਚੁੱਕੈ। ਪਿੱਛੇ ਜਹੇ ਇੱਕ ਉਭਰ ਰਹੇ ਕਲਾਕਾਰ ਦਾ ਬੇਤੁਕਾ ਜਿਹਾ ਗੀਤ ਰਿਲੀਜ਼ ਹੋਇਆ। ਜਿਸ ਦਿਨ ਉਸ ਨੇ ਗੀਤ 'ਯੂ ਟਿਊਬ' 'ਤੇ ਅਪਲੋਡ ਕੀਤਾ, ਉਸ ਤੋਂ ਦੋ ਦਿਨ ਬਾਅਦ ਫੋਨ ਕਰਕੇ ਕਹਿੰਦਾ, 'ਦੇਖੋ ਜੀ, ਹੁਣ ਤਾਂ ਮੇਰੇ ਬਾਰੇ ਕੁਝ ਲਿਖਣਾ ਬਣਦੈ, ਤੁਹਾਡੇ ਵੀਰ ਦਾ ਗਾਣਾ ਦੋ ਦਿਨਾਂ ਵਿਚ ਸਤਾਰਾਂ ਲੱਖ ਲੋਕਾਂ ਨੇ ਸੁਣ ਲਿਐ...।'

ਮੈਂ ਹੈਰਾਨ ਸਾਂ ਕਿ ਇਹ ਕਿਵੇਂ ਹੋ ਗਿਆ। ਇਹੋ ਜਹੀਆਂ ਗੱਲਾਂ ਚਾਰ-ਪੰਜ ਥਾਂਵਾਂ ਤੋਂ ਹੋਰ ਸੁਣਨ ਨੂੰ ਮਿਲੀਆਂ ਤਾਂ ਪਤਾ ਲੱਗਾ ਕਿ ਇੰਟਰਨੈਟ 'ਤੇ ਦਰਸ਼ਕਾਂ ਦੀ ਗਿਣਤੀ ਵਧਾਉਣੀ ਕੋਈ ਲੰਮੀ-ਚੌੜੀ ਖੇਡ ਨਹੀਂ, ਸਗੋਂ ਪਲਕ ਝਪਕਣ ਦਾ ਕੰਮ ਏ। ਅਜਿਹੇ ਸਾਫਟਵੇਅਰ ਆ ਚੁੱਕੇ ਨੇ, ਜਿਹੜੇ ਇੱਕ ਕਲਿੱਕ ਨਾਲ ਦਰਸ਼ਕਾਂ ਦੀ ਗਿਣਤੀ ਲੱਖਾਂ 'ਚ ਕਰ ਦੇਂਦੇ ਨੇ। ਇਹ ਦਰਸ਼ਕ ਅਸਲ ਨਹੀਂ ਹੁੰਦੇ, ਪਰ ਜਿਹੜੀ ਥਾਂ ਦਰਸ਼ਕਾਂ ਦੀ ਗਿਣਤੀ ਦਿਸਦੀ ਹੈ, ਉਸ ਥਾਂ ਅੰਕੜਾ ਲਗਾਤਾਰ ਅੱਗੇ ਵਧਦਾ ਜਾਂਦਾ ਏ।

ਪੰਜਾਬ 'ਚ ਲੁਧਿਆਣਾ, ਚੰਡੀਗੜ੍ਹ ਤੇ ਕਈ ਹੋਰ ਥਾਂਈਂ ਕਈ ਇੰਟਰਨੈਟ ਮਾਹਰ ਬੈਠੇ ਨੇ, ਜਿਹੜੇ ਦੋ ਲੱਖ ਦਰਸ਼ਕ ਦਰਸਾਉਣ ਦਾ ਵੀਹ ਹਜ਼ਾਰ ਰੁਪਿਆ ਲੈਂਦੇ ਨੇ। ਕਲਾਕਾਰ ਸੋਚਦੇ ਨੇ ਏਦਾਂ ਕਰਨ ਨਾਲ ਉਹ ਲੋਕਾਂ ਦੀਆਂ ਨਜ਼ਰਾਂ 'ਚ 'ਹਿੱਟ' ਸਾਬਤ ਹੋਣਗੇ, ਪਰ ਉਹ ਇਹ ਨਹੀਂ ਜਾਣਦੇ ਕਿ ਇਸ ਤਰ੍ਹਾਂ ਉਹ ਆਪਣੇ ਆਪ ਨਾਲ ਧੋਖਾ ਕਰ ਰਹੇ ਨੇ।

ਪਿਛਲੇ ਦਿਨੀਂ ਇਕ ਨਾਮੀ ਸੰਗੀਤ ਕੰਪਨੀ ਦੇ ਮਾਲਕ ਨਾਲ ਇਸ ਵਿਸ਼ੇ 'ਤੇ ਲੰਮੀ-ਚੌੜੀ ਗੱਲਬਾਤ ਹੋਈ। ਉਸ ਦੱਸਿਆ ਕਿ ਅੱਜ ਜਿਹੜੀ ਸੀ.ਡੀ. ਪੰਜ ਹਜ਼ਾਰ ਵੀ ਵਿਕ ਜਾਵੇ, ਅਸੀਂ ਉਸ ਨੂੰ ਹਿੱਟ ਮੰਨਦੇ ਹਾਂ। ਕੋਈ ਸੀ.ਡੀ. ਨਹੀਂ ਖਰੀਦਦਾ, ਸੌ ਵਿਚੋਂ ਪਚਾਨਵੇਂ ਤਾਂ ਪੰਦਰਾਂ ਸੌ ਦਾ ਅੰਕੜਾ ਵੀ ਪਾਰ ਨਹੀਂ ਕਰਦੀਆਂ। ਗਾਣੇ ਮੋਬਾਈਲਾਂ, ਚੈਨਲਾਂ, ਇੰਟਰਨੈਟ, ਪੈਨ ਡਰਾਈਵਾਂ ਤੇ ਐਫ਼.ਐਮ ਤੱਕ ਸੀਮਤ ਹੋ ਕੇ ਰਹਿ ਗਏ ਨੇ। ਕਲਾਕਾਰ ਵਧ ਗਏ ਨੇ ਤੇ ਜਦੋਂ ਵਿਕਦਾ ਕੁਝ ਨਹੀਂ ਤਾਂ ਕੰਪਨੀਆਂ ਇਨ੍ਹਾਂ 'ਤੇ ਧੇਲਾ ਤੱਕ ਵੀ ਕਿਉਂ ਖਰਚਣ। ਅਸੀਂ ਉਨ੍ਹਾਂ ਪੰਜ-ਸੱਤ ਕਲਾਕਾਰਾਂ ਨੂੰ ਰਿਲੀਜ਼ ਕਰਦੇ ਹਾਂ, ਜਿਨ੍ਹਾਂ ਦਾ ਨਾਂ ਬਣਿਆ ਹੋਇਐ ਤੇ ਜੋ ਨੈਟ 'ਤੇ ਦੇਖੇ-ਸੁਣੇ ਜਾਂਦੇ ਨੇ। ਟੀ.ਵੀ. ਇਨ੍ਹਾਂ ਕਲਾਕਾਰਾਂ ਨੂੰ ਦਿਖਾਉਣ ਦੇ ਪੈਸੇ ਲੈਂਦੈ ਤੇ ਨੈਟ ਪੈਸੇ ਦਿੰਦੈ, ਸੋ ਸਾਡੀ ਕਮਾਈ ਦੇ ਸੂਤਰ ਬਦਲ ਗਏ ਨੇ।

ਸੀ.ਡੀ. ਵਾਲੇ ਦੌਰ ਦਾ ਭੋਗ ਇਸ ਕਦਰ ਪੈ ਚੁੱਕਾ ਹੈ ਕਿ ਕੰਪਨੀਆਂ ਨੇ ਜ਼ਿਆਦਾਤਰ ਕਲਾਕਾਰਾਂ ਦੀਆਂ ਸੀਡੀਆਂ ਰਿਲੀਜ਼ ਕਰਨੀਆਂ ਬੰਦ ਕਰ ਦਿੱਤੀਆਂ ਨੇ, ਉਹ ਕਲਾਕਾਰ ਦਾ ਇਕ ਗੀਤ ਰਿਲੀਜ਼ ਕਰਦੀਆਂ ਨੇ ਤੇ ਸਰੋਤਿਆਂ ਨੂੰ ਖੁੱਲ੍ਹੀ ਛੋਟ ਦਿੰਦੀਆਂ ਨੇ ਕਿ ਇਸ ਗੀਤ ਨੂੰ ਜਾਇਜ਼, ਨਜਾਇਜ਼ ਜਿਹੜੇ ਮਰਜ਼ੀ ਤਰੀਕੇ ਨਾਲ ਸੁਣੋ, ਬਸ ਸੁਣੋ ਜ਼ਰੂਰ।

ਕਹਿਣ ਦਾ ਭਾਵ ਗਾਇਕੀ 'ਚ ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਕੀਤੇ ਜਾਂਦੇ ਤਜਰਬਿਆਂ ਵਾਂਗ ਸਮੇਂ-ਸਮੇਂ 'ਤੇ ਪ੍ਰਸਿੱਧੀ ਦੀ ਪਰਿਭਾਸ਼ਾ ਵੀ ਬਦਲਦੀ ਰਹਿਣੀ ਹੈ। ਭਵਿੱਖ ਵਿਚ ਕਲਾਕਾਰ ਨੂੰ 'ਹਿੱਟ' ਮੰਨੇ ਜਾਣ ਦਾ ਪੈਮਾਨਾ ਕੀ ਹੋਏਗਾ, ਇਹ ਗੱਲ ਭਵਿੱਖ ਦੀ ਬੁੱਕਲ ਵਿਚ ਹੀ ਲੁਕੀ ਹੋਈ ਹੈ।

**ਪੰਜਾਬ ਪੁਲਿਸ ਨੇ ਮਾਰਿਆ ਸਟਾਈਲ**

ਦਿਲਜੀਤ ਦੋਸਾਂਝ ਦੀ ਫਿਲਮ 'ਜੱਟ ਐਂਡ ਜੂਲੀਅਟ-2' ਨੇ ਕਾਮਯਾਬੀ ਤੇ ਕਮਾਈ ਦੋਹਾਂ ਪੱਖਾਂ ਤੋਂ ਇਕ ਵਾਰ ਫੇਰ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਅਠਾਈ ਜੂਨ ਨੂੰ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਉਸ ਦਾ ਪ੍ਰੋਮੋ 'ਓਏ ਛੋਟੂ, ਪੰਜਾਬ ਪੁਲਿਸ ਸਟਾਈਲ ਵੀ ਮਾਰਦੀ ਆ ਓਏ...' ਵੱਖ-ਵੱਖ ਟੀ.ਵੀ. ਚੈਨਲਾਂ 'ਤੇ ਚੱਲ ਰਿਹਾ ਸੀ ਤੇ ਪੰਜਾਬ ਪੁਲਿਸ ਦੇ ਸਟਾਈਲ ਨੇ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਣ ਵਿਚ ਸਫ਼ਲਤਾ ਹਾਸਲ ਕਰ ਲਈ।

ਕਿਉਂਕਿ ਪਿਛਲੇ ਸਾਲ ਰਿਲੀਜ਼ ਹੋਈ 'ਜੱਟ ਐਂਡ ਜੂਲੀਅਟ' ਬਹੁਤ ਮਕਬੂਲ ਹੋਈ ਸੀ, ਇਸ ਲਈ ਦਰਸ਼ਕਾਂ ਦੇ ਵੱਡੇ ਹਿੱਸੇ ਨੂੰ ਉਮੀਦ ਸੀ ਕਿ ਇਹ ਫਿਲਮ ਆਪ ਮੁਹਾਰੇ ਚੱਲ ਨਿਕਲੇਗੀ, ਪਰ ਨਾਲ ਹੀ ਇਹ ਵੀ ਸੋਚ ਸੀ ਕਿ ਜੇ ਇਹ ਫਿਲਮ ਪਹਿਲੀ ਦੇ ਮੁਕਾਬਲੇ ਪੱਧਰ 'ਚ ਉਣੀ-ਪੌਣੀ ਹੋਈ ਤਾਂ ਸ਼ਾਇਦ ਗੱਲ ਨਾ ਬਣੇ। ਪਰ ਜਿਸ ਤਰ੍ਹਾਂ ਫਿਲਮ ਨੂੰ ਪਿਆਰ ਮਿਲਿਆ ਏ ਤੇ ਸਿਨੇਮਾਘਰ ਵਿਚੋਂ ਬਾਹਰ ਨਿਕਲਦੇ ਦਰਸ਼ਕ ਫਿਲਮ 'ਚ ਫ਼ਤਹਿ ਸਿੰਘ ਦਾ ਗੁਣਗਾਣ ਕਰ ਰਹੇ ਨੇ, ਉਸ ਨਾਲ ਭਵਿੱਖ ਵਿਚ ਰਿਲੀਜ਼ ਹੋਣ ਵਾਲੀਆਂ ਪੰਜਾਬੀ ਫਿਲਮਾਂ 'ਤੇ ਵੀ ਚੰਗਾ ਪ੍ਰਭਾਵ ਪੈਣ ਦੀ ਆਸ ਹੈ।

ਚਾਲੂ ਅਤੇ ਅਗਲੇ ਮਹੀਨੇ ਵਿਚ ਚਾਰ ਕੁ ਪੰਜਾਬੀ ਫਿਲਮਾਂ ਰਿਲੀਜ਼ ਹੋਣੀਆਂ ਨੇ। ਸਭ ਤੋਂ ਪਹਿਲਾਂ ਰੌਸ਼ਨ ਪ੍ਰਿੰਸ ਦੀ 'ਫੇਰ ਮਾਮਲਾ ਗੜਬੜ ਗੜਬੜ' ਰਿਲੀਜ਼ ਹੋਏਗੀ, ਫੇਰ ਜੈਜ਼ੀ ਬੀ ਦੀ 'ਬੈਸਟ ਆਫ਼ ਲੱਕ' ਤੇ ਬਾਅਦ ਵਿਚ 'ਜੱਟ ਬੁਆਏਜ਼-ਪੁੱਤ ਜੱਟਾਂ ਦੇ', ਇਹ ਫਿਲਮਾਂ ਕੀ ਕਮਾਲ ਦਿਖਾਉਣਗੀਆਂ, ਇਹ ਗੱਲ ਇਨ੍ਹਾਂ ਦੀ ਕਹਾਣੀ ਤੇ ਡਾਇਰੈਕਸ਼ਨ 'ਤੇ ਨਿਰਭਰ ਕਰੇਗੀ। ਫਿਰ ਵੀ ਜਿਸ ਤਰ੍ਹਾਂ 'ਜੱਟ ਐਂਡ ਜੂਲੀਅਟ-2' ਨੇ ਪੰਜਾਬੀ ਫਿਲਮਾਂ ਲਈ ਕਾਮਯਾਬੀ ਦਾ ਰਾਹ ਪੱਧਰਾ ਕੀਤਾ ਹੈ, ਉਸ ਨਾਲ ਨਿਰਮਾਤਾ-ਨਿਰਦੇਸ਼ਕਾਂ ਦੇ ਚਿਹਰੇ 'ਤੇ ਖੁਸ਼ੀ ਦਾ ਖੇੜਾ ਆ ਗਿਆ ਹੈ।

# ਗਾਇਕ ਕੇ.ਐਸ. ਮੱਖਣ ਦੀਆਂ ਮੁਸੀਬਤਾਂ ਵਧੀਆਂ

**ਜਲੰਧਰ:** ਦਿੱਲੀ ਸਥਿਤ ਕੈਨੇਡੀਅਨ ਹਾਈ ਕਮਿਸ਼ਨ ਨੇ ਪੰਜਾਬੀ ਗਾਇਕ ਕੇ.ਐਸ. ਮੱਖਣ ਬਾਰੇ ਪੁਲਿਸ ਤੋਂ ਰਿਕਾਰਡ ਮੰਗਿਆ ਹੈ। ਕੈਨੇਡੀਅਨ ਹਾਈ ਕਮਿਸ਼ਨ ਨੇ ਪੰਜਾਬ ਪੁਲਿਸ ਤੋਂ ਉਸ ਰਿਕਾਰਡ ਦੀ ਮੰਗ ਕੀਤੀ ਹੈ ਜਿਸ ਵਿਚ ਕੇ.ਐਸ. ਮੱਖਣ ਵਿਰੁੱਧ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਹੋਣ ਦਾ ਮਾਮਲਾ ਸ਼ਾਮਲ ਹੈ। ਇਸ ਮਾਮਲੇ ਵਿਚ ਕੇ.ਐਸ. ਮੱਖਣ 'ਤੇ ਦੋਸ਼ ਲੱਗਾ ਸੀ ਕਿ ਉਹ ਕਥਿਤ ਤੌਰ 'ਤੇ ਭਾਰਤ ਤੇ ਕੈਨੇਡਾ ਵਿਚ ਕੀਤੇ ਜਾਂਦੇ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਹੈ।

ਕਮਿਸ਼ਨ ਨੇ ਗ੍ਰਿਫ਼ਤਾਰੀ ਵਾਰੰਟ ਦੀ ਕਾਪੀ ਸਮੇਤ ਕੇਸ ਵਿਚ ਜੁੜੇ ਹੋਏ ਦਸਤਾਵੇਜ਼ ਵੀ ਮੰਗੇ ਹਨ। ਅਦਾਲਤ ਵਿਚ ਚੱਲ ਰਹੀਆਂ ਛੁੱਟੀਆਂ ਤੋਂ ਬਾਅਦ ਹੀ ਵਾਰੰਟ ਦੀ ਇਹ ਕਾਪੀ ਕਮਿਸ਼ਨ ਨੂੰ ਮਿਲਣ ਦੀ ਸੰਭਾਵਨਾ ਹੈ। ਇਸ ਗੱਲ ਦੀ ਪੁਸ਼ਟੀ ਜਲੰਧਰ ਦਿਹਾਤੀ ਪੁਲਿਸ ਅਧੀਨ ਪੈਂਦੇ ਥਾਣਾ ਨਕੋਦਰ ਦੇ ਡੀ.ਐਸ.ਪੀ. ਹਰਿੰਦਰ ਸਿੰਘ ਪਰਮਾਰ ਨੇ ਕੀਤੀ ਹੈ। ਜ਼ਿਕਰਯੋਗ ਹੈ ਕਿ ਪੰਜਾਬੀ ਗਾਇਕ ਕੁਲਵਿੰਦਰ ਸਿੰਘ ਉਰਫ ਕੇ.ਐਸ. ਮੱਖਣ ਵਾਸੀ ਪੱਤੀ ਤੱਖਰ ਵਿਰੁੱਧ ਕੇਸ ਪਹਿਲੀ ਅਗਸਤ 2006 ਨੂੰ ਥਾਣਾ ਨਕੋਦਰ ਵਿਚ ਦਰਜ ਕੀਤਾ ਗਿਆ ਸੀ।

ਚੰਡੀਗੜ੍ਹ ਪੁਲਿਸ ਨੇ ਰਾਜਵਿੰਦਰ ਉਰਫ ਰਾਜਾ ਬੋਪਾਰਾਏ ਨੂੰ ਨਸ਼ਿਆਂ ਦੀ ਖੇਪ ਸਮੇਤ ਕਾਬੂ ਕੀਤਾ ਸੀ। ਜਾਂਚ ਉਪਰੰਤ 14 ਵਿਅਕਤੀਆਂ ਦੇ ਨਾਂ ਸਾਹਮਣੇ ਆਏ ਸਨ ਜੋ ਨਸ਼ਿਆਂ ਦੀਆਂ ਖੇਪਾਂ ਬਾਹਰਲੇ ਦੇਸ਼ਾਂ ਵਿਚ ਭੇਜਦੇ ਹਨ। ਇਨ੍ਹਾਂ ਨਾਂਵਾਂ ਵਿਚ ਇਕ ਨਾਂ ਕੇ.ਐਸ. ਮੱਖਣ ਦਾ ਵੀ ਸੀ। ਸਾਲ 2011 ਵਿਚ ਦੂਰਦਰਸ਼ਨ ਵੱਲੋਂ ਨਵੇਂ ਸਾਲ ਦਾ ਪ੍ਰੋਗਰਾਮ ਇਕ ਕੰਪਨੀ ਨੇ ਲਿਆ ਸੀ ਜਿਸ ਦੀ ਸ਼ੂਟਿੰਗ ਅੰਮ੍ਰਿਤਸਰ 'ਚ ਹੋ ਰਹੀ ਸੀ ਤੇ ਕੇ.ਐਸ. ਮੱਖਣ ਨੇ ਵੀ ਇਸ ਪ੍ਰੋਗਰਾਮ ਵਿਚ ਹਿੱਸਾ ਲਿਆ।

**ਕੈਨੇਡੀਅਨ ਹਾਈ ਕਮਿਸ਼ਨ ਨੇ ਮੰਗਿਆ ਰਿਕਾਰਡ**



ਕੇ.ਐਸ. ਮੱਖਣ ਨੇਪਾਲ ਦੇ ਰਸਤੇ ਭਾਰਤ ਵਿਚ ਦਾਖਲ ਹੋਇਆ ਸੀ ਕਿਉਂਕਿ ਉਸ ਦੇ ਨਾਂ 'ਤੇ ਭਾਰਤੀ ਹਵਾਈ ਅੱਡਿਆਂ 'ਤੇ ਹਾਈ ਅਲਰਟ ਕੀਤਾ ਹੋਇਆ ਸੀ ਤੇ ਨੇਪਾਲ ਰਸਤਿਓਂ ਹੀ ਉਹ ਕੈਨੇਡਾ ਵਾਪਸ ਚਲਾ ਗਿਆ ਸੀ। ਇਸ ਤੋਂ ਬਾਅਦ ਉਸ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਆਪਣੇ ਬਚਾਅ ਲਈ ਆਪਣਾ ਪੱਖ ਰੱਖਿਆ ਸੀ। ਅਦਾਲਤ ਨੇ ਇਸ ਮਾਮਲੇ ਵਿਚ ਕੇ.ਐਸ. ਮੱਖਣ ਦਾ ਮਾਮਲਾ ਪੈਂਡਿੰਗ ਰੱਖ ਦਿਤਾ ਸੀ ਤੇ ਫਿਰ ਉਸ ਉਪਰੰਤ ਗਾਇਕ ਭਾਰਤ ਆਇਆ ਸੀ।

ਅਦਾਲਤ ਨੇ ਇਸ ਮਾਮਲੇ ਵਿੱਚ ਕੇ.ਐਸ. ਮੱਖਣ ਨੂੰ ਜ਼ਮਾਨਤ ਦੇ ਦਿੱਤੀ ਸੀ। ਉਸ ਨੂੰ ਇਹ ਜ਼ਮਾਨਤੀ ਰਕਮ ਸਥਾਨਕ ਅਦਾਲਤ ਵਿਚ ਜਮ੍ਹਾਂ ਕਰਾਉਣੀ ਸੀ। ਬੀਤੇ ਵਰ੍ਹੇ ਮਾਰਚ ਮਹੀਨੇ ਉਹ ਇੱਥੇ ਜ਼ਮਾਨਤ ਰਕਮ ਜਮ੍ਹਾਂ ਕਰਾਉਣ ਲਈ ਆਇਆ ਸੀ ਤੇ ਅਦਾਲਤ ਨੇ ਇਸ ਮਾਮਲੇ ਦੀ ਕਾਰਵਾਈ ਟਾਲ ਦਿੱਤੀ ਤੇ ਇਕ ਦਿਨ ਲਈ ਕੇ.ਐਸ. ਮੱਖਣ ਨੂੰ ਜੇਲ੍ਹ ਵੀ ਭੇਜ ਦਿੱਤਾ ਸੀ। ਇਕ ਦਿਨ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਉਸ ਨੂੰ ਜ਼ਮਾਨਤ ਮਿਲੀ ਸੀ।

# ਦਿਲ ਦੀ ਧੜਕਣ ਦਾ ਰਾਜ਼ ਲੱਭਿਆ

**ਲੰਡਨ:** ਸਾਇੰਸਦਾਨਾਂ ਨੇ ਇਹ ਬੁਝਾਰਤ ਹੱਲ ਕਰ ਲੈਣ ਦਾ ਦਾਅਵਾ ਕੀਤਾ ਹੈ ਕਿ ਦਿਲ ਕਿਵੇਂ ਧੜਕਦਾ ਹੈ ਜਾਂ ਦਿਲ ਦੀ ਧੜਕਣ ਲਗਾਤਾਰ ਕਿਵੇਂ ਚੱਲਦੀ ਰਹਿੰਦੀ ਹੈ। ਇਸ ਨਾਲ ਉਨ੍ਹਾਂ ਨੂੰ ਦਿਲ ਫੇਲ੍ਹ ਹੋਣ ਵਰਗੇ ਮਾਮਲਿਆਂ ਨੂੰ ਹੋਰ ਵਧੇਰੇ ਚੰਗੀ ਤਰ੍ਹਾਂ ਸਮਝਣ ਵਿਚ ਮਦਦ ਮਿਲੇਗੀ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਜਦੋਂ ਦਿਲ ਧੜਕਦਾ (ਸੁੰਗੜਦਾ) ਹੈ ਤਾਂ ਇਸ ਦੀ ਸੁੰਗੜਨਸ਼ੀਲ ਮਸ਼ੀਨਰੀ ਨੂੰ ਸੈੱਲ ਦੇ ਅੰਦਰ ਕੈਲਸ਼ੀਅਮ ਦੀ ਵਧੀ ਹੋਈ ਮਾਤਰਾ ਚਾਲੂ ਕਰ ਦਿੰਦੀ ਹੈ। ਸੈੱਲ ਦੇ ਅੰਦਰ ਕੈਲਸ਼ੀਅਮ ਦੇ ਇਸ ਵਾਧੇ ਵਿਚ ਵੀ ਕੈਲਸ਼ੀਅਮ ਦੀ ਹੀ ਭੂਮਿਕਾ ਹੁੰਦੀ ਹੈ ਜੋ ਦਿਲ ਦੀ ਐਕਸ਼ਨ ਪੋਟੈਂਸ਼ੀਅਲ ਵਜੋਂ ਜਾਣੀ ਜਾਂਦੀ ਪ੍ਰਕਿਰਿਆ ਦੌਰਾਨ ਸੈੱਲਾਂ ਦੇ ਅੰਦਰਲੇ ਸਟੋਰਾਂ ਵਿੱਚ ਦਾਖਲ ਹੋ ਕੇ ਉੱਥੇ ਹੋਈ ਪ੍ਰਤੀਕਿਰਿਆ ਨਾਲ ਇਹ ਮਾਤਰਾ ਵਧਾਉਂਦਾ ਹੈ। ਇਸ ਸਬੰਧੀ ਖੋਜਕਾਰਾਂ ਦੀ ਟੀਮ ਦੀ ਅਗਵਾਈ ਬ੍ਰਿਸਟਲ ਯੂਨੀਵਰਸਿਟੀ ਦੇ ਸਕੂਲ ਆਫ਼ ਫਿਜ਼ਿਓਲੋਜੀ ਤੇ ਫਾਰਮਾਕੋਲੋਜੀ ਦੇ ਪ੍ਰੋਫ਼ੈਸਰ ਮਾਰਕ ਕੈਨਲ ਨੇ ਕੀਤੀ। ਉਨ੍ਹਾਂ ਨਾਲ ਆਸਟਰੇਲੀਆ ਦੇ ਹੰਟਰ ਮੈਨੀਕਲ ਰਿਸਰਚ ਇੰਸਟੀਚਿਊਟ ਦੇ ਡਾ. ਪ੍ਰੋਟਰ ਵੀ ਸਨ ਜਿਨ੍ਹਾਂ ਨੇ ਕੈਲਸ਼ੀਅਮ ਰਿਲੀਜ਼ ਕਰਨ ਵਾਲੀ ਮਸ਼ੀਨਰੀ ਦਾ ਇਕ 3-ਡੀ ਕੰਪਿਊਟਰ ਮਾਡਲ ਤਿਆਰ ਕੀਤਾ ਹੈ ਜਿਸ ਦੇ ਢਾਂਚੇ ਵਿਚ ਕੈਲਸ਼ੀਅਮ ਦੀ ਅਹਿਮੀਅਤ ਨੂੰ ਵਿਖਾਇਆ ਗਿਆ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਨੂੰ ਦਿਲ ਦੇ ਫੇਲ੍ਹ ਹੋਣ ਦੇ ਕਾਰਨਾਂ ਨੂੰ ਬਿਹਤਰ ਢੰਗ ਨਾਲ ਸਮਝਣ ਵਿਚ ਮਦਦ ਮਿਲੇਗੀ ਕਿਉਂਕਿ ਇਹ ਗੱਲ ਸਾਹਮਣੇ ਆਈ ਹੈ ਕਿ ਅਸਲ 'ਚ ਅਜਿਹਾ ਕੈਲਸ਼ੀਅਮ ਰਿਲੀਜ਼ ਕਰਨ ਵਾਲੇ ਢਾਂਚੇ ਵਿਚ ਨੁਕਸ ਕਾਰਨ ਵਾਪਰਦਾ ਹੈ। ਇਸ ਅਧਿਐਨ ਬਾਰੇ ਰਿਪੋਰਟ ਸਾਇੰਸ ਰਸਾਲੇ ਬਾਇਓਫਿਜ਼ਿਕਸ ਵਿਚ ਛਪੀ ਹੈ।

# ਮੁਹੰਮਦ ਮੁਰਸੀ ਖਿਲਾਫ ਡਟੇ ਹੁਣ ਮਿਸਰ ਵਾਸੀ

**ਕਾਹਿਰਾ:** ਮਿਸਰ ਵਿਚ ਰਾਸ਼ਟਰਪਤੀ ਮੁਹੰਮਦ ਮੁਰਸੀ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਲੱਖਾਂ ਲੋਕ ਸੜਕਾਂ 'ਤੇ ਆ ਗਏ ਹਨ ਤੇ ਇਸ ਦੌਰਾਨ ਮਿਸਰ ਵਿਚ 16 ਮੁਜ਼ਾਹਰਾਕਾਰੀ ਮਾਰੇ ਗਏ ਤੇ ਸੈਂਕੜੇ ਲੋਕ ਜ਼ਖ਼ਮੀ ਹੋਏ। ਵਿਰੋਧੀਆਂ ਨੇ ਮੁਰਸੀ ਨੂੰ ਸੱਤਾ ਤੋਂ ਲਾਂਭੇ ਹੋਣ ਲਈ ਦੋ ਜੁਲਾਈ ਦਾ ਸਮਾਂ ਦਿੱਤਾ ਸੀ। ਮਿਸਰ ਦੇ ਇਤਿਹਾਸ ਵਿਚ ਇਹ ਹੁਣ ਤਕ ਦਾ ਸਭ ਤੋਂ ਵੱਡਾ ਮੁਜ਼ਾਹਰਾ ਸੀ।

ਮਿਸਰ ਦੇ ਇਤਿਹਾਸਕ ਤਹਿਰੀਰ ਚੌਕ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਤਰ ਹੋਏ। ਬਾਗੀਆਂ ਵੱਲੋਂ ਇਸਲਾਮਕ ਰਾਸ਼ਟਰਪਤੀ ਵਿਰੁਧ ਹਸਤਾਖਰੀ ਮੁਹਿੰਮ ਅਰੰਭੀ ਹੋਈ ਹੈ ਤੇ ਉਹ ਮੰਗ ਕਰ ਰਹੇ ਹਨ ਕਿ ਰਾਸ਼ਟਰਪਤੀ ਮੁਰਸੀ ਸੱਤਾ ਤੋਂ ਲਾਂਭੇ ਹੋ ਕੇ ਤੁਰੰਤ ਚੋਣਾਂ ਦਾ ਐਲਾਨ ਕਰੇ। ਤਾਮਾਰੋਡ ਵੱਲੋਂ ਆਪਣੀ ਵੈਬਸਾਈਟ ਉਤੇ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜੇ ਮੁਰਸੀ ਸੱਤਾ ਤੋਂ ਲਾਂਭੇ ਨਹੀਂ ਹੁੰਦਾ ਤਾਂ ਫਿਰ ਸਿਵਲ ਨਾ ਫੁਰਮਾਨੀ ਲਹਿਰ ਚਲਾਈ ਜਾਵੇਗੀ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.





STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia Florida • Idaho • Iowa • Indiana • Illinois • Kansas • Louisiana • Maryland • Mississippi • Michigan Minnesota • Nevada • New Jersey • New York • New Mexico • Oregon • Ohio • Oklahoma Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

# ਮੇਰੀ ਕਾਲਮਨਵੀਸੀ ਦਾ ਗੁਰੂ ਖੁਸ਼ਵੰਤ ਸਿੰਘ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਖੁਸ਼ਵੰਤ ਸਿੰਘ ਕਾਲਮਨਵੀਸੀ ਦਾ ਸ਼ਾਹ ਸਵਾਰ ਹੈ। ਸੱਤ ਸਮੁੰਦਰ ਪਾਰ ਤੱਕ। ਉਸ ਦੇ ਕਾਲਮ ਛੇ ਦਰਜਨ ਪੱਤਰਾਂ ਵਿਚ ਛਪਦੇ ਰਹੇ ਹਨ। ਕੁੱਝ ਪੱਤਰ ਅਜਿਹੇ ਵੀ ਹਨ ਜਿਨ੍ਹਾਂ ਨੂੰ ਉਸ ਦਾ ਲਿਖਿਆ ਉਸ ਦੀ ਰਿਹਾਇਸ਼ ਤੋਂ ਬੰਦਾ ਭੇਜ ਕੇ ਮੰਗਵਾਉਣਾ ਪੈਂਦਾ ਹੈ। ਮੈਨੂੰ ਉਸ ਦੀ ਆਤਸ਼ਬਾਜ਼ੀ ਪਸੰਦ ਹੈ। ਉਹ ਇਸ ਨੂੰ ਮਘਦੀ ਰੱਖਣ ਲਈ ਇਤਿਹਾਸ ਤੇ ਮਿਥਿਹਾਸ ਨੂੰ ਰਲਗੱਡ ਵੀ ਕਰ ਸਕਦਾ ਹੈ। ਉਸ ਦੀ ਸਿਰਜਣਾ ਸ਼ਕਤੀ ਦਾ ਕੋਈ ਜਵਾਬ ਨਹੀਂ। ਇਹ ਖੇਲ ਛੇ ਦਹਾਕੇ ਤੋਂ ਜਾਰੀ ਹੈ। ਹੁਣ ਜਦ ਉਸ ਦੀ ਸਿਹਤ ਨਿਯਮ ਪਾਲਣ ਦੀ ਆਗਿਆ ਨਹੀਂ ਦਿੰਦੀ ਤਾਂ ਕਈ ਅਖਬਾਰ ਕਦੀ ਕਦਾਈਂ ਲਿਖੇ ਕਾਲਮ ਨੂੰ ਆਪਣੇ ਐਤਵਾਰੀ ਅੰਕ 'ਚ ਛਾਪ ਕੇ ਉਸ ਦੇ ਪਾਠਕਾਂ ਦੀ ਪਿਆਸ ਬੁਝਾਉਂਦੇ ਹਨ। ਉਹ ਮੇਰਾ ਗੁਰੂ ਹੈ। ਉਸ ਨੂੰ ਗੁਰੂ ਧਾਰਨ ਵੇਲੇ ਪਗੜੀ ਜਾਂ ਪਤਾਸਿਆਂ ਦੀ ਦਖਸ਼ਣਾ ਨਹੀਂ ਸੀ ਦਿੱਤੀ। ਚੁਪ ਚੁਪੀਤੇ ਹੀ ਧਾਰ ਲਿਆ ਸੀ। ਪਗੜੀ ਦੀ ਗੱਲ ਹੋਰ ਹੈ। ਉਹ ਵੀ ਕਰਾਂਗੇ।

ਜਦੋਂ ਮੈਂ ਕੁਲ-ਵਕਤੀ ਨੌਕਰੀ ਤੋਂ ਸੇਵਾ ਮੁਕਤ ਹੋਇਆ ਤਾਂ ਮੈਂ ਆਪਣਾ ਰੁਝੇਵਾਂ ਬਣਾਈ ਰੱਖਣ ਲਈ ਕਾਲਮਨਵੀਸੀ ਕਰਨ ਦੀ ਸੋਚੀ। ਕੋਈ ਇਕ ਵਿਸ਼ਾ ਮੇਰੀ ਪਕੜ ਵਿਚ ਨਹੀਂ ਸੀ ਆ ਰਿਹਾ। ਮੈਂ ਉਸ ਦੀ ਨਕਲ ਮਾਰੀ। ਪਹਿਲਾ ਪੀਸ ਉਸ ਦੀ ਭੰਗ ਦੇ ਪਕੌੜਿਆਂ ਤੇ ਪੌਦਿਆਂ ਦੀ ਉਤਸੁਕਤਾ ਬਾਰੇ ਲਿਖਿਆ। ਉਹ ਭੰਗ ਦੇ ਨਸ਼ੇ ਤੇ ਪੌਦਿਆ ਦੀ ਬਣਤਰ ਤੋਂ ਅਣਜਾਣ ਸੀ। ਇਹ ਗੱਲ ਉਸ ਨੇ ਮੈਨੂੰ ਕੁਰੂਕਸ਼ੇਤਰ ਇਕ ਸਮਾਗਮ 'ਤੇ ਜਾਂਦਿਆਂ ਦੱਸੀ ਸੀ। ਮੈਂ ਡਰਾਈਵਰ ਨੂੰ ਕਾਰ ਰੋਕਣ ਲਈ ਕਿਹਾ ਤੇ ਖੇਤਾਂ ਵਿਚ ਪੌਦੇ ਲੱਭਣ ਗਿਆ। ਇੱਕ, ਦੋ, ਤਿੰਨ ਕਿਸੇ ਥਾਂ ਨਾ ਮਿਲੇ। ਮੈਂ ਹਾਰ ਮੰਨ ਲਈ ਤੇ ਵਚਨ ਦਿੱਤਾ ਕਿ ਜਦੋਂ ਕਦੀ ਪੰਜਾਬ ਗਿਆ ਤਾਂ ਉਥੋਂ ਪੌਦਾ ਲੈ ਆਵਾਂਗਾ। ਉਹ ਮੇਰਾ ਮਿੱਤਰ ਹੀ ਨਹੀਂ, ਮੇਰੀ ਭਾਰਤੀ ਨਗਰ ਵਾਲੀ ਰਿਹਾਇਸ਼ ਦੇ ਬਹੁਤ ਨੇੜੇ ਹੋਣ ਕਾਰਨ ਮੇਰਾ ਗਵਾਂਢੀ ਵੀ ਸੀ। ਇੱਕ ਮੀਂਹ ਕਣੀ ਵਾਲੇ ਦਿਨ ਮੈਂ ਸ਼ਾਮ ਗੁਜ਼ਾਰਨ ਉਸ ਦੇ ਘਰ ਨੂੰ ਪੈਦਲ ਜਾ ਰਿਹਾ ਸਾਂ ਤਾਂ ਕੀ ਦੇਖਦਾ ਹਾਂ ਕਿ ਉਸ ਦੇ ਘਰ ਦੇ ਬਾਹਰ ਭੰਗ ਦੇ ਪੌਦਿਆਂ ਦਾ ਅੰਤ ਹੀ ਨਹੀਂ। ਮੈਂ ਇੱਕ



ਖੁਸ਼ਵੰਤ ਸਿੰਘ

ਪੌਦਾ ਪੁਟਿਆ ਤੇ ਗੁਰਦੁਆਰੇ ਦੇ ਨਲਕੇ ਤੋਂ ਉਸ ਦੀਆਂ ਜੜ੍ਹਾਂ ਦੀ ਮਿੱਟੀ ਲਾਹ ਕੇ ਉਸ ਨੂੰ ਜਾ ਫੜਾਇਆ। ਉਹ ਬੜਾ ਹੈਰਾਨ ਕਿ ਜਿਸ ਪੌਦੇ ਦੀ ਭਾਲ ਵਿਚ ਉਸ ਨੂੰ ਆਪਣੀ ਕਾਰ ਕੁਰੂਕਸ਼ੇਤਰ ਦੇ ਖੇਤਾਂ ਵਿਚ ਰੋਕਣੀ ਪਈ ਸੀ ਉਸ ਦੇ ਘਰ ਦੀ ਬੁੱਕਲ ਵਿਚ ਲਹਿਲਹਾ ਰਿਹਾ ਸੀ। ਮੈਂ ਇਸ ਗੱਲ ਨਾਲ ਇਕ-ਦੋ ਗੱਲਾਂ ਹੋਰ ਜੋੜ ਕੇ ਆਪਣੀ ਲਿਖਤ ਨੂੰ 'ਨਿੱਕ ਸੁੱਕ' ਦਾ ਨਾਂ ਦਿੱਤਾ ਤੇ ਪੰਜਾਬੀ ਦੀਆਂ ਪ੍ਰਮੁੱਖ ਅਖਬਾਰਾਂ ਨੂੰ ਮਿਤੀ ਬੱਧ ਸ਼ਰਤ ਲਾ ਕੇ ਭੇਜ ਦਿੱਤਾ। ਮੇਰੀ ਇਹ ਲਿਖਤ ਕੇਵਲ 'ਅਜੀਤ' ਨੇ ਵਰਤੀ ਅਤੇ ਨਾਲ ਹੀ ਮੈਨੂੰ ਲਿਖਦੇ ਰਹਿਣ ਲਈ ਵੀ ਕਿਹਾ। ਮੇਰੀ ਇੱਛਾ ਤੇ ਉਨ੍ਹਾਂ ਦੀ ਮੰਗ ਨੂੰ ਅਜਿਹਾ ਬੂਰ ਪਿਆ ਕਿ ਮੈਨੂੰ ਇਸ ਦਾ ਫ਼ਲ ਖਾਂਦਿਆਂ ਬਾਰਾਂ ਸਾਲ ਹੋਣ ਵਾਲੇ ਨੇ। ਅੱਜ ਮੇਰੀ ਲਿਖਤ ਵੇਖਣ ਪੜ੍ਹਨ ਵਾਲੇ ਜੰਮੂ-ਕਸ਼ਮੀਰ, ਪੁਡੂਚੇਰੀ, ਮਨੀਪੁਰ ਤੇ ਗੋਆ ਤੱਕ ਦੇ ਰਾਜਪਾਲ ਹੀ ਨਹੀਂ ਪੰਜਾਬ-ਹਰਿਆਣਾ ਤੇ ਕੇਂਦਰ ਦੇ ਮੰਤਰੀ ਵੀ ਹਨ। ਇੱਕ 103 ਸਾਲਾ ਸੇਵਾ ਮੁਕਤ ਪੀ ਆਰ ਓ ਕੇ. ਐਸ. ਸੰਧੂ ਤੇ ਪ੍ਰਿੰਸੀਪਲ ਨਿਸ਼ਾਨ ਸਿੰਘ ਢਿੱਲੋਂ ਤਾਂ ਮੇਰਾ ਲਿਖਿਆ ਪੜ੍ਹ ਕੇ ਸੁਤੰਤਰਤਾ ਸੰਗਰਾਮ ਹੀ ਨਹੀਂ ਭਲੇ ਸਮਿਆਂ ਦੀਆਂ ਫਿਲਮਾਂ, ਦੀਵਾਨ ਸਿੰਘ ਕਾਲੇ ਪਾਣੀ ਦੀ ਔਲਾਦ ਮਰਹੂਮ ਸੰਸਦ ਮੈਂਬਰ ਦੇਵਿੰਦਰ ਗਰਚਾ ਆਦਿ ਦੀਆਂ ਗੱਲਾਂ ਵੀ ਛੇੜ ਲੈਂਦੇ ਹਨ, ਉਨ੍ਹਾਂ ਦੀਆਂ ਜੋ ਢਿਲੋਂ ਦੇ ਵਿਦਿਆਰਥੀ ਰਹੇ ਸਨ।

ਹੁਣ ਪਗੜੀ ਦੀ ਗੱਲ। 2004 ਵਿਚ ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਨੇ ਖੁਸ਼ਵੰਤ ਸਿੰਘ ਦੀ ਸਵੈ-ਜੀਵਨੀ 'ਮੌਜ ਮੇਲਾ' ਦੇ ਰਿਲੀਜ਼ ਸਮਾਗਮ ਤੇ ਖੁਸ਼ਵੰਤ ਸਿੰਘ ਨੂੰ ਪ੍ਰੈਸ ਕਲੱਬ ਸੱਦ ਲਿਆ। ਉਹ ਕਸੌਲੀ ਤੋਂ ਤੁਰਨ ਲਗਿਆ ਤਾਂ ਉਥੇ ਉਹਦੇ ਕੋਲ ਆਪਣੀ ਇੱਕ ਵੀ ਪਗੜੀ ਨਹੀਂ ਮਿਲੀ। ਚੰਡੀਗੜ੍ਹ ਪਹੁੰਚ ਕੇ ਮੇਰੀਆਂ ਪੱਗਾਂ ਵਿਚੋਂ ਜਿਹੜੀ ਪੱਗ ਚੁਣ ਕੇ ਬੰਨ੍ਹੀ ਸਮਾਗਮ ਸਮੇਂ ਦੀਆਂ ਸਭ ਤਸਵੀਰਾਂ ਉਸ ਪੱਗ ਵਾਲੀਆਂ ਸਨ। ਟ੍ਰਿਬਿਊਨ ਵਾਲਿਆਂ ਤਾਂ ਉਸ ਦਿਨ ਤੋਂ ਉਸ ਦੇ ਕਾਲਮ ਨਾਲ ਮੇਰੀ ਪੱਗ ਵਾਲੀ ਤਸਵੀਰ ਹੀ ਛਾਪੀ ਹੈ। ਮੈਂ ਨਹੀਂ ਸੀ ਸੋਚਿਆ ਕਿ ਜਿਸ ਹਸਤੀ ਨੂੰ ਗੁਰੂ ਧਾਰਨ ਵੇਲੇ ਮੈਂ ਪਗੜੀ ਦੀ ਦਖਸ਼ਣਾ ਨਹੀਂ ਸੀ ਦਿੱਤੀ ਉਸ ਦੇ ਸਿਰ ਉਤੇ ਮੇਰੀ ਪਗੜੀ ਸੁੱਤੇ ਸਿੱਧ ਹੀ ਜਾ ਪਹੁੰਚੇਗੀ। ਉਹ ਵੀ ਘੜੀ ਪਲ ਵਾਸਤੇ ਨਹੀਂ ਸਗੋਂ ਸਥਾਈ ਤੌਰ 'ਤੇ। ਪਗੜੀ ਤਾਂ ਉਸ ਦੇ ਪਾਠਕ ਇੱਕ ਦਹਾਕੇ ਤੋਂ ਵੇਖ ਰਹੇ ਸਨ, ਪਤਾਸੇ ਕਦੀ ਕਦਾਈਂ ਖਾਂਦੇ ਹਾਂ। ਆਰਕ ਦੇ ਰੂਪ ਵਿਚ। ਵਾਰਸ ਸ਼ਾਹ ਲੁਕਾਵੀਏ ਖਲਕ ਕੋਲੋਂ ਭਾਵੇਂ ਆਪਣਾ ਹੀ ਗੁੜ ਖਾਵੀਏ ਜੀ। ਇੰਸ਼ਾ ਅੱਲ੍ਹਾ ਇਹ ਸਿਲਸਿਲਾ ਬਣਿਆ ਰਹੇ।

### ਹਿਮਾਲਾ ਵਿਚ ਕੁਦਰਤ ਦੀ ਕਰੋਪੀ

ਜਦੋਂ ਹਿਮਾਲੀਆ ਪਰਬਤ ਦੀ ਤਬਾਹੀ ਦੀਆਂ ਖਬਰਾਂ ਮਿਲ ਰਹੀਆਂ ਸਨ, ਮੈਂ ਸੋਲਨ ਦੇ ਨੇੜੇ ਕੁਮਾਰਹੱਟੀ ਠਹਿਰਿਆ ਹੋਇਆ ਸਾਂ। ਬੱਦਲ ਫਟਣ ਨਾਲ ਪਾਣੀ ਦੀ ਲਪੇਟ ਵਿਚ ਆਏ ਮਹਿਲ, ਅੰਦਰ ਤੇ ਮਾਨਵ ਅਣਕਿਆਸਿਆ ਦੁੱਖ ਭੋਗ ਰਹੇ ਸਨ ਅਤੇ ਕਈ ਲੁਟੇਰੇ ਸਾਧੂਆਂ ਦਾ ਵੇਸ ਵਟਾ ਕੇ ਮੰਦਰਾਂ ਦੀਆਂ ਤਿਜੌਰੀਆਂ ਤੇ ਗੋਲਕਾਂ ਵਿਚੋਂ ਲੱਖਾਂ ਕਰੋੜਾਂ ਦੀ ਲੁੱਟ ਮਚਾ ਰਹੇ ਸਨ। ਪਰਬਤ ਜਾਇਆਂ ਦੀ ਸ਼ਰਧਾ ਦਾ ਇਹ ਹਾਲ ਕਿ ਇਨ੍ਹਾਂ ਦੀ ਦਿਨਾਂ ਵਿਚ ਸੋਲਨ ਤੇ ਆਸ-ਪਾਸ ਦੀ ਪੂਰੀ ਵਸੋਂ ਸ਼ੂਲਿਨੀ ਮਾਂ ਦੀ ਉਸਤਤ ਵਿਚ ਤਿੰਨ ਰੋਜ਼ਾ ਸ਼ੂਲਿਨੀ ਮੇਲਾ ਰਚਾ ਕੇ ਭਜਨ ਬੰਦਗੀ ਵੀ ਕਰ ਰਹੇ ਸਨ ਤੇ ਪ੍ਰਸਿੱਧ ਕਲਾਕਾਰਾਂ ਦੇ ਰਚਾਏ ਸਭਿਆਚਾਰਕ ਨਾਚ ਗਾਣਿਆਂ ਦਾ ਅਨੰਦ ਮਾਨਣ ਲਈ ਵੀ ਹੁਮ ਹੁਮਾ ਕੇ ਆਏ ਹੋਏ ਸਨ। ਹਰ ਰੋਜ਼ ਰਾਜ ਸਰਕਾਰ ਦਾ ਕੋਈ ਮੰਤਰੀ ਉਸ ਦਿਨ ਦੀਆਂ ਰੰਗ-ਰਲੀਆਂ ਦਾ ਉਦਘਾਟਨ ਕਰਨ ਆਉਂਦਾ ਸੀ। ਤੇ ਲੋਕ ਇਸ ਸਭ ਕਾਸੇ ਨੂੰ 'ਰੱਬ ਦੇ ਰੰਗ' ਦਾ ਨਾਂ ਦੇ ਰਹੇ ਸਨ। ਸਾਡੀ ਹਮਦਰਦੀ ਤਾਂ ਪੀੜਤਾਂ ਨਾਲ ਹੈ। ਰੱਬ ਤਾਂ ਕਿਧਰੇ ਹਾਜ਼ਰ ਹੀ ਨਹੀਂ ਸੀ।

### ਪੰਜਾਬੀ ਨਾਟਕ ਦੇ ਸੌ ਸਾਲ


ਪੰਜਾਬੀਆਂ ਨੂੰ ਰੰਗ ਮੰਚ ਦੀ ਚੇਟਕ ਲਾਉਣ ਵਾਲੀ ਯੂਰਪੀ ਮਹਿਲਾ ਨੋਰ੍ਹਾ ਰਿਚਰਡ ਸੀ। ਉਸ ਦੀ ਪ੍ਰੇਰਨਾ ਨਾਲ ਈਸ਼ਵਰ ਚੰਦਰ ਨੰਦਾ ਨੇ ਪਹਿਲਾ ਨਾਟਕ 1913 ਵਿਚ ਖੇਡਿਆ ਸੀ। ਹੁਣ ਸੌ ਸਾਲ ਪਿੱਛੋਂ ਡਾ. ਸਾਹਿਬ ਸਿੰਘ ਦੇ ਅਦਾਕਾਰ ਮੰਚ ਮੋਹਾਲੀ ਨੇ ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ ਦੇ ਸਹਿਯੋਗ ਨਾਲ ਪੰਜਾਬੀ ਨਾਟਕ ਦੀ ਸ਼ਤਾਬਦੀ ਮਨਾਈ ਹੈ। ਇਸ ਵਿਚ ਆਈ ਸੀ ਨੰਦਾ, ਹਰਚਰਨ ਸਿੰਘ ਤੇ ਬਲਵੰਤ ਗਾਰਗੀ ਆਦਿ ਪੁਰਾਣੇ ਮਹਾਰਥੀਆਂ ਤੋਂ ਇਲਾਵਾ ਗੁਰਚਰਨ ਸਿੰਘ ਜਸੂਜਾ, ਹਰਸ਼ਰਨ ਸਿੰਘ ਤੇ ਗੁਰਸ਼ਰਨ ਸਿੰਘ ਦੇ ਨਾਟਕਾਂ ਦੇ ਨਾਲ ਨਾਲ ਸਾਹਿਬ ਸਿੰਘ ਨੇ ਆਪਣਾ ਨਾਟਕ ਵੀ ਖੇਡਿਆ। ਨਾਟਕਾਂ ਦੀ ਪੇਸ਼ਕਾਰੀ ਤੇ ਵਿਉਂਤਬੰਦੀ ਦੀ ਸ਼ਲਾਘਾ ਹੋਈ। ਅੰਤਲੇ ਦਿਨ ਪੰਜਾਬੀ ਨਾਟਕ ਦੇ ਸੌ ਸਾਲਾਂ ਬਾਰੇ ਸੈਮੀਨਾਰ ਵੀ ਹੋਇਆ ਜਿਸ ਵਿਚ ਨੋਰ੍ਹਾ ਰਿਚਰਡ ਦੀ ਦੇਣ ਦਾ ਜ਼ਿਕਰ ਸੀ। ਫੇਰ ਵੀ ਅਸੀਂ ਚਾਹੁੰਦੇ ਸਾਂ ਕਿ ਨੋਰ੍ਹਾ ਰਿਚਰਡ ਦੀ ਹਾਜ਼ਰੀ ਮੰਚ ਉਤੇ ਵੀ ਲਗ ਜਾਂਦੀ ਤਾਂ ਬਹੁਤ ਚੰਗੀ ਗੱਲ ਹੁੰਦੀ ਭਾਵੇਂ ਮੰਚ ਦੇ ਕਿਸੇ ਢੁਕਵੇਂ ਸਥਾਨ ਉਤੇ ਉਸ ਦੀ ਤਸਵੀਰ ਹੀ ਕਿਉਂ ਨਾ ਲਾਈ ਜਾਂਦੀ। ਕੁੱਲ ਮਿਲਾ ਕੇ ਇਹ ਉਦਮ ਬਹੁਤ ਵਧੀਆ ਸੀ।

**ਅੰਤਿਕਾ:** (ਸੁਰਿੰਦਰ ਗਿੱਲ ਦੀ 'ਰਸੀਆਂ ਨਿੰਮੋਲੀਆਂ' ਵਿਚੋਂ)

ਸਾਉਣ ਮਹੀਨੇ ਰੰਗਲੀ ਰੁੱਤੇ
ਤੂੰ ਪ੍ਰਦੇਸਣ ਹੋਈ,
ਧੁਖਦੇ ਦਿਲ ਦੀ ਦਰਦ ਕਹਾਣੀ
ਕਿਸ ਨੂੰ ਆਖ ਸੁਣਾਵਾਂ।
ਕਰਾਂ ਉਡੀਕਾਂ ਮੇਰਾ ਸਾਵਣ
ਸੁੱਕਾ ਨਾ ਲੰਘ ਜਾਵੇ,
ਉਤਰ, ਪੂਰਬ, ਗੁੱਠੋਂ
ਉਠੀਆਂ ਅਹੁ ਘਣਘੋਰ ਘਟਾਵਾਂ।

# ਬੱਚਿਆਂ ਲਈ ਸਰੀਰਕ ਖੇਡਾਂ ਵੀ ਜ਼ਰੂਰੀ

ਖੇਡ ਤੇ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 905-799-1661

ਇੱਕੀਵੀਂ ਸਦੀ ਨੂੰ ਕੰਪਿਊਟਰ, ਮੋਬਾਈਲ ਤੇ ਇੰਟਰਨੈਟ ਦਾ ਯੁਗ ਕਿਹਾ ਜਾ ਰਿਹੈ। ਇਸ ਦੌਰ ਦੀਆਂ ਖੇਡਾਂ ਵੀ ਕੰਪਿਊਟਰੀ ਬਣਦੀਆਂ ਜਾ ਰਹੀਆਂ ਨੇ। ਬੱਚੇ ਬੈਠੇ ਬਿਠਾਏ ਕੰਪਿਊਟਰੀ ਖੇਡਾਂ ਵਿਚ ਮਸਤ ਹੋ ਰਹੇ ਨੇ। ਬਹੁਤ ਸਾਰੇ ਮਾਪੇ ਵੀ ਆਪਣੇ ਬੱਚਿਆਂ ਨੂੰ ਅਜਿਹੀਆਂ ਖੇਡਾਂ ਵਿਚ ਮਸਤ ਵੇਖ ਕੇ ਮਸਤ ਨੇ। ਅਖੇ ਸਾਡਾ ਬੱਚਾ ਸਮੇਂ ਦੇ ਹਾਣ ਦਾ ਹੋ ਰਿਹੈ! ਇਨਫਰਮੇਸ਼ਨ ਟੈਕਨਾਲੋਜੀ ਦੇ ਲੜ ਲੱਗ ਰਿਹੈ। ਇਹਦੇ ਵਿਚ ਈ ਇਹਦਾ 'ਕੈਰੀਅਰ' ਏ। ਕੀ ਲੈਣੈ ਇਹਨੇ ਸਰੀਰਕ ਖੇਡਾਂ ਤੋਂ? ਕਿਉਂ ਸਮਾਂ ਜ਼ਾਇਆ ਕਰੇ ਜ਼ੋਰ ਲਾਉਣ ਵਾਲੀਆਂ ਖੇਡਾਂ 'ਤੇ? ਕਿਉਂ ਹੋਵੇ ਮੁੜ੍ਹਕੋ-ਮੁੜ੍ਹਕੀ? ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਸਰੀਰ ਨਾਲ ਹੀ ਦਿਮਾਗ ਹੈ। ਸਿਆਣਿਆਂ ਨੇ ਬਹੁਤ ਪਹਿਲਾਂ ਕਿਹਾ ਸੀ ਕਿ ਤੇਜ਼ ਦਿਮਾਗ ਦਾ ਵਾਸ ਤਕੜੇ ਸਰੀਰ ਵਿਚ ਹੀ ਹੋ ਸਕਦੈ। ਸਿਹਤ ਨਹੀਂ ਤਾਂ ਕੁਝ ਵੀ ਨਹੀਂ। ਸਰੀਰੋਂ ਮਾੜੇ ਬਿਮਾਰ ਬੰਦੇ ਲਈ ਧਨ ਦੌਲਤ, ਹੁਸਨ ਇਸ਼ਕ, ਖੁਸ਼ੀ ਖੇੜੇ ਤੇ ਪ੍ਰਸੰਨ ਲੰਮੀ ਉਮਰ ਦੇ ਕੋਈ ਅਰਥ ਨਹੀਂ ਰਹਿ ਜਾਂਦੇ। ਜਾਨ ਨਾਲ ਈ ਜਹਾਨ ਐ। ਜਾਨਦਾਰ ਬੰਦੇ ਨੂੰ ਹੀ ਦੁਨੀਆ ਸੋਹਣੀ ਲੱਗਦੀ ਐ।

ਹਰ ਬੱਚੇ ਅੰਦਰ ਹਾਕੀ ਦਾ ਬਲਬੀਰ ਸਿੰਘ ਪਿਆ ਹੁੰਦਾ ਹੈ ਤੇ ਹਰੇਕ ਅੰਦਰ ਫਲਾਈਂਗ ਸਿੱਖ ਮਿਲਖਾ ਸਿੰਘ। ਕਿਸੇ ਅੰਦਰੋਂ ਜਾਗ ਪੈਂਦੈ, ਕਿਸੇ ਅੰਦਰ ਸੁੱਤਾ ਪਿਆ ਰਹਿੰਦੈ। ਕੋਈ ਜਗਾਉਂਦਾ ਈ ਨਹੀਂ। ਊਧਮ ਸਿੰਘ, ਬਿਸ਼ਨ ਸਿੰਘ ਬੇਦੀ, ਜਰਨੈਲ ਸਿੰਘ, ਪ੍ਰਿਥੀਪਾਲ ਸਿੰਘ, ਕਰਤਾਰ ਸਿੰਘ, ਪਰਗਟ ਸਿੰਘ ਤੇ ਅਭਿਨਵ ਬਿੰਦਰਾ ਵਰਗੇ ਖਿਡਾਰੀ ਬੱਚਿਆਂ ਅੰਦਰੋਂ ਜਾਗ ਕੇ ਹੀ ਵੱਡੇ ਹੁੰਦੇ ਰਹੇ ਹਨ। ਉਨ੍ਹਾਂ ਦੀ ਮਹਿਮਾ ਦੂਰ ਦੂਰ ਤਕ ਪਹੁੰਚੀ। ਹਰ ਬੱਚਾ ਗੁਣਾਂ ਦੀ ਖਾਣ ਹੁੰਦੈ। ਉਸ ਨੂੰ ਯੋਗ ਹਾਲਾਤ ਮਿਲ ਜਾਣ ਤਾਂ ਉਹ ਕੁਝ ਵੀ ਕਰ ਸਕਦੈ। ਉਹ ਚੈਂਪੀਅਨ ਖਿਡਾਰੀ ਬਣ ਸਕਦੈ, ਨਾਮੀ ਕਲਾਕਾਰ, ਡਾਕਟਰ, ਵਕੀਲ, ਇੰਜੀਨੀਅਰ, ਸਿਆਸਤਦਾਨ ਤੇ ਵੱਡਾ ਵਿਦਵਾਨ ਯਾਨਿ ਕੁਝ ਵੀ ਬਣ ਕੇ ਵਿਖਾ ਸਕਦੈ। ਨਾ ਧਿਆਨ ਦੇਈਏ ਤਾਂ ਚੋਰ ਡਾਕੂ ਵੀ ਬਣ ਸਕਦੈ। ਬੱਚੇ ਅੰਦਰ ਕੁਝ ਵੀ ਬਣਨ ਦੀਆਂ ਅਥਾਹ ਸੰਭਾਵਨਾਵਾਂ ਹੁੰਦੀਆਂ ਹਨ। ਪਹਿਲੀ ਲੋੜ ਉਨ੍ਹਾਂ ਨੂੰ ਪਛਾਣਨ ਦੀ ਹੈ ਤੇ ਦੂਜੀ ਉਨ੍ਹਾਂ ਨੂੰ ਸਾਣ ਚਾੜ੍ਹਨ ਦੀ।

ਅਜੋਕੇ ਦੌਰ 'ਚ ਆਮ ਮਾਪਿਆਂ ਦੇ ਸਿਰਾਂ ਉਤੇ ਆਪਣੇ ਬੱਚਿਆਂ ਦਾ 'ਕੈਰੀਅਰ' ਬਣਾਉਣ ਦਾ ਭੂਤ ਸਵਾਰ ਹੈ। ਕੈਰੀਅਰ ਬਣਾਉਂਦਿਆਂ ਉਨ੍ਹਾਂ ਨੇ ਬੱਚਿਆਂ ਦਾ ਬਚਪਨ ਖੋਹ ਲਿਆ ਹੈ ਤੇ ਜੁਆਨਾਂ ਦੀ ਜੁਆਨੀ। ਖੇਡਣ ਮੱਲ੍ਹਣ ਵਾਲੇ ਬਚਪਨ ਨੂੰ ਪੜ੍ਹਾਈ ਲਿਖਾਈ ਦੇ ਬਸਤਿਆਂ 'ਚ ਦੱਬ ਦਿੱਤਾ ਹੈ ਤੇ ਵਿਆਹ ਸ਼ਾਦੀ ਵਾਲੀ ਜੁਆਨੀ ਕੈਰੀਅਰ ਦੀਆਂ ਮੰਜ਼ਿਲਾਂ ਮਾਰਨ ਦੇ ਲੇਖੇ ਲਾ ਦਿੱਤੀ ਹੈ। ਵਿਆਹ ਸ਼ਾਦੀਆਂ ਹੁਣ ਢਲੀ ਜੁਆਨੀ 'ਚ ਹੋਣ ਲੱਗੀਆਂ ਹਨ ਤੇ ਬੁਢੇਪਾ ਜੁਆਨੀ ਦੇ ਝੋਰੇ ਝੁਰਦਿਆਂ ਲੰਘਦਾ ਹੈ। ਜਿਸ ਜੀਵਨ ਵਿਚ ਨਾ ਬਚਪਨ ਮਾਣਿਆਂ ਜਾ ਸਕੇ ਨਾ ਜੁਆਨੀ, ਉਹ ਕਾਹਦਾ ਜੀਵਨ! ਕੁਦਰਤੀ ਵਹਾਅ ਦੇ ਉਲਟ ਵਹਿਣ ਦਾ ਨਤੀਜਾ ਵੀ ਉਲਟ ਈ ਨਿਕਲਦੈ। ਅਨੇਕਾਂ ਬੱਚਿਆਂ ਨੂੰ ਪੜ੍ਹਾਈ ਲਿਖਾਈ ਦੇ ਬੋਝ ਥੱਲੇ ਏਨਾ ਦੱਬ ਦਿੱਤਾ ਜਾਂਦੈ ਕਿ ਸਰੀਰਕ ਖੇਡਾਂ ਖੇਡਣ ਦਾ ਕੋਈ ਵਕਤ ਈ ਨਹੀਂ ਬਚਦਾ। ਕੋਈ ਕਸਰਤ ਨਹੀਂ ਹੁੰਦੀ, ਕੋਈ ਜ਼ੋਰ ਨਹੀਂ ਲੱਗਦਾ, ਜਿਸ ਕਰਕੇ ਸਰੀਰ ਨਾ ਜ਼ੋਰਾਵਰ ਬਣਦੈ ਨਾ ਹੰਢਣਸਾਰ। ਅਜਿਹੇ ਬੱਚੇ ਪੜ੍ਹਾਈ ਲਿਖਾਈ 'ਚ ਤਾਂ ਚੰਗੇ ਨੰਬਰ ਲੈ ਜਾਂਦੇ ਨੇ ਪਰ ਸਿਹਤ ਪੱਖੋਂ ਨਿੱਘਰ ਜਾਂਦੇ ਨੇ।

ਜੇਕਰ ਕੈਰੀਅਰ ਬਣਾਉਣ ਦੀ ਗੱਲ ਹੀ ਕਰਨੀ ਹੋਵੇ ਤਾਂ ਪੜ੍ਹਾਈ ਲਿਖਾਈ ਦੇ ਨਾਲ ਜ਼ੋਰ ਲੁਆਉਣ ਵਾਲੀਆਂ ਖੇਡਾਂ ਖੇਡ ਕੇ ਕੈਰੀਅਰ ਹੋਰ ਵੀ ਚੰਗਾ ਬਣ ਸਕਦੈ। ਅਜਿਹੇ ਸੁਆਲ ਅਕਸਰ ਪੁੱਛੇ ਜਾਂਦੇ ਨੇ ਕਿ ਬੱਚਿਆਂ ਨੂੰ ਕਿਹੜੀਆਂ ਖੇਡਾਂ ਵਿਚ ਪਾਈਏ? ਖੇਡਾਂ ਬਹੁਤ ਹਨ ਤੇ ਹਰ ਖੇਡ ਦੀ ਆਪਣੀ ਅਹਿਮੀਅਤ ਹੈ। ਕਈ ਖੇਡਾਂ ਨਿਰੀਆਂ ਦਿਮਾਗੀ ਹੁੰਦੀਆਂ ਹਨ ਤੇ ਕਈ ਦਿਮਾਗੀ ਹੋਣ ਦੇ ਨਾਲ ਜਿਸਮਾਨੀ ਵੀ ਹੁੰਦੀਆਂ ਹਨ। ਬੱਚਿਆਂ ਨੂੰ ਦੋਹਾਂ ਤਰ੍ਹਾਂ ਦੀਆਂ ਖੇਡਾਂ ਪਸੰਦ ਹਨ। ਅਖਬਾਰੀ ਬੁਝਾਰਤਾਂ, ਕੰਪਿਊਟਰ ਤੇ ਆਈ ਪੌਡ ਆਦਿ ਦੀਆਂ ਖੇਡਾਂ ਨਿਰੋਲ ਦਿਮਾਗੀ ਹਨ। ਜਿਸਮ ਦਾ ਇਨ੍ਹਾਂ ਵਿਚ ਕੋਈ ਜ਼ੋਰ ਨਹੀਂ ਲੱਗਦਾ ਜਿਸ ਕਰਕੇ ਸਰੀਰਕ ਕਸਰਤ ਨਹੀਂ ਹੁੰਦੀ। ਆਮ ਵੇਖਿਆ ਗਿਐ ਕਿ ਜਿਹੜੇ ਬੱਚੇ ਸਰੀਰਕ ਜ਼ੋਰ ਲੁਆਉਣ ਵਾਲੀਆਂ ਖੇਡਾਂ ਨਹੀਂ ਖੇਡਦੇ ਉਹ ਸਿਹਤ ਪੱਖੋਂ ਕਮਜ਼ੋਰ ਰਹਿ ਜਾਂਦੇ ਨੇ ਤੇ ਬਿਮਾਰੀਆਂ ਦਾ ਸ਼ਿਕਾਰ ਹੁੰਦੇ ਰਹਿੰਦੇ ਨੇ। ਉਨ੍ਹਾਂ ਨੂੰ ਨਾ ਪੂਰੀ ਭੁੱਖ ਲੱਗਦੀ ਹੈ ਤੇ ਨਾ ਪੂਰੀ ਨੀਂਦ ਆਉਂਦੀ ਹੈ। ਇਸ ਲਈ ਜ਼ਰੂਰੀ ਹੈ ਕਿ ਕੁਦਰਤੀ ਜਜ਼ਬੇ 'ਨੱਚਣ ਕੁੱਦਣ ਮਨ ਕਾ ਚਾਓ' ਅਨੁਸਾਰ ਬੱਚਿਆਂ ਨੂੰ ਦੌੜਨ ਕੁੱਦਣ ਵਾਲੀਆਂ ਖੇਡਾਂ ਖੇਡਣ ਦੇ ਵੀ ਮੌਕੇ ਦਿੱਤੇ ਜਾਣ। ਬੱਚਿਆਂ ਦੀ ਬਿਹਤਰ ਸਿਹਤ ਤੇ ਚੰਗੇ ਕੈਰੀਅਰ ਬਣਾਉਣ ਲਈ ਸੰਤੁਲਤ ਪਹੁੰਚ ਅਪਨਾਉਣ ਦੀ ਲੋੜ ਹੈ ਨਾ ਕਿ ਇਕੋ ਪਾਸੇ ਉਲਾਰ ਹੋਣ ਦੀ। ਹੁਣ ਤਾਂ ਜ਼ੋਰ ਵਾਲੀਆਂ ਖੇਡਾਂ ਵਿਚ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਲਈ ਵਜ਼ੀਫੇ ਵੀ ਹਨ, ਵਿਸ਼ੇਸ਼ ਕੋਰਸਾਂ ਵਿਚ ਦਾਖਲੇ ਲਈ ਰਿਜ਼ਰਵ ਸੀਟਾਂ ਵੀ ਤੇ ਮਹਿਕਮਿਆਂ ਵਿਚ ਰਾਖਵੀਆਂ ਨੌਕਰੀਆਂ ਵੀ। ਹੁਣ ਖੇਡਾਂ ਵਿਚ ਲੱਖਾਂ ਨਹੀਂ ਕਰੋੜਾਂ ਦੇ ਇਨਾਮ ਹਨ ਤੇ ਮਾਨ ਸਨਮਾਨ ਵਾਧੂ ਦੇ। ਕੋਈ ਅੱਗੇ ਵਧ ਕੇ ਤਾਂ ਵਿਖਾਵੇ!



ਬੱਚਿਆਂ ਨੂੰ ਖੇਡਾਂ ਵਿਚ ਪਾਉਣ ਲਈ ਕੋਈ ਬਹੁਤਾ ਤਰੱਦਦ ਵੀ ਨਹੀਂ ਕਰਨਾ ਪੈਂਦਾ ਕਿਉਂਕਿ ਉਨ੍ਹਾਂ ਵਿਚ ਖੇਡਾਂ ਖੇਡਣ ਦੀ ਖਿੱਚ ਕੁਦਰਤੀ ਹੁੰਦੀ ਹੈ। ਦਿਮਾਗੀ ਖੇਡਾਂ ਲਈ ਵੀ ਤੇ ਸਰੀਰਕ ਖੇਡਾਂ ਲਈ ਵੀ। ਮੈਥੋਂ ਅਕਸਰ ਪੁੱਛਿਆ ਜਾਂਦੈ ਕਿ ਬੱਚਿਆਂ ਨੂੰ ਫਿਰ ਕਿਹੜੀਆਂ ਸਰੀਰਕ ਖੇਡਾਂ ਵਿਚ ਪਾਈਏ? ਅੱਜ ਕੱਲ੍ਹ ਕਿਹੜੀ ਖੇਡ ਦੀ ਕਦਰ ਵੱਧ ਹੈ? ਕਿਹੜੀ ਖੇਡ 'ਚ ਬੱਚੇ ਦਾ ਕੈਰੀਅਰ ਵਧੀਆ ਬਣ ਸਕਦੈ? ਆਮ ਵੇਖਿਆ ਜਾਂਦੈ ਕਿ ਮਾਪੇ ਆਪਣੇ ਬੱਚਿਆਂ ਦੀ ਪੜ੍ਹਾਈ ਦੇ ਕੋਰਸਾਂ ਦੀ ਚੋਣ ਵੀ ਇਹ ਵੇਖ ਕੇ ਕਰਦੇ ਨੇ ਕਿ ਕਿਸ ਕੋਰਸ ਦੀ ਵਧੇਰੇ ਕਦਰ ਹੈ? ਮਤਲਬ ਕਿਹੜਾ ਕੋਰਸ ਕਰਨ ਨਾਲ ਚੰਗੀ ਨੌਕਰੀ ਮਿਲ ਸਕਦੀ ਹੈ? ਬੱਚੇ ਦੀ ਰੁਚੀ ਵੇਖਣ ਦੀ ਥਾਂ ਅਕਸਰ ਏਹੋ ਆਖਿਆ ਜਾਂਦੈ, "ਰੁਚੀ-ਰਚੀ ਨੂੰ ਛੱਡੋ ਜੀ, ਬੱਚੇ ਦਾ ਕੈਰੀਅਰ ਦੇਖੋ, ਫਿਊਚਰ ਦੇਖੋ...।" ਪੜ੍ਹਾਈ ਹੋਵੇ ਜਾਂ ਖੇਡ, ਬੱਚੇ ਦੀ ਰੁਚੀ ਦੇ ਉਲਟ ਚੱਲਣ ਨਾਲ ਨਤੀਜਾ ਉਮੀਦ ਦੇ ਉਲਟ ਈ ਨਿਕਲਦੈ।


ਬੱਚੇ ਦੀ ਜਿਸ ਖੇਡ ਵਿਚ ਰੁਚੀ ਨਾ ਹੋਵੇ ਜਾਂ ਬੱਚੇ ਦਾ ਜੁੱਸਾ ਉਸ ਖੇਡ ਦੇ ਅਨੁਕੂਲ ਨਾ ਹੋਵੇ ਤਾਂ ਉਸ ਖੇਡ ਵਿਚ ਪਾਇਆ ਬੱਚਾ ਚੰਗੇ ਨਤੀਜੇ ਨਹੀਂ ਦੇ ਸਕਦਾ। ਚਾਹੁਣ ਨੂੰ ਤਾਂ ਸਭ ਮਾਪੇ ਚਾਹੁੰਦੇ ਹਨ ਕਿ ਉਨ੍ਹਾਂ ਦਾ ਬੱਚਾ ਸਿਰੇ ਦਾ ਖਿਡਾਰੀ ਹੋਵੇ ਤੇ ਏਸ਼ੀਆ ਜਾਂ ਓਲੰਪਿਕ ਖੇਡਾਂ ਦਾ ਚੈਂਪੀਅਨ ਬਣੇ। ਬਣ ਵੀ ਸਕਦੈ ਪਰ ਇਹਦੇ ਲਈ ਹਾਲਾਤ ਵੇਖਣੇ ਚਾਹੀਦੇ ਨੇ ਤੇ ਬੱਚੇ ਦੀ ਸਰੀਰਕ ਸਮਰੱਥਾ ਦਾ ਵੀ ਅੰਦਾਜ਼ਾ ਲਾਉਣਾ ਚਾਹੀਦੈ। ਖੇਡਾਂ ਵਿਚ ਵਿਕਸਤ ਮੁਲਕਾਂ ਨੇ ਐਸੇ ਟੈਸਟ ਵਿਕਸਤ ਕਰ ਲਏ ਨੇ ਜਿਨ੍ਹਾਂ ਰਾਹੀਂ ਬੱਚੇ ਦੀ ਕਿਸੇ ਖੇਡ ਲਈ ਸਮਰੱਥਾ ਅੰਕ ਲਈ ਜਾਂਦੀ ਹੈ। ਫਿਰ ਉਸ ਨੂੰ ਮੁੱਢ ਤੋਂ ਹੀ ਉਤਮ ਖੇਡ ਸਿਖਲਾਈ ਦੇ ਕੇ ਮਨਇੱਛਤ ਨਤੀਜੇ ਹਾਸਲ ਕੀਤੇ ਜਾਂਦੇ ਹਨ। ਪਹਿਲਾਂ ਸੋਵੀਅਤ ਰੂਸ ਨੇ ਤੇ ਫਿਰ ਚੀਨ ਨੇ ਅਜਿਹਾ ਕੀਤਾ ਹੈ ਤੇ ਉਲੰਪਿਕ ਖੇਡਾਂ ਵਿਚ ਸਭ ਤੋਂ ਵੱਧ ਮੈਡਲ ਜਿੱਤ ਵਿਖਾਏ ਹਨ।

ਕਿਸੇ ਨੂੰ ਅਥਲੈਟਿਕਸ, ਕਿਸੇ ਨੂੰ ਤੈਰਾਕੀ, ਕਿਸੇ ਨੂੰ ਕੁਸ਼ਤੀ, ਮੁੱਕੇਬਾਜ਼ੀ, ਕਿਸੇ ਨੂੰ ਸ਼ੂਟਿੰਗ, ਬੈਡਮਿੰਟਨ, ਟੈਨਿਸ, ਵੇਟਲਿਫਟਿੰਗ, ਗੱਲ ਕੀ ਵਿਦਿਆਰਥੀ ਦੀ ਪ੍ਰਤਿਭਾ ਤੇ ਸੌਖ ਨਾਲ ਮਿਲਣ ਵਾਲੀ ਸਹੂਲਤ ਨੂੰ ਵੇਖਦਿਆਂ ਕਿਸੇ ਵੀ ਖੇਡ ਵਿਚ ਪਾਇਆ ਜਾ ਸਕਦੈ। ਲੰਮੇ ਕੱਦ ਵਾਲਿਆਂ ਲਈ ਬਾਸਕਟਬਾਲ ਤੇ ਵਾਲੀਬਾਲ, ਮਧਰੇ ਕੱਦ ਵਾਲਿਆਂ ਲਈ ਜਿਮਨਾਸਟਿਕਸ, ਹੌਲੇ ਵਜ਼ਨ ਵਾਲਿਆਂ ਲਈ ਛਾਲਾਂ ਤੇ ਲੰਮੀਆਂ ਦੌੜਾਂ ਅਤੇ ਕੱਦਾਵਰ ਭਾਰੇ ਵਜ਼ਨ ਵਾਲਿਆਂ ਲਈ ਗੋਲਾ ਡਿਸਕਸ ਵਰਗੀਆਂ ਸੁੱਟਾਂ ਵਧੇਰੇ ਜੱਚਵੀਆਂ ਹਨ। ਕੋਸ਼ਿਸ਼ ਹੋਵੇ ਕਿ ਕਿਸੇ ਵੀ ਖੇਡ ਦੀ ਮੁਢਲੀ ਸਿਖਲਾਈ ਮਾਹਿਰ ਕੋਚ ਤੋਂ ਮਿਲੇ ਤਾਂ ਕਿ ਖੇਡਣ ਦੀ ਕੋਈ ਗਲਤ ਆਦਤ ਨਾ ਪੱਕੇ। ਜਦੋਂ ਕਿਸੇ ਨੂੰ ਅਜਿਹੀ ਖੇਡ ਵਿਚ ਪਾਉਂਦੇ ਹਾਂ ਜਿਸ ਅਨੁਸਾਰ ਉਹਦਾ ਜੁੱਸਾ ਹੀ ਨਹੀਂ ਹੁੰਦਾ ਤਾਂ ਉਹ ਉਸ ਖੇਡ ਦੇ ਸਿਖਰ ਉਤੇ ਨਹੀਂ ਪੁੱਜ ਸਕਦਾ। ਮੇਰਾ ਆਪਣਾ ਜੁੱਸਾ ਗੋਲਾ ਸੁੱਟਣ ਵਾਲਾ ਨਹੀਂ ਸੀ ਜਿਸ ਕਰਕੇ ਮੈਂ ਯੂਨੀਵਰਸਿਟੀ ਦਾ ਚੈਂਪੀਅਨ ਬਣਨ ਤੋਂ ਅੱਗੇ ਨਾ ਵਧ ਸਕਿਆ। ਜੇਕਰ ਜੈਵਲਿਨ ਸੁੱਟਣ ਲੱਗਦਾ ਤਾਂ ਸੰਭਵ ਸੀ ਨਤੀਜਾ ਬਿਹਤਰ ਦਿੰਦਾ।

ਬੱਚੇ ਲਈ ਖੇਡ ਦੀ ਚੋਣ ਕਰਨੀ ਬੇਸ਼ਕ ਖੇਡ ਮਾਹਿਰਾਂ ਦਾ ਕੰਮ ਹੈ ਪਰ ਬੱਚੇ ਨੂੰ ਖੇਡਾਂ ਵਿਚ ਪਾਉਣਾ ਤਾਂ ਹਰ ਮਾਪੇ ਤੇ ਸਕੂਲ ਦੀ ਜ਼ਿੰਮੇਵਾਰੀ ਹੈ। ਜੇਕਰ ਮਾਪੇ ਆਪਣੇ ਬੱਚਿਆਂ ਨੂੰ ਤਕੜੇ, ਨਰੋਏ ਤੇ ਖੁਸ਼ ਵੇਖਣਾ ਚਾਹੁੰਦੇ ਹਨ, ਖੇਡਾਂ ਰਾਹੀਂ ਕਿੱਤਾਕਾਰੀ ਕੋਰਸਾਂ ਦੀਆਂ ਖਿਡਾਰੀ-ਵਿਦਿਆਰਥੀਆਂ ਵਾਲੀਆਂ ਸੀਟਾਂ ਲੈਣੀਆਂ ਲੋਚਦੇ ਹਨ, ਖੇਡਾਂ ਦੇ ਸਿਰ 'ਤੇ ਨੌਕਰੀਆਂ ਅਤੇ ਨਾਂ ਤੇ ਨਾਵਾਂ ਕਮਾਉਣਾ ਚਾਹੁੰਦੇ ਹਨ ਤਾਂ ਬੱਚਿਆਂ ਦੀ ਪੜ੍ਹਾਈ ਲਿਖਾਈ ਕਰਾਉਣ ਦੇ ਨਾਲ ਉਨ੍ਹਾਂ ਨੂੰ ਖੇਡਾਂ ਵਿਚ ਵੀ ਪਾਉਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਕਿਸੇ ਵੀ ਮੁਲਕ ਜਾਂ ਕੌਮ ਦੀ ਅਗਲੀ ਪੀੜ੍ਹੀ ਕਿਸੇ ਵੀ ਕੰਮ ਲਈ ਵਧੇਰੇ ਫਿੱਟ ਰੱਖੀ ਜਾ ਸਕਦੀ ਹੈ। ਫਿੱਟ ਜੁੱਸੇ ਨਾਲ ਦੀ ਰੀਸ ਨਹੀਂ। ਸਿਆਣਿਆਂ ਨੇ 'ਹੈਲਥ ਇਜ਼ ਵੈਲਥ' ਐਵੇਂ ਨਹੀ ਕਿਹਾ।

# ਨਾਨਕ ਸਿੰਘ ਨਾਵਲਿਸਟ

## 116ਵੇਂ ਜਨਮ ਦਿਨ 'ਤੇ ਵਿਸ਼ੇਸ਼



ਨਾਨਕ ਸਿੰਘ ਦਾ ਜਨਮ ਪਿੰਡ ਚੱਕ ਹਮੀਦ, ਤਹਿਸੀਲ ਪਿੰਡ ਦਾਦਨ ਖਾਂ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ) ਵਿਚ 4 ਜੁਲਾਈ, 1897 ਨੂੰ ਭਾਈ ਬਹਾਦਰ ਚੰਦ ਸੂਰੀ ਦੇ ਘਰ ਮਾਤਾ ਲੱਛਮੀ ਦੀ ਕੁੱਖੋਂ ਹੋਇਆ। ਮਾਪਿਆਂ ਨੇ ਉਨ੍ਹਾਂ ਦਾ ਨਾਂ ਹੰਸ ਰਾਜ ਰੱਖਿਆ। ਉਨ੍ਹਾਂ ਦੇ ਪਿਤਾ ਪਿਸ਼ਾਵਰ ਵਿਚ ਕਰਿਆਨੇ ਦੀ ਦੁਕਾਨ ਕਰਦੇ ਸਨ। ਅੱਠ ਸਾਲ ਦੀ ਉਮਰ ਵਿਚ ਨਾਨਕ ਸਿੰਘ ਆਪਣੇ ਪਿਤਾ ਨਾਲ ਪਿਸ਼ਾਵਰ ਚਲੇ ਗਏ ਤੇ ਦੁਕਾਨਦਾਰੀ ਵਿਚ ਹੱਥ ਵਟਾਉਣ ਲੱਗ ਗਏ। ਛੋਟੀ ਉਮਰ ਵਿਚ ਹੀ ਉਨ੍ਹਾਂ ਦੇ ਪਿਤਾ ਦੀ ਮੌਤ ਹੋ ਗਈ। ਉਸ ਵੇਲੇ ਨਾਨਕ ਸਿੰਘ ਦੀ ਉਮਰ ਦਸਾਂ ਬਾਰਾਂ ਵਰ੍ਹਿਆਂ ਦੀ ਸੀ। ਪਰਿਵਾਰ ਦਾ ਸਾਰਾ ਬੋਝ ਉਨ੍ਹਾਂ ਦੇ ਸਿਰ 'ਤੇ ਆ ਪਿਆ। ਆਪਣੀ ਮਾਤਾ ਨਾਲ ਰਲ ਕੇ ਦੁਕਾਨਦਾਰੀ ਚਲਾਈ। ਘਰ ਦੀ ਗੱਡੀ ਮਾੜੀ ਮੋਟੀ ਰਿੜ੍ਹਨ ਹੀ ਲੱਗੀ ਸੀ ਕਿ ਉਨ੍ਹਾਂ ਦੀ ਮਾਤਾ ਨਾਲ ਅਜਿਹੀ ਘਟਨਾ ਵਾਪਰੀ ਕਿ ਉਸ ਦੀਆਂ ਦੋਵੇਂ ਲੱਤਾਂ,

**ਮਾਸਟਰ ਜਸਵੰਤ ਸਿੰਘ ਸੰਧੂ (ਘਰਿੰਡਾ)**
ਫੋਨ: 510-516-5971

ਗੋਡਿਆਂ ਹੇਠੋਂ ਕਟਣੀਆਂ ਪੈ ਗਈਆਂ। ਇਥੋਂ ਤੱਕ ਕਿ ਟੱਟੀ ਪਿਸ਼ਾਬ ਵੀ ਨਾਨਕ ਸਿੰਘ ਆਪਣੀ ਹੱਥੀਂ ਉਸ ਨੂੰ ਕਰਾਉਂਦਾ। ਨਾਨਕ ਸਿੰਘ ਨੇ ਮਾਤਾ ਦੀ ਜਿਉਂਦਿਆਂ ਬੜੀ ਸੇਵਾ ਕੀਤਾ। ਮਾਂ ਦੀਆਂ ਅਸੀਸਾਂ ਨਾਲ ਹੀ ਪੰਜ ਜਮਾਤਾਂ ਪੜ੍ਹਿਆ ਨਾਨਕ ਸਿੰਘ ਮਹਾਨ ਨਾਵਲਕਾਰ ਬਣ ਸਕਿਆ।

ਪਿਸ਼ਾਵਰ ਵਿਚ ਗਿਆਨੀ ਬਾਗ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਨਾਨਕ ਸਿੰਘ ਨੇ ਸਿੱਖ ਧਰਮ ਵਿਚ ਪ੍ਰਵੇਸ਼ ਕੀਤਾ ਅਤੇ ਹੰਸ ਰਾਜ ਤੋਂ ਨਾਨਕ ਸਿੰਘ ਬਣ ਗਏ। ਪਿਸ਼ਾਵਰ ਰਹਿੰਦਿਆਂ ਹੀ ਉਨ੍ਹਾਂ ਗੀਤਾਂ ਦਾ ਛੋਟਾ ਜਿਹਾ ਗੁਟਕਾ ਛਾਪਿਆ ਜੋ ਬਾਅਦ ਵਿਚ 'ਸਤਿਗੁਰ ਮਹਿਮਾ' ਦੇ ਨਾਂ ਹੇਠ ਛਪਿਆ। ਇਹ ਗੁਟਕਾ ਬਹੁਤ ਮਕਬੂਲ ਹੋਇਆ। ਫਿਰ ਪਿਸ਼ਾਵਰ ਛੱਡ ਕੇ ਨਾਨਕ ਸਿੰਘ ਅੰਮ੍ਰਿਤਸਰ ਆ ਗਏ। ਉਸ ਵੇਲੇ ਅਕਾਲੀਆਂ ਨੇ ਗੁਰੂ ਕੇ ਬਾਗ ਦਾ ਮੋਰਚਾ ਲਾਇਆ ਹੋਇਆ ਸੀ। ਅੰਮ੍ਰਿਤਸਰ ਪਹੁੰਚਣ ਤੋਂ ਬਾਅਦ ਪੰਜਵੇਂ ਜਾਂ ਛੇਵੇਂ ਦਿਨ ਜਥੇ ਵਿਚ ਗ੍ਰਿਫ਼ਤਾਰ ਹੋ ਕੇ ਲਾਹੌਰ ਬੋਰਸਟਲ ਜੇਲ੍ਹ ਜਾ ਪਹੁੰਚੇ ਜਿਥੇ ਲਗਭਗ ਦੋ ਹਜ਼ਾਰ ਕੈਦੀ ਸਨ। ਇਥੇ ਹੀ ਜਗਨ ਨਾਥ ਨਾਮ ਦੇ ਆਦਮੀ ਨਾਲ ਮੇਲ ਹੋਇਆ ਜਿਸ ਪਾਸੋਂ ਮਿਲੇ ਮੁਨਸ਼ੀ ਪ੍ਰੇਮ ਚੰਦ ਦੇ ਨਾਵਲ ਪੜ੍ਹੇ। ਨਾਵਲ ਪੜ੍ਹ ਕੇ ਇਨ੍ਹਾਂ ਦੇ ਮਨ ਵਿਚ ਵੀ ਨਾਵਲ ਲਿਖਣ ਦਾ ਖਿਆਲ ਆਇਆ। ਕਾਗ਼ਜ਼ ਪੈਨਸਿਲ ਜੇਲ੍ਹ ਵਿਚ ਮਿਲਣੀ ਸੌਖੀ ਨਹੀਂ ਸੀ ਪਰ ਕਿਸੇ ਕਾਂਗਰਸੀ ਮਿੱਤਰ ਦੀ ਕਿਰਪਾ ਨਾਲ ਇਹ ਦੋਵੇਂ ਮੁਸ਼ਕਿਲਾਂ ਹੱਲ ਹੋ ਗਈਆਂ। ਜ਼ਿੰਦਗੀ ਦੇ ਅਨੁਭਵਾਂ ਦੇ ਆਧਾਰ 'ਤੇ ਨਾਵਲ ਲਿਖਿਆ ਜਿਸ ਦਾ ਨਾਂ ਤਜਵੀਜ਼ ਕੀਤਾ 'ਅਧਖਿੜੀ ਕਲੀ', ਪਰ ਇਹ ਸਾਰੀ ਮਿਹਨਤ ਅਜਾਈਂ ਗਈ ਜਦ ਅਚਿੰਤੇ ਹੀ ਇਨ੍ਹਾਂ ਕੋਠੜੀਆਂ ਦੀ ਤਲਾਸ਼ੀ ਹੋਈ ਤਾਂ ਖਰੜੇ ਸਮੇਤ ਹੋਰ ਚੀਜ਼ਾਂ ਉਤੇ ਜੇਲ੍ਹ ਅਧਿਕਾਰੀਆਂ ਕਬਜ਼ਾ ਕਰ ਲਿਆ ਜੋ ਕਦੀ ਵੀ ਵਾਪਸ ਨਾ ਮਿਲਿਆ।

1933 ਦਾ ਜ਼ਿਕਰ ਹੈ...ਨਾਨਕ ਸਿੰਘ ਦੇ ਉਸ ਵੇਲੇ ਤੱਕ ਅੱਧੀ ਕੁ ਦਰਜਨ ਨਾਵਲ ਤੇ ਕੁਝਾਂ ਕਹਾਣੀਆਂ ਲਿਖ ਲੈਣ ਕਰ ਕੇ ਗੁੰਮਨਾਮੀ ਦੇ ਹਨੇਰੇ 'ਚੋਂ ਬਾਹਰ ਆ ਰਹੇ ਸੀ। ਗਰਮੀਆਂ ਦਾ ਮੌਸਮ ਸੀ। ਇਕ ਦਿਨ ਲਾਹੌਰ 'ਫੁਲਵਾੜੀ' ਦੇ ਦਫ਼ਤਰ ਵਿਚ ਬੈਠੇ ਸਨ ਤੇ ਗਿਆਨੀ ਹੀਰਾ ਸਿੰਘ ਦਰਦ ਨਾਲ ਗੱਲਾਂ ਕਰ ਰਹੇ ਸਨ। ਅਚਾਨਕ ਪੰਜਾਬੀ ਦੇ ਨਵੇਂ ਪਰਚੇ 'ਪ੍ਰੀਤਲੜੀ' ਉਤੇ ਨਜ਼ਰ ਪਈ ਜਿਸ ਦੇ ਟਾਈਟਲ 'ਤੇ ਮਾਲਾ ਦੀ ਤਸਵੀਰ ਸੀ ਤੇ ਉਸ ਉਪਰ ਤੁਕਾਂ ਛਪੀਆਂ ਹੋਈਆਂ ਸਨ- ਕਿਸੇ ਦਿਲ ਸਾਂਝੇ ਦੀ ਧੜਕਣ, ਕਿਸੇ ਪ੍ਰੀਤ ਗੀਤ ਦੀ ਲੈਅ। ਪੱਤੇ ਪ੍ਰੀਤਲੜੀ ਦੇ ਦੱਸਣ, ਜਿਸ ਵਿਚ ਪ੍ਰੋਤੀ ਸਭੇ ਸ਼ੈਅ।

ਪਰਚਾ ਚੁੱਕ ਕੇ ਫੋਲਣਾ ਸ਼ੁਰੂ ਕੀਤਾ ਜਿਹੜਾ ਗੁਰਬਖ਼ਸ਼ ਸਿੰਘ ਦੇ ਸੰਪਾਦਨ ਥੱਲੇ ਨੌਸ਼ਹਿਰੇ (ਸਮਾਧ ਅਕਾਲੀ ਫੂਲਾ ਸਿੰਘ) ਤੋਂ ਪ੍ਰਕਾਸ਼ਿਤ ਹੋਇਆ ਸੀ। ਬੈਠਿਆਂ ਬੈਠਿਆਂ ਹੀ ਸਾਰਾ ਪੜ੍ਹ ਮੁਕਾਇਆ। ਨਾਲੋ ਨਾਲ ਸੋਚੀ ਜਾਂਦੇ ਸਨ ਕਿ ਇਹ ਘੜੇ ਜਿੱਡਾ ਮੋਤੀ ਕਿਹੜੀ ਸਿੱਪੀ ਵਿਚ ਲੁਕਿਆ ਰਿਹਾ ਸੀ ਅੱਜ ਤੀਕ? ਉਸ ਦਿਨ ਤੋਂ ਉਹ ਸ. ਗੁਰਬਖ਼ਸ਼ ਸਿੰਘ ਦੇ ਪ੍ਰਸ਼ੰਸਕ ਬਣ ਗਏ ਤੇ ਬਾਅਦ ਵਿਚ ਜਦੋਂ ਗੁਰਬਖ਼ਸ਼ ਸਿੰਘ ਨੇ ਪ੍ਰੀਤ ਸੈਨਾ ਬਣਾਈ ਤਾਂ ਉਹ ਪ੍ਰੀਤ ਸੈਨਿਕ ਬਣ ਕੇ 7 ਜੂਨ 1938 ਨੂੰ ਪ੍ਰੀਤ ਨਗਰ (ਨੇੜੇ ਲੋਪੋਕੇ) ਤਹਿਸੀਲ ਅਜਨਾਲਾ ਜ਼ਿਲ੍ਹਾ ਅੰਮ੍ਰਿਤਸਰ ਜਾ ਵੱਸੇ।

ਨਾਨਕ ਸਿੰਘ ਦਾ 'ਚਿੱਟਾ ਲਹੂ' ਨਾਵਲ ਮੈਂ ਛੇਵੀਂ ਜਮਾਤ ਵਿਚ ਪੜ੍ਹ ਲਿਆ ਸੀ। ਮੈਂ ਦਸਵੀਂ ਜਮਾਤ ਪਾਸ ਕਰ ਕੇ ਪਹਿਲਾਂ ਪੁਲਿਸ 'ਚ ਭਰਤੀ ਹੋ ਗਿਆ। ਮੇਰੀ ਬਦਲੀ ਫਾਜ਼ਿਲਕਾ ਦੇ ਨੇੜੇ ਭੈਣੀ ਦਲਾਵਰ ਚੌਕੀ 'ਚ ਹੋ ਗਈ। ਅੱਜ ਕੱਲ੍ਹ ਇਸ ਦਾ ਨਾਂ ਮਹਾਰ ਜਮਸ਼ੇਰ ਰੱਖ ਦਿੱਤਾ ਗਿਆ ਹੈ। ਮੇਰੀ ਪਹਿਲੀ ਪੋਸਟਿੰਗ ਨਯਾ ਨੰਗਲ, ਮੌਜੋਵਾਲ ਕਾਲੋਨੀ ਸੀ ਜੋ ਬੜਾ ਵਧੀਆ ਇਲਾਕਾ ਸੀ। ਨਯਾ ਨੰਗਲ ਦੇ ਮੁਕਾਬਲੇ ਇਹ ਇਲਾਕਾ ਬਹੁਤ ਪਛੜਿਆ ਹੋਇਆ ਸੀ। ਇਹ ਚੌਕੀ ਦਰਿਆਓਂ ਪਾਰ ਸੀ। ਇਸ ਦੇ ਤਿੰਨ ਪਾਸੇ ਪਾਕਿਸਤਾਨ ਸੀ ਤੇ ਪਿੱਛੇ ਦਰਿਆ। ਕੋਈ ਰੌਣਕ ਆਦਿ ਨਾ ਹੋਣ ਕਰ ਕੇ ਮੇਰਾ ਉਥੇ ਜੀ ਉਦਾਸ ਰਹਿਣ ਲੱਗਾ।

ਮੈਂ ਨੌਕਰੀ ਛੱਡਣ ਦਾ ਮਨ ਬਣਾ ਲਿਆ। ਫਾਜ਼ਿਲਕਾ ਸੈਕਟਰ ਦੇ ਡੀ.ਐਸ.ਪੀ. ਸਾਡੀ ਚੌਕੀ ਦਾ ਮੁਆਇਨਾ ਕਰਨ ਆਏ ਤਾਂ ਮੈਂ ਉਨ੍ਹਾਂ ਅੱਗੇ ਆਪਣਾ ਅਸਤੀਫਾ ਪੇਸ਼ ਕਰ ਦਿੱਤਾ। ਉਨ੍ਹਾਂ ਮੈਨੂੰ ਪੁੱਛਿਆ, "ਕਾਕਾ, ਤੂੰ ਨੌਕਰੀ ਕਿਉਂ ਛੱਡ ਰਿਹਾ ਹੈਂ?" ਮੈਂ ਕਿਹਾ, "ਸਰ, ਮੇਰਾ ਇਥੇ ਜੀ ਨਹੀਂ ਲੱਗਦਾ।" ਉਨ੍ਹਾਂ ਨੇ ਉਸੇ ਵੇਲੇ ਚੌਕੀ ਇੰਚਾਰਜ ਨੂੰ ਹੁਕਮ ਕੀਤਾ, "ਇਸ ਮੁੰਡੇ ਨੂੰ ਫਾਜ਼ਿਲਕਾ ਫਿਰ-ਤੁਰ ਆਉਣ ਦਿਆ ਕਰ।" ਮੈਂ ਫਾਜ਼ਿਲਕਾ ਜਾਣਾ ਤੇ ਫਿਰ-ਤੁਰ ਕੇ ਵਾਪਸ ਆ ਜਾਣਾ। ਇਕ ਦਿਨ ਮੈਂ ਬੱਸ ਅੱਡੇ 'ਤੇ ਬੁੱਕ ਸਟਾਲ ਉਤੇ ਚਲਾ ਗਿਆ। ਉਥੋਂ 'ਪ੍ਰੀਤ ਲੜੀ' ਰਸਾਲਾ ਖਰੀਦ ਲਿਆ। ਚੌਕੀ ਆ ਕੇ ਮੈਂ ਸਾਰੀ 'ਪ੍ਰੀਤ ਲੜੀ' ਪੜ੍ਹੀ। ਇਸ ਵਿਚੋਂ ਮੈਨੂੰ 'ਮੇਰੇ ਝਰੋਖੇ ਚੋਂ' ਕਾਲਮ ਬਹੁਤ ਵਧੀਆ ਲਗਾ। ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਦੇ ਜਾਣਕਾਰੀ ਭਰਪੂਰ ਲੇਖ ਮੈਨੂੰ ਬਹੁਤ ਵਧੀਆ ਲੱਗੇ। ਮੈਂ 'ਪ੍ਰੀਤ ਲੜੀ' ਦਾ ਪੱਕਾ ਪਾਠਕ ਬਣ ਗਿਆ। ਹਰ ਮਹੀਨੇ ਮੈਂ 'ਪ੍ਰੀਤ ਲੜੀ' ਨੂੰ ਬੜੀ ਬੇਸਬਰੀ ਨਾਲ ਉਡੀਕਦਾ। ਇਸ ਦੇ ਆਖਰੀ ਸਫ਼ੇ 'ਤੇ ਗੁਰਬਖ਼ਸ਼ ਸਿੰਘ, ਨਾਨਕ ਸਿੰਘ, ਸੋਹਣ ਸਿੰਘ ਸੀਤਲ ਤੇ ਜਸਵੰਤ ਸਿੰਘ ਕੰਵਲ ਦੀਆਂ ਕਿਤਾਬਾਂ ਦੀ ਸੂਚੀ ਛਪੀ ਹੁੰਦੀ ਸੀ। ਮੈਂ ਉਨ੍ਹਾਂ ਵਿਚੋਂ 'ਅਣਵਿਆਹੀ ਮਾਂ', 'ਚਿੱਟਾ ਲਹੂ', 'ਦੂਰ ਕਿਨਾਰਾ', 'ਪਵਿੱਤਰ ਪਾਪੀ', 'ਇਕ ਮਿਆਨ ਦੋ ਤਲਵਾਰਾਂ', 'ਕੋਈ ਹਰਿਆ ਬੂਟ, ਰਹਿਓ ਰੀ', 'ਆਸਤਕ ਨਾਸਤਕ' ਕਿਤਾਬਾਂ ਪੜ੍ਹ ਲਈਆਂ। 1962 ਦੇ ਜੂਨ ਮਹੀਨੇ ਮੈਂ ਨੌਕਰੀ ਛੱਡ ਦਿੱਤੀ ਅਤੇ ਪਿੰਡ ਆ ਕੇ ਜੇ.ਬੀ.ਟੀ. ਵਿਚ ਗੌਰਮਿੰਟ ਬੇਸਿਕ ਟ੍ਰੇਨਿੰਗ ਸਕੂਲ ਸਰਹਾਲੀ (ਅੰਮ੍ਰਿਤਸਰ) ਵਿਖੇ ਦਾਖ਼ਲ ਹੋ ਗਿਆ। ਇੱਥੇ ਮੇਰਾ ਮੇਲ ਕਹਾਣੀਕਾਰ ਵਰਿਆਮ ਸਿੰਘ ਸੰਧੂ (ਸੁਰ ਸਿੰਘ) ਨਾਲ ਹੋਇਆ। ਉਨ੍ਹਾਂ ਦੀਆਂ ਕੁਝ ਕਹਾਣੀਆਂ ਅਮਰ ਸਿੰਘ ਦੋਸਾਂਝ ਦੇ ਅਖ਼ਬਾਰ 'ਅਕਾਲੀ ਪਤ੍ਰਿਕਾ' ਵਿਚ ਛਪੀਆਂ ਸਨ ਜੋ ਉਸ ਨੇ ਆਪਣੇ ਟਰੰਕ ਵਿਚ ਸਾਂਭ ਕੇ ਰੱਖੀਆਂ ਸਨ। ਇਕ ਇਕ ਕਰ ਕੇ ਪੜ੍ਹੀਆਂ।

ਜੇ.ਬੀ.ਟੀ. ਕਰਨ ਤੋਂ ਬਾਅਦ ਮੈਂ ਟੀਚਰ ਲੱਗ ਗਿਆ। ਫਿਰ ਇਨ੍ਹਾਂ ਦੋਹਾਂ ਲੇਖਕਾਂ ਨੂੰ ਮਿਲਣ ਲਈ ਮੈਂ ਪ੍ਰੀਤ ਨਗਰ ਜਾਣ ਦਾ ਪ੍ਰੋਗਰਾਮ ਬਣਾਇਆ। ਮੈਂ ਤੇ ਮੇਰੇ ਸਾਥੀ ਅਧਿਆਪਕ ਸਾਈਕਲਾਂ 'ਤੇ ਪ੍ਰੀਤ ਨਗਰ ਗਏ। ਪਹਿਲਾਂ ਅਸੀਂ ਸ. ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਦੀ ਕੋਠੀ ਗਏ। ਅਸੀਂ ਉਨ੍ਹਾਂ ਦੇ ਨੌਕਰ ਨੂੰ ਕਿਹਾ ਕਿ ਅਸੀਂ ਸ. ਗੁਰਬਖ਼ਸ਼ ਸਿੰਘ ਨੂੰ ਮਿਲਣਾ ਚਾਹੁੰਦੇ ਹਾਂ। ਨੌਕਰ ਨੇ ਦਸਿਆ ਕਿ ਸਰਦਾਰ ਹੁਰੀਂ ਆਰਾਮ ਕਰ ਰਹੇ ਹਨ। ਸਾਡੇ ਖਲੋਤਿਆਂ ਹੀ ਕੁਝ ਬੰਦੇ ਕਾਰ 'ਤੇ ਉਨ੍ਹਾਂ ਨੂੰ ਮਿਲਣ ਆ ਗਏ। ਦਾਰ ਜੀ ਬਾਰੀ ਦੀਆਂ ਜਾਲੀਆਂ 'ਚੋਂ ਵੇਖ ਕੇ ਬਾਹਰ ਆ ਗਏ। ਉਨ੍ਹਾਂ ਕਾਰ ਵਾਲਿਆਂ ਨੂੰ ਅੰਦਰ ਆਉਣ ਲਈ ਕਿਹਾ। ਅਸੀਂ ਵੀ ਉਨ੍ਹਾਂ ਨਾਲ ਦਾਰ ਜੀ ਦੇ ਡਰਾਇੰਗ ਰੂਮ 'ਚ ਚਲੇ ਗਏ। ਅਸੀਂ ਉਨ੍ਹਾਂ ਨੂੰ ਸਾਹਿਤ, ਪ੍ਰੀਤਲੜੀ ਅਤੇ ਸਿਆਸਤ ਬਾਰੇ ਸਵਾਲ ਪੁੱਛੇ ਜਿਨ੍ਹਾਂ ਦੇ ਜਵਾਬ ਉਨ੍ਹਾਂ ਬੜੇ ਢੁਕਵੇਂ ਸ਼ਬਦਾਂ ਵਿਚ ਦਿੱਤੇ।

ਫਿਰ ਅਸੀਂ ਸ. ਨਾਨਕ ਸਿੰਘ ਨੂੰ ਮਿਲਣ ਗਏ। ਉਹ ਆਪਣੀ ਪ੍ਰੀਤ ਨਗਰ ਵਾਲੀ ਰਿਹਾਇਸ਼ ਦੀ ਬੈਠਕ ਵਿਚ ਮੰਜੇ 'ਤੇ ਬਿਸਤਰੇ ਦੀ ਢੋਅ ਲਾ ਕੇ ਕੁਝ ਲਿਖ ਰਹੇ ਸਨ। ਸਾਨੂੰ ਕੁਰਸੀਆਂ 'ਤੇ ਬਿਠਾ ਕੇ ਆਪ ਮੰਜੇ ਉਤੇ ਬੈਠ ਗਏ। ਬੜੇ ਖ਼ੁਸ਼ ਹੋ ਕੇ ਕਹਿਣ ਲੱਗੇ, "ਜੇ ਤਕੱਲਫ ਨਾ ਮੰਨੋ ਤਾਂ ਕੱਪ ਕੱਪ ਚਾਹ ਹੋ ਜਾਏ।" ਅਸੀਂ ਕਿਹਾ,




*ਨਾਨਕ ਸਿੰਘ ਦੀ ਯਾਦ ਵਿਚ ਜਾਰੀ ਕੀਤੀ ਡਾਕ ਟਿਕਟ*

"ਨਹੀਂ... ਅਸੀਂ ਤਾਂ ਤੁਹਾਡੇ ਨਾਲ ਕੁਝ ਗੱਲਾਂ ਕਰਨੀਆਂ ਚਾਹੁੰਦੇ ਹਾਂ।" ਉਨ੍ਹਾਂ ਕਿਹਾ ਕਿ ਜਿਹੜਾ ਤੁਹਾਡਾ ਲੀਡਰ ਹੈ, ਉਹ ਮੇਰੇ ਨੇੜੇ ਹੋ ਕੇ ਬੈਠ ਜਾਏ, ਕਿਉਂਕਿ ਕੁਝ ਉਚਾ ਸੁਣੀਂਦਾ ਹੈ। ਮੈਂ ਉਨ੍ਹਾਂ ਪਾਸ ਬੈਠ ਗਿਆ। ਮੈਂ ਪਹਿਲਾ ਸਵਾਲ ਕੀਤਾ, "ਤੁਸੀਂ ਹੰਸ ਰਾਜ ਤੋਂ ਨਾਨਕ ਸਿੰਘ ਬਣੇ, ਕੀ ਹੁਣ ਵੀ ਤੁਹਾਡਾ ਸਿੱਖ ਧਰਮ ਵਿਚ ਉਨਾ ਹੀ ਵਿਸ਼ਵਾਸ ਹੈ, ਜਿੰਨਾ ਸਿੰਘ ਸਜਣ ਵੇਲੇ ਸੀ?"

ਉਨ੍ਹਾਂ ਦਾ ਉਤਰ ਸੀ, "ਹਾਂ, ਉਦੋਂ ਤੋਂ ਲੈ ਕੇ ਹੁਣ ਤੱਕ ਪੰਜ ਬਾਣੀਆਂ ਦਾ ਪਾਠ ਕਰਦਾ ਆ ਰਿਹਾ ਹਾਂ। ਗਿਆਨੀ ਬਾਗ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ ਮੈਂ ਸਿੱਖ ਬਣਿਆ ਸਾਂ। ਉਨ੍ਹਾਂ ਦਿਨਾਂ ਵਿਚ ਆਰੀਆ ਸਮਾਜ ਅਤੇ ਸਿੰਘ ਸਭਾ ਲਹਿਰਾਂ ਆਪਣੀਆਂ ਆਪਣੀਆਂ ਸਟੇਜਾਂ ਤੋਂ ਇਕ ਦੂਜੇ ਦੇ ਧਾਰਮਿਕ ਨੇਤਾਵਾਂ ਖ਼ਿਲਾਫ਼ ਭੰਡੀ ਪ੍ਰਚਾਰ ਕਰਦੀਆਂ ਸਨ। ਮੇਰੇ ਵਿਚ ਵੀ ਕੱਟੜਤਾ ਆ ਗਈ। ਸਰਦੀ ਦੀ ਇਕ ਰਾਤ ਕਿਸੇ ਹਿੰਦੂ ਸੱਜਣ ਨੇ ਸਾਡੇ ਕਮਰੇ ਦਾ ਬੂਹਾ ਖੜਕਾਇਆ ਅਤੇ ਰਸਤਾ ਪੁੱਛਿਆ। ਅਸੀਂ ਆ ਦੇਖਿਆ ਨਾ ਤਾ; ਉਸ ਨੂੰ ਖੂਬ ਕੁਟਾਪਾ ਚਾੜ੍ਹਿਆ ਅਤੇ 'ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।' ਕੁਟਾਪਾ ਚਾੜ੍ਹਨ ਤੋਂ ਬਾਅਦ ਅਸੀਂ ਉਸ ਨੂੰ ਬਾਹਰ ਸੜਕ 'ਤੇ ਸੁੱਟ ਦਿੱਤਾ ਤੇ ਆਪ ਸੌਂ ਗਏ। ਸਵੇਰੇ ਸਵਖਤੇ ਕਿਸੇ ਨੇ ਸਾਡਾ ਬੂਹਾ ਖੜਕਾਇਆ। ਅਸੀਂ ਸਮਝਿਆ ਪੁਲਿਸ ਹੋਵੇਗੀ। ਜਦ ਬੂਹਾ ਖੋਲ੍ਹਿਆ ਤਾਂ ਗਿਆਨੀ ਬਾਗ ਸਿੰਘ ਹੁਰਾਂ ਦਾ ਸੇਵਕ ਸੀ। ਉਸ ਨੇ ਕਿਹਾ, 'ਤੁਹਾਨੂੰ ਗਿਆਨੀ ਹੁਰੀਂ ਬੁਲਾਉਂਦੇ ਨੇ।' ਜਦ ਅਸੀਂ ਉਨ੍ਹਾਂ ਦੇ ਡੇਰੇ ਪਹੁੰਚੇ ਤਾਂ ਉਹੋ ਰਾਤ ਵਾਲਾ ਹਿੰਦੂ ਮੁਸਾਫਿਰ ਲੇਟਿਆ ਹੋਇਆ ਸੀ ਤੇ ਗਿਆਨੀ ਜੀ ਉਸ ਦੀ ਮਰਹਮ ਪੱਟੀ ਕਰ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚੋਂ ਹੰਝੂ ਵਹਿ ਰਹੇ ਸਨ। ਮੈਨੂੰ ਯਾਦ ਆਇਆ ਕਿ ਜਦੋਂ ਗਿਆਨੀ ਜੀ ਦੇ ਇਕਲੌਤੇ ਪੁੱਤਰ ਦੀ ਮੌਤ ਹੋ ਗਈ ਸੀ ਤਾਂ ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਥਰੂ ਤੱਕ ਨਹੀਂ ਸੀ ਡਿੱਗਾ। ਅੱਜ ਉਨ੍ਹਾਂ ਦੀਆਂ ਅੱਖਾਂ ਵਿਚੋਂ ਗੰਗਾ ਜਮਨਾ ਵਹਿ ਰਹੀ ਸੀ। ਉਸ ਦਿਨ ਤੋਂ ਮੈਨੂੰ ਅਸਲੀ ਸਿੱਖ ਧਰਮ ਦੀ ਪਛਾਣ ਹੋਈ। ਇਸ ਤੋਂ ਬਾਅਦ ਤੁਸੀਂ ਮੇਰੇ ਵਿਚਾਰ ਮੇਰੀਆਂ ਲਿਖਤਾਂ ਵਿਚ ਪੜ੍ਹ ਸਕਦੇ ਹੋ। ਮਿਰਚਾਂ ਵਾਲੇ ਕੂੰਡੇ 'ਚੋਂ ਗੁੜ ਦੀ ਵਾਸ਼ਨਾ ਨਹੀਂ ਆ ਸਕਦੀ। ਗੁਰੂ ਨਾਨਕ ਦੀ ਸਿੱਖਿਆ ਉਹਦੇ ਸਿੱਖ ਵੀ ਨਹੀਂ ਸਮਝ ਸਕੇ। ਗੁਰੂ ਨਾਨਕ ਦਾ ਧਰਮ ਸਰਬੱਤ ਦੇ ਭਲੇ ਦਾ ਧਰਮ ਹੈ।"

1965 ਦੀ ਜੰਗ ਹੋ ਕੇ ਹਟੀ ਸੀ। ਲੋਕਾਂ ਵਿਚ ਅਫਵਾਹ ਸੀ ਕਿ ਲੜਾਈ ਫਿਰ ਲਗੇਗੀ। ਮੈਂ ਉਨ੍ਹਾਂ ਤੋਂ ਪੁੱਛਿਆ, "ਭਾਰਤ-ਪਾਕਿ ਜੰਗ ਫਿਰ ਛਿੜੇਗੀ?" ਉਤਰ ਸੀ, "ਨਹੀਂ। ਕਿਉਂਕਿ ਸਾਰੀ ਦੁਨੀਆਂ ਦਾ ਅਮਨ, ਦੁਨੀਆਂ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਇਸ ਤਰ੍ਹਾਂ ਜੁੜਿਆ ਹੋਇਆ ਹੈ ਜਿਸ ਤਰ੍ਹਾਂ ਮੰਜੇ ਦੀਆਂ ਰੱਸੀਆਂ। ਲੜਾਈਆਂ ਦਾ ਯੁਗ ਖ਼ਤਮ ਸਮਝੋ। ਅਮਨ ਵਿਚ ਹੀ ਮਨੁੱਖਤਾ ਦਾ ਭਲਾ ਹੈ।" ਇਸ ਤੋਂ ਬਾਅਦ ਮੈਂ ਫਿਰ ਜਦੋਂ ਉਨ੍ਹਾਂ ਨੂੰ ਮਿਲਣ ਗਿਆ ਤੇ ਉਨ੍ਹਾਂ ਦੀ ਸਿਹਤ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ, "ਹੁਣ ਤਾਂ ਠੀਕ ਹੈ, ਪਰ ਪਿਛਲੇ ਸਾਲ ਮੇਰੇ ਨੱਕ ਰਾਹੀਂ ਬਹੁਤ ਸਾਰਾ ਖੂਨ ਵਹਿ ਗਿਆ। ਮੇਰੇ ਲੜਕੇ ਮੈਨੂੰ ਕਾਰ ਵਿਚ ਪਾ ਕੇ ਅੰਮ੍ਰਿਤਸਰ ਲੈ ਗਏ। ਇਲਾਜ ਨਾਲ ਮੈਂ ਠੀਕ ਹੋ ਗਿਆ। ਮੈਂ ਹੈਰਾਨ ਸਾਂ ਕਿ ਮੈਂ ਬਚ ਕਿਵੇਂ ਗਿਆ? ਫਿਰ ਮੈਂ ਸੋਚਿਆ, ਹੋ ਸਕਦਾ ਹੈ, ਕਿਸੇ ਹੋਰ ਨਾਨਕ ਸਿੰਘ ਦੇ ਭੁਲੇਖੇ ਯਮਾਂ ਨੇ ਮੈਨੂੰ ਹੱਥ ਪਾ ਲਿਆ ਹੋਵੇ, ਪਰ ਜਦੋਂ ਪਤਾ ਲੱਗਾ ਕਿ ਇਹ ਉਹ ਨਾਨਕ ਸਿੰਘ ਨਹੀਂ, ਜਿਸ ਨੂੰ ਅਸੀਂ ਲੈਣ ਆਏ ਸੀ, ਉਹ ਮੈਨੂੰ ਛੱਡ ਗਏ।" ਇਹ ਕਹਿ ਕੇ ਉਹ ਹੱਸ ਪਏ, ਤੇ ਮੇਰਾ ਵੀ ਹਾਸਾ ਨਿਕਲ ਗਿਆ। ਫਿਰ ਮੈਂ ਪੁੱਛਿਆ, "ਅੱਜਕੱਲ੍ਹ ਕੀ ਲਿਖ ਰਹੇ ਹੋ?"

"ਮੇਰੇ ਦਿਮਾਗ ਵਿਚ ਲਿਖਣ ਵਾਸਤੇ ਤਾਂ ਬਹੁਤ ਕੁਝ ਹੈ, ਪਰ ਜਦ ਲਿਖਣ ਲਗਦਾ ਹਾਂ, ਤਾਂ ਖਿਆਲ ਖਿੰਡ-ਪੁੰਡ ਜਾਂਦੇ ਹਨ। ਹੁਣ ਤਾਂ ਇਹ ਗੱਲ ਹੈ ਕਿ ਢਿਲਕ ਗਈ ਮੇਰੇ ਚਰਖੇ ਦੀ ਹੱਥੀ, ਮੈਥੋਂ ਕਤਿਆ ਮੂਲ ਨਾ ਜਾਵੇ।" ਕਹਾਣੀਕਾਰ ਮੁਖਤਾਰ ਗਿੱਲ ਪ੍ਰੀਤ ਨਗਰ ਵਿਚ ਰਹਿੰਦੇ ਹਨ। ਮੈਂ ਉਨ੍ਹਾਂ ਪਾਸ ਜਾਂਦਾ ਰਹਿੰਦਾ ਹਾਂ। ਉਨ੍ਹਾਂ ਦਾ ਵੀ ਨਾਨਕ ਸਿੰਘ ਨਾਲ ਬੜਾ ਪਿਆਰ ਸੀ। ਉਹ ਦੱਸਦੇ ਸਨ ਕਿ "ਮੈਂ ਦਾੜ੍ਹੀ ਕੱਟਦਾ ਸੀ। ਜਦ ਨਾਨਕ ਸਿੰਘ ਮੇਰੇ ਮਕਾਨ ਅੱਗਿਓਂ ਲੰਘਦੇ ਤਾਂ ਕਹਿੰਦੇ, 'ਮੁਖਤਾਰ! ਦਾੜ੍ਹੀ ਤੋਂ ਦਫਾ ਚੁਤਾਲੀ ਕਦੋਂ ਚੁਕਣੀ ਆਂ।' ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਜੇ ਕੋਈ ਦੋਸਤ ਰੋਟੀ ਖਾ ਰਿਹਾ ਹੋਵੇ ਤਾਂ ਆਉਣ ਵਾਲੇ ਦੋਸਤ ਨੂੰ ਇਹ ਕਹਿਣਾ ਪਵੇ ਕਿ ਰੋਟੀ ਖਾ ਲਉ ਤਾਂ ਉਹ ਦੋਸਤ ਨਹੀਂ ਹੁੰਦਾ। ਦੋਸਤ ਤਾਂ ਉਹ ਹੁੰਦਾ ਹੈ ਜੋ ਬਿਨਾਂ ਪੁੱਛਿਆਂ ਹੀ ਰੋਟੀ ਖਾਣ ਲੱਗ ਪਏ। ਉਹ ਹਰ ਰੋਜ਼ ਸੈਰ ਜਾਣ ਵੇਲੇ ਆਪਣੇ ਕੋਲ ਮਿੱਠੀਆਂ ਗੋਲੀਆਂ ਤੇ ਟੌਫੀਆਂ ਰੱਖਦੇ ਸਨ। ਪ੍ਰੀਤ ਨਗਰ ਦਾ ਜਿਹੜਾ ਬੱਚਾ ਰਸਤੇ ਵਿਚ ਮਿਲਦਾ, ਉਹ ਉਹਨੂੰ ਟੌਫੀ ਜਾਂ ਮਿੱਠੀ ਗੋਲੀ ਦਿੰਦੇ ਸਨ। ਬੱਚੇ ਬੜੇ ਖ਼ੁਸ਼ ਹੁੰਦੇ ਅਤੇ ਉਨ੍ਹਾਂ ਦੀ ਸੈਰ ਦਾ ਸਮਾਂ ਉਡੀਕਦੇ ਰਹਿੰਦੇ।

ਪ੍ਰੀਤ ਨਗਰ ਵਿਚ ਗੋਬਿੰਦੀ ਨਾਮ ਦਾ ਆਦਮੀ ਰਹਿੰਦਾ ਸੀ। ਉਸ ਨੂੰ ਕੁਝ ਪੈਸਿਆਂ ਦੀ ਲੋੜ ਸੀ, ਨਾਨਕ ਸਿੰਘ ਪਾਸ ਗਿਆ। ਉਚੀ ਸੁਣਦਾ ਹੋਣ ਕਰ ਕੇ ਉਨ੍ਹਾਂ ਦੇ ਕੰਨ ਕੋਲ ਮੂੰਹ ਕਰ ਕੇ ਇਕ ਸੌ ਰੁਪਏ ਦੀ ਮੰਗ ਕੀਤੀ। ਨਾਨਕ ਸਿੰਘ ਨੇ ਕਿਹਾ, 'ਮੇਰੇ ਦੂਜੇ ਕੰਨ ਵਿਚ ਦੱਸ।' ਗੋਬਿੰਦੀ ਨੇ ਸਮਝਿਆ, ਕੰਮ ਬਣ ਗਿਆ ਹੈ। ਉਹਨੇ ਦੂਜੇ ਕੰਨ ਵਿਚ ਸੌ ਦੀ ਮੰਗ ਕਰ ਦਿੱਤੀ ਤਾਂ ਉਹ ਬੋਲੇ, "ਮੈਨੂੰ ਪਤਾ ਨਹੀਂ ਲੱਗਦਾ। ਮੇਰੇ ਇਕ ਕੰਨ ਵਿਚ ਸੌ ਸੌ ਸੁਣੀਂਦਾ ਹੈ ਤੇ ਦੂਜੇ ਵਿਚ ਦੋ ਦੋ ਸੌ।"

ਉਹ ਰੋਜ਼ ਸ਼ਾਮ ਨੂੰ ਸੈਰ ਕਰਨ ਜਾਂਦੇ ਅਤੇ ਵੈਰੋਕੇ ਪਿੰਡ ਵੱਲ ਨੂੰ ਨਿਕਲ ਜਾਂਦੇ। ਰਾਹ ਵਿਚ ਖੂਹ ਆਉਂਦਾ ਸੀ। ਉਸ ਖੂਹ ਦੀਆਂ ਟਿੰਡਾਂ ਚੋਂਦੀਆਂ ਸਨ। ਟਿੰਡਾਂ ਚੋਂਦੀਆਂ ਹੋਣ ਕਰ ਕੇ ਪੈਲੀਆਂ ਨੂੰ ਪਾਣੀ ਪੂਰਾ ਨਹੀਂ ਸੀ ਜਾਂਦਾ ਕਿਉਂਕਿ ਬਹੁਤਾ ਪਾਣੀ ਤਾਂ ਚੋ ਕੇ ਫਿਰ ਖੂਹ ਵਿਚ ਚਲਾ ਜਾਂਦਾ ਸੀ। ਨਾਨਕ ਸਿੰਘ ਨੇ ਕਿਸਾਨ ਨੂੰ ਕਿਹਾ, 'ਤੇਰੀਆਂ ਸਾਰੀਆਂ ਟਿੰਡਾਂ ਚੋਂਦੀਆਂ ਹਨ।' ਗਰੀਬ ਕਿਸਾਨ ਨੇ ਜਵਾਬ ਦਿੱਤਾ ਕਿ 'ਮੇਰੇ ਪਾਸ ਨਵੀਆਂ ਟਿੰਡਾ ਖਰੀਦਣ ਵਾਸਤੇ ਪੈਸੇ ਨਹੀਂ। ਮੈਂ ਤਾਂ ਕਰਜ਼ਾਈ ਹਾਂ।' ਨਾਨਕ ਸਿੰਘ ਨੇ ਨਵੀਆਂ ਟਿੰਡਾਂ ਵਾਸਤੇ ਉਸ ਗਰੀਬ ਕਿਸਾਨ ਨੂੰ ਪੈਸੇ ਦੇ ਦਿੱਤੇ।

28 ਦਸੰਬਰ 1971 ਨੂੰ ਉਨ੍ਹਾਂ ਦਾ ਦਿਹਾਂਤ ਹੋ ਗਿਆ। ਉਨ੍ਹਾਂ ਨਮਿਤ ਅਖੰਡਪਾਠ ਦਾ ਭੋਗ ਗਰੀਨ ਐਵਨਿਊ 'ਚ ਅੰਮ੍ਰਿਤਸਰ ਪਿਆ। ਮੈਂ ਵੀ ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਸ਼ਾਮਲ ਹੋਇਆ। ਸ. ਗੁਰਬਖ਼ਸ਼ ਸਿੰਘ ਸਮੇਤ ਬਹੁਤ ਸਾਰੇ ਲੇਖਕ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨ ਆਏ। ਕਹਾਣੀਕਾਰ ਸ. ਸੁਜਾਨ ਸਿੰਘ ਨੇ ਸ. ਨਾਨਕ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ, "ਲੇਖਕ ਤਾਂ ਸਾਰੇ ਬਣ ਜਾਂਦੇ ਨੇ ਪਰ ਆਦਮੀ ਕੋਈ ਕੋਈ ਬਣਦਾ ਹੈ। ਸ. ਨਾਨਕ ਸਿੰਘ ਆਦਮੀ ਪਹਿਲਾਂ ਸਨ, ਲੇਖਕ ਬਾਅਦ ਵਿਚ।" ਮੈਨੂੰ ਉਨ੍ਹਾਂ ਦੀ ਕਹੀ ਹੋਈ ਗੱਲ ਅਜੇ ਤੱਕ ਨਹੀਂ ਭੁੱਲੀ। ਠੀਕ ਹੀ ਨਾਨਕ ਸਿੰਘ ਵਧੀਆ ਇਨਸਾਨ ਸਨ। ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਸੀ। ਮੈਂ ਦਸੰਬਰ ਵਿਚ ਹਰ ਸਾਲ ਉਨ੍ਹਾਂ ਦੀ ਬਰਸੀ 'ਤੇ ਜਾਂਦਾ ਰਿਹਾ ਹਾਂ। ਉਨ੍ਹਾਂ ਦਾ ਸਾਰਾ ਪਰਿਵਾਰ ਵੀ ਹਰ ਸਾਲ ਉਨ੍ਹਾਂ ਦੀ ਬਰਸੀ 28 ਦਸੰਬਰ ਨੂੰ ਮਨਾਉਂਦਾ ਹੈ। ਉਸ ਵਧੀਆ ਮਨੁੱਖ ਅਤੇ ਪੰਜਾਬੀ ਦੇ ਮਹਾਨ ਲੇਖਕ ਦੀ ਯਾਦ ਵਿਚ ਮੇਰਾ ਸਿਰ ਹਰ ਵੇਲੇ ਝੁਕਿਆ ਰਹਿੰਦਾ ਹੈ।



*ਲੇਖਕ ਜਸਵੰਤ ਸਿੰਘ ਘਰਿੰਡਾ (ਖੱਬਿਓਂ ਚੌਥੇ) ਨਾਨਕ ਸਿੰਘ ਦੇ ਪਰਿਵਾਰ ਨਾਲ ਉਨ੍ਹਾਂ ਦੇ ਪ੍ਰੀਤ ਨਗਰ ਵਾਲੇ ਘਰ ਦੇ ਸਾਹਮਣੇ*

# ਸਿੱਖ ਇਸਤਰੀ ਅਤੇ ਆਧੁਨਿਕ ਚੁਣੌਤੀਆਂ (2)



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਪੰਜਾਬੀ ਗੀਤਕਾਰੀ ਦਾ ਜ਼ਿਕਰ ਹੋ ਰਿਹਾ ਸੀ ਕਿ ਕਿਸ ਤਰ੍ਹਾਂ ਪੰਜਾਬੀ ਗੀਤਕਾਰੀ ਨੇ ਸਾਡੇ ਸਮਾਜਿਕ ਰਿਸ਼ਤਿਆਂ 'ਤੇ ਸੱਟ ਮਾਰੀ ਹੈ। ਇਹ ਜ਼ਿਕਰ ਥੋੜੇ ਵਿਸਥਾਰ ਦੀ ਮੰਗ ਕਰਦਾ ਹੈ। ਗੀਤ, ਸੰਗੀਤ ਪੰਜਾਬੀਆਂ ਦੇ ਹੱਡਾਂ ਵਿਚ ਵੱਸਿਆ ਹੋਇਆ ਹੈ। ਪੰਜਾਬੀ ਬੱਚਾ ਜਦੋਂ ਜੰਮਦਾ ਹੈ ਤਾਂ ਵੀ ਉਸ ਦਾ ਸੁਆਗਤ ਗੀਤਾਂ ਰਾਹੀਂ ਕੀਤਾ ਜਾਂਦਾ ਹੈ, ਢੋਲੇ/ਮਾਹੀਆ ਗਾਉਂਦਾ ਉਹ ਪਰਵਾਨ ਚੜ੍ਹਦਾ ਹੈ, ਮੰਗਣਾ, ਵਿਆਹ ਸਭ ਕੁੱਝ ਵਿਚ ਗੀਤ-ਸੰਗੀਤ ਸ਼ਾਮਲ ਹੁੰਦਾ ਹੈ। ਇਥੋਂ ਤੱਕ ਕਿ ਜਦੋਂ ਪੰਜਾਬੀ ਮਰ ਜਾਂਦਾ ਹੈ ਤਾਂ ਉਸ ਨੂੰ ਇਸ ਸੰਸਾਰ ਤੋਂ ਰੁਖ਼ਸਤ ਵੀ ਕੀਰਨਿਆ/ਅਲਾਹੁਣੀਆਂ ਦੇ ਰੂਪ ਵਿਚ ਗਾ ਕੇ ਹੀ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਨੇ ਖ਼ਾਸ ਕਰਕੇ ਆਪਣੀ ਬਾਣੀ ਵਿਚ ਲੋਕ ਪਰੰਪਰਾ ਵਿਚੋਂ ਇਨ੍ਹਾਂ ਸਾਰੀਆਂ ਵੰਨਗੀਆਂ ਦਾ ਇਸਤੇਮਾਲ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ 'ਵਾਰਾਂ' ਨੂੰ ਪੰਜਾਬੀ ਲੋਕ-ਪਰੰਪਰਾ ਵਿਚ ਪ੍ਰਾਪਤ ਵਾਰਾਂ ਵਿਚੋਂ ਕਿਸੇ ਨਾ ਕਿਸੇ ਵਾਰ ਦੀ ਧੁਨੀ 'ਤੇ ਗਾਉਣ ਦਾ ਅਦੇਸ਼ ਕੀਤਾ ਹੈ।

ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ ਦੀ ਵਰੋਸਾਈ ਧਰਤੀ ਹੈ ਜਿਸ ਬਾਰੇ ਪੰਜਾਬੀ ਬੋਲੀ ਅਤੇ ਸਿੱਖ ਧਰਮ ਦੇ ਮਹਾਨ ਚਿੰਤਕ ਪ੍ਰੋ. ਪੂਰਨ ਸਿੰਘ ਨੇ ਕਿਹਾ ਹੈ, 'ਪੰਜਾਬ ਨਾ ਹਿੰਦੂ ਨਾ ਮੁਸਲਮਾਨ ਪੰਜਾਬ ਜੀਂਦਾ ਗੁਰੂ ਦੇ ਨਾਮ 'ਤੇ।' ਸੰਸਾਰ ਦੇ ਕੁੱਲ ਧਾਰਮਿਕ ਗ੍ਰੰਥਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਐਸਾ ਗ੍ਰੰਥ ਹੈ ਜਿਸ ਦੀ ਬਾਣੀ ਸੰਗੀਤ-ਬਧ ਹੈ ਅਤੇ ਇਸ ਨੂੰ 31 ਰਾਗਾਂ ਵਿਚ ਸੰਜੋਇਆ ਗਿਆ ਹੈ। ਅਚਾਰੀਆ ਰਜਨੀਸ਼ ਅਨੁਸਾਰ ਗੁਰੂ ਨਾਨਕ ਨੇ ਰੱਬ ਨੂੰ ਗਾ ਕੇ ਪਾਇਆ। ਸਿੱਖ ਨੂੰ ਬਾਣੀ ਨੂੰ ਗਾਉਣ ਦਾ ਅਦੇਸ਼ ਹੈ, "ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥" ਸਿੱਖ ਧਰਮ ਚਿੰਤਨ ਸੰਗੀਤ ਦੇ ਹੱਕ ਵਿਚ ਹੈ। ਜਿਥੋਂ ਤੱਕ ਇਸ਼ਕ ਜਾਂ ਪ੍ਰੇਮ ਦੀ ਗੱਲ ਹੈ, ਇਹ ਵੀ ਪੰਜਾਬੀਆਂ ਦੇ ਹੱਡਾਂ ਵਿਚ ਰਚਿਆ ਹੋਇਆ ਹੈ। ਸੂਫ਼ੀ ਪਰੰਪਰਾ ਬਹੁਤ ਅਮੀਰ ਪਰੰਪਰਾ ਹੈ ਜੋ ਮੁਰਸ਼ਦ ਦੇ ਇਸ਼ਕ ਦੀ ਗੱਲ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਜਗਿਆਸੂ ਦੇ, ਮਨੁੱਖ ਦੇ ਅਕਾਲ ਪੁਰਖ ਪ੍ਰਤੀ ਪ੍ਰੇਮ ਦੀ ਗੱਲ ਕਰਦੀ ਹੈ। ਸਵਾਲ ਹੈ ਕਿ ਇਸ਼ਕ ਸੱਚਾ-ਸੁੱਚਾ ਹੈ ਅਤੇ ਇਸ ਦੀ ਗੱਲ ਕਿਹੋ ਜਿਹੇ ਸ਼ਬਦਾਂ ਵਿਚ ਕੀਤੀ ਜਾਵੇ? ਬਾਬਾ ਫ਼ਰੀਦ ਰੱਬੀ-ਇਸ਼ਕ ਦੀ ਗੱਲ ਕਰਦਿਆਂ ਫ਼ੁਰਮਾਉਂਦੇ ਹਨ,

ਫਰੀਦਾ ਗਲੀਏ ਚਿਕੜੁ ਦੂਰਿ ਘਰੁ
ਨਾਲਿ ਪਿਆਰੇ ਨੇਹੁ॥
ਚਲਾ ਤ ਭਿਜੈ ਕੰਬਲੀ
ਰਹਾਂ ਤ ਤੁਟੈ ਨੇਹੁ॥24॥
ਭਿਜਉ ਸਿਜਉ ਕੰਬਲੀ
ਅਲਹ ਵਰਸਉ ਮੇਹੁ॥
ਜਾਇ ਮਿਲਾ ਤਿਨਾ ਸਜਣਾ
ਤੁਟਉ ਨਾਹੀ ਨੇਹੁ॥25॥ (ਪੰਨਾ 1379)

ਮੌਜੂਦਾ ਸਮੇਂ ਦੇ ਬਹੁਤੇ ਗੀਤਕਾਰ/ਗਾਇਕ ਔਰਤ ਨੂੰ ਇੱਕ ਵਸਤੂ ਦੀ ਤਰ੍ਹਾਂ ਪੇਸ਼ ਕਰਦੇ ਹਨ, ਜਿਸ ਨਾਲ ਕੁੱਝ ਵੀ ਕੀਤਾ ਜਾ ਸਕਦਾ ਹੈ, ਉਸ ਦਾ ਜਿਵੇਂ ਕੋਈ ਸਵੈਮਾਣ, ਇੱਜ਼ਤ/ਆਬਰੂ ਜਾਂ ਅਣਖ ਨਾ ਹੋਵੇ। ਨਾ ਉਸ ਦਾ ਕੋਈ ਆਪਣਾ ਵਜੂਦ ਹੈ, ਨਾ ਕੋਈ ਇੱਛਾ ਜਿਵੇਂ ਮਰਦ ਦੇ ਹੱਥਾਂ ਵਿਚ ਇੱਕ ਕੱਠਪੁਤਲੀ ਹੋਵੇ। ਇਹ ਨਵੀਂ ਕਿਸਮ ਦਾ ਸਭਿਆਚਾਰਕ ਸ਼ੋਸ਼ਣ, ਸਭਿਆਚਾਰਕ ਪ੍ਰਦੂਸ਼ਣ ਹੈ ਜੋ ਇਹ ਗਾਇਕ ਫੈਲਾ ਰਹੇ ਹਨ। ਪਰਿਵਾਰ ਸਾਡੀ ਮੁੱਢਲੀ ਸੰਸਥਾ ਹੈ ਜਿਸ ਦੇ ਰਿਸ਼ਤੇ-ਨਾਤਿਆਂ ਵਿਚੋਂ ਬੱਚੇ ਨੇ ਆਪਣੀ ਸਭਿਅਤਾ ਅਤੇ ਸੰਸਕਾਰ ਗ੍ਰਹਿਣ ਕਰਨੇ ਹੁੰਦੇ ਹਨ ਪਰ ਮੌਜੂਦਾ ਪੰਜਾਬੀ ਗਾਇਕ ਪਰਿਵਾਰਕ ਰਿਸ਼ਤਿਆਂ ਨੂੰ ਪਲੀਤ ਕਰ ਰਹੇ ਹਨ। ਪੰਜਾਬੀ ਟੀ. ਵੀ ਚੈਨਲਾਂ ਦੇ ਸ਼ੁਰੂ ਹੋਣ ਨਾਲ ਲੱਗਦਾ ਸੀ ਸ਼ਾਇਦ ਮਾਂ-ਬੋਲੀ ਪੰਜਾਬੀ ਨੂੰ ਵੱਧਣ-ਫੁੱਲਣ ਦਾ ਮੌਕਾ ਮਿਲੇਗਾ ਪਰ ਪੰਜਾਬੀ ਸਭਿਆਚਾਰ ਦੀ ਜਿੰਨੀ ਮਿੱਟੀ ਪਲੀਤ ਇਨ੍ਹਾਂ ਟੀ. ਵੀ ਚੈਨਲਾਂ ਰਾਹੀਂ ਕੀਤੀ ਜਾਂਦੀ ਹੈ ਉਸ ਨੂੰ ਮਾਪ ਸਕਣਾ ਵੀ ਸੰਭਵ ਨਹੀਂ ਹੈ। ਗੁਰਮਤਿ ਪਰੰਪਰਾ ਵਿਚ ਮਨੁੱਖ ਦੇ ਨੱਚਣ-ਕੁੱਦਣ ਤੇ, ਖੁਸ਼ ਹੋਣ 'ਤੇ ਕੋਈ ਰੋਕ ਨਹੀ ਹੈ। ਬਾਣੀ ਵਿਚ ਤਾਂ 'ਨਚਣ ਕੁਦਣ' ਨੂੰ 'ਮਨ ਕਾ ਚਾਉ' ਕਿਹਾ ਗਿਆ ਹੈ ਪਰ ਬੁਨਿਆਦੀ ਸਵਾਲ ਇਹ ਹੈ ਕਿ ਇਹ ਗੀਤ, ਨੱਚਣਾ ਕੁੱਦਣਾ ਹੋਣਾ ਕਿਹੋ ਜਿਹਾ ਚਾਹੀਦਾ ਹੈ? ਪੰਜਾਬੀ ਗੀਤਾਂ ਦੀਆਂ ਵੀਡੀਓ ਵਿਚ ਨੱਚਣ ਵਾਲੀਆਂ ਕੁੜੀਆਂ ਨੂੰ ਜਿਹੋ ਜਿਹੇ ਦੋ ਦੋ ਗਿੱਠ ਦੇ ਲਿਬਾਸ ਪੁਆ ਕੇ, ਜਿਸ ਕਿਸਮ ਦੀਆਂ ਭੱਦੀਆਂ ਹਰਕਤਾਂ ਨੱਚਣ ਦੇ ਨਾਂ ਤੇ ਕਰਵਾਈਆਂ ਜਾਂਦੀਆਂ ਹਨ ਉਨ੍ਹਾਂ ਦਾ ਪੰਜਾਬੀ ਸਭਿਆਚਾਰ ਨਾਲ ਦੂਰ ਦਾ ਵੀ ਵਾਸਤਾ ਨਹੀਂ।

ਪਿਛਲੇ ਲੇਖ ਵਿਚ ਅਸੀਂ ਪੰਜਾਬੀ ਦੇ ਵਿਦਵਾਨ ਡਾ. ਨਾਹਰ ਸਿੰਘ ਦੀ ਗੱਲ ਕੀਤੀ ਸੀ ਜਿਨ੍ਹਾਂ ਨੇ ਪੰਜਾਬੀ ਗੀਤਾਂ 'ਤੇ ਬਹੁਤ ਖੋਜ਼ ਕੀਤੀ ਹੈ। ਅਜੋਕੇ ਪੰਜਾਬੀ ਗੀਤ ਕਿਸ ਕਿਸਮ ਦਾ ਸਭਿਆਚਾਰ ਉਸਾਰ ਰਹੇ ਹਨ, ਇਸ ਬਾਰੇ ਡਾ. ਨਾਹਰ ਸਿੰਘ ਦੀ ਪੰਜਾਬੀ ਰਸਾਲੇ 'ਫਿਲਹਾਲ' (ਅੰਕ 17, ਪੰਨਾ 135) ਵਿਚ ਛਪੀ ਟਿੱਪਣੀ ਧਿਆਨ ਦੀ ਮੰਗ ਕਰਦੀ ਹੈ। ਉਹ ਲਿਖਦੇ ਹਨ, "ਇਸ ਨਿਬੰਧ ਦੇ ਸ਼ੁਰੂ ਵਿਚ ਅਸੀਂ ਇਸ ਤੱਥ ਉਤੇ ਬਲ ਦਿੱਤਾ ਸੀ ਕਿ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਦੀ ਗਾਇਕੀ ਦੇ ਦੋ ਬੁਨਿਆਦੀ ਲੱਛਣ ਹਨ: ਇਕ ਦੰਤ ਕਥਾਵੀ ਨਾਇਕਾਂ ਉਤੇ ਕੇਂਦਰਤ ਹੈ, ਦੂਜਾ ਇਸ ਦੀ ਪੇਸ਼ਕਾਰੀ ਦੇ ਰੂਪ ਦਾ ਸਮੂਹਕ ਅਤੇ ਸੰਸਥਾਗਤ ਹੋਣਾ। ਇੱਕੀਵੀਂ ਸਦੀ ਦੀ ਗਾਇਕੀ ਇਨ੍ਹਾਂ ਦੋਵਾਂ ਪੱਖਾਂ ਤੋਂ ਉਲਟ ਦਿਸ਼ਾ ਧਾਰਨ ਕਰ ਗਈ ਹੈ। ਇਸ ਦਾ ਨਾਇਕ ਠੋਸ ਸਭਿਆਚਾਰਕ ਮਨੁੱਖ ਹੋਣ ਦੀ ਥਾਂ ਲੂੰਪਨ ਹੋ ਰਿਹਾ ਹੈ। ਉਸ ਦੀ ਕਾਰਜ ਪ੍ਰਕਿਰਿਆ ਵਿਅਕਤੀਗਤ ਹਿੰਸਾ ਉਤੇ ਖੜ੍ਹੀ ਹੈ। ਇਹ ਗਾਇਕੀ ਇਸ਼ਕ ਮੁਹੱਬਤ ਦੇ ਜਜ਼ਬੇ ਦੀ ਥਾਂ ਅਵੈਧ ਲਿੰਗਕ ਸਬੰਧਾਂ, ਕਬਜ਼ੇ ਦੀ ਲਾਲਸਾ ਅਤੇ ਮਰਦ ਦੀ ਧੌਂਸ ਨੂੰ ਸਚਿਆਉਂਦੀ ਹੈ। ਪੰਜਾਬੀ ਸਭਿਆਚਾਰ ਵਿਚ ਇਸ ਪ੍ਰਤੀ ਨਾਇਕ ਲਈ ਢੁਕਵੇਂ ਸ਼ਬਦ ਹਨ: ਲਫੰਗਾ, ਲਫੈਂਡ ਲੋਫਰ। ਇਹ ਸਾਡੇ ਸਭਿਆਚਾਰਕ ਨਾਇਕਾਂ ਦੀ ਨਿਰਾਦਰੀ ਹੈ।" ਪੰਜਾਬੀ ਗਾਇਕੀ ਦੇ ਨਾਂ ਤੇ ਜੋ ਕੁੱਝ ਸਰੋਤਿਆਂ/ਦਰਸ਼ਕਾਂ ਨੂੰ ਪਰੋਸਿਆ ਜਾ ਰਿਹਾ ਹੈ ਉਹ ਨਾ ਸਿਰਫ ਭੜਕੀਲਾ ਅਤੇ ਸ਼ੋਰੀਲਾ ਹੀ ਹੈ ਸਗੋਂ ਹਿੰਸਾ ਭਰਪੂਰ ਵੀ ਹੈ। ਜ਼ਮੀਨਾਂ 'ਤੇ ਕਬਜ਼ਿਆਂ ਲਈ ਅਤੇ ਕੁੜੀਆਂ ਦੇ ਇਸ਼ਕ ਵਿਚ ਗੰਡਾਸਿਆਂ, ਰਫਲਾਂ ਅਤੇ ਰਿਵਾਲਵਰਾਂ ਦੀ ਗੱਲ ਅਤੇ ਪ੍ਰਦਰਸ਼ਨੀ ਆਮ ਹੀ ਕੀਤੀ ਜਾਂਦੀ ਹੈ। ਜ਼ਮੀਨ ਅਤੇ ਕੁੜੀ ਦੋਹਾਂ ਨੂੰ ਇੱਕੋ ਪੱਧਰ ਤੇ ਕਬਜ਼ੇ ਦੀ ਵਸਤੂ ਵਾਂਗ ਵਰਤਿਆ ਜਾਂਦਾ ਹੈ। ਇਸ ਸਭ ਕੁੱਝ ਤੋਂ ਇਉਂ ਜਾਪਦਾ ਹੈ ਜਿਵੇਂ ਪੰਜਾਬੀਆਂ ਦੇ ਸ਼ਬਦ ਕੋਸ਼ ਵਿਚੋਂ ਇੱਜ਼ਤ ਤੇ ਅਣਖ ਨਾਮ ਦੇ ਸ਼ਬਦ ਹੀ ਗੁਆਚ ਗਏ ਹੋਣ।

ਪਰਿਵਾਰ ਦੇ ਨਾਲ ਹੀ ਸਾਡੀ ਮੁਢਲੀ ਸੰਸਥਾ ਵਿਦਿਅਕ ਕੇਂਦਰ ਭਾਵ ਪ੍ਰਾਇਮਰੀ/ਹਾਈ ਸਕੂਲ ਅਰਥਾਤ ਕਾਲਜ ਹਨ। ਪਰਿਵਾਰ ਤੋਂ ਅਗਲੀ ਇਸ ਮੁਢਲੀ ਸੰਸਥਾ ਵਿਚ ਵਿਦਿਆਰਥੀ ਵਿੱਦਿਆ ਪ੍ਰਾਪਤੀ ਅਤੇ ਮਿਹਨਤ ਕਰਨੀ ਸਿੱਖਣ ਦੇ ਨਾਲ ਨਾਲ ਸਮਾਜ ਵਿਚ ਵਿਚਰਨ, ਜ਼ਿੰਦਗੀ ਬਸਰ ਕਰਨ ਦਾ ਸਲੀਕਾ, ਸਭਿਆਚਾਰ, ਦੇਸ਼, ਕੌਮ ਦਾ ਪਿਆਰ ਅਤੇ ਹੋਰ ਨੈਤਿਕ ਕੀਮਤਾਂ ਸੱਚ, ਸੇਵਾ, ਪਰਉਪਕਾਰ ਆਦਿ ਦੀ ਸਿੱਖਲਾਈ ਲੈਂਦਾ ਹੈ ਤਾਂ ਕਿ ਉਹ ਇੱਕ ਚੰਗੇ ਸ਼ਹਿਰੀ ਦੀ ਤਰ੍ਹਾਂ ਵਿਚਰੇ। ਵਿਦਿਅਕ ਸੰਸਥਾਵਾਂ ਦਾ ਜ਼ਿਕਰ ਜਿਸ ਤਰ੍ਹਾਂ ਇਨ੍ਹਾਂ ਗਾਉਣ ਵਾਲੇ ਅਤੇ ਗਾਉਣ ਵਾਲੀਆਂ ਵੱਲੋਂ ਕੀਤਾ ਜਾਂਦਾ ਹੈ, ਉਸ ਤੋਂ ਇਉਂ ਜਾਪਦਾ ਹੈ ਜਿਵੇਂ ਸਕੂਲ/ਕਾਲਜ ਸਿੱਖਿਆ ਕੇਂਦਰ ਨਾ ਹੋ ਕੇ ਲੱਚਰਪੁਣੇ ਦੇ ਸਿਖਲਾਈ ਕੇਂਦਰ ਹੋਣ। ਗੁਰੂ ਨਾਨਕ ਸਾਹਿਬ ਨੇ ਜਿਸ ਨੂੰ 'ਵਿਦਿਆ ਵੀਚਾਰੀ ਤਾ ਪਰਉਪਕਾਰੀ' ਕਿਹਾ ਹੈ, ਉਸ ਦੀ ਜਿਸ ਕਿਸਮ ਨਾਲ ਇਹ ਗਵਈਏ ਅੱਜ ਕਲ੍ਹ ਤੌਹੀਨ ਕਰ ਰਹੇ ਹਨ, ਨੌਜੁਆਨ ਪੀੜ੍ਹੀ ਨੂੰ ਗਲਤ ਰਸਤਾ ਦਿਖਾ ਕੇ ਉਨ੍ਹਾਂ ਦਾ ਭਵਿੱਖ ਧੁਆਂਖ ਰਹੇ ਹਨ, ਇਸ ਤੋਂ ਵੱਡਾ ਧੱਕਾ ਪੰਜਾਬੀ ਸਭਿਆਚਾਰ ਨਾਲ ਹੋਰ ਕੀ ਹੋ ਸਕਦਾ ਹੈ? ਗੀਤਾਂ ਦਾ ਵਿਸ਼ਾ ਅਤੇ ਪ੍ਰਦਰਸ਼ਨੀ ਪੜ੍ਹਾਈ ਦੀ ਥਾਂ ਮੁੰਡਿਆਂ ਵੱਲੋਂ ਕੁੜੀਆਂ ਦੁਆਲੇ ਮੋਟਰ ਸਾਈਕਲਾਂ ਅਤੇ ਕਾਰਾਂ/ਜੀਪਾਂ 'ਤੇ ਚੱਕਰ ਲਗਾਉਣ ਤੱਕ ਮਹਿਦੂਦ ਹੋ ਗਿਆ ਹੈ। ਇਸ ਦਾ ਹੀ ਅਸਰ ਹੈ ਕਿ ਮੁੰਡੇ ਜ਼ਮੀਨ ਵੇਚ ਕੇ ਵੀ ਗੱਡੀ ਜ਼ਰੂਰ ਖ਼ਰੀਦਣੀ ਚਾਹੁੰਦੇ ਹਨ ਅਤੇ ਇਹ ਵੀ ਇੱਛਾ ਰੱਖਦੇ ਹਨ ਕਿ ਕੋਈ ਬਾਪ ਭਾਵੇਂ ਕਰਜ਼ਾ ਚੁੱਕ ਕੇ ਹੀ ਦੇਵੇ ਪਰ ਦਾਜ ਵਿਚ ਗੱਡੀ ਜ਼ਰੂਰ ਆਵੇ।

ਪੰਜਾਬੀ ਮੁੰਡੇ ਪੜ੍ਹਾਈ ਲਿਖਾਈ ਵਿਚ ਦੂਸਰੇ ਸੂਬਿਆਂ, ਖਾਸ ਕਰਕੇ ਦੱਖਣੀ ਭਾਰਤ ਦੇ ਵਿਦਿਆਰਥੀਆਂ ਨਾਲੋਂ ਬਹੁਤ ਪਿੱਛੇ ਹਨ ਜਿਸ ਦਾ ਕਾਰਨ ਸਹਿਜੇ ਹੀ ਸਮਝ ਆ ਸਕਦਾ ਹੈ। ਬਾਹਰਲੇ ਸੂਬਿਆਂ ਦੇ ਵਿਦਿਆਰਥੀ ਯੂਨੀਵਰਸਿਟੀ ਦੀ ਪੱਧਰ ਤੱਕ ਦੀ ਵਿੱਦਿਆ ਪ੍ਰਾਪਤ ਕਰਨ ਲਈ ਵੀ ਬੱਸਾਂ ਜਾਂ ਸਾਈਕਲਾਂ 'ਤੇ ਆਉਂਦੇ ਹਨ (ਇਹ ਮੈਂ ਆਪਣੀਆਂ ਅੱਖਾਂ ਨਾਲ ਚੈਨਈ ਯੂਨੀਵਰਸਿਟੀ, ਮਦੁਰਾਏ ਯੂਨੀਵਰਸਿਟੀ, ਤਾਮਿਲਨਾਡੂ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਦੇਖਿਆ ਹੈ)। ਅੱਜ ਪੰਜਾਬ ਵਿਚ ਵਾਹੁਣ ਜੋਗੀ ਜ਼ਮੀਨ ਹੈ ਜਾਂ ਨਹੀਂ, ਪਰ ਹਰ ਘਰ ਵਿਚ ਗੱਡੀ ਜ਼ਰੂਰ ਨਜ਼ਰ ਆਉਂਦੀ ਹੈ। ਛੋਟੇ ਜ਼ਿਮੀਂਦਾਰਾਂ ਦੀ ਗਿਣਤੀ ਘਟਦੀ ਜਾ ਰਹੀ ਹੈ ਅਤੇ ਵੱਡੇ ਜ਼ਿਮੀਂਦਾਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ ਜੋ ਛੋਟਿਆਂ ਨੂੰ ਹੜੱਪ ਕਰੀ ਜਾ ਰਹੇ ਹਨ। ਅੱਜ ਪੰਜਾਬ ਦਾ ਜੱਟ ਆਤਮ-ਘਾਤ ਕਰਨ ਲਈ ਮਜ਼ਬੂਰ ਹੋ ਰਿਹਾ ਹੈ। ਹਰ ਰੋਜ਼ ਭਰੂਣ ਹੱਤਿਆ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ, ਸੰਸਥਾਵਾਂ, ਸਭਾ-ਸੁਸਾਇਟੀਆਂ ਰਾਹੀਂ 'ਨੰਨ੍ਹੀਆਂ ਛਾਂਵਾਂ' ਦੇ ਨਾਮ ਹੇਠ ਕੁੜੀਆਂ ਨੂੰ ਬਚਾਉਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ। ਸੋਚਣ ਵਾਲੀ ਗੱਲ ਹੈ ਕਿ ਜਿਸ ਕਿਸਮ ਦਾ ਮਾਹੌਲ ਪੰਜਾਬੀ ਗਾਇਕੀ ਰਾਹੀਂ ਸਿਰਜਿਆ ਜਾ ਰਿਹਾ ਹੈ, ਕੌਣ ਮਾਂ-ਬਾਪ ਅਜਿਹੇ ਮਾਹੌਲ ਵਿਚ ਕੁੜੀਆਂ ਪੈਦਾ ਕਰਨੀਆਂ ਅਤੇ ਉਨ੍ਹਾਂ ਨੂੰ ਵਿੱਦਿਆ ਕੇਂਦਰਾਂ ਵਿਚ ਪੜ੍ਹਨ ਲਈ ਭੇਜਣਾ ਚਾਹੇਗਾ?

ਅੱਜ ਬਹੁਗਿਣਤੀ ਨੌਜੁਆਨ ਪੀੜ੍ਹੀ ਨਸ਼ਿਆਂ ਦੀ ਗ੍ਰਿਫ਼ਤ ਵਿਚ ਜਾ ਚੁੱਕੀ ਹੈ। ਇਹ ਸਿਰਫ ਅਖ਼ਬਾਰਾਂ ਵਿਚ ਹੀ ਪੜ੍ਹਨ ਨੂੰ ਨਹੀਂ ਮਿਲਦਾ, ਇਸ ਦਾ ਰੁਝਾਨ ਆਮ ਹੀ ਦੇਖਿਆ ਜਾ ਸਕਦਾ ਹੈ। ਸਮੈਕ, ਕੋਕੀਨ, ਤਮਾਕੂ, ਸ਼ਰਾਬ ਆਦਿ ਨਸ਼ਿਆਂ ਦੀ ਜਕੜ ਪੰਜਾਬ ਦੀ ਨੌਜੁਆਨ ਪੀੜ੍ਹੀ 'ਤੇ ਬਹੁਤ ਪੱਕੀ ਅਤੇ ਮਜ਼ਬੂਤ ਹੋ ਗਈ ਹੈ। ਸ਼ਰਾਬ ਪ੍ਰਾਹੁਣਚਾਰੀ ਦਾ ਚਿੰਨ੍ਹ ਬਣ ਚੁੱਕੀ ਹੈ ਅਤੇ ਇਸ ਦੀ ਵਰਤੋਂ, ਜੋ ਪਹਿਲਾਂ ਕਦੀ ਵਿਆਹ-ਸ਼ਾਦੀਆਂ ਅਤੇ ਤਿੱਥ-ਤਿਉਹਾਰਾਂ 'ਤੇ ਬਹੁਤ ਹੀ ਸੀਮਤ ਢੰਗ ਨਾਲ ਹੁੰਦੀ ਸੀ, ਅੱਜ ਘਰਾਂ ਵਿਚ ਆਮ ਹੀ ਹੋਣ ਲੱਗ ਪਈ ਹੈ। ਸ਼ਰਾਬ ਦੀ ਅੰਧਾ-ਧੁੰਦ ਵਰਤੋਂ ਨੇ ਸਮਾਜਿਕ ਸਮਾਗਮਾਂ ਦੀ ਪਰਿਭਾਸ਼ਾ ਹੀ ਬਦਲ ਕੇ ਰੱਖ ਦਿੱਤੀ ਹੈ। ਉਦਾਹਰਣ ਲਈ ਵਿਆਹ ਇੱਕ ਬਹੁਤ ਹੀ ਮਹੱਤਵਪੂਰਨ ਸਮਾਜਿਕ ਪਰ ਪਵਿੱਤਰ ਰਸਮ ਹੈ। ਇਸੇ ਲਈ ਸਿੱਖ ਧਰਮ ਵਿਚ ਇਸ ਨੂੰ 'ਆਨੰਦ ਕਾਰਜ' ਦਾ ਨਾਮ ਦਿੱਤਾ ਗਿਆ ਹੈ, ਜਿਸ ਦਾ ਸਮਾਜਿਕ ਅਤੇ ਅਧਿਆਤਮਕ ਸੰਦਰਭ ਗੁਰਬਾਣੀ ਵਿਚ ਪ੍ਰਾਪਤ ਹੈ। ਅੱਜ ਕਲ੍ਹ ਆਨੰਦ ਕਾਰਜ ਝੱਟ-ਪੱਟ ਕਰ ਲਏ ਜਾਂਦੇ ਹਨ ਜਿਸ ਵਿਚ ਲੜਕੇ ਅਤੇ ਲੜਕੀ ਦੇ ਬਹੁਤ ਹੀ ਨਜ਼ਦੀਕੀ, ਸਿਰਫ਼ ਪਰਿਵਾਰਕ ਮੈਂਬਰ ਹੀ ਸ਼ਾਮਲ ਹੁੰਦੇ ਹਨ। ਬਾਕੀ ਸਾਰਾ ਸਮਾਂ ਮੈਰਿਜ ਪੈਲਸਾਂ ਵਿਚ ਸ਼ਰਾਬ ਵਰਤਾਉਣ 'ਤੇ ਲਾ ਦਿੱਤਾ ਜਾਂਦਾ ਹੈ।

ਡਾਕਟਰਾਂ ਵੱਲੋਂ ਕੀਤੀ ਗਈ ਤਾਜ਼ਾ ਖੋਜ ਅਨੁਸਾਰ ਜੇ ਕੋਈ ਮਨੁੱਖ ਸ਼ਰਾਬ ਦਾ ਸੇਵਨ ਕਰਦਾ ਹੈ ਤਾਂ ਇਹ ਖਾਨਦਾਨੀ ਰੋਗ ਬਣ ਸਕਦਾ ਹੈ, ਇੱਕ ਜੈਨਿਟਕ ਸਮੱਸਿਆ ਬਣ ਸਕਦੀ ਹੈ ਜਿਵੇਂ ਸ਼ੁਗਰ ਅਤੇ ਬਲੱਡ-ਪ੍ਰੈਸ਼ਰ ਆਦਿ ਖ਼ਾਨਦਾਨੀ ਸਮੱਸਿਆ ਬਣ ਜਾਂਦੇ ਹਨ। ਵੈਸੇ ਵੀ ਆਪ ਸ਼ਰਾਬ ਦਾ ਸੇਵਨ ਕਰਨ ਵਾਲਾ ਬਜ਼ੁਰਗ ਆਪਣੇ ਬੱਚਿਆਂ ਨੂੰ ਕਿਵੇਂ ਮਨ੍ਹਾਂ ਕਰੇਗਾ, "ਆਪਿ ਨ ਬੁਝਾ ਲੋਕ ਬੁਝਾਈ ਐਸਾ ਆਗੂ ਹੋਵਾ॥" ਕੋਈ ਵੇਲਾ ਹੁੰਦਾ ਸੀ ਕਿ ਯੂਨੀਵਰਸਿਟੀਆਂ ਦੇ ਮਹਿਮਾਨ ਘਰਾਂ ਵਿਚ ਸ਼ਰਾਬ ਪੀਣ ਦੀ ਮਨਾਹੀ ਹੁੰਦੀ ਸੀ ਪਰ ਪਿਛਲੇ ਕੁੱਝ ਸਮੇਂ ਤੋਂ ਸਮਾਰੋਹਾਂ ਵੇਲੇ ਮਹਿਮਾਨ ਘਰਾਂ ਵਿਚ ਰਾਤ ਦੇ ਖਾਣੇ 'ਤੇ ਆਮ ਹੀ ਸ਼ਰਾਬ ਵਰਤਾਈ ਜਾਣ ਲਗੀ ਹੈ। ਪੰਜਾਬ ਦੇ ਹਰ ਪਿੰਡ ਵਿਚ ਦੋ ਦੋ, ਤਿੰਨ ਤਿੰਨ ਠੇਕੇ ਖੁਲ੍ਹੇ ਹੋਏ ਨਜ਼ਰ ਆਉਂਦੇ ਹਨ। ਇਹ ਇਸ ਲਈ ਹੈ ਕਿ ਸਰਕਾਰ ਨੂੰ ਲੋਕਾਂ ਦੀ ਸਿਹਤ ਨਾਲ ਕੋਈ ਸਰੋਕਾਰ ਨਹੀਂ। ਉਸ ਨੂੰ ਠੇਕਿਆਂ ਤੋਂ ਐਕਸਾਈਜ ਦੇ ਰੂਪ ਵਿਚ ਪੈਸਾ ਚਾਹੀਦਾ ਹੈ। ਇਹ ਪੈਸਾ ਕਿਸੇ ਵਿਕਾਸ ਲਈ ਨਹੀਂ ਚਾਹੀਦਾ, ਇਹ ਪੈਸਾ ਹੈਲੀਕਾਪਟਰਾਂ ਦੇ ਝੂਟੇ ਲੈਣ ਲਈ ਚਾਹੀਦਾ ਹੈ। ਪੰਜਾਬ 'ਤੇ ਏਨਾ ਕਰਜ਼ਾ ਖਾੜਕੂ ਲਹਿਰ ਵੇਲੇ ਸੁਰੱਖਿਆ ਫੋਰਸਾਂ 'ਤੇ ਖ਼ਰਚ ਕਰਨ ਦਾ ਨਹੀਂ ਚੜ੍ਹਿਆ ਜਿੰਨਾ ਹੁਣ ਹੈਲੀਕਾਪਟਰਾਂ ਦੇ ਝੂਟਿਆਂ ਨੇ ਚੜ੍ਹਾ ਦਿੱਤਾ ਹੈ।

ਅੱਜ ਪੰਜਾਬੀ ਨੌਜੁਆਨ ਬੇਰੁਜ਼ਗਾਰ ਹਨ, ਨਸ਼ਿਆਂ ਦੀ ਗ੍ਰਿਫਤ ਵਿਚ ਹਨ, ਕਿਸਾਨ ਆਤਮ-ਹੱਤਿਆ ਦੇ ਰਾਹ ਪੈ ਗਿਆ ਹੈ, ਖੇਤੀਬਾੜੀ ਵਿਚ ਨਵੀਆਂ ਖੋਜਾਂ ਕਰਕੇ ਤਬਦੀਲੀ ਲਿਆਉਣ ਦੀ ਲੋੜ ਹੈ। ਨਸ਼ਿਆਂ ਨੂੰ, ਖਾਸ ਕਰਕੇ ਸ਼ਰਾਬ ਨੂੰ ਪਰਮੋਟ ਕਰਨ ਵਿਚ ਪੰਜਾਬੀ ਦੇ ਗਾਇਕਾਂ ਦਾ ਵੀ ਬਹੁਤ ਵੱਡਾ ਹੱਥ ਹੈ। ਕੋਈ ਵਿਰਲਾ ਗਾਇਕ ਹੋਵੇਗਾ ਜਿਸ ਨੇ ਆਪਣੇ ਗੀਤ ਵਿਚ ਸ਼ਰਾਬ ਦੀ ਗੱਲ ਨਾ ਕੀਤੀ ਹੋਵੇ। ਇਨ੍ਹਾਂ ਅਨੁਸਾਰ ਸ਼ਰਾਬ ਪੀ ਕੇ ਬੱਕਰੇ ਬੁਲਾਉਣਾ ਹੀ ਪੰਜਾਬੀਅਤ ਹੈ। ਦੇਸ਼ ਦਾ ਅੰਨ-ਭੰਡਾਰ ਭਰਨ ਵਾਲਾ ਪੰਜਾਬੀ ਕਿਸਾਨ ਅੱਜ ਆਪ ਕੰਗਾਲ ਹੋ ਗਿਆ ਹੈ। ਭ੍ਰਿਸ਼ਟਾਚਾਰ ਅਤੇ ਰਿਸ਼ਵਤਖੋਰੀ ਦਾ ਬੋਲਬਾਲਾ ਹੈ।

ਗੱਲ ਸਿੱਖ ਇਸਤਰੀ ਨੂੰ ਦਰਪੇਸ਼ ਚੁਣੌਤੀਆਂ ਦੀ ਕੀਤੀ ਜਾ ਰਹੀ ਹੈ। ਇਸ ਲਈ ਇਥੇ ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਅੱਜ ਸਿੱਖ ਨੌਜੁਆਨ ਪੀੜ੍ਹੀ (ਮੁੰਡੇ ਅਤੇ ਕੁੜੀਆਂ ਦੋਵੇਂ ਹੀ) ਵੱਡੀ ਗਿਣਤੀ ਵਿਚ ਆਪਣੇ ਕੇਸ ਕਤਲ ਕਰਵਾ ਕੇ ਆਪਣਾ ਸਿੱਖ ਮੁਹਾਂਦਰਾ ਗੁਆ ਰਹੇ ਹਨ। ਇਹ ਬਹੁਗਿਣਤੀ ਵਿਚ ਵਾਪਰ ਰਿਹਾ ਹੈ। ਵਿਆਹ-ਸ਼ਾਦੀਆਂ, ਵਿੱਦਿਅਕ ਅਦਾਰਿਆਂ ਵਿਚ ਸਿੱਖ-ਮੁੰਡੇ ਕੁੜੀਆਂ ਦੀ ਪਹਿਚਾਣ ਕਰਨੀ ਔਖੀ ਹੋ ਗਈ ਹੈ। ਇਹ ਪਹਿਚਾਣ ਉਨ੍ਹਾਂ ਦੇ ਮੁਹਾਂਦਰੇ ਤੋਂ ਨਹੀਂ, ਸਗੋਂ ਉਨ੍ਹਾਂ ਦੇ ਨਾਂਵਾਂ ਪਿੱਛੇ ਲੱਗੇ 'ਕੌਰ' ਜਾਂ 'ਸਿੰਘ' ਤੋਂ ਹੀ ਹੁੰਦੀ ਹੈ। ਜਾਪਦਾ ਇਉਂ ਸੀ ਕਿ ਅਕਾਲੀ ਪੰਜਾਬ ਦੇ ਵਾਲੀ ਵਾਰਸ ਹਨ ਪਰ ਉਨ੍ਹਾਂ ਦਾ ਮੁੱਖ ਮਕਸਦ ਤਾਂ ਭਾਰਤੀ ਜਨਤਾ ਪਾਰਟੀ ਨਾਲ ਸਾਂਝ ਪਾ ਕੇ ਸੱਤਾ 'ਤੇ ਕਾਬਜ਼ ਰਹਿਣ ਤੱਕ ਹੋ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਸ ਦਾ ਹੱਥ-ਠੋਕਾ ਬਣ ਗਈ ਹੈ ਜਿਸ ਰਾਹੀਂ ਗੁਰਦੁਆਰਿਆਂ ਦੀ ਗੋਲਕ ਦਾ ਪੈਸਾ ਅਕਾਲੀ ਸਿਆਸਤ ਦੀ ਚੜ੍ਹਤ ਵਾਸਤੇ ਵਰਤਿਆ ਜਾ ਸਕੇ। ਸਿੱਖ ਪਛਾਣ ਨਾਲ ਅਕਾਲੀ ਸਿਆਸਤ ਦਾ ਉਦੋਂ ਤੱਕ ਤੁਅਲਕ ਨਹੀਂ ਜਦੋਂ ਤੱਕ ਇਸ ਦੀ ਵਰਤੋਂ ਰਾਜਨੀਤੀ ਲਈ ਨਾ ਕੀਤੀ ਜਾ ਸਕਦੀ ਹੋਵੇ। ਜੇ ਸਿੱਖ ਪਛਾਣ ਇਸ ਲਈ ਕੋਈ ਮਾਅਨੇ ਰੱਖਦੀ ਹੋਵੇ ਤਾਂ ਇਹ ਨਰਿੰਦਰ ਮੋਦੀ ਵਰਗੇ ਨੇਤਾ ਨਾਲ ਭਿਆਲੀ ਕਿਵੇਂ ਪਾ ਸਕਦੀ ਹੈ?

ਅਜਿਹੀ ਸਥਿਤੀ ਵਿਚ ਸਿੱਖ ਬੀਬੀਆਂ ਦੇ ਸਾਹਮਣੇ ਚੁਣੌਤੀਆਂ ਹੀ ਚੁਣੌਤੀਆਂ ਹਨ ਜੋ ਕਿਸੇ ਗੰਭੀਰ ਚਿੰਤਨ ਦੀ ਮੰਗ ਕਰਦੀਆਂ ਹਨ। ਹਰ ਰੋਜ਼ ਅਸੀਂ 'ਖ਼ਾਲਿਸਤਾਨ ਦਾ ਕੂਕ-ਰੌਲਾ ਪਾਉਂਦੇ ਥੱਕਦੇ ਨਹੀਂ ਪਰ ਇਹ ਨਹੀਂ ਸੋਚਿਆ ਜਾ ਰਿਹਾ ਕਿ ਪੰਜਾਬ ਅੱਜ ਤਬਾਹੀ ਦੇ ਕੰਢੇ 'ਤੇ ਖੜ੍ਹਾ ਹੈ। ਇਸ ਦੀ ਬੋਲੀ, ਇਸ ਦਾ ਸਭਿਆਚਾਰ, ਇਸ ਦਾ ਸਾਹਿਤ ਸਭ ਤਬਾਹੀ ਵੱਲ ਜਾ ਰਹੇ ਹਨ। ਅੱਜ ਸਿੱਖ ਬੀਬੀਆਂ ਨੂੰ ਦਲੇਰ ਕੌਰ ਅਤੇ ਮਾਈ ਭਾਗੋ ਵਾਂਗ ਕਮਰਕੱਸੇ ਕੱਸ ਕੇ ਅੱਗੇ ਆਉਣ ਦੀ ਜ਼ਰੂਰਤ ਹੈ। ਗੁਰੂ ਸਾਹਿਬ ਨੇ ਸਿੱਖ ਨੂੰ ਸੰਕਟ ਵਿਚੋਂ ਉਭਰਨ ਲਈ ਸਿਰ ਜੋੜ ਕੇ ਬੈਠਣ ਦਾ ਸੰਗਤੀ ਮਾਡਲ ਦਿੱਤਾ ਹੈ, ਜਿਸ ਵਿਚ ਵਿਚਾਰ ਰਾਹੀਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕਦਾ ਹੈ। ਅੱਜ ਉਸ ਨੂੰ ਇਕੱਠਿਆਂ ਹੋ ਕੇ ਜਥੇਬੰਦਕ ਰੂਪ ਵਿਚ ਆਪਣਾ ਅਤੇ ਆਪਣੇ ਬੱਚਿਆਂ ਦਾ ਭਵਿੱਖ ਸੁਰਖਿਅਤ ਕਰਨ ਲਈ ਜੂਝਣਾ ਹੀ ਪਵੇਗਾ। ਲੜਾਈ ਸਿਰਫ਼ ਹਥਿਆਰਾਂ ਨਾਲ ਹੀ ਨਹੀਂ ਲੜੀ ਜਾਂਦੀ, ਇਸ ਨੂੰ ਲੜਨ ਦੀਆਂ ਹੋਰ ਵੀ ਵਿਧੀਆਂ ਹਨ।

---

## ਗੁਰਬਾਣੀ ਗਿਆਨ

# ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ...

**ਸੋਰਠਿ ਮਹਲਾ ੫॥**
ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ
ਮਾਇਆ ਸਨਬੰਧੇਹੀ॥
ਅੰਤ ਕੀ ਬਾਰ ਕੋ ਖਰਾ ਨ ਹੋਸੀ
ਸਭ ਮਿਥਿਆ ਅਸਨੇਹੀ॥੧॥
ਰੇ ਨਰ ਕਾਹੇ ਪਪੋਰਹੁ ਦੇਹੀ॥
ਊਡਿ ਜਾਇਗੋ ਧੂਮੁ ਬਾਦਰੋ
ਇਕੁ ਭਾਜਹੁ ਰਾਮੁ ਸਨੇਹੀ॥ਰਹਾਉ॥
ਤੀਨਿ ਸੰਙਿਆ ਕਰਿ ਦੇਹੀ ਕੀਨੀ
ਜਲ ਕੂਕਰ ਭਸਮੇਹੀ॥
ਹੋਇ ਆਮਰੋ ਗ੍ਰਿਹ ਮਹਿ ਬੈਠਾ
ਕਰਣ ਕਾਰਣ ਬਿਸਰੋਹੀ॥੨॥
ਅਨਿਕ ਭਾਤਿ ਕਰਿ ਮਣੀਏ ਸਾਜੇ
ਕਾਚੈ ਤਾਗਿ ਪਰੋਹੀ॥
ਤੂਟਿ ਜਾਇਗੋ ਸੂਤੁ ਬਾਪੁਰੇ
ਫਿਰਿ ਪਾਛੈ ਪਛੁਤੋਹੀ॥੩॥
ਜਿਨਿ ਤੁਮ ਸਿਰਜੇ ਸਿਰਜਿ ਸਵਾਰੇ
ਤਿਸੁ ਧਿਆਵਹੁ ਦਿਨੁ ਰੈਨੇਹੀ॥
ਜਨ ਨਾਨਕ ਪ੍ਰਭ ਕਿਰਪਾ ਧਾਰੀ
ਮੈ ਸਤਿਗੁਰ ਓਟ ਗਹੇਗੀ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਜਗਤ ਦੇ ਜੀਵਾਂ ਨੂੰ ਉਪਦੇਸ਼ ਕਰਦੇ ਹਨ ਕਿ ਰੇ ਨਰ ਕਾਹੇ ਪਪੋਰਹੁ ਦੇਹੀ, ਭਾਵ ਹੇ ਭਾਈ! ਜਿਸ ਦੇਹੀ, ਸਰੀਰ ਨੂੰ ਤੂੰ ਬੜੇ ਚਾਵਾਂ ਨਾਲ ਪਾਲਦਾ ਤੇ ਸ਼ਿੰਗਾਰਦਾ ਹੈਂ, ਉਹ ਸਰੀਰ ਇਕ ਦਿਨ ਮਰ ਮੁੱਕ ਜਾਵੇਗਾ, ਇਵੇਂ ਜਿਵੇਂ ਧੂੰਆਂ ਅਤੇ ਬੱਦਲ ਉਡ ਜਾਂਦੇ ਹਨ। ਹੇ ਭਟਕੇ ਹੋਏ ਜੀਵ! ਇਸ ਖ਼ਤਮ ਹੋ ਜਾਣ ਵਾਲੇ ਸਰੀਰ ਤੇ ਸੰਸਾਰ ਨੂੰ ਛੱਡ ਕੇ ਜੋ ਤੇਰਾ ਸਨੇਹੀ ਰਾਮ ਹੈ, ਉਹਦਾ ਸਿਮਰਨ ਕਰ।

ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ
ਮਾਇਆ ਸਨਬੰਧੇਹੀ॥
ਅੰਤ ਕੀ ਬਾਰ ਕੋ ਖਰਾ ਨ ਹੋਸੀ
ਸਭ ਮਿਥਿਆ ਅਸਨੇਹੀ॥੧॥

ਗੁਰਦੇਵ ਪਿਤਾ ਜੀ ਬਖ਼ਸ਼ਿਸ਼ ਕਰ ਰਹੇ ਹਨ- ਪੁਤ੍ਰ ਕਲਤ੍ਰ ਲੋਕ ਗ੍ਰਿਹ ਬਨਿਤਾ, ਭਾਵ ਹੇ ਜੀਵ! ਇਹ ਪੁਤ੍ਰ ਧੀਆਂ ਇਸਤਰੀ ਅਤੇ ਘਰ ਪਰਿਵਾਰ ਦੇ ਹੋਰ ਸਾਰੇ ਹੀ ਲੋਕ ਮਾਇਆ ਸਨਬੰਧੇਹੀ, ਭਾਵ ਇਹ ਤਾਂ ਮਾਇਆ ਅਤੇ ਸੁੱਖਾਂ ਕਰ ਕੇ ਹੀ ਤੇਰੇ ਨਾਲ ਜੁੜੇ ਹੋਏ ਹਨ। ਇਹ ਸਾਰੇ ਰਿਸ਼ਤੇ-ਨਾਤੇ ਮਤਲਬੀ ਅਤੇ ਝੂਠੇ ਹਨ। ਅੰਤ ਕੀ ਬਾਰ ਕੋ ਖਰਾ ਨਾ ਹੋਸੀ, ਭਾਵ ਅੰਤ ਵੇਲੇ ਤੇਰੀ ਕਿਸੇ ਸਹਾਇਤਾ ਨਹੀਂ ਕਰਨੀ; ਸਭ ਝੂਠੇ ਦਿਖਾਵੇ ਹੀ ਕਰ ਰਹੇ ਹਨ।

ਤੀਨਿ ਸੰਙਿਆ ਕਰਿ ਦੇਹੀ ਕੀਨੀ
ਜਲ ਕੂਕਰ ਭਸਮੇਹੀ॥
ਹੋਇ ਆਮਰੋ ਗ੍ਰਿਹ ਮਹਿ ਬੈਠਾ
ਕਰਣ ਕਾਰਣ ਬਿਸਰੋਹੀ॥੨॥

ਤੀਨਿ ਸੰਙਿਆ ਕਰਿ ਦੇਹੀ ਕੀਨੀ, ਭਾਵ ਹੇ ਭਾਈ! ਉਸ ਜਗਤ ਦੇ ਰਚਣਹਾਰ ਮਾਲਕ ਨੇ ਮਾਇਆ ਦੇ ਤਿੰਨ ਗੁਣਾਂ ਥਲੇ ਦੱਬਿਆ ਰਹਿਣ ਵਾਲਾ ਤੇਰਾ ਜੋ ਸਰੀਰ ਬਣਾਇਆ ਹੈ; ਜਲ ਕੂਕਰ ਭਸਮੇਹੀ, ਭਾਵ ਇਹ ਤਾਂ ਅਖੀਰ ਨੂੰ ਪਾਣੀ, ਕੁੱਤਿਆਂ ਤੇ ਜਾਂ ਮਿੱਟੀ ਦੇ ਸਪੁਰਦ ਹੀ ਹੋ ਜਾਣਾ ਹੈ; ਹੋਇ ਆਮਰੋ ਗ੍ਰਿਹ ਮਹਿ ਬੈਠਾ, ਭਾਵ ਹੇ ਜੀਵ! ਤੂੰ ਆਪਣੇ ਆਪ ਨੂੰ ਅਮਰ ਸਮਝਦਾ ਹੈਂ ਕਿ ਮੈਂ ਕਦੀ ਮਰਨਾ ਨਹੀਂ, ਤੇ ਜਗਤ ਦੇ ਰਚਨਹਾਰ ਪ੍ਰਭੂ ਨੂੰ ਵਿਸਾਰ ਕੇ ਝੂਠੇ ਜਗਤ ਵਿਚ ਫਸਿਆ ਪਿਆਂ ਹੈਂ।

ਅਨਿਕ ਭਾਤਿ ਕਰਿ ਮਣੀਏ ਸਾਜੇ
ਕਾਚੈ ਤਾਗਿ ਪਰੋਹੀ॥
ਤੂਟਿ ਜਾਇਗੋ ਸੂਤੁ ਬਾਪੁਰੇ
ਫਿਰਿ ਪਾਛੈ ਪਛੁਤੋਹੀ॥੩॥

ਹੇ ਭਾਈ! ਉਸ ਪ੍ਰਭੂ ਦੇ ਖੇਲ ਤਾਂ ਵੇਖੋ!! ਅਨਿਕ ਭਾਤਿ ਕਰਿ ਮਣੀਏ ਸਾਜੇ, ਭਾਵ ਪ੍ਰਭੂ ਨੇ ਅਨੇਕ ਤਰ੍ਹਾਂ ਦੇ ਮਣਕੇ ਬਣਾ ਕੇ, ਸਰੀਰ ਦੇ ਅੰਗ ਤਿਆਰ ਕਰ ਕੇ; ਕਾਚੈ ਤਾਗਿ ਪਰੋਹੀ, ਭਾਵ ਸੁਆਸਾਂ ਦੇ ਕੱਚੇ ਧਾਗੇ ਵਿਚ ਪਰੋ ਦਿੱਤੇ ਹਨ। ਹੇ ਭਾਈ! ਇਹ ਸਵਾਸਾਂ ਦਾ ਕੱਚਾ ਧਾਗਾ ਤਾਂ ਇਕ ਦਿਨ ਟੁੱਟ ਹੀ ਜਾਵੇਗਾ; ਫਿਰਿ ਪਾਛੈ ਪਛੁਤੋਹੀ, ਸਮਾਂ ਲੰਘ ਜਾਣ 'ਤੇ ਪਛਤਾਵੇਂਗਾ, ਰੋਂਦਾ ਰਹਿ ਜਾਵੇਂਗਾ।

ਜਿਨਿ ਤੁਮ ਸਿਰਜੇ ਸਿਰਜਿ ਸਵਾਰੇ
ਤਿਸੁ ਧਿਆਵਹੁ ਦਿਨੁ ਰੈਨੇਹੀ॥
ਜਨ ਨਾਨਕ ਪ੍ਰਭ ਕਿਰਪਾ ਧਾਰੀ
ਮੈ ਸਤਿਗੁਰ ਓਟ ਗਹੇਗੀ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਜੀਵ ਨੂੰ ਅਰਦਾਸ ਕਰਨ ਲਈ ਆਖਦੇ ਹਨ-ਹੇ ਭਾਈ! ਜਿਨਿ ਤੁਮ ਸਿਰਜੇ ਸਿਰਜਿ ਸਵਾਰੇ, ਭਾਵ ਜਿਸ ਮਿਹਰਬਾਨ ਪ੍ਰਭੂ ਨੇ ਤੈਨੂੰ ਪੈਦਾ ਕੀਤਾ, ਤੇ ਸੋਹਣਾ ਵੀ ਬਣਾਇਆ ਹੈ; ਤਿਸੁ ਧਿਆਵਹੁ ਦਿਨੁ ਰੈਨੇਹੀ; ਹੇ ਜੀਵ! ਉਸ ਪ੍ਰਭੂ ਨੂੰ ਦਿਨੇ, ਰਾਤ ਹਰ ਵੇਲੇ ਹੀ ਯਾਦ ਕਰਿਆ ਕਰ, ਸਿਮਰਨ ਕਰਿਆ ਕਰ। ਇਹ ਦਾਸ ਨਾਨਕ ਆਖਦਾ ਹੈ-ਪ੍ਰਭੂ ਜੀਉ! ਮੇਰੇ 'ਤੇ ਆਪਣੀ ਕ੍ਰਿਪਾ ਬਣਾਈ ਰੱਖ, ਮੈਂ ਸਤਿਗੁਰ ਦੇ ਚਰਨਾਂ ਨਾਲ ਜੁੜਿਆ ਰਹਾਂ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

### *ਰਿਬੇਰੋ ਦੀ ਆਪਬੀਤੀ (5)*

# ਪੰਜਾਬ ਪੁਲਿਸ, ਅਕਾਲੀ ਆਗੂ ਤੇ ਖਾੜਕੂ

***ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਖਾੜਕੂਆਂ ਅੱਗੇ ਹੰਭੀ-ਹਫੀ ਪੰਜਾਬ ਪੁਲਿਸ ਵਿਚ ਨਵੀਂ ਰੂਹ ਫੂਕਣ ਬਾਰੇ ਰਿਬੇਰੋ ਦੇ ਵਿਚਾਰ ਹਨ ਅਤੇ 1986 ਵਿਚ ਖਾਲਿਸਤਾਨ ਦੇ ਐਲਾਨ ਤੋਂ ਬਾਅਦ ਦੇ ਹਾਲਾਤ ਦਾ ਜ਼ਿਕਰ ਹੈ। -ਸੰਪਾਦਕ***

ਜੂਲੀਓ ਰਿਬੇਰੋ
ਅਨੁਵਾਦ: ਹਰਪਾਲ ਸਿੰਘ ਪੰਨੂ
ਫੋਨ: 91-94642-51454

**ਪੰਨਾ 277:** ਮੇਰੀ ਨਿਯੁਕਤੀ ਨਾਲ ਪੰਜਾਬ ਪੁਲਿਸ ਅਤੇ ਜਨਤਾ ਦਾ ਹੌਸਲਾ ਥਿਰ ਹੋਇਆ, ਮਾਨਸਿਕ ਤਬਦੀਲੀ ਹੋਈ। ਗਵਾਂਢੀ ਰਾਜਾਂ ਤੋਂ ਫੋਰਸ ਮੰਗਵਾਉਣ ਦੀ ਸਲਾਹ ਮਿਲੀ, ਪਰ ਮੇਰਾ ਫੈਸਲਾ ਸੀ-ਮੈਂ ਗਵਾਂਢੀ ਰਾਜਾਂ ਤੋਂ ਫੋਰਸ ਨਹੀਂ ਮੰਗਵਾਵਾਂਗਾ, ਮੈਂ ਪੰਜਾਬ ਪੁਲਿਸ ਨੂੰ ਦੱਸਣਾ ਸੀ, ਮੇਰਾ ਉਸ ਵਿਚ ਭਰੋਸਾ ਹੈ। ਚੰਡੀਗੜ੍ਹ ਰਵਾਨਾ ਹੋਣ ਤੋਂ ਪਹਿਲਾਂ ਰਾਜੀਵ ਗਾਂਧੀ ਨੇ ਮੈਨੂੰ ਕਿਹਾ ਸੀ ਕਿ ਆਪਣੀ ਨਿੱਜੀ ਸੁਰੱਖਿਆ ਵਾਸਤੇ ਨੈਸ਼ਨਲ ਸਕਿਉਰਿਟੀ ਗਾਰਡ ਦੇ ਬਲੈਕ ਕੈਟ ਲੈ ਜਾਵਾਂ। ਮੈਂ ਨਿਮਰਤਾ ਸਹਿਤ ਇਨਕਾਰ ਕਰਦਿਆਂ ਕਿਹਾ ਸੀ ਕਿ ਜੇ ਮੈਂ ਆਪਣੀ ਪੰਜਾਬ ਪੁਲਿਸ 'ਤੇ ਇਤਬਾਰ ਨਾ ਕੀਤਾ, ਫਿਰ ਪੰਜਾਬ ਪੁਲਿਸ ਮੇਰਾ ਇਤਬਾਰ ਕਿਉਂ ਕਰੇਗੀ? ਜਿੰਨਾ ਚਿਰ ਮੈਂ ਪੰਜਾਬ ਵਿਚ ਰਿਹਾ, ਸਾਢੇ ਤਿੰਨ ਸਾਲ ਦਫਤਰ ਅਤੇ ਘਰ ਵਿਚ ਜਿਨ੍ਹਾਂ ਪੁਲਿਸ ਮੁਲਾਜ਼ਮਾਂ ਨੇ ਮੇਰੀ ਹਿਫਾਜ਼ਤ ਕੀਤੀ, ਜੱਟ ਸਿੱਖ ਸਨ। ਸਾਰੇ ਪੂਰਨ ਵਫਾਦਾਰ, ਚੁਸਤ ਸਨ ਅਤੇ ਅੱਜ ਤੱਕ ਮੇਰੇ ਦੋਸਤ ਹਨ।

ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਮੈਂ ਦੱਸਦਾ ਰਿਹਾ ਕਿ ਮੇਰਾ ਮਤਲਬ ਕੇਵਲ ਇੰਨਾ ਹੈ ਕਿ ਮੇਰੇ ਮੁਲਾਜ਼ਮ ਆਪਣੇ ਬਚਾਉ ਵਾਸਤੇ ਮੁਕਾਬਲਾ ਕਰਨ, ਵਿਅਰਥ ਜਾਨਾਂ ਨਾ ਗੁਆਈ ਜਾਣ। ਉਨ੍ਹਾਂ ਦਿਨਾਂ ਵਿਚ ਹਿੰਦੂ-ਸਿੱਖ ਸਮਾਜਾਂ ਵਿਚ ਪਾੜਾ ਪੈ ਚੁੱਕਾ ਸੀ। ਸਿੱਖਾਂ ਨੂੰ ਮੇਰੀ ਗੱਲ ਬੁਰੀ ਲੱਗੀ, ਹਿੰਦੂ ਖੁਸ਼ ਹੋਏ। ਮੈਂ ਵਿਚਕਾਰ ਫਸ ਗਿਆ। ਮੈਂ ਸਿੱਖਾਂ ਦਾ ਦੁਸ਼ਮਣ ਨਹੀਂ ਸਾਂ, ਉਹ ਮੈਨੂੰ ਉਨੇ ਹੀ ਪਿਆਰੇ ਸਨ ਜਿੰਨੇ ਬਾਕੀ ਲੋਕ, ਉਨ੍ਹਾਂ ਬਾਰੇ ਮੇਰੀ ਦੁਰਭਾਵਨਾ ਕਿਉਂ ਹੁੰਦੀ?

ਪੰਜਾਬੀ ਹਿੰਦੂ ਸਮਝਦੇ ਸਨ ਕਿ ਪੰਜਾਬ ਪੁਲਿਸ ਵਿਚ ਸਿੱਖਾਂ ਦੀ ਬਹੁਗਿਣਤੀ ਹੋਣ ਕਾਰਨ ਖਾੜਕੂਆਂ ਵਾਸਤੇ ਇਸ ਫੋਰਸ ਵਿਚ ਹਮਦਰਦੀ ਹੈ ਪਰ ਇਸ ਖਿਆਲ ਪਿਛੇ ਸਬੂਤ ਕੋਈ ਨਹੀਂ ਸੀ। ਹਰ ਜਥੇਬੰਦੀ ਵਿਚ, ਦੇਸ਼ ਹੋਵੇ ਜਾਂ ਪਰਦੇਸ, ਕੁਝ ਮਾੜੇ ਅਨਸਰ ਹੁੰਦੇ ਹਨ। ਹਾਂ, ਇਹ ਸੱਚ ਹੈ ਕਿ ਅਪਰਾਧੀਆਂ ਨਾਲ ਨਜਿੱਠਣ ਵਾਸਤੇ ਪ੍ਰਸਿੱਧ ਪੰਜਾਬ ਪੁਲਿਸ ਦਾ ਹੌਸਲਾ ਢੱਠਾ ਹੋਇਆ ਸੀ, ਕਿਉਂਕਿ ਖਾੜਕੂਵਾਦ ਉਨ੍ਹਾਂ ਵਾਸਤੇ ਨਵੀਂ ਤਰ੍ਹਾਂ ਦਾ ਗੋਰਖ ਧੰਦਾ ਸੀ। ਖਾੜਕੂਆਂ ਨੇ ਪੁਲਸੀਆਂ ਨੂੰ ਕਦੀ ਰਿਸ਼ਵਤ ਦੇਣ ਦਾ ਯਤਨ ਨਹੀਂ ਕੀਤਾ, ਪੁਲਿਸ ਹੋਵੇ ਜਾਂ ਕੋਈ ਹੋਰ ਵਿਰੋਧੀ, ਕੇਵਲ ਗੋਲੀਆਂ ਦੀ ਵਾਛੜ। ਸਿਆਸੀ ਅਤੇ ਪ੍ਰਸ਼ਾਸਕੀ ਢਾਂਚੇ ਨੂੰ ਅਜੀਬ ਡਰ ਕਾਰਨ ਲਕਵਾ ਮਾਰ ਗਿਆ ਸੀ। ਸਿਆਸਤਦਾਨ, ਸਿਵਲ ਤੇ ਪੁਲਿਸ ਅਫਸਰ ਜੱਜ, ਖਾੜਕੂਆਂ ਸਾਹਮਣੇ ਨਿੱਸਲ ਹੋ ਗਏ ਸਨ। ਭਾਰਤੀ ਸਟੇਟ ਦੀ ਵੈਧਤਾ ਨੂੰ ਰੱਦ ਕਰ ਕੇ ਖਾੜਕੂ ਬਿਨਾਂ ਕਿਸੇ ਉਤੇਜਨਾ ਦੇ ਕਿਤੇ ਵੀ ਫਾਇਰਿੰਗ ਖੋਲ੍ਹ ਸਕਦੇ ਸਨ।

ਚਾਰਜ ਲੈਣ ਤੋਂ ਬਾਅਦ ਮੇਰਾ ਪਹਿਲਾ ਕੰਮ ਪੁਲਿਸ ਦਾ ਹੌਸਲਾ ਬੁਲੰਦ ਕਰਨਾ ਸੀ। ਪੰਜਾਬ ਦਾ ਟੂਰ ਕਰ ਕੇ ਮੈਂ ਫੋਰਸ ਨਾਲ ਨਿੱਜੀ ਰਾਬਤਾ ਬਣਾਉਣਾ ਸੀ। ਫੈਸ਼ਨ ਵਜੋਂ ਮੈਂ ਅਫਸਰਾਂ ਦੀਆਂ ਬਦਲੀਆਂ ਕਰਨ ਵਿਰੁਧ ਹਾਂ। ਜਿਹੜੇ ਚੰਗਾ ਕੰਮ ਕਰਨਗੇ, ਉਨ੍ਹਾਂ ਨੂੰ ਥਾਪੀ ਦਿਆਂਗਾ; ਜਿਹੜੇ ਢਿੱਲੇ ਮੱਠੇ ਹਨ, ਉਨ੍ਹਾਂ ਨੂੰ ਚੁਸਤ ਕਰਾਂਗਾ।

ਪਹਿਲੀ ਅਪਰੈਲ 86 ਨੂੰ ਮੈਂ ਚੰਡੀਗੜ੍ਹ ਪੈਰਾਮਿਲਟਰੀ ਫੋਰਸ ਦੇ ਸਾਰੇ ਅਫਸਰਾਂ ਦੀ ਕਾਨਫਰੰਸ ਸੱਦੀ। ਮੈਂ ਉਨ੍ਹਾਂ ਨੂੰ ਪੁੱਛਣਾ ਸੀ, ਖਾੜਕੂਵਾਦ ਕੀ ਹੁੰਦਾ ਹੈ ਅਤੇ ਅਸੀਂ ਆਪਣੇ ਅਫਸਰਾਂ ਨੂੰ ਪ੍ਰੇਰਨਾ ਦੇ ਕੇ ਹਾਲਤ ਠੀਕ ਕਿਉਂ ਨਹੀਂ ਕਰ ਸਕਦੇ? ਹਾਲਤ ਅਫਸੋਸਜਨਕ ਸੀ, ਕਿਉਂਕਿ ਕੁਝ ਦਿਨ ਪਹਿਲਾਂ ਖਾੜਕੂਆਂ ਅਤੇ ਪੁਲਿਸ ਵਿਚਕਾਰ ਹਰੀਕੇ ਪੱਤਣ ਮੁਕਾਬਲਾ ਹੋਇਆ ਸੀ ਜਿਸ ਵਿਚ ਦੋ ਖਾੜਕੂ ਤੇ ਦੋ ਪੁਲਿਸ ਮੁਲਾਜ਼ਮ ਮਾਰੇ ਗਏ ਸਨ। ਪੰਜਾਬ ਦੇ ਖਰਾਬ ਹਾਲਾਤ ਵਿਰੁਧ ਦਿੱਲੀ ਵਿਚ ਵਿਆਪਕ ਹੜਤਾਲ ਹੋ ਗਈ ਸੀ। ਬਟਾਲੇ ਇਕ ਸਿੱਖ ਮੁੰਡੇ ਨੂੰ ਦੁਕਾਨਦਾਰਾਂ ਨੇ ਕੁੱਟ ਦਿੱਤਾ, ਫਿਰਕੂ ਤਣਾਉ ਘਟਾਉਣ ਲਈ ਕਰਫਿਊ ਲਾ ਦਿੱਤਾ। ਬਟਾਲੇ ਦੇ ਆਲੇ ਦੁਆਲੇ ਪਿੰਡਾਂ ਨੇ ਬਦਲਾ ਲੈਣ ਲਈ ਸ਼ਹਿਰ ਦਾ ਬਾਈਕਾਟ ਕਰ ਦਿੱਤਾ; ਯਾਨਿ ਦੁੱਧ, ਚਾਰਾ, ਸਬਜ਼ੀਆਂ, ਫਲ ਆਦਿ ਸ਼ਹਿਰ ਨਾ ਵੜਨ ਦਿੱਤੇ। ਪੇਂਡੂਆਂ ਨੇ ਸ਼ਹਿਰ ਦੁਆਲੇ ਘੇਰਾਬੰਦੀ ਕਰ ਲਈ ਸੀ। ਪੁਲਿਸ ਫੋਰਸ ਰਾਹੀਂ ਘੇਰਾਬੰਦੀ ਤੁੜਵਾਈ ਗਈ।

ਮਾਰਚ 1986 ਵਿਚ 104 ਕਤਲ ਹੋਏ ਜਿਨ੍ਹਾਂ ਵਿਚ ਵਧੀਕ ਹਿੰਦੂ ਸਨ। ਕੇਂਦਰ ਨੇ ਹੋਰ ਸੁਰੱਖਿਆ ਬਲ ਭੇਜ ਦਿੱਤੇ। ਗਵਰਨਰ ਸ਼ੰਕਰ ਦਿਆਲ ਸ਼ਰਮਾ ਨੂੰ ਬਦਲ ਕੇ ਸਿਧਾਰਥ ਸ਼ੰਕਰ ਰੇਅ ਨੂੰ ਲਾ ਦਿੱਤਾ ਜੋ ਬੰਗਾਲ ਦੇ ਮੁੱਖ ਮੰਤਰੀ ਰਹੇ ਸਨ। ਹਿੰਸਾ ਵਧਦੀ ਗਈ ਤਾਂ ਸ਼ਿਵ ਸੈਨਾ ਨੇ ਜਲੂਸ ਕੱਢਣੇ ਅਤੇ ਮੁੱਖ ਮੰਤਰੀ ਦੇ ਪੁਤਲੇ ਸਾੜਨੇ ਸ਼ੁਰੂ ਕਰ ਦਿੱਤੇ। ਸ਼ਿਵ ਸੈਨਾ ਨੇ ਗੜ੍ਹਸ਼ੰਕਰ ਠਾਣੇ ਉਪਰ ਦੇਸੀ ਬੰਬ ਸੁੱਟ ਕੇ ਡੀ.ਐਸ.ਪੀ. ਜ਼ਖਮੀ ਕਰ ਦਿੱਤਾ। ਹਿੰਦੂਆਂ ਦੇ ਇਕ ਜਲੂਸ ਉਪਰ ਲਾਠੀ ਚਾਰਜ ਕਰਨਾ ਪਿਆ, ਉਹ ਸ਼ਿਵ ਸੈਨਾ ਵਰਕਰਾਂ ਦੀ ਰਿਹਾਈ ਮੰਗ ਰਹੇ ਸਨ।

ਬਰਨਾਲਾ ਸਰਕਾਰ ਦੀ ਡਿਗਦੀ ਜਾਂਦੀ ਸਾਖ ਬਚਾਉਣ ਵਾਸਤੇ ਕੇਂਦਰ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਦੋ ਕਮਿਸ਼ਨ ਬਿਠਾ ਦਿੱਤੇ। ਵਾਅਦੇ ਅਨੁਸਾਰ ਚੰਡੀਗੜ੍ਹ, ਪੰਜਾਬ ਨੂੰ 26 ਜਨਵਰੀ 1986 ਨੂੰ ਦੇਣਾ ਸੀ ਪਰ ਹਰਿਆਣਾ ਨੇ ਇਸ ਬਦਲੇ ਪੰਜਾਬ ਦੇ ਕੁੱਝ ਇਲਾਕਿਆਂ 'ਤੇ ਹੱਕ ਜਤਾ ਕੇ ਵਿਉਂਤ ਸਿਰੇ ਨਾ ਚੜ੍ਹਨ ਦਿੱਤੀ।

**ਪੰਨਾ 281:** ਬੰਬੇ ਦੇ ਅਖਬਾਰ 'ਡੇਲੀ' ਨੇ 17 ਜੂਨ 1986 ਨੂੰ ਲੇਖ ਛਾਪਿਆ ਜਿਸ ਵਿਚ ਸਖਤ ਜਾਨ ਖਾੜਕੂਆਂ ਦੀ ਗਿਣਤੀ 300 ਤੋਂ 500 ਤੱਕ ਅਤੇ ਉਨ੍ਹਾਂ ਦੇ ਹਮਦਰਦਾਂ ਦੀ 3000 ਤੋਂ 4000 ਵਿਚਕਾਰ ਦੱਸੀ। ਇਸ ਗੱਲ ਕਰ ਕੇ ਸਰਕਾਰ ਦੀ ਆਲੋਚਨਾ ਹੋ ਰਹੀ ਸੀ ਕਿ ਬਹੁਤ ਸਾਰੇ ਖਾੜਕੂ ਫੜੇ ਜਾਣ ਦੇ ਬਾਵਜੂਦ ਉਨ੍ਹਾਂ ਦੀ ਗਿਣਤੀ ਵਧ ਰਹੀ ਹੈ। ਸੱਚ ਇਹ ਹੈ ਕਿ ਧਾਰਮਿਕ ਜਜ਼ਬੇ ਇੰਨੇ ਬਲਵਾਨ ਹੁੰਦੇ ਹਨ ਕਿ ਖਾੜਕੂਆਂ ਨੂੰ ਮਾਰਨ ਨਾਲ ਉਨ੍ਹਾਂ ਦੀ ਗਿਣਤੀ ਘਟਦੀ ਨਹੀਂ। ਮਾਰੇ ਗਿਆਂ ਦੀ ਥਾਂ ਹੋਰ ਆ ਜਾਂਦੇ ਹਨ, ਕੁਝ ਬੇਰੁਜ਼ਗਾਰ ਹਨ, ਕੁਝ ਅਪਰਾਧੀ ਹੁੰਦੇ ਹਨ, ਕੁਝ ਆਪਣੇ ਕਾਜ਼ ਪ੍ਰਤੀ ਵਚਨਬੱਧ ਹੁੰਦੇ ਹਨ। ਪ੍ਰੈਸ ਤੋਂ ਮੈਂ ਉਨ੍ਹਾਂ ਦੀ ਗਿਣਤੀ ਲੁਕਾਈ ਛੁਪਾਈ ਨਹੀਂ। ਉਨ੍ਹਾਂ ਨੇ ਤੰਬਾਕੂ ਦੀਆਂ ਦੁਕਾਨਾਂ ਅਤੇ ਸ਼ਰਾਬ ਦੇ ਠੇਕਿਆਂ ਨੂੰ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਹਾਰਡਕੋਰ ਵਿਚ ਅਪਰਾਧੀ ਅਨਸਰ ਲੁੱਟਣ ਦੀ ਮਨਸ਼ਾ ਨਾਲ ਦਾਖਲ ਹੋ ਜਾਂਦਾ ਹੈ।

ਮੁੱਖ ਮੰਤਰੀ ਸ. ਬਰਨਾਲਾ ਭਲਾਮਾਣਸ ਸੀ। ਉਹ ਰੱਬ ਤੋਂ ਡਰਨ ਵਾਲਾ ਸਿੱਖ ਸੀ, ਦੇਸ਼ ਦੀ ਅਖੰਡਤਾ ਬਣਾਈ ਰੱਖਣ ਦੇ ਹੱਕ ਵਿਚ ਸੀ। ਬਦਕਿਸਮਤੀਵਸ ਤੇ ਸਿਆਸੀ ਮਜਬੂਰੀ ਕਾਰਨ ਬੈਂਸ ਕਮੇਟੀ ਦੀ ਸਿਫਾਰਿਸ਼ 'ਤੇ ਉਸ ਨੇ ਬਹੁਤ ਸਾਰੇ ਖਾੜਕੂ ਅਤੇ ਸਮਗਲਰ ਰਿਹਾ ਕਰ ਦਿੱਤੇ, ਹਰ ਕੇਸ ਵਿਚ ਬਰੀਕ ਛਾਣਬੀਣ ਨਹੀਂ ਕੀਤੀ।


**ਪੰਨਾ 283:** 25 ਜੁਲਾਈ ਨੂੰ ਸਵਖਤੇ ਚਾਰ ਖਾੜਕੂਆਂ ਨੇ ਫਰੀਦਕੋਟ ਤੋਂ ਮੁਕਤਸਰ ਜਾਂਦੀ ਬੱਸ ਦੇ ਡਰਾਈਵਰ ਨੂੰ ਰੋਕਣ ਲਈ ਕਿਹਾ। ਕੇਸਾਧਾਰੀ ਤੇ ਮੋਨੇ ਮੁਸਾਫਰ ਵੱਖ ਵੱਖ ਕਰ ਲਏ ਤੇ ਸਾਰੇ ਮੋਨੇ ਮਾਰ ਦਿੱਤੇ। ਪੰਦਰਾਂ ਥਾਂਏਂ ਮਾਰੇ ਗਏ ਤੇ ਸੱਤ ਗੰਭੀਰ ਜ਼ਖਮੀ ਹੋਏ। ਜਦੋਂ ਪੁਲਿਸ ਖਾੜਕੂਆਂ ਨੂੰ ਮਾਰਦੀ, ਤਦ ਬਦਲੇ ਵਿਚ ਉਹ ਸਿਵਿਲ ਹਿੰਦੂਆਂ ਉਪਰ ਹਮਲਾ ਕਰਦੇ।

ਜਲੰਧਰ ਨੇੜੇ ਮੰਡ ਇਲਾਕਾ ਦਲਦਲੀ ਜ਼ਮੀਨ ਹੈ। ਵਾਰਦਾਤ ਕਰ ਕੇ ਖਾੜਕੂ ਉਥੇ ਛੁਪ ਜਾਂਦੇ। ਇਸ ਥਾਂ ਵਾਸਤੇ ਅਸੀਂ ਆਰਮੀ ਤੋਂ ਹੈਲੀਕਾਪਟਰ ਮੰਗੇ। ਕੇ.ਪੀ.ਐਸ. ਗਿੱਲ ਨੂੰ ਸੀ.ਆਰ.ਪੀ.ਐਫ. ਦਾ ਆਈ.ਜੀ. ਲਾ ਦਿੱਤਾ। ਮੰਡ ਆਪ੍ਰੇਸ਼ਨ ਉਸ ਨੇ ਪਲੈਨ ਕੀਤਾ ਸੀ। ਪ੍ਰੈਸ ਵਿਚ ਸਾਡੀ ਆਲੋਚਨਾ ਹੋਈ, ਕਿਉਂਕਿ ਮੰਡ ਵਿਚੋਂ ਕੋਈ ਖਾੜਕੂ ਫੜਿਆ ਨਹੀਂ ਗਿਆ। ਮੈਂ ਅਖਬਾਰ-ਨਵੀਸਾਂ ਨੂੰ ਕਿਹਾ ਕਿ ਅਸੀਂ ਸਾਬਤ ਕਰਨਾ ਹੈ ਕਿ ਮੰਡ ਏਰੀਆ ਸਾਡੀ ਪਹੁੰਚ ਤੋਂ ਬਾਹਰ ਨਹੀਂ ਹੈ, ਜਦੋਂ ਚਾਹੀਏ ਛਾਣ ਦੇਈਏ।



*ਖਾੜਕੂਆਂ ਦੇ ਯਤਨਾਂ ਸਦਕਾ ਅਕਾਲ ਤਖਤ ਦੇ ਜਥੇਦਾਰ ਬਣੇ ਗੁਰਦੇਵ ਸਿੰਘ ਕਉਂਕੇ*





*ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਜੋ ਖਾੜਕੂਆਂ ਦੇ ਹਮਦਰਦ ਨਹੀਂ ਸਨ, ਉਨ੍ਹਾਂ ਨੂੰ ਆਪੋ ਆਪਣੇ ਭਵਿੱਖ ਦਾ ਫਿਕਰ ਸੀ।*

**ਪੰਨਾ 284:** ਖਾੜਕੂਆਂ ਨੇ ਮੁੜ ਦਰਬਾਰ ਸਾਹਿਬ ਉਪਰ ਕਬਜ਼ਾ ਕਰ ਲਿਆ ਜਿਥੋਂ ਉਹ ਬਹੁਤ ਇਤਰਾਜ਼ਯੋਗ ਬਿਆਨ ਜਾਰੀ ਕਰਦੇ। ਮੇਰੇ ਪੰਜਾਬ ਆਉਣ ਤੋਂ ਪਹਿਲਾਂ ਵੀ ਸਰਕਾਰ ਨੇ ਦਰਬਾਰ ਸਾਹਿਬ ਦੇ ਆਲੇ ਦੁਆਲੇ ਫੋਰਸਾਂ ਤਾਇਨਾਤ ਕੀਤੀਆਂ ਹੋਈਆਂ ਸਨ ਜੋ ਖਾੜਕੂ ਗਤੀਵਿਧੀਆਂ ਦੀ ਨਜ਼ਰਸਾਨੀ ਕਰ ਰਹੀਆਂ ਸਨ। ਦਿੱਲੀ ਦੀ ਸਰਕਾਰ ਬਰਨਾਲਾ ਦੀ ਅਕਾਲੀ ਸਰਕਾਰ ਦੇ ਹੁਕਮ ਨਾਲ ਫੋਰਸ ਦਰਬਾਰ ਸਾਹਿਬ ਅੰਦਰ ਭੇਜ ਕੇ ਆਪਣਾ ਆਪ੍ਰੇਸ਼ਨ ਬਲੂਸਟਾਰ ਵਾਲਾ ਕਾਰਾ ਸਹੀ ਸਾਬਤ ਕਰਨਾ ਚਾਹੁੰਦੀ ਸੀ। ਬਰਨਾਲਾ ਸਾਹਿਬ ਉਪਰ ਦਬਾਉ ਪਾਇਆ ਗਿਆ ਕਿ ਖਾੜਕੂ ਬਾਹਰ ਕੱਢੋ।

**ਪੰਨਾ 284:** 28 ਅਪਰੈਲ ਨੂੰ ਖਾੜਕੂਆਂ ਨੇ ਦਰਬਾਰ ਸਾਹਿਬ ਵਿਚ ਖਾਲਿਸਤਾਨ ਦਾ ਝੰਡਾ ਝੁਲਾ ਦਿੱਤਾ। ਦਰਬਾਰ ਸਾਹਿਬ ਦੀ ਪਰਿਕਰਮਾ ਵਿਚੋਂ ਉਨ੍ਹਾਂ ਨੇ ਖਾਲਿਸਤਾਨ ਦੀ ਕਾਇਮੀ ਦਾ ਐਲਾਨ ਕਰ ਦਿੱਤਾ। ਇਹ ਸਾਰਾ ਕੁਝ ਬੇਮਤਲਬ ਸੀ, ਕਿਉਂਕਿ ਇਹੋ ਜਿਹੇ ਐਲਾਨ ਮਾਤਰ ਨਾਲ ਖਾਲਿਸਤਾਨ ਥੋੜ੍ਹਾ ਬਣਨਾ ਸੀ। ਕੇਂਦਰ ਸਰਕਾਰ ਨੇ ਇਸ ਐਲਾਨ ਦਾ ਫਾਇਦਾ ਉਠਾਇਆ।

**29 ਅਪਰੈਲ:** ਮੈਂ ਗੁਰਦਾਸਪੁਰ ਬੀ.ਐਸ.ਐਫ. ਕੈਂਪ ਵਿਚ ਸੀ। ਅੱਧੀ ਰਾਤ ਹੈਡ ਕੁਆਰਟਰ ਤੋਂ ਮੈਨੂੰ ਸੁਨੇਹਾ ਮਿਲਿਆ ਕਿ ਅਰੁਣ ਸਿੰਘ, ਅਰਜਨ ਸਿੰਘ ਤੇ ਬਰਨਾਲਾ ਦਿੱਲੀ ਤੋਂ ਅੰਮ੍ਰਿਤਸਰ ਆ ਰਹੇ ਹਨ ਤੇ ਮੈਂ ਉਨ੍ਹਾਂ ਨੂੰ ਏਅਰਪੋਰਟ 'ਤੇ ਰਿਸੀਵ ਕਰਾਂ। ਉਹ ਕਿਉਂਕਿ ਦਿੱਲੀ ਤੋਂ ਚੱਲ ਚੁੱਕੇ ਸਨ, ਸੋ ਮੈਨੂੰ ਸੜਕ ਰਸਤੇ ਅੰਮ੍ਰਿਤਸਰ ਜਲਦੀ ਪੁੱਜਣਾ ਪੈਣਾ ਸੀ। ਆਪਣੀ ਪਤਨੀ ਸਣੇ ਮੈਂ 30 ਅਪਰੈਲ ਸਵੇਰੇ 2 ਵਜੇ ਅੰਮ੍ਰਿਤਸਰ ਪੁੱਜ ਗਿਆ। ਅੰਮ੍ਰਿਤਸਰ ਦੇ ਐਸ.ਐਸ.ਪੀ. ਸਰਬਜੀਤ ਸਿੰਘ ਵਿਰਕ ਦੇ ਘਰ ਪਤਨੀ ਨੂੰ ਛੱਡ ਕੇ ਮਹਿਮਾਨਾਂ ਨੂੰ ਮਿਲਣ ਏਅਰਪੋਰਟ ਚਲਾ ਗਿਆ।

ਮੁੱਖ ਮੰਤਰੀ ਨੇ ਮੈਨੂੰ ਦੱਸਿਆ ਕਿ ਖਾੜਕੂਆਂ ਦਾ ਸਫਾਇਆ ਕਰਨਾ ਪਵੇਗਾ ਤੇ ਕੱਲ੍ਹ ਰਾਤ ਇਹ ਕੰਮ ਸਿਰੇ ਚਾੜ੍ਹਨਾ ਹੈ। ਅਰੁਣ ਸਿੰਘ ਨੇ ਦੱਸਿਆ ਕਿ ਦਿਨ ਵਿਚ ਨੈਸ਼ਨਲ ਸੁਰੱਖਿਆ ਗਾਰਡ ਆ ਜਾਣਗੇ। ਮੈਂ ਉਨ੍ਹਾਂ ਨੂੰ ਦੱਸਿਆ ਕਿ ਖਾਲਿਸਤਾਨ ਦਾ ਐਲਾਨ ਕਰ ਕੇ ਖਾੜਕੂ ਤਾਂ ਦਰਬਾਰ ਸਾਹਿਬ ਦੇ ਆਲੇ ਦੁਆਲੇ ਨਾਲ ਲਗਦੇ ਮਕਾਨਾਂ ਥਾਣੀਂ ਖਿਸਕ ਚੁੱਕੇ ਹਨ। ਜਿਹੜੇ ਉਥੇ ਰਹਿ ਗਏ, ਉਹ ਵੀ ਫੋਰਸਾਂ ਪੁੱਜਣ ਕਾਰਨ ਡਰ ਜਾਣਗੇ। ਉਨ੍ਹਾਂ ਕਿਹਾ-ਸਾਨੂੰ ਇਸ ਗੱਲ ਦਾ ਪਤਾ ਹੈ, ਫਿਰ ਵੀ ਵੱਖਵਾਦੀਆਂ ਤੱਕ ਸੰਦੇਸ਼ ਪੁੱਜਣਾ ਚਾਹੀਦਾ ਹੈ ਤੇ ਇਹ ਤਦ ਸੰਭਵ ਹੋਵੇਗਾ ਜੇ ਦਰਬਾਰ ਸਾਹਿਬ ਛਾਣ ਦਿੱਤਾ ਜਾਵੇ, ਬੇਸ਼ਕ ਖਾੜਕੂ ਜਾ ਚੁੱਕੇ ਹੋਣ।

**ਪੰਨਾ 285:** ਮੈਂ ਕਿਹਾ, ਮੈਂ ਇਹ ਕਾਰਜ ਸਿਰੇ ਚਾੜ੍ਹਾਂਗਾ। ਮੈਂ ਡੀ.ਸੀ. ਅਤੇ ਐਸ.ਐਸ.ਪੀ. ਨੂੰ ਸੱਦ ਕੇ ਹਦਾਇਤਾਂ ਸਮਝਾ ਦਿੱਤੀਆਂ। ਡੀ.ਸੀ. ਨੇ ਮੁੱਖ ਮੰਤਰੀ ਨਾਲ ਖੁਦ ਗੱਲ ਕਰ ਕੇ ਖਬਰ ਦੀ ਤਸਦੀਕ ਕਰਵਾਈ। ਐਸ.ਐਸ.ਪੀ. ਪ੍ਰਬੰਧਾਂ ਵਿਚ ਲੱਗਾ ਰਿਹਾ ਅਤੇ ਐਨ.ਐਸ.ਜੀ. ਦੇ ਮੇਜਰ ਜਨਰਲ ਦੀ ਸਲਾਹ ਲੈਂਦਾ ਰਿਹਾ ਜੋ ਇਸ ਸਾਰੇ ਆਪ੍ਰੇਸ਼ਨ ਦਾ ਮੁਖੀ ਸੀ। ਕੰਮ ਨੂੰ ਅੰਤਿਮ ਛੁਹਾਂ ਦੇਣ ਲਈ ਮੈਂ ਉਨ੍ਹਾਂ ਨੂੰ ਜਾ ਮਿਲਿਆ। ਅੱਧੀ ਰਾਤ ਆਪ੍ਰੇਸ਼ਨ ਸ਼ੁਰੂ ਹੋਇਆ। ਗੁਰਦੇਵ ਸਿੰਘ ਨਾਮ ਦੇ ਇਕ ਬੰਦੇ ਨੂੰ ਮਾਰਨ ਤੋਂ ਇਲਾਵਾ ਬਾਕੀ ਸਭ ਯੋਜਨਾ ਅਨੁਸਾਰ ਹੋਇਆ। ਫੋਰਸ ਦਾਖਲ ਹੋਣ ਤੋਂ ਪਹਿਲਾਂ ਬਿਜਲੀ ਕੱਟ ਦਿੱਤੀ ਸੀ, ਕੇਵਲ ਸਟੱਨਗੰਨਾਂ ਤੇ ਹੋਰ ਛੋਟੇ ਹਥਿਆਰਾਂ ਦੀ ਵਰਤੋਂ ਕੀਤੀ। ਸਟੱਨਗੰਨ ਮਾਰੂ ਹਥਿਆਰ ਨਹੀਂ। ਇਸ ਵਿਚਲਾ ਰਸਾਇਣ ਆਦਮੀ ਨੂੰ ਸੁੰਨ ਕਰ ਦਿੰਦਾ ਹੈ। ਜਿਸ ਬੰਦੇ ਨੂੰ ਗੋਲੀ ਮਾਰੀ ਗਈ, ਉਸ ਨੂੰ ਇਕੋ ਥਾਂ ਰੁਕੇ ਰਹਿਣ ਲਈ ਤੇ ਹੱਥ ਸਿਰ ਉਪਰ ਰੱਖਣ ਲਈ ਕਿਹਾ ਸੀ, ਪਰ ਉਸ ਨੇ ਹੁਕਮ ਨਹੀਂ ਮੰਨਿਆ ਤੇ ਤੁਰ ਪਿਆ। ਹਨੇਰੇ ਵਿਚ ਉਸ ਦਾ ਤੁਰਨਾ ਸ਼ੱਕੀ ਲੱਗਾ।

ਪੁਲਿਸ ਐਕਸ਼ਨ ਦੀ ਇਸ ਕਰ ਕੇ ਨਿੰਦਿਆ ਹੋਈ ਕਿ ਪੰਜ ਮੈਂਬਰੀ ਪੰਥਕ ਕਮੇਟੀ ਦਾ ਇਕ ਮੈਂਬਰ ਵੀ ਫੜਿਆ ਨਹੀਂ ਗਿਆ। ਅਸੀਂ ਪੱਤਰਕਾਰਾਂ ਨੂੰ ਦੱਸਿਆ, ਸਾਨੂੰ ਪਤਾ ਸੀ ਇਹ ਭੱਜ ਗਏ ਹਨ, ਸਾਡਾ ਮਨੋਰਥ ਗੋਲਡਨ ਟੈਂਪਲ ਅਸਲੀ ਮਾਲਕਾਂ ਨੂੰ ਸੌਂਪਣਾ ਸੀ, ਉਹ ਸ਼੍ਰੋਮਣੀ ਕਮੇਟੀ ਹੈ, ਖਾੜਕੂਆਂ ਨੇ ਕਮੇਟੀ ਨੂੰ ਨਿੱਸਲ ਕਰ ਰੱਖਿਆ ਸੀ। ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਪੂਰਨ ਸਿੰਘ ਨੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਆਤਮ ਸਮਰਪਣ ਲਈ ਮਨਾਇਆ ਜੋ ਖਾੜਕੂਆਂ ਦਾ ਪ੍ਰਤੀਨਿਧ ਸੀ। ਕੁਝ ਹਥਿਆਰ ਮਿਲੇ, ਮਿਲਣੇ ਹੀ ਸਨ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਖਾੜਕੂਆਂ ਨੇ ਅਕਾਲ ਤਖਤ ਦਾ ਜਥੇਦਾਰ ਲੁਆਇਆ ਸੀ ਤੇ ਉਸ ਦੀ ਬਦੌਲਤ ਹਥਿਆਰਬੰਦ ਹੋ ਕੇ ਉਹ ਅੰਦਰ ਟਿਕ ਗਏ। ਕੁਝ ਸਮੇਂ ਲਈ ਤਾਂ ਉਨ੍ਹਾਂ ਬਾਹਰ ਆਉਣ ਤੋਂ ਇਨਕਾਰ ਕੀਤਾ ਪਰ ਡੀ.ਸੀ. ਅਤੇ ਐਸ.ਐਸ.ਪੀ. ਦੇ ਦਖਲ ਨਾਲ ਆਖਰ ਸਮਰਪਣ ਕਰਨਾ ਮੰਨ ਗਏ। ਸਵੇਰ ਦੇ 7 ਵਜੇ ਸਨ, ਉਨ੍ਹਾਂ ਦੇ ਨਿਤਨੇਮ ਦਾ ਸਮਾਂ। ਇਸ ਨਾਲ ਦਾ ਐਕਸ਼ਨ ਇਤਿਹਾਸਕ ਗੁਰਦੁਆਰਾ ਬਾਬਾ ਦੀਪ ਸਿੰਘ ਅਤੇ ਗੁਰਦੁਆਰਾ ਤਰਨਤਾਰਨ ਸਾਹਿਬ ਹੋਇਆ। ਫੋਰਸ ਦੀਆਂ ਪੱਚੀ ਕੰਪਨੀਆਂ ਨਾਲ 300 ਐਨ.ਐਸ.ਜੀ. ਕਮਾਂਡੋ ਸਨ। ਅਰਧ ਸੈਨਿਕ ਬਲਾਂ ਨੇ ਗੁਰਦੁਆਰੇ ਘੇਰ ਲਏ ਤੇ ਕਮਾਂਡੋਆਂ ਨੇ ਅੰਦਰ ਕਾਰਵਾਈ ਕੀਤੀ।

ਇਹ ਆਪ੍ਰੇਸ਼ਨ ਪੂਰਾ ਕਰ ਕੇ ਗੁਰਦੁਆਰੇ ਸ਼੍ਰੋਮਣੀ ਕਮੇਟੀ ਨੂੰ ਸੌਂਪ ਦਿੱਤੇ, ਪਰ ਹਥਿਆਰਬੰਦ ਪੰਜਾਬ ਪੁਲਿਸ ਅੰਦਰ ਤਾਇਨਾਤ ਰਹੀ ਤਾਂ ਕਿ ਖਾੜਕੂ ਮੁੜ ਕਬਜ਼ਾ ਕਰਨ ਦਾ ਯਤਨ ਨਾ ਕਰਨ। ਇਹ ਹਥਿਆਰਬੰਦ ਪੁਲਸੀਏ ਸਾਰੇ ਸਾਬਤ ਸੂਰਤ ਸਿੱਖ ਸਿਵਲ ਕੱਪੜਿਆਂ ਵਿਚ ਸਨ ਤੇ ਅੰਦਰ ਨੰਗੇ ਪੈਰੀਂ ਡਿਊਟੀ ਦੇਣ ਦਾ ਹੁਕਮ ਸੀ। ਇਹ ਮੁਲਾਜ਼ਮ ਇਸ ਡਿਊਟੀ ਤੋਂ ਖੁਸ਼ ਨਹੀਂ ਸਨ, ਕਿਉਂਕਿ ਸ਼ਰਧਾਲੂਆਂ ਨੂੰ ਬੁਰੇ ਲਗਦੇ ਸਨ ਤੇ ਸੰਗਤ ਦੇ ਗੁੱਸੇ ਦਾ ਸ਼ਿਕਾਰ ਹੋ ਸਕਦੇ ਸਨ; ਪਰ ਖਾੜਕੂਆਂ ਨੂੰ ਮੁੜ ਅੰਦਰ ਆਉਣੋਂ ਰੋਕਣ ਦਾ ਹੋਰ ਰਸਤਾ ਨਹੀਂ ਸੀ। ਆਖਰ ਜਦੋਂ ਦੇਖਿਆ ਕਿ ਪੁਲਿਸ ਨਫਰੀ ਸਿੱਖਾਂ ਦੀਆਂ ਅੱਖਾਂ ਵਿਚ ਰੜਕਣ ਲੱਗ ਪਈ ਹੈ ਤਾਂ ਦੋ ਮਹੀਨਿਆਂ ਬਾਅਦ ਇਨ੍ਹਾਂ ਨੂੰ ਹਟਾ ਕੇ ਰਿਟਾਇਰਡ ਆਰਮੀ ਸਿੱਖ ਬ੍ਰਿਗੇਡੀਅਰ ਵੱਲੋਂ ਸ਼੍ਰੋਮਣੀ ਕਮੇਟੀ ਲਈ ਹਥਿਆਰਬੰਦ ਜੁਆਨਾਂ ਦੀ ਭਰਤੀ ਕੀਤੀ ਗਈ ਜਿਨ੍ਹਾਂ ਨੇ ਪੁਲਿਸ ਪਾਸੋਂ ਸੁਰੱਖਿਆ ਦਾ ਚਾਰਜ ਲੈ ਲਿਆ।

ਬਰਨਾਲਾ ਸਰਕਾਰ ਦੀ ਇਹ ਕਾਰਵਾਈ ਅਕਾਲੀ ਦਲ ਵਿਚ ਬੈਠੇ ਉਸ ਦੇ ਵਿਰੋਧੀਆਂ ਨੂੰ ਠੀਕ ਬੈਠੀ, ਕਿਉਂਕਿ ਇਸ ਨਾਲ ਸਿਆਸੀ ਮੁਸ਼ਕਿਲ ਖੜ੍ਹੀ ਹੋ ਸਕਦੀ ਸੀ। ਪ੍ਰਕਾਸ਼ ਸਿੰਘ ਬਾਦਲ ਅਤੇ ਮਹਾਰਾਜਾ ਅਮਰਿੰਦਰ ਸਿੰਘ ਨੇ ਪਾਰਟੀ ਤੋਂ ਅਸਤੀਫੇ ਦੇ ਦਿੱਤੇ। ਮੁੱਖ ਮੰਤਰੀ ਦੀ ਕੁਰਸੀ ਦਾ ਹੱਕਦਾਰ ਬਾਦਲ ਸੀ, ਪਰ ਬੈਠ ਬਰਨਾਲਾ ਗਿਆ। ਕਿਉਂਕਿ ਅਸੈਂਬਲੀ ਵਿਚ ਬਾਦਲ ਦੇ ਕਾਫੀ ਵਿਧਾਇਕ ਸਨ ਤੇ ਪਿੰਡਾਂ ਵਿਚ ਵਰਕਰਾਂ ਦਾ ਮਜ਼ਬੂਤ ਕਾਡਰ ਸੀ, ਬਰਨਾਲਾ ਸਰਕਾਰ ਨੂੰ ਝਟਕਾ ਵੱਜਾ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਧੜੇ ਨੇ ਵੀ ਅਸਤੀਫੇ ਦੇ ਦਿੱਤੇ। ਆਮ ਸਿੱਖ ਸੰਗਤ ਖਾਮੋਸ਼ ਰਹੀ, ਕਿਉਂਕਿ ਸਭ ਦੀ ਇੱਛਾ ਸੀ ਸਮਾਜ ਵਿਰੋਧੀ ਤੱਤ ਦਰਬਾਰ ਸਾਹਿਬ ਵਿਚੋਂ ਬਾਹਰ ਆਉਣ। ਬਾਗੀਆਂ ਨੂੰ ਤਾਂ ਬਰਨਾਲਾ ਸਰਕਾਰ ਡੇਗਣ ਵਾਸਤੇ ਬਹਾਨਾ ਚਾਹੀਦਾ ਸੀ। ਵਿਰੋਧੀ ਪਾਰਟੀ ਕਾਂਗਰਸ ਨੇ ਬਰਨਾਲਾ ਸਰਕਾਰ ਨੂੰ ਡਿਗਣੋਂ ਬਚਾਉਣ ਲਈ ਬਾਹਰੋਂ ਸਮਰਥਨ ਦੇ ਦਿੱਤਾ। ਪੁਲਿਸ ਐਕਸ਼ਨ ਕਾਰਨ ਅਕਾਲੀ ਸਿਆਸਤ ਵਿਚ ਹਲਚਲ ਹੋਣੀ ਹੀ ਹੋਣੀ ਸੀ। ਬਾਦਲ ਅਤੇ ਅਮਰਿੰਦਰ ਸਿੰਘ ਖਾੜਕੂਆਂ ਦੇ ਹਮਦਰਦ ਨਹੀਂ ਸਨ, ਉਨ੍ਹਾਂ ਨੂੰ ਆਪੋ ਆਪਣੇ ਭਵਿੱਖ ਦਾ ਫਿਕਰ ਸੀ।

*(ਚਲਦਾ)*

ਦਿਸਦਾ-ਅਣਦਿਸਦਾ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868
E-mail: bhullargs@gmail.com

ਗਾਰਗੀ-3

# ਬੋਲੀ ਦੀ ਵਰਤੋਂ ਦਾ ਪਹੁੰਚਿਆ ਹੋਇਆ ਜਾਦੂਗਰ


ਨਾਟਕਾਂ ਤੋਂ ਇਲਾਵਾ ਬਲਵੰਤ ਗਾਰਗੀ ਨੇ ਦਿਲਚਸਪ ਨਾਵਲਾਂ ਤੇ ਬੜੀਆਂ ਖ਼ੂਬਸੂਰਤ ਕਹਾਣੀਆਂ ਦੀ ਰਚਨਾ ਕੀਤੀ। ਵੈਸੇ ਉਹਨੇ ਆਪਣੇ ਤਿੰਨਾਂ ਨਾਵਲਾਂ ਵਿਚੋਂ ਅਰੰਭਕ ਦੌਰ ਦੇ ਲਿਖੇ 'ਕੱਕਾ ਰੇਤਾ' ਨੂੰ ਹੀ ਹਮੇਸ਼ਾ ਨਾਵਲ ਕਿਹਾ, ਬਾਕੀ ਦੋਵਾਂ, 'ਨੰਗੀ ਧੁੱਪ' ਤੇ 'ਕਾਸ਼ਨੀ ਵਿਹੜਾ' ਨੂੰ ਮੌਕੇ ਤੇ ਲੋੜ ਅਨੁਸਾਰ ਕਦੀ ਉਹ ਨਾਵਲਾਂ ਦੇ ਖਾਨੇ ਵਿਚ ਪਾ ਦਿੰਦਾ ਸੀ ਤੇ ਕਦੀ ਆਤਮਕਥਾ ਆਖ ਦਿੰਦਾ ਸੀ। ਉਹਦੀਆਂ ਇਨ੍ਹਾਂ ਦੋ ਪੁਸਤਕਾਂ ਦੀ ਚਰਚਾ ਸੁਆਦ ਲੈ ਲੈ ਲਿਖੇ ਗਏ ਕਾਮੀ ਦ੍ਰਿਸ਼ਾਂ ਕਾਰਨ ਵਧੀਕ ਹੋਈ। ਇਨ੍ਹਾਂ ਤੋਂ ਵੱਖਰੇ ਰੂਪ ਵਿਚ ਉਹਦੀਆਂ ਕਈ ਕਹਾਣੀਆਂ ਸਮਾਜਕ ਤੇ ਸਭਿਆਚਾਰਕ ਪੱਖੋਂ ਬਹੁਤ ਮਹੱਤਵਪੂਰਨ ਵਿਸ਼ਿਆਂ ਨੂੰ ਛੋਂਹਦੀਆਂ ਹਨ। ਸ਼ਾਇਦ ਬਹੁਤੇ ਪਾਠਕਾਂ ਨੂੰ ਪਤਾ ਨਹੀਂ ਕਿ ਗਾਰਗੀ ਮੁੱਢਲੇ ਦੌਰ ਵਿਚ ਲੰਮਾ ਸਮਾਂ ਪ੍ਰਗਤੀਵਾਦੀ ਲਹਿਰ, ਖਾਸ ਕਰਕੇ ਇਪਟਾ ਨਾਲ ਜੁੜਿਆ ਰਿਹਾ ਸੀ। ਸੁਭਾਵਿਕ ਸੀ ਕਿ ਉਹਦੀਆਂ ਉਸ ਦੌਰ ਦੀਆਂ ਰਚਨਾਵਾਂ ਲੋਕ-ਪੱਖੀ ਲੱਛਣ ਵਾਲੀਆਂ ਹੁੰਦੀਆਂ।

ਮਿਸਾਲ ਵਜੋਂ ਉਹਦੀ ਇਕ ਕਹਾਣੀ ਹੈ, 'ਟਿਕਟ ਚੈਕਰ।' ਇਸ ਵਿਚ 1954 ਵਿਚ ਭਾਰਤੀ ਰੇਲ ਦੀ ਸ਼ਤਾਬਦੀ ਸਮੇਂ ਤੀਹ ਰੁਪਿਆਂ ਦੀ 'ਸ਼ਤਾਬਦੀ ਟਿਕਟ' ਨਾਲ ਪੰਦਰਾਂ ਦਿਨ ਜਿੰਨਾ ਮਰਜ਼ੀ, ਜਿਧਰ ਮਰਜ਼ੀ ਸਫਰ ਕਰਨ ਦੀ ਖੁੱਲ੍ਹ ਦਾ ਲਾਭ ਉਠਾ ਕੇ ਤੀਹ ਕਲਾਕਾਰ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਲਈ ਦਿੱਲੀ ਤੋਂ ਮੁੰਬਈ ਜਾ ਰਹੇ ਹਨ। ਸ਼ਤਾਬਦੀ ਟਿਕਟ ਉਸ ਉਤੇ ਲਿਖੇ ਨਾਂ ਵਾਲੇ ਵਿਅਕਤੀ ਨੂੰ ਦਸਤਖ਼ਤ ਕਰ ਕੇ ਆਪਣੇ ਕੋਲ ਰੱਖਣੀ ਪੈਂਦੀ ਸੀ। ਝਾਂਸੀ ਤੋਂ ਅੱਗੇ ਪੰਜਾਹ ਕੁ ਸਾਲਾਂ ਦਾ ਸਰਦਾਰ ਟਿਕਟ-ਚੈਕਰ ਆ ਜਾਂਦਾ ਹੈ। ਉਹ ਪੰਜਾਬ ਦੇ ਗੁਜਰਾਤ ਨਗਰ ਵਿਚ ਰਹਿੰਦੇ ਪਿਤਾ ਨੂੰ ਸੀਪੀ ਵਿਚ ਜ਼ਮੀਨ ਮਿਲ ਗਈ ਹੋਣ ਕਾਰਨ ਅੱਠ ਸਾਲ ਦੀ ਉਮਰ ਤੋਂ ਉਥੇ ਹੀ ਪਲਿਆ, ਪੜ੍ਹਿਆ, ਵਿਆਹਿਆ ਤੇ ਬਾਲ-ਬੱਚੇਦਾਰ ਬਣਿਆ। ਗਾਰਗੀ ਅਨੁਸਾਰ ਉਹ ਅੱਧੀ ਉਰਦੂ, ਅੱਧੀ ਅੰਗਰੇਜ਼ੀ ਵਾਲੀ 'ਰੁਅਬਦਾਰ ਸਰਕਾਰੀ ਜ਼ਬਾਨ' ਬੋਲਦਾ ਹੈ।

ਲੇਖਕ ਨੇ ਕਲਾਕਾਰਾਂ ਦੇ ਨਾਂ ਅਸਲੀ ਵਰਤੇ ਹਨ। ਤਾਸ਼ ਖੇਡਦਾ ਸੋਢੀ ਜੁਗਿੰਦਰ ਸਿੰਘ ਜੇਬ ਵਿਚੋਂ ਟਿਕਟ ਦਿੰਦਾ ਹੈ ਤਾਂ ਚੈਕਰ ਪੁਛਦਾ ਹੈ, ਤੁਸੀਂ ਸੁਰਿੰਦਰ ਕੌਰ ਹੋ? ਉਹ ਕੱਚਾ ਹੋ ਕੇ ਆਖਦਾ ਹੈ, ਨਹੀਂ, ਸੁਰਿੰਦਰ ਕੌਰ ਮੇਰੀ ਪਤਨੀ ਹੈ। ਚੈਕਰ ਟਿਕਟ ਜੇਬ ਵਿਚ ਪਾ ਲੈਂਦਾ ਹੈ। ਟਿਕਟ ਦੀ ਛੋਟ ਵਾਲੀ ਉਮਰ ਤੋਂ ਵੱਡੀ ਹੋ ਚੁੱਕੀ ਡੌਲੀ (ਅੱਜ ਦੀ ਡੌਲੀ ਗੁਲੇਰੀਆ) ਦੀ ਟਿਕਟ ਛੋਟੀ ਉਮਰ ਆਖ ਕੇ ਕੰਮ ਚਲਾ ਲੈਣ ਦੀ ਆਸ ਨਾਲ ਖਰੀਦੀ ਹੀ ਨਹੀਂ ਸੀ ਗਈ। ਇਕ ਹੋਰ ਕਲਾਕਾਰ ਅਨਵਰ ਨੇ ਆਪਣੀ ਟਿਕਟ ਉਤੇ ਦਸਤਖ਼ਤ ਨਹੀਂ ਸਨ ਕੀਤੇ ਹੋਏ। ਬਾਕੀ ਸਭ ਟਿਕਟਾਂ ਦੇਖ ਕੇ ਚੈਕਰ ਇਨ੍ਹਾਂ ਢਾਈ ਟਿਕਟਾਂ ਦੀ ਰਕਮ ਦੀ ਜੁਰਮਾਨੇ ਸਮੇਤ ਪਰਚੀ ਕੱਟਣ ਲਗਦਾ ਹੈ। ਉਹ ਆਪਣਾ ਕਲਾਕਾਰ ਹੋਣਾ ਦਸਦੇ ਹਨ, ਸਭਿਆਚਾਰ ਦੀ ਬਾਤ ਛੇੜਦੇ ਹਨ, ਪੰਜਾਬੀ ਹੋਣ ਦਾ ਪੱਤਾ ਖੇਡਦੇ ਹਨ, ਲੋਕ-ਹਿਤ ਦੀ ਗੱਲ ਕਰਦੇ ਹਨ, ਪਰ ਸਾਰੀ ਖਲਕਤ ਨੂੰ ਕੇਵਲ ਟਿਕਟ ਵਾਲਿਆਂ ਤੇ ਬੇਟਿਕਟਿਆਂ ਵਜੋਂ ਦੋ ਧੜਿਆਂ ਵਿਚ ਵੰਡ ਕੇ ਦੇਖਣ ਦਾ ਆਦੀ ਚੈਕਰ ਮਨੁੱਖਾਂ ਦੀ ਹੋਰ ਕੋਈ ਤੀਜੀ ਕਿਸਮ ਜਾਣਦਾ ਹੀ ਨਹੀਂ!

ਹੁਣ ਪ੍ਰੋ. ਹਰਚਰਨ ਸਿੰਘ ਮੋਰਚਾ ਸੰਭਾਲਦੇ ਹਨ। ਉਹ ਚੈਕਰ ਨੂੰ ਸੁਰਿੰਦਰ ਕੌਰ, ਉਹਦੀ ਗਾਇਕੀ, ਮੋਹਨ ਸਿੰਘ, ਸਾਵੇ ਪੱਤਰ, ਫ਼ਜ਼ਲ ਸ਼ਾਹ, ਦਮੋਦਰ, ਵਗੈਰਾ ਵਗੈਰਾ ਬਾਰੇ ਸੁਣਿਆ ਹੋਣ ਦੇ ਸਵਾਲ ਪੁਛਦੇ ਹਨ ਪਰ ਉਹਦਾ ਇਕੋ ਜਵਾਬ ਹੈ, ਨਹੀਂ! ਆਖਰ ਉਹ ਪੁਛਦੇ ਹਨ, ਤੁਸੀਂ ਗੁਜਰਾਤ ਦੇ ਹੋ, ਸੋਹਣੀ-ਮਹੀਂਵਾਲ ਬਾਰੇ ਤਾਂ ਜਾਣਦੇ ਹੋਵੋਗੇ? ਉਹ 'ਹਾਂ' ਆਖਦਾ ਹੈ ਤੇ ਬਚਪਨ ਵਿਚ ਝਨਾਂ ਵਿਚ ਨ੍ਹਾਉਂਦਾ ਰਿਹਾ ਹੋਣ ਬਾਰੇ ਦਸਦਾ ਹੈ। ਇਸ ਮੌਕੇ ਸਾਰੇ ਸੁਰਿੰਦਰ ਕੌਰ ਨੂੰ ਗਾਉਣ ਲਈ ਆਖਦੇ ਹਨ। ਉਹ ਲੋਕਗੀਤ ਛੇੜਦੀ ਹੈ, ਡੌਲੀ ਤੋਤਲੀ ਜ਼ਬਾਨ ਵਿਚ ਉਹਦੀ ਸੰਗਤ ਕਰਦੀ ਹੈ ਤੇ ਸਾਰੇ ਤਾੜੀਆਂ ਦਾ ਤਾਲ ਮੇਲਦੇ ਹਨ। ਚੈਕਰ, ਜੋ ਗਾਰਗੀ ਦੇ ਸ਼ਬਦਾਂ ਵਿਚ ਹੁਣ ਪੰਜਾਬ ਨੂੰ ਭੁੱਲ ਚੁੱਕਿਆ ਸੀ ਤੇ ਇਹ ਵੀ ਭੁੱਲ ਚੁੱਕਿਆ ਸੀ ਕਿ ਉਹ ਭੁੱਲ ਚੁੱਕਿਆ ਹੈ, ਬੈਠ ਜਾਂਦਾ ਹੈ। ਸਿੱਕੇ ਦੇ ਜਿੰਦਰੇ ਵਰਗਾ ਉਹਦਾ ਠੋਸ ਤੇ ਕਰੜਾ ਚਿਹਰਾ ਜਜ਼ਬਿਆਂ ਦੀ ਗਰਮੀ ਨਾਲ ਪੰਘਰ ਜਾਂਦਾ ਹੈ। ਉਹਦੇ ਬੁੱਲ੍ਹ ਕੰਬਣ ਲਗਦੇ ਹਨ। ਉਹਦੀਆਂ ਅੱਖਾਂ ਵਿਚ ਹੰਝੂ ਛਲਕ ਆਉਂਦੇ ਹਨ। ਉਹਦਾ ਸਾਰਾ ਵਜੂਦ ਗਲੋਟੇ ਵਾਂਗ ਉਧੜਨ ਲਗਦਾ ਹੈ।

ਪੰਜਾਬ ਦੇ ਗੀਤ, ਜੋ ਧਰਤੀ ਹੇਠ ਦੱਬੇ ਪਏ ਸਨ, ਮੁੜ ਹਰੇ ਹੋ ਕੇ ਬੂਟਿਆਂ ਵਾਂਗ ਉਹਦੇ ਸਾਹਮਣੇ ਉਗ ਖਲੋਂਦੇ ਹਨ। ਉਹ ਸੋਢੀ ਤੇ ਅਨਵਰ ਦੀਆਂ ਟਿਕਟਾਂ ਮੋੜਦਾ ਹੈ, ਅਨਵਰ ਨੂੰ ਦਸਤਖ਼ਤ ਕਰ ਲੈਣ ਲਈ ਆਖਦਾ ਹੈ, ਡੌਲੀ ਨੂੰ ਗੋਦੀ ਚੁੱਕ ਕੇ ਪਿਆਰ ਕਰਦਾ ਹੈ ਤੇ ਗਿੱਲੀਆਂ ਅੱਖਾਂ ਲੈ ਕੇ ਗੱਡੀ ਵਿਚੋਂ ਉਤਰ ਜਾਂਦਾ ਹੈ! ਭਾਸ਼ਾ ਤੇ ਸਭਿਆਚਾਰ ਦੀ ਅਸੀਮ ਸ਼ਕਤੀ ਦਾ ਗਿਆਨ ਪ੍ਰਾਪਤ ਕਰਨ ਲਈ ਸਾਡੇ ਵਿਦਵਾਨਾਂ ਦੇ ਇਧਰੋਂ-



ਢਲ ਗਏ ਜਵਾਨੀ ਦੇ ਪਰਛਾਵੇਂ

ਉਧਰੋਂ ਜੁਗਾੜ ਕਰ ਕੇ ਲਿਖੇ ਪੋਥੇ ਪੜ੍ਹਨ ਨਾਲੋਂ ਗਾਰਗੀ ਦੀ ਇਹ ਇਕ ਕਹਾਣੀ ਪੜ੍ਹਨੀ ਵਧੇਰੇ ਲਾਭਦਾਇਕ, ਸਿਖਿਆਦਾਇਕ ਤੇ ਗਿਆਨਦਾਇਕ ਰਹੇਗੀ। ਹੈਰਾਨੀ ਹੈ ਕਿ ਸਾਡੇ ਪਾਠ-ਪੁਸਤਕੀ ਸੰਪਾਦਕ ਕੋਰਸਾਂ ਵਿਚ ਸ਼ਾਮਲ ਕਰ ਕੇ ਇਹਦਾ ਪਾਠ ਵਿਦਿਆਰਥੀਆਂ ਲਈ ਲਾਜ਼ਮੀ ਕਿਉਂ ਨਹੀਂ ਬਣਾਉਂਦੇ!

ਗਾਰਗੀ ਵਿਚ ਬਹੁਤ ਲੰਮੀ-ਚੌੜੀ ਗੱਲ ਕੁਛ ਹੀ ਸ਼ਬਦਾਂ ਵਿਚ ਬੇਹੱਦ ਸਰਲ ਤੇ ਸਫਲ ਤਰੀਕੇ ਨਾਲ ਕਹਿ ਸਕਣ ਦੀ ਵੱਡੀ ਸਮਰੱਥਾ ਸੀ। ਸਮਾਜ ਵਿਚ ਲੇਖਕ ਦੇ ਸਥਾਨ ਨੂੰ ਦੱਸਣ ਲਈ ਜਿਥੇ ਬਹੁਤੇ ਲੇਖਕ ਪੰਨਿਆਂ ਦੇ ਪੰਨੇ ਕਾਲੇ ਕਰ ਦੇਣਗੇ, ਗਾਰਗੀ ਬੜੀ ਖ਼ੂਬਸੂਰਤੀ ਨਾਲ ਦੋ ਵਾਕਾਂ ਵਿਚ ਗੱਲ ਮੁਕਦੀ ਕਰ ਦਿੰਦਾ ਹੈ। ਉਹ ਲਿਖਦਾ ਹੈ, ਇਕ ਦਿਨ ਉਹਨੂੰ ਸੁਫਨਾ ਆਇਆ ਕਿ ਉਹ ਮਰ ਗਿਆ ਹੈ। 'ਅੰਗਰੇਜ਼ੀ ਅਖ਼ਬਾਰਾਂ ਵਿਚ ਗਿਆਰ੍ਹਵੇਂ ਸਫ਼ੇ ਉਤੇ, ਜਿਥੇ ਕਪਾਹ ਤੇ ਸਰ੍ਹੋਂ ਦੇ ਤੇਲ ਦੇ ਭਾਅ ਦਿੱਤੇ ਹੁੰਦੇ ਹਨ, ਇਕ ਨਿੱਕੀ ਜਿਹੀ ਖ਼ਬਰ ਛਪੀ ਕਿ ਪੰਜਾਬੀ ਦਾ ਨਾਟਕਕਾਰ ਮਰ ਗਿਆ। ਇਸ ਦੇ ਉਪਰ ਮੋਟੇ ਮੋਟੇ ਅੱਖਰਾਂ ਵਿਚ ਚਿੜੀਆਘਰ ਦੇ ਪਹਾੜੀ ਬਿੱਲੇ ਦੇ ਬੀਮਾਰ ਹੋ ਜਾਣ ਦੀ ਖ਼ਬਰ ਸੀ।' ਉਹ ਤਾਂ ਦੋ-ਚਾਰ ਸ਼ਬਦਾਂ ਵਿਚ ਦੋ ਰਹਿਤਲਾਂ ਦਾ ਫਰਕ ਦੱਸ ਸਕਦਾ ਸੀ। ਉਹ ਸਾਹ ਲੈਂਦੇ, ਮਿੱਟੀ ਨਾਲ ਲਿੱਪੇ-ਪੋਚੇ ਪਰੰਪਰਾਗਤ ਕੱਚੇ ਘਰਾਂ ਅਤੇ ਨਿਰਜਿੰਦ ਆਧੁਨਿਕ ਸੀਮਿੰਟੀ ਇਮਾਰਤਾਂ ਦਾ ਟਾਕਰਾ ਨੋਰਾ ਰਿਚਰਡਜ਼ ਦੇ ਛੱਪਰਾਂ ਵਾਲੇ ਕੱਚੇ ਡੇਰੇ ਦੇ ਹਵਾਲੇ ਨਾਲ ਇਉਂ ਕਰਦਾ ਹੈ: ਮਿੱਟੀ ਵਿਚ ਨਿੱਘ ਹੈ, ਸੀਮਿੰਟ ਵਿਚ ਕੋਰਾਪਣ!

ਇਥੇ ਮੈਨੂੰ ਦੋ ਰਹਿਤਲਾਂ ਦਾ ਫਰਕ ਦਿਖਾਉਂਦੀ ਉਹਦੀ ਕਹਾਣੀ 'ਟਿੱਡਾ ਸਾਈਂ' ਚੇਤੇ ਆ ਗਈ। ਨੇਤਰਹੀਣ ਟਿੱਡੇ ਸਾਈਂ ਦੇ ਤਕੀਏ ਦੇ ਸਵਾ ਗਜ਼ ਉਚੇ, ਜ਼ਰੀ ਨਾਲ ਮੜ੍ਹੇ ਹੋਏ, ਦੂਹਰੇ ਲਾਲ ਨੇਚੇ, ਦੋ ਹੱਥ ਲੰਮੀ ਨੜੀ ਤੇ ਪਿੱਤਲ ਦੀ ਲਿਸ਼ਕਦੀ ਹੋਈ ਵੱਡੀ ਕਲਸੀ, ਦੋ ਪਾਥੀਆਂ ਦੀ ਅੱਗ ਸਾਂਭਣ ਜੋਗੀ ਚਿਲਮ ਉਤੇ ਲੋਹੇ ਦੀ ਜਾਲੀਦਾਰ ਟੋਪੀ ਤੇ ਨਾਲ ਲਮਕਦੀ ਚਿਮਟੀ ਵਾਲੇ ਹੁੱਕੇ ਵਿਚ ਤਮਾਕੂ ਦਾ ਅੱਧ ਸੇਰ ਪੱਤਾ ਪੈਂਦਾ ਅਤੇ ਸਾਰਾ ਦਿਨ ਗਰਮ ਰਹਿੰਦੇ ਹੁੱਕੇ ਨੂੰ ਸਾਰਾ ਤਕੀਆ ਪੀਂਦਾ ਰਹਿੰਦਾ। ਹਫਤੇ ਪਿਛੋਂ ਆਉਂਦੇ ਜਮਾਲੇ ਡਾਕੀਏ ਨੇ ਇਕ ਵਾਰ ਅੰਗਰੇਜ਼ਾਂ ਦੇ ਇਕ ਪੈਸੇ ਵਿਚ ਮਿਲਦੇ, ਹੌਲੇ ਫੁੱਲ, ਪਤਲੀਆਂ ਪਤੰਗ ਤੇ ਤੁਰਨ ਦੀ ਥਾਂ ਹਵਾ ਵਿਚ ਉਡਦੀਆਂ ਮੇਮਾਂ ਵਰਗੇ ਵਲਾਇਤੀ ਹੁੱਕੇ ਦੀ ਖਬਰ ਦਿੱਤੀ, ਜਿਸ ਨੂੰ ਨਾ ਪਾਥੀ ਦੀ ਲੋੜ ਸੀ ਤੇ ਨਾ ਪਾਣੀ ਦੀ। ਸੁਣ ਕੇ ਦੰਗ ਰਹੇ ਸਾਈਂ ਨੇ ਉਹਨੂੰ ਅਗਲੀ ਵਾਰ ਵਲਾਇਤੀ ਹੁੱਕਾ ਲਿਆਉਣ ਦੀ ਪੱਕੀ ਕਰਦਿਆਂ ਆਪਣਾ ਹੁੱਕਾ ਪਰ੍ਹੇ ਧੱਕ ਕੇ ਕਿਹਾ, "ਬਈ ਮੇਰਾ ਹੁੱਕਾ ਤਾਂ ਹੁਣ ਬਦਲਣ ਜੋਗਾ ਹੋ ਗਿਆ ਏ। ਸੌ ਰੋਗ ਨੇ ਇਸ ਨੂੰ। ਨੜੀ ਵੀ ਤਿੜਕ ਗਈ ਏ, ਚਿਲਮ ਵੀ ਠੀਕਰਾ ਹੋਈ ਪਈ ਏ!"


ਅਗਲੀ ਵਾਰ ਹਥੇਲੀ ਉਤੇ ਜਮਾਲੇ ਦੀ ਰੱਖੀ ਸਿਗਰਟ ਪਲੋਸਦਿਆਂ ਅੰਗਰੇਜ਼ਾਂ ਦੀ ਬੱਲੇ ਬੱਲੇ ਤੇ ਵਲਾਇਤੀ ਹੁੱਕੇ ਦੀ ਵਾਹ ਵਾਹ ਕਰਦਾ ਸਾਈਂ ਹੁਕਮ ਦਿੰਦਾ ਹੈ, "ਉਏ ਫੱਤਿਆ, ਮੇਰਾ ਦੇਸੀ ਹੁੱਕਾ ਸੁੱਟ ਦੇ, ਅੱਜ ਤੋਂ...!" ਉਹ ਅਣਸੁਲਘਾਈ ਸਿਗਰਟ ਦੇ ਸੂਟੇ ਖਿੱਚ ਕੇ ਹੀ ਧੰਨ ਹੁੰਦਾ ਹੈ ਤਾਂ ਜਮਾਲਾ ਉਹਨੂੰ ਦੱਸ ਕੇ ਸੀਖ ਲਾਉਂਦਾ ਹੈ। ਹਾਬੜੇ ਹੋਏ ਸਾਈਂ ਦੇ ਜ਼ੋਰ ਦੇ ਕੁਛ ਹੀ ਸੂਟਿਆਂ ਨਾਲ ਸਿਰੇ ਲੱਗੀ ਸਿਗਰਟ ਤੋਂ ਉਹਦੀਆਂ ਦਾੜ੍ਹੀ-ਮੁੱਛਾਂ ਨੂੰ ਬਣਿਆ ਖਤਰਾ ਦੇਖ ਕੇ ਜਮਾਲਾ ਚੀਕਦਾ ਹੈ, "ਬੱਸ, ਬੱਸ,...ਹੁੱਕਾ ਖ਼ਤਮ!...ਇਸ ਨੂੰ ਛੇਤੀ ਦੇਣੇ ਸੁੱਟ ਦਿਉ, ਨਹੀਂ ਤਾਂ ਤੁਹਾਡੀ ਦਾੜ੍ਹੀ ਦੀ ਖੈਰ ਨਹੀਂ!" ਸਾਈਂ ਕਹਿੰਦਾ ਹੈ, "ਇਨ੍ਹਾਂ ਅੱਲਾ ਮਾਰਿਆਂ ਅੰਗਰੇਜ਼ਾਂ ਦੀ ਹਰ ਇਕ ਗੱਲ ਵਿਚ ਚਲਾਕੀ ਹੁੰਦੀ ਏ। ਦੋ ਸੂਟੇ ਲਾਏ ਤੇ ਹੁੱਕਾ ਮੁੱਕ ਗਿਆ। ਤੇ ਸਾਡਾ ਹੁੱਕਾ ਪਿਛਲੇ ਵੀਹਾਂ ਸਾਲਾਂ ਤੋਂ ਤੁਰਿਆ ਆਉਂਦਾ ਏ।...ਉਏ ਫੱਤਿਆ, ਜਾ ਆਪਣਾ ਦੇਸੀ ਹੁੱਕਾ ਚੁੱਕ ਲਿਆ। ਸਾਈਂ ਦੀ ਮਾਰ ਇਨ੍ਹਾਂ ਅੰਗਰੇਜ਼ਾਂ ਨੂੰ!...ਹੁੱਕੇ ਨੂੰ ਚਾਹੇ ਸਾਰਾ ਤਕੀਆ ਪੀਏ!" ਹੁੱਕੇ ਤੇ ਸਿਗਰਟ ਵਰਗੀਆਂ ਤੁੱਛ ਚੀਜ਼ਾਂ ਦੇ ਬਹਾਨੇ ਉਹ ਰਹਿਤਲਾਂ ਦੇ ਫਰਕ ਦੀ ਕਿੱਡੀ ਵੱਡੀ ਗੱਲ ਕਹਿ ਜਾਂਦਾ ਹੈ।

ਸਰਕਾਰਾਂ ਦੇ ਕੰਮ ਕੱਛੂ-ਚਾਲ ਚਲਦੇ ਹਨ ਅਤੇ ਫ਼ੈਸਲੇ ਦੀ ਉਡੀਕ ਕਰਦੇ ਕਰਦੇ ਬੰਦੇ ਮਨੁੱਖ ਤੋਂ ਰੁੱਖ ਬਣ ਜਾਂਦੇ ਹਨ, ਸਰਕਾਰ ਚਾਹੇ ਉਹਦੀ ਕਹਾਣੀ 'ਸੌ ਮੀਲ ਦੌੜ' ਵਾਂਗ ਰਾਜਾਸ਼ਾਹੀ ਹੋਵੇ ਤੇ ਚਾਹੇ ਹੁਣ ਵਾਂਗ ਲੋਕਰਾਜੀ। ਕਿਸਾਨਾਂ ਦੀ ਇਕ ਬੈਠਕ ਵਿਚ ਅਗਲੇ ਦਿਨ ਤਰਕਾਲੀਂ ਜ਼ਿਲਾ ਕਿਸਾਨ ਕਮੇਟੀ ਦੀ ਮੀਟਿੰਗ ਬੁਲਾਉਣ ਦਾ ਫ਼ੈਸਲਾ ਹੁੰਦਾ ਹੈ। ਜ਼ਮਾਨਾ ਉਹ ਜਦੋਂ ਨਾ ਫੋਨ ਸਨ ਤੇ ਨਾ ਤਾਰ, ਨਾ ਸੜਕਾਂ ਤੇ ਨਾ ਸਵਾਰੀ। ਸਵਾਲ ਹੈ, ਦਰਜਨ ਪਿੰਡਾਂ ਵਿਚ ਖਬਰ ਪਹੁੰਚੇ ਕਿਵੇਂ! ਕੀਹਨੂੰ ਕਿੱਧਰ ਭਜਾਇਆ ਜਾਵੇ! ਪਾਟੇ-ਪੁਰਾਣੇ ਕੱਪੜਿਆਂ ਵਾਲਾ ਵੀਹ-ਬਾਈ ਸਾਲ ਦਾ ਇਕ ਗੱਭਰੂ ਬੂਟਾ ਸਿੰਘ ਕਹਿੰਦਾ ਹੈ, "ਜੀ ਮੈਨੂੰ ਦਿਉ ਇਹ ਪਰਚੀਆਂ।...ਰਾਤੋ-ਰਾਤ ਮਾਰ ਆਊਂਗਾ ਗੇੜਾ। ਸੱਠ ਕੋਹਾਂ ਤੋਂ ਉਤੇ ਵਾਟ ਤਾਂ ਨਹੀਂ ਹੋਣੀ!" ਇਕ ਬਜ਼ੁਰਗ ਪੁਸ਼ਟੀ ਕਰਦਾ ਹੈ ਕਿ ਇਹ ਸਹਿਆਂ, ਗਿੱਦੜਾਂ ਤੇ ਹੋਰ ਜੰਗਲੀ ਜਨੌਰਾਂ, ਘੋੜੀਆਂ, ਬਛੇਰਿਆਂ ਤੇ ਬੋਤਿਆਂ ਮਗਰ ਭੱਜ ਭੱਜ ਕੇ ਵੱਡਾ ਹੋਇਆ ਹੈ ਤੇ ਸੌ ਮੀਲ ਦੌੜ ਲੈਂਦਾ ਹੈ। ਜਦੋਂ ਪਰਚੀਆਂ ਪੁਜਦੀਆਂ ਕਰਨ ਵਾਲੀ ਗੱਲ ਸੱਚੀ ਨਿਕਲਦੀ ਹੈ ਤਾਂ ਸਿਆਣੇ ਬੰਦੇ ਫ਼ੈਸਲਾ ਕਰਦੇ ਹਨ ਕਿ ਪਹਿਲਾਂ ਆਪ ਸੌ ਮੀਲ ਦੌੜਾ ਕੇ ਦੇਖਿਆ ਜਾਵੇ ਤੇ ਸਫਲਤਾ ਦੀ ਸੂਰਤ ਵਿਚ ਮਹਾਰਾਜਾ ਪਟਿਆਲਾ ਦੀ ਮਦਦ ਨਾਲ ਉਹਨੂੰ ਲੰਡਨ ਦੀਆਂ ਦੌੜਾਂ ਵਿਚ ਹਿੱਸਾ ਲੈਣ ਲਈ ਭੇਜਿਆ ਜਾਵੇ।

ਸੌ ਮੀਲ ਦੌੜ ਦੀ ਪਿੰਡ ਵਾਲੀ ਪਰਖ ਵਿਚ ਖਰਾ ਉਤਰਨ ਮਗਰੋਂ ਕਈ ਸਿਫਾਰਸ਼ੀ ਚਿੱਠੀਆਂ ਨਾਲ ਲੈਸ ਹੋ ਕੇ ਉਹ ਪਟਿਆਲੇ ਪਹੁੰਚ ਜਾਂਦਾ ਹੈ। ਮਹਾਰਾਜਾ ਸਾਹਿਬ ਨੂੰ ਕਦੇ ਕੋਈ ਕੰਮ, ਕਦੇ ਕੋਈ ਰੁਝੇਵਾਂ! ਆਖਰ ਕੋਈ ਹਮਦਰਦ ਅਧਿਕਾਰੀ ਮੁਲਾਕਾਤ ਹੋਣ ਤੱਕ ਗੁਜ਼ਾਰੇ ਵਾਸਤੇ ਉਹਨੂੰ ਲੱਸੀ-ਖਾਨੇ ਵਿਚ ਨੌਕਰੀ ਦੇ ਦਿੰਦਾ ਹੈ। ਪਟਿਆਲੇ ਕਿਸੇ ਕੰਮ ਆਏ ਮੈਂ-ਪਾਤਰ ਨੂੰ ਉਹ ਹਰ ਵਾਰ ਕਹਿੰਦਾ ਹੈ, ਬੱਸ ਹੁਣ ਕੰਮ ਬਣਿਆ ਕਿ ਬਣਿਆ! ਇਉਂ ਹੀ ਤਿੰਨ-ਚਾਰ ਸਾਲ ਨਿਕਲ ਜਾਂਦੇ ਹਨ ਤਾਂ ਇਕ ਦਿਨ ਮੈਂ-ਪਾਤਰ ਬੂਟੇ ਨੂੰ ਰਿਕਸ਼ੇ ਵਿਚ ਜਾ ਰਿਹਾ ਦੇਖਦਾ ਹੈ। ਮਾਂ ਰੋ ਕੇ ਦਸਦੀ ਹੈ, "ਵੇ ਪੁੱਤਰਾ, ਮੇਰਾ ਬੂਟਾ ਤਾਂ ਸੁੱਖ ਨਾਲ ਉਡਾਰੂ ਪੰਛੀ ਸੀ। ਇਸ ਨੂੰ ਇਨ੍ਹਾਂ ਜਾਏ-ਖਾਣੀਆਂ ਨੌਕਰੀਆਂ ਦਾ ਕੀ ਪਤਾ ਸੀ।...ਬਸ ਏਸ ਤਰ੍ਹਾਂ ਬੈਠੇ ਬੈਠੇ ਇਸ ਦੇ ਪੱਟਾਂ ਤੇ ਪਿੰਜਣੀਆਂ ਦਾ ਲਹੂ ਗੋਡਿਆਂ 'ਚ ਕੱਠਾ ਹੋ ਗਿਆ ਐ।...ਹਾਏ ਨੀ ਅੰਮੜੀਏ!"

ਬੂਟਾ ਸੁੱਜ ਕੇ ਪਾਥੀਆਂ ਵਰਗੇ ਹੋਏ ਗੋਡੇ ਦਿਖਾਉਂਦਾ ਹੈ ਤੇ ਆਖਦਾ ਹੈ, "ਡਾਕਟਰ ਬਿਜਲੀ ਦੇ ਸੂਇਆਂ ਨਾਲ ਮੇਰਾ ਇਲਾਜ ਕਰ ਰਿਹਾ ਐ। ਅੱਠ-ਦਸ ਦਿਨਾਂ ਵਿਚ ਮੈਂ ਰਾਜੀ-ਬਾਜੀ ਹੋ ਜਾਵਾਂਗਾ ਤੇ ਫਿਰ ਪਹਿਲਾਂ ਵਾਂਗ ਦੌੜਨ ਲੱਗਾਂਗਾ। ਇਸ ਪਿਛੋਂ ਜੀ ਮੈਂ ਲੰਡਨ ਜਾਊਂਗਾ ਤੇ ਸੌ ਮੀਲ ਦੌੜ ਦੌੜੂੰਗਾ...!" ਲਾਲਫ਼ੀਤਾਸ਼ਾਹੀ ਦਾ ਇਹਤੋਂ ਵਧੀਆ ਪਰਦਾਫਾਸ਼ ਹੋਰ ਕੀ ਹੋ ਸਕਦਾ ਹੈ! ਕੁਦਰਤੀ ਜੀਵਨ ਤੇ ਬਣਾਉਟੀ ਸ਼ਹਿਰੀ ਜੀਵਨ ਦਾ ਫਰਕ ਵੱਖਰਾ ਉਜਾਗਰ ਹੋ ਜਾਂਦਾ ਹੈ।

ਉਹਦੇ ਲਿਖੇ ਕਲਮੀ ਚਿੱਤਰਾਂ ਦਾ ਤਾਂ ਜੋੜ ਹੀ ਕੋਈ ਨਹੀਂ। ਉਹਦਾ ਕਮਾਲ ਸਿਰਲੇਖਾਂ ਤੋਂ ਹੀ ਦਿੱਸ ਪੈਂਦਾ ਹੈ। ਪੁਸਤਕ 'ਨਿੰਮ ਦੇ ਪੱਤੇ' ਵਿਚ ਤਾਂ ਉਹ ਕਲਮੀ ਚਿੱਤਰਾਂ ਨੂੰ ਲੇਖਕਾਂ ਦੇ ਨਾਂ ਹੀ



ਬੁੱਢਾ ਹੋਇਆ ਸ਼ੇਖ਼ ਫ਼ਰੀਦ...

ਦਿੰਦਾ ਹੈ, ਪਰ ਪੁਸਤਕ 'ਸੁਰਮੇ ਵਾਲੀ ਅੱਖ' ਵਿਚ ਉਹ ਸਿਰਲੇਖਾਂ ਵਜੋਂ ਕਈ ਲੇਖਕਾਂ ਦੇ ਤਾਂ ਨਾਂ ਵਰਤਦਾ ਹੈ, ਪਰ ਕਈਆਂ ਨੂੰ ਅਜਿਹੇ ਦਿਲਚਸਪ ਸਿਰਲੇਖ ਦਿੰਦਾ ਹੈ ਜੋ ਉਨ੍ਹਾਂ ਦੀ ਸ਼ਖਸੀਅਤ ਨੂੰ ਦੋ-ਤਿੰਨ ਸ਼ਬਦਾਂ ਵਿਚ ਪੇਸ਼ ਕਰ ਦਿੰਦੇ ਹਨ। ਉਹ ਸ਼ਿਵ ਕੁਮਾਰ ਨੂੰ 'ਛਲਣੀ ਫੇਫੜੇ', ਹਰਨਾਮ ਸਿੰਘ ਸ਼ਾਨ ਨੂੰ 'ਦੁੱਧ ਵਿਚ ਬਰਾਂਡੀ', ਸੰਤੋਖ ਸਿੰਘ ਧੀਰ ਨੂੰ 'ਸੁਰਮੇ ਵਾਲੀ ਅੱਖ', ਪ੍ਰੋ. ਪ੍ਰੀਤਮ ਸਿੰਘ ਨੂੰ 'ਨਾਨਕ-ਸ਼ਾਹੀ ਇੱਟ', ਨੋਰਾ ਰਿਚਰਡਜ਼ ਨੂੰ 'ਨਾਟਕ ਦੀ ਨਕੜਦਾਦੀ' ਆਖਦਾ ਹੈ। ਪੁਸਤਕ 'ਕੌਡੀਆਂ ਵਾਲਾ ਸੱਪ' ਵਿਚ ਅੰਮ੍ਰਿਤਾ, ਮੋਹਨ ਸਿੰਘ ਤੇ ਦੁੱਗਲ ਬਾਰੇ ਲੇਖਾਂ ਨੂੰ ਤਾਂ ਉਹ ਅਸਲੀ ਨਾਂ ਦਿੰਦਾ ਹੈ, ਪਰ ਅਜੀਤ ਕੌਰ ਨੂੰ 'ਕਾੜ੍ਹਨੀ', ਸੇਖੋਂ ਨੂੰ 'ਕਾਲਜ ਦਾ ਵਾਈਸ ਚਾਂਸਲਰ' ਤੇ ਸ਼ਿਵ ਕੁਮਾਰ ਨੂੰ 'ਕੌਡੀਆਂ ਵਾਲਾ ਸੱਪ' ਦਾ ਸਿਰਲੇਖ ਦਿੰਦਾ ਹੈ। ਪੁਸਤਕ 'ਹੁਸੀਨ ਚਿਹਰੇ' ਵਿਚ ਉਹ ਸਤਿਆਰਥੀ ਨੂੰ 'ਭ੍ਰਿਗੂ ਰਿਸ਼ੀ' ਤੇ ਸਾਹਿਰ ਲੁਧਿਆਣਵੀ ਨੂੰ 'ਜਵਾਨੀ ਦਾ ਸ਼ਾਇਰ' ਆਖਦਾ ਹੈ। ਉਹਦੇ ਕਲਮੀ ਚਿੱਤਰ ਪੜ੍ਹ ਕੇ ਪਾਠਕ ਜਿੰਨਾ ਅਨੰਦ ਮਾਣਦੇ ਰਹੇ, ਸਬੰਧਤ ਲੇਖਕ ਓਨੇ ਹੀ ਔਖੇ ਹੁੰਦੇ ਤੇ ਰੁਸਦੇ ਰਹੇ। ਉਹ ਆਖਦੇ ਸਨ, ਗਾਰਗੀ ਨੇ ਉਨ੍ਹਾਂ ਦੇ ਨਾਂ ਨਾਲ ਝੂਠੀਆਂ ਗੱਲਾਂ ਤੇ ਘਟਨਾਵਾਂ ਜੋੜ ਦਿੱਤੀਆਂ ਹਨ। ਪਰ ਗਾਰਗੀ ਨੂੰ ਇਸ ਗੱਲ ਦਾ ਕੋਈ ਪਛਤਾਵਾ, ਆਪਣੀ ਕਰਨੀ ਦੀ ਕੋਈ ਪ੍ਰੇਸ਼ਾਨੀ ਨਹੀਂ ਸੀ। ਉਹ ਆਪਣੇ ਰਾਹ ਨੂੰ ਠੀਕ ਮੰਨਦਾ ਤੇ ਦਸਦਾ ਰਿਹਾ ਅਤੇ ਉਸੇ ਉਤੇ ਚਲਦਾ ਰਿਹਾ।

ਅਸਲ ਵਿਚ ਜਿਵੇਂ ਉਹਦੇ ਚੁੱਲ੍ਹੇ ਉਤੇ ਬਣਦੀ ਹਰੀਆਂ ਮਿਰਚਾਂ, ਅਧਰਕ ਤੇ ਟਮਾਟਰਾਂ ਦੇ ਤੜਕੇ ਵਾਲੀ ਮਾਂਹਾਂ ਦੀ ਦਾਲ ਮਸ਼ਹੂਰ ਸੀ, ਉਹ ਸਮਝਦਾ ਸੀ, ਕਿਸੇ ਮਨੁੱਖ ਦਾ ਸ਼ਬਦੀ ਨਕਸ਼ਾ ਵੀ ਉਹਦੇ ਸੁਭਾਅ, ਬੋਲਚਾਲ ਤੇ ਪਹਿਨਣ-ਪਚਰਨ ਦੇ ਢੰਗ ਨੂੰ ਤੜਕਾ ਲਾਏ ਬਿਨਾਂ ਖਿੱਚਿਆ ਨਹੀਂ ਜਾ ਸਕਦਾ! ਜ਼ਰਾ ਦੇਖੋ, 'ਸੁਰਮੇ ਵਾਲੀ ਅੱਖ' ਵਿਚ ਧੀਰ ਬਾਰੇ ਉਹ ਕੀ ਤੇ ਕਿਵੇਂ ਲਿਖਦਾ ਹੈ, "ਨਿਹੰਗਾਂ ਦੇ ਡੇਰੇ ਸਵੇਰੇ ਸਵੇਰੇ ਘੋਟਣਾ ਖੜਕਦਾ ਹੈ, ਪੁਜਾਰੀ ਦੇ ਮੰਦਰ ਵਿਚ ਟੱਲ, ਤੇ ਜਿਸ ਘਰ ਧੀਰ ਠਹਿਰਿਆ ਹੋਵੇ, ਉਥੇ ਸਵੇਰੇ ਸਵੇਰੇ ਸੁਰਮਚੂ ਖੜਕਦਾ ਹੈ।...ਸੁਰਮੇ ਨੂੰ ਉਹ ਕਛਿਹਰੇ ਤੇ ਝੱਗੇ ਵਾਂਗ ਪਾਉਂਦਾ ਹੈ।...ਮੇਰੇ ਘਰੋਂ ਕਈ ਵਾਰ ਉਹ ਟੈਲੀਫੋਨ ਕਰਦਾ ਤਾਂ ਦਰਵਾਜ਼ਾ ਭੀੜ ਕੇ, ਅੱਖਾਂ ਵਿਚ ਸੁਰਮਾ ਪਾ ਕੇ, ਤੇ ਠਾਠਾ ਬੰਨ੍ਹ ਕੇ। ਟੈਲੀਫੋਨ ਨੂੰ ਗੋਦੀ ਵਿਚ ਬਿਠਾ ਕੇ ਉਹ ਗੱਲ ਕਰਦਾ-ਹੌਲੀ ਹੌਲੀ। ਮੈਂ ਆਖਿਆ, ਠਾਠਾ ਲਾਹ ਦੇ। ਦੂਜੇ ਪਾਸੇ ਤੇਰੀ ਦਾੜ੍ਹੀ ਨਜ਼ਰ ਨਹੀਂ ਆਉਂਦੀ।"

ਗਾਰਗੀ ਦੀ ਦੋਸਤ ਇਕ ਅਮਰੀਕਨ ਜੋੜੀ ਮਿਲ ਕੇ ਜਾਣ ਲਗਦੀ ਹੈ ਤਾਂ ਗਾਰਗੀ ਸਹਿਜ-ਸੁਭਾਅ ਹੀ ਪਤਨੀ ਨੂੰ ਉਨ੍ਹਾਂ ਦੇ ਸਭਿਆਚਾਰ ਅਨੁਸਾਰ ਗੱਲ੍ਹ ਚੁੰਮ ਕੇ ਵਿਦਾ ਕਰਦਾ ਹੈ। ਉਹ ਧੀਰ ਦੇ, ਜੋ ਉਸ ਅਨੁਸਾਰ ਇਕ ਖੂੰਜੇ ਬੈਠਾ ਘੂਰ ਰਿਹਾ ਸੀ, ਮੂੰਹੋਂ ਕਹਾਉਂਦਾ ਹੈ, "ਬਲਵੰਤ, ਚੁੰਮੀਆਂ ਤਾਂ ਅੰਗਰੇਜ਼ ਕੁੜੀਆਂ ਦਿੰਦੀਆਂ ਨੇ, ਗੱਲ੍ਹ ਮੱਕੀ ਦੇ ਟੁੱਕ ਵਰਗੀ! ਸਾਡੀਆਂ ਤੋਂ ਜੇ ਚੁੰਮੀ ਲੈਣੀ ਹੋਵੇ ਤਾਂ ਢਾਹ ਕੇ ਲੈਣੀ ਪੈਂਦੀ ਹੈ, ਜਿਵੇਂ ਪਸੂ ਨੂੰ ਖੁਰੀਆਂ ਲਾਉਣੀਆਂ ਹੋਣ!" ਮੈਂ ਧੀਰ ਜੀ ਨੂੰ ਪੁੱਛਿਆ ਤਾਂ ਉਹ ਕੱਚਾ ਜਿਹਾ ਹੱਸ ਕੇ ਕਹਿੰਦੇ, "ਐਵੇਂ ਭਕਾਈ ਮਾਰਦਾ ਐ ਲੁੱਚਾ ਕਰਿਆੜ!"

ਸਾਡੀ ਲੋਕਗੀਤੀ ਪਰੰਪਰਾ ਵਿਚ ਸੁਰਮੇ ਦੀ ਮਹੱਤਤਾ ਦਿਖਾਉਣ ਵਾਸਤੇ ਇਹਨੂੰ ਸਾਧਾਰਨ ਗੱਡੀ ਵਿਚ ਆਇਆ ਹੋਣ ਦੀ ਥਾਂ ਡਾਕ ਗੱਡੀ ਵਿਚ ਆਇਆ ਦੱਸਿਆ ਗਿਆ ਹੈ, "ਸੁਰਮਾ ਨੌਂ ਰੱਤੀਆਂ, ਡਾਕ ਗੱਡੀ ਵਿਚ ਆਇਆ।" ਸੁਰਮਾ ਪਾ ਤਾਂ ਕੋਈ ਵੀ ਲੈਂਦਾ ਹੈ, ਮਟਕਾਉਣਾ ਧੀਰ ਵਰਗੇ ਕਿਸੇ ਕਿਸੇ ਨੂੰ ਹੀ ਆਉਂਦਾ ਹੈ। ਪਰ ਗਾਰਗੀ ਆਪਣੇ ਮਿੱਤਰ ਧੀਰ ਤੋਂ ਵੀ ਅੱਗੇ ਸੀ। ਉਹ ਸੁਰਮੇ ਨੂੰ ਬਿਨ-ਪਾਇਆਂ ਵੀ ਮਟਕਾ ਸਕਦਾ ਸੀ!

'ਸੁਰਮੇ ਵਾਲੀ ਅੱਖ' ਦੇ ਮੁੱਖ-ਸ਼ਬਦਾਂ ਵਿਚ ਉਹ ਆਪ ਦਸਦਾ ਹੈ, "ਇਸ ਤੋਂ ਪਹਿਲੀ ਪੁਸਤਕ 'ਨਿੰਮ ਦੇ ਪੱਤੇ' ਛਪੀ। ਇਸ ਵਿਚ ਨੌਂ ਸਾਹਿਤਕਾਰ ਮਿੱਤਰਾਂ ਦੇ ਰੇਖਾ-ਚਿੱਤਰ ਸਨ। ਮੈਂ ਇਨ੍ਹਾਂ ਮਿੱਤਰਾਂ ਨੂੰ ਬਹੁਤ ਸਤਿਕਾਰਦਾ ਹਾਂ। ਕਿਤਾਬ ਛਪਣ ਉਤੇ ਸਾਰੇ ਨਾਰਾਜ਼ ਹੋ ਗਏ। ਅੰਮ੍ਰਿਤਾ ਪ੍ਰੀਤਮ ਛੇ ਮਹੀਨੇ ਰੁੱਸੀ ਰਹੀ। ਕਰਤਾਰ ਸਿੰਘ ਦੁੱਗਲ ਬਹੁਤ ਗੁੱਸੇ ਹੋਇਆ। ਪ੍ਰੋਫ਼ੈਸਰ ਮੋਹਨ ਸਿੰਘ ਨੂੰ ਜਦ ਮੈਂ ਉਨ੍ਹਾਂ ਦੇ ਘਰ ਮਿਲਣ ਗਿਆ ਤਾਂ ਉਨ੍ਹਾਂ ਨੇ ਇਤਨੇ ਸਖਤ ਸ਼ਬਦ ਵਰਤੇ ਕਿ ਮੈਨੂੰ ਸੂਟਕੇਸ ਚੁੱਕ ਕੇ ਵਾਪਸ ਦਿੱਲੀ ਆਉਣਾ ਪਿਆ। ਸੰਤ ਸਿੰਘ ਸੇਖੋਂ ਤੇ ਪ੍ਰੋਫ਼ੈਸਰ ਅਤਰ ਸਿੰਘ ਨੇ ਵਕੀਲ ਦੀ ਮਾਰਫਤ ਕਾਨੂੰਨੀ ਨੋਟਿਸ ਘਲਿਆ। ਸਵਰਗਵਾਸੀ ਪ੍ਰਿੰਸੀਪਲ ਤੇਜਾ ਸਿੰਘ, ਜਿਨ੍ਹਾਂ ਨੂੰ ਮੈਂ ਪਿਤਾ ਸਮਾਨ ਸਮਝਦਾ ਸਾਂ, ਜਿਊਂਦੇ ਜੀਅ ਮੇਰੀਆਂ ਲਿਖਤਾਂ ਉਤੇ ਪ੍ਰਸੰਨ ਸਨ, ਪਰ ਉਨ੍ਹਾਂ ਦੀ ਮ੍ਰਿਤੂ ਦੇ ਚਾਰ ਸਾਲ ਪਿਛੋਂ ਉਨ੍ਹਾਂ ਦੇ ਇਕ ਰਿਸ਼ਤੇਦਾਰ ਨੇ ਮੈਨੂੰ ਨੋਟਿਸ ਭੇਜਿਆ ਕਿ ਮੈਂ ਤੇਜਾ ਸਿੰਘ ਦੀ ਬੇਇੱਜ਼ਤੀ ਕੀਤੀ ਹੈ। ਇਨ੍ਹਾਂ ਝਗੜਿਆਂ ਤੇ ਸਖਤ ਚਿੱਠੀਆਂ ਨਾਲ ਮੈਂ ਪ੍ਰੇਸ਼ਾਨ ਹੋ ਗਿਆ। ਇਸ ਗੱਲ ਨੂੰ ਤਿੰਨ ਸਾਲ ਹੋ ਗਏ ਹਨ। ਨਾਰਾਜ਼ ਮਿੱਤਰ ਪਹਿਲਾਂ ਨਾਲੋਂ ਵੀ ਵਧੇਰੇ ਪੱਕੇ ਮਿੱਤਰ ਬਣ ਗਏ ਹਨ। ਜਿਵੇਂ ਥੋੜ੍ਹੇ ਜਿਹੇ ਬੁਖਾਰ ਪਿਛੋਂ ਕਈ ਵਾਰ ਸਰੀਰ ਵਧੇਰੇ ਨਰੋਆ ਤੇ ਨਿਰਮਲ ਹੋ ਜਾਂਦਾ ਹੈ, ਇਸੇ ਤਰ੍ਹਾਂ ਇਹ ਦੋਸਤੀਆਂ ਵੀ ਨਿੱਖਰ ਆਈਆਂ।"

ਅੱਗੇ ਉਹ ਆਪਣੀ ਇਸ ਸ਼ਰਾਰਤ ਦਾ ਕਾਰਨ ਵੀ ਦਸਦਾ ਹੈ, "ਹਕੀਕਤ ਕੀ ਹੈ? ਸਾਹਿਤਕਾਰ ਇਸ ਨੂੰ ਫੜਨਾ ਚਾਹੁੰਦਾ ਹੈ, ਪਰ ਅੰਤਮ ਸੱਚ ਦਾ ਤਾਂ ਕਿਸੇ ਨੂੰ ਵੀ ਪਤਾ ਨਹੀਂ।...ਪ੍ਰਸਿੱਧ ਚਿੱਤਰਕਾਰ ਮੁਦੁਗਲਿਆਨੀ ਆਪਣੀਆਂ ਸੁੰਦਰ ਪਾਤਰਾਂ ਦੀ ਗਰਦਨ ਲੰਮੀ ਕਰ ਦਿੰਦਾ ਸੀ; ਮੂਰਤੀਕਾਰ ਐਪਸਟਾਈਨ ਆਪਣੇ ਬੁੱਤਾਂ ਦੀਆਂ ਲੱਤਾਂ ਮੁਹਲਿਆਂ ਵਰਗੀਆਂ ਬਣਾਉਂਦਾ ਸੀ; ਆਧੁਨਿਕ ਚਿੱਤਰਕਾਰ ਕਿਰਕੋਸ਼ਕਾ ਆਪਣੇ ਪਾਤਰਾਂ ਦੇ ਹੱਥਾਂ ਉਤੇ ਸੁਰਖ਼ ਰੰਗ ਦੇ ਬੁਰਸ਼ ਮਾਰ ਕੇ ਉਨ੍ਹਾਂ ਵਿਚ ਸ਼ਕਤੀ ਭਰ ਦਿੰਦਾ ਹੈ। ਇਹ ਸਾਰੇ ਲੋਕ ਅਸਲ ਦੀ ਢੂੰਡ ਵਿਚ ਹਨ। ਮੈਂ ਵੀ ਅਸਲੀਅਤ ਨੂੰ ਢੂੰਡ ਰਿਹਾ ਹਾਂ।"

(ਬਾਕੀ ਅਗਲੇ ਸਫੇ 'ਤੇ)

# ਲੋਕ ਗੀਤਾਂ ਦੀ ਰਾਣੀ ਮਾਂ

**ਸਫਰ ਜ਼ਿੰਦਗੀ ਦਾ**

***ਨੀਲਮ ਸੈਣੀ ਦੀ ਕਹਾਣੀ 'ਲੋਕ ਗੀਤਾਂ ਦੀ ਰਾਣੀ ਮਾਂ' ਵਿਚ ਖਰੇ ਅਤੇ ਖੁਰਦਰੇ, ਕਈ ਤਰ੍ਹਾਂ ਦੇ ਰਿਸ਼ਤਿਆਂ ਦੀਆਂ ਤੰਦਾਂ ਜੁੜੀਆਂ ਹੋਈਆਂ ਹਨ। ਉਹ ਰਿਸ਼ਤੇ ਜੋ ਹਨ ਤਾਂ ਖੂਨ ਦੇ ਰਿਸ਼ਤੇ ਪਰ ਖੂਨ ਸਫੈਦ ਹੋ ਚੁਕਾ ਹੈ ਅਤੇ ਉਹ ਰਿਸ਼ਤੇ ਵੀ, ਜਿਨ੍ਹਾਂ ਵਿਚ ਖੂਨ ਦੀ ਤਾਂ ਕੋਈ ਸਾਂਝ ਨਹੀਂ ਪਰ ਹਨ ਖੂਨ ਦੇ ਰਿਸ਼ਤਿਆਂ ਤੋਂ ਵੀ ਪੀਡੇ। ਕਹਾਣੀ ਦੀ ਮੁੱਖ ਪਾਤਰ ਕੁੜੀ, ਜਿਉਂ ਜਿਉਂ ਗੱਲਾਂ ਦੱਸੀ ਜਾਂਦੀ ਹੈ, ਇਹ ਤੰਦਾਂ ਅੱਗੇ ਤੋਂ ਅੱਗੇ ਖੁੱਲ੍ਹਦੀਆਂ ਜਾਂਦੀਆਂ ਹਨ। ਇਨ੍ਹਾਂ ਤੰਦਾਂ ਵਿਚ ਫਿਕਰਾਂ ਦੀਆਂ ਪੰਡਾਂ ਵੀ ਲੱਦੀਆਂ ਹੋਈਆਂ ਹਨ ਅਤੇ ਚਾਵਾਂ ਦੀ ਚਾਸ਼ਣੀ ਵੀ ਘੁਲੀ ਹੋਈ ਹੈ। ਕੈਲੀਫੋਰਨੀਆ ਵਸਦੀ ਲੇਖਿਕਾ ਨੀਲਮ ਸੈਣੀ ਨੇ ਬੰਦੇ ਦੇ ਇਨ੍ਹਾਂ ਫਿਕਰਾਂ ਅਤੇ ਚਾਵਾਂ ਦੀ ਇਹ ਕਥਾ ਬੜੇ ਸਲੀਕੇ ਨਾਲ ਅਤੇ ਬਗੈਰ ਕਿਸੇ ਉਚੇਚ ਦੇ ਸੁਣਾਈ ਹੈ।-ਸੰਪਾਦਕ***

ਪਿਛਲੇ ਹਫ਼ਤੇ ਤੋਂ ਸਿਹਤ ਕੁਝ ਠੀਕ ਨਾ ਹੋਣ ਕਰ ਕੇ, ਘਰ ਬੈਠੀ ਬੋਰ ਹੁੰਦੀ ਹਾਂ। ਐਲਰਜੀ ਹਰ ਸਾਲ ਹੀ ਆ ਘੇਰਦੀ ਐ।

"ਨਵੀ! ਬੇਟੇ ਮੇਰੇ ਲਈ ਪਾਣੀ ਦਾ ਗਿਲਾਸ ਲੈ ਕੇ ਆ, ਮੈਂ ਜ਼ਰਾ ਦਵਾਈ ਖਾ ਲਵਾਂ।" ਮੈਂ ਨਵੀ ਨੂੰ ਆਵਾਜ਼ ਦਿੰਦਿਆਂ ਕਿਹੈ।

ਨਵੀ ਪਾਣੀ ਲੈਣ ਲਈ ਕਿਚਨ ਵੱਲ ਤੁਰਿਆ ਹੀ ਆ ਕਿ ਫੋਨ ਦੀ ਘੰਟੀ ਵੱਜ ਗਈ ਆ।

"ਮੈਨੂੰ ਪਤਾ, ਹੁਣ ਤੁਸੀਂ ਕਹਿਣਾ ਕਿ ਨਵੀ ਪਾਣੀ ਰਹਿਣ ਦੇ ਪਹਿਲਾਂ ਫੋਨ ਫੜਾ ਜਾ, ਮੈਥੋਂ ਉਠਿਆ ਨਹੀਂ ਜਾਂਦਾ।"

ਨੀਲਮ ਸੈਣੀ
ਫੋਨ: 510-502-0551

ਇਹ ਕਹਿੰਦਿਆਂ ਉਹ ਫੋਨ ਮੇਰੇ ਹੱਥ ਪਕੜਾ ਪਾਣੀ ਦਾ ਗਿਲਾਸ ਲੈਣ ਚਲਾ ਗਿਐ।

"ਹੈਲੋ!" ਮੇਰੀ ਆਵਾਜ਼ ਮਸਾਂ ਨਿਕਲੀ ਐ।

"ਹੈਲੋ, ਨਿਧੀ! ਸੁਣਾ ਹੁਣ ਕੀ ਹਾਲ ਆ ਤੇਰਾ? ਦਵਾਈ ਚੰਗੀ ਤਰ੍ਹਾਂ ਖਾਂਦੀ ਐਂ ਕਿ ਨਹੀਂ?"

"ਪਹਿਲਾਂ ਨਾਲੋਂ ਕੁਝ ਚੰਗਾ ਆ ਮੰਮੀ। ਦਵਾਈ ਤਾਂ ਲਗਾਤਾਰ ਖਾ ਰਹੀ ਆਂ, ਐਲਰਜੀ ਆਪਣਾ ਜ਼ੋਰ ਪਾ ਕੇ ਈ ਹਟਦੀ ਆ। ਤੁਸੀਂ ਸੁਣਾਓ ਹੋਰ ਸਾਰੇ ਪਿੰਡ ਦੀ ਸੁੱਖ-ਸਾਂਦ!"

"ਸੁੱਖ-ਸਾਂਦ ਕਾਹਦੀ! ਪਰਸੋਂ ਦੀ ਬੇ-ਮੌਸਮੀ ਬਰਸਾਤ ਸ਼ੁਰੂ ਆ, ਬਿਜਲੀ ਗਰਜਦੀ ਆ, ਫ਼ਸਲਾਂ ਦਾ ਨੁਕਸਾਨ ਹੋ ਰਿਹੈ। ਸਭ ਅੰਦਰੀਂ ਬੜੇ ਬੈਠੇ ਆ। ਨਾਲੇ ਗੀਤੂ ਦੀ ਦਾਦੀ ਵੀ ਬਿਮਾਰ ਆ।"

"ਹੈਂ! ਕੀ ਹੋਇਆ ਮਾਂ ਜੀ ਨੂੰ?" ਮੈਂ ਚਿੰਤਤ ਹੋ ਗਈ ਆਂ।

"ਹੋਣਾ ਕੀ ਆ? ਇਕ ਦਮ ਹੀ ਤੁਰਨੋਂ-ਫਿਰਨੋਂ ਹਟ ਗਈ। ਮੰਜੇ 'ਤੇ ਪਈ ਅਲ-ਟਪਲੀਆਂ ਮਾਰਦੀ ਆ, ਲੱਗਦਾ ਘੜੀ ਪਲ ਦੀ ਪ੍ਰਾਹੁਣੀ ਆ ਹੁਣ ਤਾਂ...।"

"ਕਿਸੇ ਡਾਕਟਰ ਨੂੰ ਨਹੀਂ ਦਿਖਾਇਆ ਮੰਮੀ", ਮੈਂ ਚਿੰਤਾ ਨਾਲ ਪੁੱਛਦੀ ਆਂ।

"ਨਹੀਂ! ਉਂਜ ਤਾਂ ਸਾਰਾ ਟੱਬਰ ਹੀ ਆਣ ਢੁੱਕਿਐ, ਪਰ ਘਰ ਦੇ ਓਹੜ-ਪੋਹੜ ਹੀ ਚੱਲ ਰਹੇ ਆ, ਉਹ ਤਾਂ ਚਾਹੁੰਦੇ ਆ ਪਈ ਕਿਹੜੀ ਘੜੀ ਮਰੇ ਤਾਂ ਅਸੀਂ ਜ਼ਮੀਨ ਵਾਲੇ ਬਣੀਏ।"

"ਮੰਮੀ ਜੀ! ਜ਼ਮੀਨ ਤਾਂ ਸਭ ਨੇ ਈ ਇਥੇ ਛੱਡ ਜਾਣੀ ਆ, ਜੇ ਅੱਜ ਮਾਂ ਜੀ ਦੇ ਨਾਲ ਨਹੀਂ ਜਾਵੇਗੀ ਤਾਂ ਉਨ੍ਹਾਂ ਦੀ ਵਾਰੀ ਵੀ ਤਾਂ ਇਥੇ ਹੀ ਰਹਿ ਜਾਵੇਗੀ ਨਾ।"

"ਪਰ ਉਨ੍ਹਾਂ ਨੂੰ ਕੌਣ ਸਮਝਾਵੇ ਧੀਏ!" ਮੰਮੀ ਦੇ ਸੁਰ ਵਿਚ ਵੀ ਉਦਾਸੀ ਆ।

"ਅੱਛਾ ਮੰਮੀ, ਤੁਸੀਂ ਮਾਂ ਜੀ ਨੂੰ ਦੇਖਣ ਜਾਂਦੇ ਈ ਰਹਿਣਾ, ਮੈਨੂੰ ਤਾਂ ਬਹੁਤ ਚੰਗੀ ਲੱਗਦੀ ਆ ਮਾਂ ਜੀ...ਯਾਦ ਆ, ਪਿਛਲੀ ਵਾਰੀ ਮੈਂ ਇੰਡੀਆ ਆਈ ਤਾਂ ਮੇਰੇ ਤੁਰਨ ਵੇਲੇ ਰੋ ਪਈ ਸੀ। ਹਾਂ ਸੱਚ ਕਹਿੰਦੀ ਸੀ ਕਿ ਨਿਧੀ, ਚੰਗੀ ਤਰ੍ਹਾਂ ਮਿਲ ਲੈ, ਅਗਲੀ ਵਾਰੀ ਆਈ ਤਾਂ ਪਤਾ ਨਹੀਂ ਮੈਂ ਹੋਵਾਂ ਜਾਂ ਨਾ...ਤੇ ਮੈਂ ਮਾਂ ਜੀ ਨੂੰ ਕਿਹਾ ਸੀ ਕਿ ਤੁਸੀਂ ਏਨੀ ਜਲਦੀ ਕਿਤੇ ਨਹੀਂ ਜਾ ਸਕਦੇ, ਮੈਂ ਜ਼ਰੂਰ ਮਿਲਾਂਗੀ।"

"ਹਾਂ! ਮੈਨੂੰ ਤਾਂ ਇਹ ਵੀ ਯਾਦ ਆ ਨਿਧੀ, ਪਈ ਤੇਰੇ ਡੈਡੀ ਨੇ ਹੱਸਦੇ ਹੋਏ ਇਹ ਵੀ ਕਿਹਾ ਸੀ ਕਿ ਅਸੀਂ ਮਾਂ ਜੀ ਨੂੰ ਸੁਕਾ ਕੇ ਡੱਬੇ ਵਿਚ ਪਾ ਕੇ ਰੱਖ ਲਵਾਂਗੇ, ਕਿਤੇ ਨਹੀਂ ਜਾਣ ਦਿੰਦੇ।"

"ਇੰਦੂ ਕਿਸ ਦਾ ਫੋਨ ਐ?" ਡੈਡੀ ਨੇ ਅੰਦਰ ਵੜਦੇ ਈ ਪੁੱਛਿਐ।

"ਨਿਧੀ ਦਾ ਹੋਰ ਕਿਹਦਾ", ਮੰਮੀ ਨੇ ਸਰਸਰੀ ਜਵਾਬ ਦਿੱਤੈ।

"ਦੱਸ ਦੇ ਗੀਤੂ ਦੀ ਦਾਦੀ ਪੂਰੀ ਹੋ ਗਈ।"

"ਮੰਮੀ! ਮਾਂ ਕੀ? ਮਾਂ ਜੀ ਚਲੀ ਗਈ!"

"ਮਾਂ ਜੀ।" ਫੋਨ ਮੇਰੇ ਹੱਥੋਂ ਛੁੱਟ ਗਿਐ।

ਮਾਂ ਜੀ ਦੀ ਤਸਵੀਰ ਮੇਰੀਆਂ ਅੱਖਾਂ ਮੂਹਰੇ ਘੁੰਮਦੀ ਐ। ਮੇਰਾ ਮਾਂ ਜੀ ਨਾਲ ਬਹੁਤ ਪਿਆਰ ਸੀ। ਆਪਣੀ ਦਾਦੀ ਤਾਂ ਦੇਖੀ ਵੀ ਨਹੀਂ ਸੀ, ਪਰ ਮਾਂ ਜੀ ਕੋਲੋਂ ਜੋ ਪਿਆਰ ਦਾ ਖਜ਼ਾਨਾ ਮੈਨੂੰ ਮਿਲਿਆ ਸੀ, ਉਹ ਬੇਅੰਤ ਸੀ। ਸੌ ਵਰ੍ਹਿਆਂ ਤੋਂ ਉਪਰ ਅਤੇ ਦਸ ਤੋਂ ਵੱਧ ਪੋਤ-ਦੋਹਤ ਦੀ ਨਾਨੀ ਅਤੇ ਦਾਦੀ ਨੂੰ ਮੈਂ ਦੋ ਕੁ ਦਹਾਕੇ ਪਹਿਲਾਂ ਪਿੰਡ ਵਿਚੋਂ ਲੰਘਦੇ ਇਕ ਚਾਚੇ ਦੇ ਪੁੱਤ ਦੇ ਵਿਆਹ ਵਿਚ ਪਰਾਤ ਵਜਾ-ਵਜਾ ਕੇ ਗਾਉਂਦੇ ਤੱਕਿਆ ਸੀ,

ਤੇਰੀ ਭੈਣਾਂ ਨੇ ਸਾਡੇ ਨਾਲ ਕੀਤੀਆਂ ਵੇ ਲਾਲ।
ਅਸੀਂ ਸ਼ਰਬਤ ਘੋਲ-ਘੋਲ ਪੀਤੀਆਂ ਵੇ ਲਾਲ।
ਕਦੀ ਬੋਲਾਂਗੇ ਦਿਲਾਂ ਦੀਆਂ ਖੋਲ੍ਹਾਂਗੇ ਵੇ ਲਾਲ।
ਕਦੀ ਵਸਾਂਗੇ ਦਿਲਾਂ ਦੀਆਂ ਦੱਸਾਂਗੇ ਵੇ ਲਾਲ।

ਪਰਾਤ 'ਤੇ ਹੱਥ ਮਾਰ-ਮਾਰ ਕੇ ਗਾਉਂਦੀ ਮਾਂ ਜੀ ਆਪਣੇ ਸੇਬ ਦੀ ਤਰ੍ਹਾਂ ਭਖਦੇ ਚਿਹਰੇ ਤੋਂ ਮਲਮਲ ਦੀ ਚੁੰਨੀ ਨਾਲ ਕਦੀ ਕਦੀ ਪਸੀਨਾ ਪੂੰਝ ਲੈਂਦੀ ਸੀ।

ਗੀਤਾਂ ਤੋਂ ਬਾਅਦ ਗਿੱਧੇ ਦੀ ਵਾਰੀ ਆਈ ਤਾਂ ਮਾਂ ਜੀ ਨੇ ਬੋਲੀ ਚੁੱਕੀ,

ਜਦੋਂ ਜਵਾਨੀ ਦਾ ਜ਼ੋਰ ਸੀ ਵੇ ਜ਼ਾਲਮਾ।
ਵੰਝਲੀ ਵਰਗਾ ਬੋਲ ਸੀ ਵੇ ਜ਼ਾਲਮਾ।
ਮੋਰਾਂ ਵਰਗੀ ਤੋਰ ਸੀ ਵੇ ਜ਼ਾਲਮਾ।

ਇਕ ਤੋਂ ਬਾਅਦ ਦੂਜੀ ਬੋਲੀ ਪਾਉਂਦੀ ਮਾਂ ਜੀ ਨੇ ਗਿੱਧੇ ਦਾ ਪਿੜ ਮੱਲ ਲਿਆ ਤਾਂ ਮੈਂ ਇਕ ਪਾਸੇ ਕੁੜੀਆਂ 'ਚ ਖੜ੍ਹੀ ਮਾਂ ਜੀ ਦਾ ਰੂਪ ਨਿਹਾਰਦੀ ਹੀ ਰਹਿ ਗਈ। ਦਿਲ ਕਰਦਾ ਸੀ ਮਾਂ ਜੀ ਨੂੰ ਕਹਾਂ ਕਿ ਤੁਸੀਂ ਤਾਂ ਜਵਾਨਾਂ ਨੂੰ ਮਾਤ ਪਾ ਰਹੇ ਹੋ, ਪਰ ਪਤਾ ਨਹੀਂ ਕਿਉਂ ਕਹਿ ਨਾ ਸਕੀ? ਉਸ ਰਾਤ ਵਿਆਹ ਵਾਲੇ ਘਰ ਇਕ ਤੋਂ ਬਾਅਦ ਇਕ ਲੋਕ ਗੀਤ ਗਾ ਕੇ ਅਤੇ ਗਿੱਧੇ ਵਿਚ ਗਿੱਧਿਆਂ ਦੀ ਰਾਣੀ ਬਣੀ ਮਾਂ ਜੀ ਨੇ ਮੇਰੇ ਮਨ ਵਿਚ ਵਿਸ਼ੇਸ਼ ਥਾਂ ਬਣਾ ਲਈ ਸੀ। ਇਸ ਤੋਂ ਪਹਿਲਾਂ ਤਾਂ ਮੈਨੂੰ ਇਹ ਹੀ ਪਤਾ ਸੀ ਕਿ ਸਾਡੇ ਘਰੋਂ 3-4 ਘਰ ਹਟ ਕੇ ਕੋਈ ਬੁੱਢੀ ਰਹਿੰਦੀ ਐ, ਜਿਸ ਨੂੰ ਬਹੁਤੇ ਲੋਕ ਗੀਤੂ ਦੀ ਦਾਦੀ ਜਾਂ ਚੌਧਰਾਣੀ ਆਖ ਬੁਲਾਉਂਦੇ ਸੀ।

ਅਗਲੇ ਦਿਨ ਹੱਥ ਵਿਚ ਕਾਪੀ-ਪੈਨ ਲੈ ਮੈਂ ਮਾਂ ਜੀ ਦੇ ਘਰ ਪਹੁੰਚ ਗਈ। ਮਾਂ ਜੀ ਮੈਨੂੰ ਦੇਖ ਹੈਰਾਨ ਹੁੰਦੇ ਬੋਲੀ, "ਪੜ੍ਹੀ ਲਿਖੀ ਕੁੜੀ ਇਸ ਅਨਪੜ੍ਹ ਕੋਲ ਕਿਵੇਂ ਆਈ ਐ?"

"ਸਤਿ ਸ੍ਰੀ ਅਕਾਲ ਮਾਂ ਜੀ!" ਕਹਿ ਕੇ ਮੈਂ ਮਾਂ ਜੀ ਦੇ ਕੋਲ ਬੈਠ ਗਈ।

"ਮਾਂ ਜੀ ਤੁਸੀਂ ਤਾਂ ਰਾਤੀਂ ਕਮਾਲ ਹੀ ਕਰ ਦਿੱਤੀ। ਤੁਹਾਡੇ ਗਾਏ ਕਈ ਲੋਕ ਗੀਤ ਤਾਂ ਮੈਨੂੰ ਯਾਦ ਵੀ ਹੋ ਗਏ।" ਮੈਂ ਥੋੜ੍ਹਾ ਰੁਕ ਕੇ ਕਿਹਾ।

"ਲੈ ਸੁਣ ਲਓ ਕੁੜੀ ਦੀਆਂ ਗੱਲਾਂ! ਕਾਹਦੀ ਕਮਾਲ ਧੀਏ? ਬੱਸ ਟੈਮ ਪਾਸ ਕਰੀਦਾ ਹੁਣ ਤਾਂ।"

"ਤੁਸੀਂ ਮੰਨੋ ਜਾਂ ਨਾ ਮੰਨੋ ਮਾਂ ਜੀ, ਮੈਂ ਤਾਂ ਤੁਹਾਡੇ ਕੋਲੋਂ ਲੋਕ ਗੀਤ ਲਿਖਣ ਲਈ ਆਈ ਆਂ। ਲਿਖਵਾਓਗੇ ਨਾ?"

"ਮੇਰੇ ਅਨਪੜ੍ਹ ਦੇ ਗੀਤਾਂ ਨੂੰ ਇਹ ਪੜ੍ਹੀ-ਲਿਖੀ ਕੁੜੀ ਕੀ ਕਰੇਗੀ?"

"ਮਾਂ ਜੀ ਸਾਡੇ ਲੋਕ ਗੀਤ ਸਾਡਾ ਵਿਰਸਾ ਹਨ। ਸਾਡਾ ਸਭਿਆਚਾਰ ਹਨ। ਮੈਂ ਇਹ ਅਨਮੋਲ ਖਜ਼ਾਨਾ ਹਮੇਸ਼ਾ ਸਾਂਭ ਕੇ ਰੱਖਾਂਗੀ।"

ਨਾਂਹ-ਨੁੱਕਰ ਕਰਨ ਬਾਅਦ ਮਾਂ ਜੀ ਗੀਤ ਲਿਖਵਾਉਣ ਲਈ ਰਾਜ਼ੀ ਹੋ ਗਈ। ਉਸ ਦਿਨ ਤੋਂ ਬਾਅਦ ਮੈਨੂੰ ਜਦੋਂ ਵੀ ਵਿਹਲ ਮਿਲਦੀ, ਮੈਂ ਕਾਪੀ-ਪੈਨ ਲੈ ਮਾਂ ਜੀ ਕੋਲ ਬੈਠ ਜਾਂਦੀ। ਸਿੱਠਣੀਆਂ, ਸੁਹਾਗ, ਘੋੜੀਆਂ, ਟੱਪੇ ਜੋ ਕੁਝ ਵੀ ਯਾਦ ਆਉਂਦਾ, ਮਾਂ ਜੀ ਲਿਖਵਾ ਦਿੰਦੀ।

ਬਾਹਰ ਹਵਾ ਨਾਲ ਦਰਵਾਜ਼ਾ ਖੜਕਦੈ। ਮੈਨੂੰ ਯਾਦ ਆਉਂਦੈ, "ਮਾਂ ਜੀ ਦੇ ਘਰ ਦਾ ਦਰਵਾਜ਼ਾ ਹਮੇਸ਼ਾਂ ਗਲੀ ਵਿਚ ਖੁੱਲ੍ਹਾ ਹੁੰਦਾ ਅਤੇ ਹਰ ਆਉਂਦਾ-ਜਾਂਦਾ ਇਹ ਹੀ ਸੋਚਦਾ ਕਿ ਨਿਧੀ ਦਾ ਚੌਧਰਾਣੀ ਨਾਲ ਕੀ ਮੇਲ?"

ਪਿੰਡ ਦੀਆਂ ਹੋਰ ਕੁੜੀਆਂ ਤਾਂ ਮਾਂ ਜੀ ਕੋਲੋਂ ਡਰਦੀਆਂ ਵੀ ਸਨ ਤੇ ਉਸ ਨੂੰ ਪਸੰਦ ਵੀ ਨਹੀਂ ਕਰਦੀਆਂ ਸਨ। ਮਾਂ ਜੀ ਨੂੰ ਵੀ ਪਿੰਡ ਦੀ ਹਰ ਨੂੰਹ-ਧੀ ਦੀ ਖ਼ਬਰ ਹੁੰਦੀ ਸੀ। ਇਕ ਦਿਨ ਤਾਂ ਕਮਾਲ ਹੀ ਹੋ ਗਈ ਜਦੋਂ ਪਿੰਡ ਦੇ ਲੰਬੜਦਾਰ ਦੀਆਂ ਕੁੜੀਆਂ ਗਲੀ 'ਚੋਂ ਲੰਘੀਆਂ ਤਾਂ ਮਾਂ ਜੀ ਪੂਰੇ ਰੋਹ ਨਾਲ ਬੋਲੀ, "ਹੇ ਖਾਂ! ਵੱਡੀਆਂ ਪਾੜ੍ਹੀਆਂ! ਪੜ੍ਹਨ ਜਾਂਦੀਆਂ ਸਿਰ-ਮੂੰਨ ਕੇ, ਮੂੰਹ ਧੋ ਕੇ, ਆਪਣਾ ਆਪ ਦੇਖ-ਦੇਖ ਤੁਰਦੀਆਂ ਚਾਹੇ ਮੇਰੇ ਵਰਗੇ ਮਹਾਤੜ ਦੀਆਂ ਲੱਤਾਂ ਹੀ ਸ਼ੈਕਲ ਮਾਰ ਕੇ ਭੰਨ ਸੁੱਟਣ। ਨਾਲੇ ਵਾਲ ਮੁਨਾ ਕੇ ਆਪਣੇ ਆਪ ਨੂੰ ਇੰਦਰਾ ਗਾਂਧੀ ਨਾਲੋਂ ਘੱਟ ਨਹੀਂ ਸਮਝਦੀਆਂ। ਨਾ ਤੂੰ ਦੱਸ ਧੀਏ! ਇਹ ਨਹਿਰੂ ਦੀ ਧੀ ਦੀਆਂ ਰੀਸਾਂ ਕਰਦੀਆਂ ਜਚਦੀਆਂ?"

ਮੈਂ ਹੱਸ-ਹੱਸ ਕੇ ਦੂਹਰੀ ਹੋ ਗਈ- "ਬੱਸ ਵੀ ਕਰੋ ਮਾਂ ਜੀ! ਕਿਤੇ ਮੇਰੀ ਪਿੱਠ ਪਿੱਛੇ ਮੈਨੂੰ ਵੀ ਤੁਸੀਂ ਏਦਾਂ ਹੀ ਤਾਂ ਨਹੀਂ ਕਹਿੰਦੇ?"

ਮਾਂ ਜੀ ਮੇਰੇ ਸਿਰ 'ਤੇ ਹੱਥ ਫੇਰਦੇ ਬੋਲੀ, "ਨਾ ਧੀਏ! ਤੇਰੇ ਵਿਚ ਤਾਂ ਇਨ੍ਹਾਂ ਵਾਲੀ ਇਕ ਵੀ ਗੱਲ ਨਹੀਂ। ਲੰਘਦੇ-ਵੜਦੇ ਹਰ ਚਾਚੇ-ਤਾਏ ਨੂੰ ਤੂੰ ਬੁਲਾਏ ਬਿਨਾਂ ਨਹੀਂ ਲੰਘਦੀ ਤੇ ਇਹ ਸਿਰਮੁੰਨੀਆਂ ਦੇਖਦੇ ਈ ਮੂੰਹ ਘੁਮਾ ਲੈਂਦੀਆਂ।"

ਅਚਾਨਕ ਫੋਨ ਦੀ ਘੰਟੀ ਨੇ ਮੈਨੂੰ ਮਾਂ ਜੀ ਦੀਆਂ ਯਾਦਾਂ 'ਚੋਂ ਬਾਹਰ ਕੱਢ ਦਿੱਤੈ। ਫੋਨ ਵੀ ਐਵੇਂ ਹੀ ਨਿਕਲਿਐ। ਮਾਰਗੇਜ ਕੰਪਨੀ ਦਾ। ਮੈਂ 'ਆਈ ਐਮ ਬਿਜ਼ੀ' ਆਖ ਫੋਨ ਰੱਖ ਦਿੱਤੈ। ਪਿਛਲੇ ਮਹੀਨੇ ਤੋਂ ਖ਼ਬਰੇ ਸੌ ਮਾਰਗੇਜ ਕੰਪਨੀਆਂ ਦੇ ਫੋਨ ਆ ਚੁੱਕੇ ਆ, ਘਰ ਮੇਰਾ 'ਤੇ ਰੀਫਾਈਨੈਂਸ ਦਾ ਫਿਕਰ ਇਨ੍ਹਾਂ ਨੂੰ ਲੱਗਾ ਹੋਇਐ।

ਮੇਰੀਆਂ ਅੱਖਾਂ 'ਚੋਂ ਪਾਣੀ ਫਿਰ ਤਿੱਪ-ਤਿੱਪ ਚੋਣ ਲੱਗ ਪਿਐ। ਗਲਾ ਸੁੱਕਦਾ ਮਹਿਸੂਸ ਹੁੰਦੈ। ਕੋਲ ਪਏ ਗਿਲਾਸ 'ਚੋਂ ਇਕ ਘੁੱਟ ਭਰ ਮੈਂ ਕੰਬਲ ਲੈ ਮੁੜ ਬੈੱਡ 'ਤੇ ਢੇਰੀ ਹੋ ਗਈ ਆਂ। ਮਾਂ ਜੀ ਦੀਆਂ ਯਾਦਾਂ ਨੇ ਮੁੜ ਘੇਰਾ ਪਾ ਲਿਐ। ਮੈਨੂੰ ਯਾਦ ਆਉਂਦੈ ਕਿ ਇਕ ਵਾਰੀ ਹੋਸਟਲ ਤੋਂ ਘਰ ਆਈ ਤਾਂ ਮੰਮੀ ਨੇ ਰੋਟੀ-ਪਾਣੀ ਤੋਂ ਬਾਅਦ ਕਿਹਾ ਸੀ, "ਨਿਧੀ! ਆਪਣੀ ਮਾਂ ਜੀ ਨਾਲ ਅਫ਼ਸੋਸ ਕਰ ਆ। ਮਾਂ ਜੀ ਦੇ ਵਿਚਕਾਰਲੇ ਪੁੱਤ ਨੂੰ ਮਰੇ ਹੋਏ ਦੋ ਮਹੀਨੇ ਹੋ ਚੱਲੇ ਆ। ਮੈਂ ਮਾਂ ਜੀ ਕੋਲ ਗਈ ਤਾਂ ਮਾਂ ਜੀ ਮੇਰੇ ਗਲੇ ਲੱਗ ਧਾਹੀਂ ਰੋ ਪਈ।

"ਮਾਂ ਜੀ! ਬੱਸ ਕਰੋ! ਕੀ ਹੋਇਆ ਸੀ ਚਾਚਾ ਜੀ ਨੂੰ, ਮਾਂ ਜੀ?" ਮੈਂ ਮਾਂ ਜੀ ਦਾ ਹੱਥ ਘੁੱਟ ਕੇ ਫੜਦੇ ਪੁੱਛਿਆ।

"ਹੋਣਾ ਕੀ ਸੀ ਧੀਏ! ਅਤਿ ਵੀ ਮਾੜੀ ਹੁੰਦੀ ਐ। ਮੇਰੇ ਕੋਲ ਤਾਂ ਢਿੱਡ ਫੋਲਣ ਨੂੰ ਵੀ ਕੋਈ ਨਹੀਂ ਸੀ। ਚੰਗਾ ਹੋਇਐ ਤੂੰ ਆ ਗਈ। ਇਕ ਦਿਨ ਸ਼ਰਾਬੀ ਹੋ ਕੇ ਆਇਆ, ਕਹਿੰਦਾ ਤੈਨੂੰ ਸ਼ਕਰੀਨ ਕੋਰਟ 'ਚ ਲਿਜਾਊਂ, ਕਟਹਿਰੇ 'ਚ ਖੜ੍ਹੀ ਕਰੂੰ, ਜ਼ਮੀਨ ਲੈ ਕੇ ਦਿਖਾਊਂ!" ਮਾਂ ਜੀ ਨੇ ਚੁੰਨੀ ਨਾਲ ਅੱਖਾਂ ਸਾਫ ਕੀਤੀਆਂ।

"ਸੱਚੀਂ ਮਾਂ ਜੀ! ਫਿਰ ਕੀ ਹੋਇਆ?" ਮੈਂ ਗੰਭੀਰਤਾ ਨਾਲ ਪੁੱਛਿਆ।

"ਫਿਰ ਕੀ ਹੋਣਾ ਸੀ ਨਿਧੀ! ਘਰੇ ਜਾਂਦਾ ਈ ਬਿਮਾਰ ਹੋ ਗਿਆ। ਕਹਿੰਦੇ ਆ ਪਈ ਜ਼ਿਆਦਾ ਈ ਪੀਤੀ ਸੀ, ਆਹ ਡਮਾਕ ਦੀ ਨਾਲੀ ਫਟ ਗਈ।"

ਮਾਂ ਜੀ ਮੁੜ ਮੇਰੇ ਗਲ ਲੱਗ ਰੋਣ ਲੱਗੀ।

"ਮਾਂ ਜੀ! ਚੁੱਪ ਪਲੀਜ਼ ਚੁੱਪ ਕਰੋ! ਤੁਸੀਂ ਬਿਮਾਰ ਹੋ ਜਾਓਗੇ। ਗੱਲਾਂ ਕਰੋ ਮੇਰੇ ਨਾਲ।"

"ਧੀਏ! ਸੋਚਦੀ ਆਂ ਚੌਧਰੀ ਆਪ ਤਾਂ ਛੁੱਟ ਗਿਆ ਮਰ ਕੇ, ਤੇ ਮੈਨੂੰ ਪਿੱਛੇ ਛੱਡ ਗਿਆ ਆਹ ਦਿਨ ਦੇਖਣੇ ਲਈ!" ਮਾਂ ਜੀ ਨੇ ਮੁੜ ਅੱਖਾਂ ਭਰ ਲਈਆਂ।

ਮੈਨੂੰ ਮਾਂ ਜੀ 'ਤੇ ਬਹੁਤ ਤਰਸ ਆਇਆ।

ਮਾਂ ਜੀ ਕੁਝ ਚਿਰ ਰੁਕ ਕੇ ਬੋਲੀ, "ਮੈਂ ਤਾਂ ਚੌਧਰੀ ਦਾ ਬੋਲ ਪੂਰਾ ਕੀਤਾ। ਮਰਨ ਵੇਲੇ ਕਹਿੰਦਾ ਸੀ, ਮੇਰੇ ਪਿੱਛਿਉਂ ਇਨ੍ਹਾਂ ਨੂੰ ਜਿਉਂਦੇ ਜੀ ਹੱਥ ਵੱਢ ਕੇ ਨਾ ਦੇਵੀਂ। ਮੈਂ ਸਾਰੀ ਵਸੀਅਤ ਇਸ ਕਰ ਕੇ ਈ ਤੇਰੇ ਨਾਂ ਕੀਤੀ ਐ, ਪਈ ਜ਼ਮੀਨ ਕਰ ਕੇ ਈ ਤੇਰੀ ਕਦਰ ਕਰਨਗੇ ਪਰ ਮੈਂ ਤਾਂ ਸਗੋਂ ਹੋਰ ਦੁਖੀ ਹੋ ਗਈ।"

ਇਨ੍ਹਾਂ ਯਾਦਾਂ ਦੇ ਵਹਿਣਾਂ ਵਿਚ ਹੀ ਮੈਨੂੰ ਪਤਾ ਈ ਨਹੀਂ ਲੱਗਾ ਕਿ ਮੈਂ ਨੀਂਦ ਦੀ ਝੋਲੀ ਵਿਚ ਚਲੀ ਗਈ ਆਂ।

ਮੈਨੂੰ ਲੱਗਦੈ, ਮਾਂ ਜੀ ਸੱਚਮੁੱਚ ਈ ਮੇਰੇ ਕੋਲ ਆ ਗਈ ਆ ਤੇ ਮੈਂ ਮਾਂ ਜੀ ਦੇ ਵਾਲਾਂ ਨੂੰ ਤੇਲ ਲਾ ਉਸ ਦਾ ਸਿਰ ਝੱਸ ਰਹੀ ਆਂ। ਮਾਂ ਜੀ ਮੈਨੂੰ ਬੁੱਢ ਸੁਹਾਗਣ ਹੋਣ ਦੀਆਂ ਅਸੀਸਾਂ ਦੇ ਰਹੀ ਆ।

ਮੈਂ ਹੱਸ ਕੇ ਕਹਿੰਦੀ ਆਂ, "ਮਾਂ ਜੀ ਤੁਸੀਂ ਆਪਣੇ ਵਿਆਹ ਬਾਰੇ ਮੈਨੂੰ ਕਦੀ ਕੁਝ ਦੱਸਿਆ ਈ ਨਹੀਂ!"

ਮਾਂ ਜੀ ਖਿੜ-ਖਿੜ ਹੱਸ ਪਈ ਐ, "ਨਿਧੀ! ਸਾਡੀ ਵਾਰੀ ਆਹ ਕੰਜਰਾਂ ਵਾਲੇ ਰਿਵਾਜ ਥੋੜ੍ਹਾ ਸੀ। ਮੇਰਾ ਵਿਆਹ ਤਾਂ ਨੌਂ ਸਾਲ ਦੀ ਉਮਰ 'ਚ ਈ ਹੋ ਗਿਆ ਸੀ। ਮੇਰੀਆਂ ਸਹੇਲੀਆਂ ਦੱਸਣ, ਪਈ ਜਨੇਤ ਆਈ ਤੇ ਕਿਸੇ ਨੇ ਮੇਰੇ ਬਾਪ ਨੂੰ ਪੁੱਛਿਆ, ਪਈ ਮੁੰਡਾ ਕਿਹੜੈ? ਮੇਰੇ ਬਾਪ ਨੇ ਛੋਟੇ ਜਿਹੇ ਦੀਨ ਦੇ ਚੌਧਰੀ ਵੱਲ ਇਸ਼ਾਰਾ ਕਰ ਕੇ ਕਿਹਾ ਸੀ, ਅਹੁ ਕੈਂਠੇ ਵਾਲਾ! ਕੈਂਠਾ ਪਾ ਕੇ ਚੌਧਰੀ ਵਿਆਹੁਣ ਆਇਆ ਸੀ ਮੈਨੂੰ, ਤੇ ਮੈਂ ਸੋਲ੍ਹਾਂ ਵਰ੍ਹਿਆਂ ਦੀ ਮੁਕਲਾਵੇ ਆਈ ਸਾਂ, ਦੋ ਗੁੱਤਾਂ ਕਰਦੀ। ਘਰ ਦਾ ਸਾਰਾ ਕੰਮ ਸਮੇਟਦੀ, ਸੱਸ-ਸਹੁਰੇ ਦੀ ਸੇਵਾ ਕਰਦੀ ਅਸੀਸਾਂ ਲੈਂਦੀ ਸੀ। ਆਹ ਦਾਣਿਆਂ ਵਾਲੀ ਬੋਰੀ ਇੱਕਲੀ ਚੁੱਕ ਕੇ ਆਹ ਡੰਡੇ ਵਾਲੀ ਪਾਉੜੀ ਚੜ੍ਹ ਸੁੱਕਣੇ ਪਾ ਦਿੰਦੀ ਸੀ।

"ਸੱਚ ਮਾਂ ਜੀ! ਮੈਨੂੰ ਤਾਂ ਇਸ 'ਤੇ ਇਕੱਲੇ ਚੜ੍ਹਦੇ ਹੀ ਡਰ ਲੱਗਦਾ।"

"ਨਾ ਧੀਏ! ਤੂੰ ਐਵੇਂ ਨਾ ਡਰਿਆ ਕਰ", ਕਹਿੰਦਿਆਂ ਮਾਂ ਜੀ ਨੇ ਮੈਨੂੰ ਗਲ ਨਾਲ ਲਾ ਲਿਆ।

ਮਾਂ ਜੀ ਕੁਝ ਰੁਕ ਕੇ ਫਿਰ ਬੋਲੀ, "ਹੁਣ ਤਾਂ ਪੁੱਤ ਜ਼ਮਾਨੇ ਨੂੰ ਅੱਗ ਲੱਗੀ ਹੋਈ ਆ, ਮੈਥੋਂ ਤਾਂ ਅੱਖੀਂ ਦੇਖੀ ਮੱਖੀ ਨਹੀਂ ਨਿਗਲ ਹੋਈ, ਆਹ ਦੇਖ ਵੱਡੇ ਨੇ ਕੀ ਕੀਤਾ! ਧੀਏ! ਭਰਾ ਦਾ ਸਿਵਾ ਠੰਡਾ ਨਹੀਂ ਹੋਇਆ, ਇਹ ਧੀ ਦਾ ਵਿਆਹ ਰੱਖ ਕੇ ਬੈਠ ਗਿਆ। ਅਖੇ! ਬਾਹਰਲਾ ਰਿਸ਼ਤਾ ਮਸਾਂ ਮਿਲਿਆ। ਮੈਥੋਂ ਨਹੀਂ ਇਹ ਜ਼ਰ ਹੁੰਦਾ ਸਭ, ਮੈਂ ਤਾਂ ਅੱਡ ਕਰ'ਤੇ,...ਤੇ ਆਪਣੀ ਇੱਜ਼ਤ ਦੀ ਰੋਟੀ ਬਣਾ ਕੇ ਖਾਧੀ ਆ।"

ਮੈਨੂੰ ਲੱਗਦੈ ਜਿਵੇਂ ਕਿਸੇ ਨੇ ਮੇਰੇ ਬਦਨ 'ਤੇ ਮਣਾਂ-ਮੂੰਹੀਂ ਭਾਰ ਪਾ ਦਿੱਤੈ। ਮਾਂ ਜੀ ਮੇਰੇ ਕੋਲੋਂ ਪਾਣੀ ਮੰਗ ਰਹੀ ਐ। ਮੈਂ ਤ੍ਰਭਕ ਕੇ ਉਠ ਬੈਠੀ ਆਂ। ਮਾਂ ਜੀ ਅਮਰੀਕਾ 'ਚ ਕਿਵੇਂ ਆ ਸਕਦੀ ਆ? ਨਹੀਂ! ਇਹ ਮੇਰਾ ਖ਼ਿਆਲ ਈ ਐ ਤੇ ਜਾਂ ਸੁਪਨਾ!

"ਮਾਂ ਜੀ ਮੈਂ ਇਸ ਵਾਰੀ ਤੁਹਾਨੂੰ ਨਹੀਂ ਮਿਲ ਸਕਾਂਗੀ। ਮਾਂ ਜੀ! ਮਾਂ ਜੀ! ਮੈਂ ਤੁਹਾਨੂੰ ਅੰਤਿਮ ਸਮੇਂ ਦੇਖ ਵੀ ਨਾ ਸਕੀ।" ਮੇਰੀ ਚੀਕ ਨਿਕਲਦੀ ਆ ਅਤੇ ਮੈਨੂੰ ਲੱਗਦਾ ਕਿ ਮੈਂ ਪਿੰਡ ਪਹੁੰਚ ਗਈ ਆਂ। ਪਿੰਡ ਉਦਾਸ ਲੱਗ ਰਿਹੈ। ਮੈਂ ਮਾਂ ਜੀ ਦੇ ਘਰ ਪਹੁੰਚ ਗਈ ਆਂ। ਕੋਈ ਕਹਿ ਰਿਹਾ, "ਨਿਧੀ! ਚੰਗਾ ਹੋਇਆ ਤੂੰ ਆ ਗਈ। ਮਾਂ ਜੀ ਤੈਨੂੰ ਬਹੁਤ ਚੇਤੇ ਕਰਦੀ ਸੀ।" ਕਿਸੇ ਹੋਰ ਕਿਹਾ, "ਗੀਤੂ ਦੀ ਦਾਦੀ ਮਰ ਗਈ।"

ਮੈਂ ਉਚੀ ਸਾਰੀ ਚੀਕਦੀ ਹਾਂ...ਨਹੀਂ ਮਾਂ ਜੀ, ਨਹੀਂ। ਲੋਕ ਗੀਤਾਂ ਦੀ ਰਾਣੀ ਮਾਂ ਮਰ ਗਈ! ਮਾਂ ਜੀ! ਮਾਂ ਜੀ! ਮੇਰੀਆਂ ਚੀਕਾਂ ਹਉਕਿਆਂ 'ਚ ਬਦਲ ਰਹੀਆਂ ਨੇ। ਲੋਕ ਗੀਤਾਂ ਦੀ ਰਾਣੀ ਮਾਂ ਮਰ ਗਈ।

#

## ਬੋਲੀ ਦੀ ਵਰਤੋਂ ਦਾ ਪਹੁੰਚਿਆ ਹੋਇਆ ਜਾਦੂਗਰ

*(ਪਿਛਲੇ ਸਫੇ ਦੀ ਬਾਕੀ)*

ਉਹ ਆਖਦਾ ਸੀ, ਮੈਂ ਇਤਿਹਾਸਕਾਰ ਨਹੀਂ ਜੋ ਦਿਸਦੇ ਨੂੰ ਕਾਗਜ਼ ਉਤੇ ਹੂਬਹੂ ਉਤਾਰ ਦੇਵਾਂ, ਮੈਂ ਲੇਖਕ ਹਾਂ ਤੇ ਲੇਖਕ ਨੇ ਦਿਸਦੇ ਦੇ ਪਿਛਲਾ ਅਣਦਿਸਦਾ ਵੀ ਉਜਾਗਰ ਕਰਨਾ ਹੁੰਦਾ ਹੈ।

ਉਹਦੀਆਂ ਬਹੁਤ ਘੱਟ ਰਚਨਾਵਾਂ ਤੜਕੇ ਤੋਂ ਵਿਰਵੀਆਂ ਹਨ। ਇਕ ਥਾਂ ਉਹ ਲਿਖਦਾ ਹੈ ਕਿ ਕਿਤੇ ਦਿੱਲੀ ਤੋਂ ਬਾਹਰ ਪ੍ਰੋਗਰਾਮ ਦੇ ਕੇ ਆਈ ਪਾਕਿਸਤਾਨੀ ਗਾਇਕਾ ਰੇਸ਼ਮਾ ਨੇ ਵਰ੍ਹਦੇ ਮੀਂਹ ਵਿਚ ਡੂੰਘੀ ਰਾਤ ਉਹਦਾ ਬੂਹਾ ਆ ਖੜਕਾਇਆ। ਪੜ੍ਹ ਕੇ ਮੈਂ ਹੈਰਾਨ ਹੋਇਆ ਕਿ ਉਸ ਵਿਚਾਰੀ ਦੇ ਪ੍ਰਬੰਧਕ ਤੇ ਮੇਜ਼ਬਾਨ ਉਹਨੂੰ ਰਾਤ ਨੂੰ ਵਰ੍ਹਦੇ ਮੀਂਹ ਵਿਚ ਬਿਗਾਨੇ ਦੇਸ ਸੜਕ ਉਤੇ ਇਕੱਲੀ ਛੱਡ ਕੇ ਕਿਥੇ ਚਲੇ ਗਏ ਸਨ? ਤੇ ਜੇ ਭਲਾ ਉਹ ਚਲੇ ਹੀ ਗਏ ਸਨ, ਕੀ ਰੇਸ਼ਮਾ ਨੂੰ ਕੋਈ ਹੋਟਲ ਨਾ ਦਿਸਿਆ ਜੋ ਭੀੜੀ-ਹਨੇਰੀ ਗਲੀ ਦਾ ਗਾਰਾ ਮਿਧਦੀ ਗਾਰਗੀ ਦੇ ਘਰ ਆਈ! ਇਸੇ ਤਰ੍ਹਾਂ ਉਹ ਇਕ ਵਾਰ ਅਚਾਨਕ ਪ੍ਰਵੀਨ ਬਾਬੀ ਉਹਦੇ ਘਰ ਆ ਟਪਕੀ ਹੋਣ ਦਾ ਜ਼ਿਕਰ ਕਰਦਾ ਹੈ। ਉਹਦੇ ਇਕ ਬਹੁਤ ਹੀ ਨੇੜਲੇ ਮਿੱਤਰ ਨੇ ਭੇਤ ਦੀ ਗੱਲ ਦੱਸੀ, ਆਈ ਨਾ ਰੇਸ਼ਮਾ ਸੀ ਤੇ ਨਾ ਬਾਬੀ।

ਉਸ ਮਿੱਤਰ ਨੇ ਇਕ ਹੋਰ ਦਿਲਚਸਪ ਗੱਲ ਵੀ ਦੱਸੀ। ਜਦੋਂ ਕਦੀ ਗਾਰਗੀ ਮੁੰਬਈ ਜਾਂਦਾ, ਆਪਣੇ ਕਿਸੇ ਫਿਲਮੀ ਦੋਸਤ ਨੂੰ ਕਿਸੇ ਵੀ ਹੋ ਰਹੀ ਪਾਰਟੀ ਦੇ ਸੱਦੇ ਦਾ ਪ੍ਰਬੰਧ ਕਰਨ ਲਈ ਆਖਦਾ। ਪਾਰਟੀ ਵਿਚ ਉਹ ਕਿਸੇ ਫੋਟੋਗ੍ਰਾਫਰ ਨੂੰ ਗੰਢਦਾ ਤੇ ਫੇਰ ਉਹਦਾ ਹੱਥ ਮਿਲਾਉਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ। ਕਿਸੇ ਵੀ ਪਾਰਟੀ ਵਿਚ ਤੁਸੀਂ ਕਿਸੇ ਵੀ ਬੰਦੇ ਵੱਲ 'ਹੈਲੋ, ਫਲਾਣਾ ਸਾਹਿਬ' ਆਖ ਕੇ ਹੱਥ ਵਧਾ ਦਿਉ, ਉਹ ਸੋਚੇਗਾ, ਪਤਾ ਨਹੀਂ ਕੌਣ ਜਾਣਕਾਰ ਹੈ ਤੇ ਮੁਸਕਰਾ ਕੇ ਹੱਥ ਤਾਂ ਮਿਲਾਵੇਗਾ ਹੀ! ਇਹ ਤਸਵੀਰਾਂ ਮਗਰੋਂ 'ਬਾਵਕਤ ਜ਼ਰੂਰਤ' ਕੰਮ ਆਉਂਦੀਆਂ ਰਹਿੰਦੀਆਂ ਸਨ।

ਉਹਦੇ ਨਾਟਕਾਂ ਬਾਰੇ ਤਾਂ ਜਾਣਕਾਰਾਂ ਦਾ ਖੁੱਲ੍ਹਮਖੁੱਲ੍ਹਾ ਕਹਿਣਾ ਸੀ ਕਿ ਉਨ੍ਹਾਂ ਵਿਚੋਂ ਕਈਆਂ ਦਾ ਸਾਰ ਮੌਲਿਕ ਹੋਣ ਦੀ ਥਾਂ ਹੋਰ ਥਾਂਵਾਂ ਤੋਂ ਲਿਆ ਗਿਆ ਹੈ ਅਤੇ ਸਥਾਨਕ ਵਿਸ਼ੇ 'ਤੇ ਪੰਜਾਬੀ ਦੇ ਭਾਸ਼ਾਈ ਮੁਹਾਵਰੇ ਦਾ ਕਰਾਰਾ ਤੜਕਾ ਲਾ ਕੇ ਉਨ੍ਹਾਂ ਨੂੰ ਅਸਲੋਂ ਹੀ ਨਵਾਂ ਰੂਪ ਦੇ ਦਿੱਤਾ ਗਿਆ ਹੈ। ਨਮੂਨੇ ਵਜੋਂ, ਉਹ 1936 ਵਿਚ 38 ਸਾਲ ਦੀ ਭਰ-ਜਵਾਨ ਉਮਰ ਵਿਚ ਚਲਾਣਾ ਕਰ ਗਏ ਸਪੇਨ ਦੇ ਬੇਹੱਦ ਜ਼ਹੀਨ ਨਾਟਕਕਾਰ, ਨਿਰਦੇਸ਼ਕ, ਕਵੀ ਤੇ ਚਿੱਤਰਕਾਰ ਫੈਡੇਰੀਕੋ ਗਾਰਸੀਆ ਲੋਰਕਾ ਦੇ ਨਾਟਕ 'ਬਲੱਡ ਵੈਡਿੰਗ' (1932) ਨੂੰ ਗਾਰਗੀ ਦੇ 'ਕਣਕ ਦੀ ਬੱਲੀ' (1968) ਦਾ ਅਤੇ 'ਯਰਮਾ' (1934) ਨੂੰ 'ਧੂਣੀ ਦੀ ਅੱਗ' (1977) ਦਾ ਆਧਾਰ ਦਸਦੇ ਹਨ।

ਇਕ ਵਾਰ ਮਿੱਤਰ ਤਾਰਾ ਸਿੰਘ, ਜੋ ਗਾਰਗੀ ਦਾ ਵੀ ਬਹੁਤ ਗੂੜ੍ਹਾ ਦੋਸਤ ਸੀ, ਨਾਲ ਗੱਲ ਚੱਲੀ ਤਾਂ ਉਹਨੇ ਬੜਾ ਵਧੀਆ ਜਵਾਬ ਦਿੱਤਾ। ਇਕ ਬੰਦੇ ਨੂੰ ਕਲਾ-ਵਸਤਾਂ ਇਕੱਠੀਆਂ ਕਰਨ ਦਾ ਸ਼ੌਕ ਸੀ। ਉਹਦੇ ਘਰ ਮੇਜ਼, ਅਲਮਾਰੀ, ਸਟੂਲ, ਟਾਂਡ ਆਦਿ ਉਤੇ ਤਾਂ ਹੋਣੀਆਂ ਹੀ ਸਨ, ਕੁਰਸੀ ਤੇ ਮੰਜੇ ਉਤੇ ਵੀ ਕਲਾ-ਵਸਤਾਂ ਪਈਆਂ ਸਨ। ਸਭ ਉਤੇ ਧੂੜ ਦਾ ਜੰਮਣਾ ਤਾਂ ਕੁਦਰਤੀ ਸੀ। ਇਕ ਦਿਨ ਉਹ ਚੋਰੀ ਹੋ ਗਈਆਂ। ਉਹਨੇ ਪੈੜ ਕੱਢਣ ਵਾਲਾ ਖੋਜੀ ਬੁਲਾਇਆ ਤਾਂ ਪੈੜ ਜਿਹੜੇ ਘਰ ਪਹੁੰਚੀ, ਉਹਨੂੰ ਬਾਹਰੋਂ ਜਿੰਦਾ ਲੱਗਿਆ ਹੋਇਆ ਸੀ। ਸਬੱਬ ਨਾਲ ਇਕ ਖਿੜਕੀ ਦਾ ਪਰਦਾ ਹਟਿਆ ਹੋਇਆ ਸੀ। ਉਹਨੇ ਅੰਦਰ ਝਾਤ ਮਾਰੀ ਤਾਂ ਸਭ ਵਸਤਾਂ ਝਾੜ-ਪੂੰਝ ਕੇ ਬੜੇ ਸਲੀਕੇ ਨਾਲ ਢੁੱਕਵੇਂ ਥਾਂਵਾਂ ਉਤੇ ਸਜਾਈਆਂ ਪਈਆਂ ਸਨ। ਉਹ ਖੋਜੀ ਨੂੰ ਬੋਲਿਆ, "ਆ ਜਾ, ਚੱਲੀਏ। ਇਹ ਇਥੇ ਹੀ ਸੋਂਹਦੀਆਂ ਨੇ!" ਤਾਰਾ ਸਿੰਘ ਨੇ ਤੋਤਾ ਝਾੜਿਆ, "ਜੇ ਲੋਰਕਾ ਆਪ ਵੀ ਗਾਰਗੀ ਦੇ ਨਾਟਕ ਪੜ੍ਹ ਜਾਂ ਦੇਖ ਲਵੇ, ਚੋਰੀ ਤੋਂ ਗੁੱਸੇ ਹੋਣ ਦੀ ਥਾਂ ਖ਼ੁਸ਼ ਹੋ ਕੇ ਆਖੂ, ਇਹਨੇ ਤਾਂ ਮੇਰੀ ਗੱਲ ਮੇਰੇ ਨਾਲੋਂ ਵੀ ਵਧੀਆ ਬਣਾ ਕੇ ਪੇਸ਼ ਕਰ ਦਿੱਤੀ! ਇਹ ਨਾਟਕ ਇਹਦੇ ਹੀ ਨੇ, ਭਾਈ!"

*(ਚਲਦਾ)*

## ਗਜ਼ਲ

### ਇਨਸਾਨ

ਸਾਡੀ ਮੰਜ਼ਿਲ ਆਖਰੀ ਸ਼ਮਸ਼ਾਨ ਹੈ।
ਮੇਰੀ ਮੇਰੀ ਕਰਦਾ ਕਿਉਂ ਇਨਸਾਨ ਹੈ।
ਹਿਟਲਰ, ਸਿਕੰਦਰ ਖਾਲੀ ਹੱਥੀਂ ਤੁਰ'ਗੇ,
ਜਿਨ੍ਹਾਂ ਪਿੱਛੇ ਲਤਾੜਿਆ ਜਹਾਨ ਹੈ।
ਹਟ ਗਿਆ ਕਰਨ ਤੋਂ ਖਰਮਸਤੀਆਂ,
ਜ਼ਿੰਦਗੀ ਵਿਚ ਵੇਖਿਆ (ਜਿਸ) ਤੂਫਾਨ ਹੈ।
ਪੱਥਰ, ਮੂਰਤੀ, ਬੁੱਤ ਪੂਜਾ ਵਧ ਗਈ,
ਹਰ ਕੋਈ ਮੰਨਦਾ ਇਹਨੂੰ ਭਗਵਾਨ ਹੈ।
ਸਾਰੀ ਉਮਰਾ ਜੋੜ-ਜੋੜ ਥੱਕਿਆ,
ਪਤਾ ਲੱਗਾ ਮੌਤ ਦਾ ਸਾਮਾਨ ਹੈ।
ਸਭ ਤੋਂ ਵੱਡਾ ਧਰਮ ਹੈ ਇਨਸਾਨੀਅਤ,
ਇਹੀ ਬਾਈਬਲ, ਗੀਤਾ ਤੇ ਕੁਰਾਨ ਹੈ।
ਸਾਡੇ ਨਾਲੋਂ ਪੰਛੀ ਵੀ ਆਜ਼ਾਦ ਨੇ,
ਜਿਨ੍ਹਾਂ ਲਈ ਭਾਰਤ ਨਾ ਪਾਕਿਸਤਾਨ ਹੈ।

*-ਜੁਗਰਾਜ ਗਿੱਲ ਸ਼ਾਰਲਟ*
*ਫੋਨ: 704-257-6693*

ਕਹਾਣੀ

# ਸ਼ਾਹ ਦੀ ਕੰਜਰੀ

*ਅੰਮ੍ਰਿਤਾ ਪ੍ਰੀਤਮ ਦੀ ਸ਼ਾਹਕਾਰ ਕਹਾਣੀ ‘ਸ਼ਾਹ ਦੀ ਕੰਜਰੀ’ ਦੀਆਂ ਅਨੇਕਾਂ ਪਰਤਾਂ ਹਨ। ਇਨ੍ਹਾਂ ਵਿਚੋਂ ਬਹੁਤੀਆਂ ਔਰਤਾਂ ਨਾਲ ਸਬੰਧਤ ਹਨ, ਪਰ ਇਨ੍ਹਾਂ ਸਭ ਦੀਆਂ ਤੰਦਾਂ ਮਰਦ ਨਾਲ ਜੁੜੀਆਂ ਹੋਈਆਂ ਹਨ। ਇਹ ਕਹਾਣੀ ਕਈ ਦਹਾਕੇ ਪਹਿਲਾਂ ਦੀ ਲਿਖੀ ਹੋਈ ਹੈ। ਅੰਮ੍ਰਿਤਾ ਦੇ ਆਪ ਦੱਸਣ ਮੁਤਾਬਕ, ਜੀਂਦੇ-ਜਾਗਦੇ ਪਾਤਰਾਂ ਉਤੇ ਆਧਾਰਤ ਇਹ ਸੱਚੀ ਕਹਾਣੀ ਪੂਰੇ ਪੱਚੀ ਸਾਲ ਉਸ ਦੇ ਜ਼ਿਹਨ ਵਿਚ ਖੌਰੂ ਪਾਉਂਦੀ ਰਹੀ; ਇਸ ਤੋਂ ਬਾਅਦ ਹੀ ਇਹ ਕਾਗਜ਼ ਉਤੇ ਉਤਾਰੀ ਜਾ ਸਕੀ, ਤੇ ਫਿਰ ਕਾਗਜ਼ ਉਤੇ ਉਤਰਦਿਆਂ ਹੀ ਇਸ ਕਹਾਣੀ ਨੇ ਸਾਹਿਤ ਦੇ ਪਿੜ ਵਿਚ ਆਪਣੀ ਥਾਂ ਸਦਾ ਸਦਾ ਲਈ ਬਣਾ ਲਈ। ਅੰਮ੍ਰਿਤਾ ਦੀਆਂ ਬਹੁਤ ਸਾਰੀਆਂ ਅਜਿਹੀਆਂ ਰਚਨਾਵਾਂ ਹਨ ਜਿਸ ਵਿਚ ਔਰਤ-ਮਰਦ ਦੇ ਰਿਸ਼ਤਿਆਂ ਨੂੰ ਵੱਖ ਵੱਖ ਕੋਣ ਤੋਂ ਦੇਖਿਆ ਗਿਆ ਹੈ, ਪਰ ਇਸ ਕਹਾਣੀ ਦਾ ਕੋਣ ਐਨ ਵੱਖਰਾ ਹੈ। ਕਹਾਣੀ ਪੜ੍ਹਦਾ ਪਾਠਕ ਕਹਾਣੀ ਦੇ ਪਾਤਰਾਂ ਦੇ ਜ਼ਿਹਨ ਵਿਚ ਲਗਾਤਾਰ ਹੋ ਰਹੀ ਉਥਲ-ਪੁਥਲ ਮਹਿਸੂਸ ਕਰਦਾ ਹੈ। ਉਂਜ ਇਹ ਹਾਲਾਤ ਦਾ ਸਿਤਮ ਹੀ ਹੋਵੇਗਾ ਹੈ ਕਿ ਪੁਲਾਂ ਹੇਠੋਂ ਇੰਨਾ ਪਾਣੀ ਲੰਘਣ ਦੇ ਬਾਵਜੂਦ ਔਰਤ ਦੀ ਕਹਾਣੀ ਅੱਜ ਵੀ ਉਹੀ ਹੈ...ਸੇਠਾਣੀ ਤੇ ਸ਼ਾਹ ਦੀ ਕੰਜਰੀ ਵਰਗੀ। ਖੌਰੇ ਇਸੇ ਕਰ ਕੇ ਇਹ ਕਹਾਣੀ ਅੱਜ ਵੀ ਪਹਿਲਾਂ ਜਿੰਨੀ ਹੀ ਮਾਰ ਕਰਦੀ ਹੈ। -ਸੰਪਾਦਕ*

ਅੰਮ੍ਰਿਤਾ ਪ੍ਰੀਤਮ

ਉਹਨੂੰ ਹੁਣ ਨੀਲਮ ਕੋਈ ਨਹੀਂ ਸੀ ਆਖਦਾ, ਸਾਰੇ ਸ਼ਾਹ ਦੀ ਕੰਜਰੀ ਆਖਦੇ ਸਨ। ਨੀਲਮ ਨੂੰ ਲਾਹੌਰ ਹੀਰਾ ਮੰਡੀ ਦੇ ਇਕ ਚੁਬਾਰੇ ਵਿਚ ਜਵਾਨੀ ਚੜ੍ਹੀ ਸੀ ਤੇ ਉਥੋਂ ਇਕ ਰਿਆਸਤੀ ਸਰਦਾਰ ਦੇ ਹੱਥੋਂ ਪੂਰੇ 5 ਹਜ਼ਾਰ ਤੋਂ ਉਹਦੀ ਨੱਥ ਲੱਥੀ ਸੀ। ਤੇ ਉਥੇ ਹੀ ਉਹਦੇ ਹੁਸਨ ਨੇ ਅੱਗ ਬਾਲ ਕੇ ਸ਼ਹਿਰ ਲੂਹ ਦਿੱਤਾ ਸੀ। ਫ਼ੇਰ ਇਕ ਦਿਨ ਉਹ ਹੀਰਾ ਮੰਡੀ ਦਾ ਸਸਤਾ ਚੁਬਾਰਾ ਛੱਡ ਕੇ ਸ਼ਹਿਰ ਦੇ ਸਭ ਤੋਂ ਮਹਿੰਗੇ ਹੋਟਲ ਫਲੈਟੀ 'ਚ ਆ ਗਈ ਸੀ। ਉਹੀਓ ਸ਼ਹਿਰ ਸੀ, ਪਰ ਸਾਰੇ ਸ਼ਹਿਰ ਨੂੰ ਜਿਵੇਂ ਰਾਤੋ-ਰਾਤ ਉਹਦਾ ਨਾਂ ਭੁੱਲ ਗਿਆ ਹੋਵੇ, ਸਾਰਿਆਂ ਦੇ ਮੂੰਹ ਤੋਂ ਸੁਣੀਂਦਾ ਸੀ-ਸ਼ਾਹ ਦੀ ਕੰਜਰੀ।

ਲੋਹੜੇ ਦਾ ਗਾਉਂਦੀ ਸੀ। ਕੋਈ ਗੌਣ ਵਾਲੀ ਉਹਦੇ ਵਾਂਗ ਮਿਰਜ਼ੇ ਦੀ ਸੱਦ ਨਹੀਂ ਸੀ ਲਾ ਸਕਦੀ। ਇਸ ਲਈ ਲੋਕ ਭਾਵੇਂ ਉਹਦਾ ਨਾਂ ਭੁੱਲ ਗਏ ਸਨ, ਪਰ ਉਹਦੀ ਆਵਾਜ਼ ਨਹੀਂ ਸਨ ਭੁੱਲੇ। ਸ਼ਹਿਰ ਵਿਚ ਜਿਹੜੇ ਘਰ ਵੀ ਤਵਿਆਂ ਵਾਲਾ ਵਾਜਾ ਸੀ, ਉਹ ਉਹਦੇ ਭਰੇ ਹੋਏ ਤਵੇ ਜ਼ਰੂਰ ਖਰੀਦਦਾ ਸੀ; ਪਰ ਸਾਰੇ ਘਰਾਂ ਵਿਚ ਤਵੇ ਦੀ ਫਰਮਾਇਸ਼ ਵੇਲੇ ਹਰ ਕੋਈ ਇਹ ਕਹਿੰਦਾ ਸੀ, “ਅੱਜ ਸ਼ਾਹ ਦੀ ਕੰਜਰੀ ਵਾਲਾ ਤਵਾ ਜ਼ਰੂਰ ਸੁਣਨਾ ਹੈ।”

ਗੁੱਝੀ-ਛਿਪੀ ਗੱਲ ਨਹੀਂ ਸੀ, ਸ਼ਾਹ ਦੇ ਘਰਦਿਆਂ ਨੂੰ ਵੀ ਪਤਾ ਸੀ। ਸਿਰਫ ਪਤਾ ਹੀ ਨਹੀਂ ਸੀ, ਉਨ੍ਹਾਂ ਲਈ ਗੱਲ ਵੀ ਪੁਰਾਣੀ ਹੋ ਗਈ ਸੀ। ਸ਼ਾਹ ਦਾ ਵੱਡਾ ਮੁੰਡਾ ਜੋ ਹੁਣ ਵਿਆਹੁਣ ਜੋਗਾ ਸੀ, ਜਦੋਂ ਕੁੱਛੜ ਹੁੰਦਾ ਸੀ, ਤਾਂ ਸੇਠਾਣੀ ਨੇ ਜ਼ਹਿਰ ਖਾ ਕੇ ਮਰਨ ਦੀ ਧਮਕੀ ਦਿੱਤੀ ਸੀ ਪਰ ਸ਼ਾਹ ਨੇ ਉਹਦੇ ਗਲ ਵਿਚ ਮੋਤੀਆਂ ਦਾ ਹਾਰ ਪਾ ਕੇ ਉਹਨੂੰ ਆਖਿਆ ਸੀ, “ਸ਼ਾਹਣੀਏ! ਉਹ ਤੇਰੇ ਘਰ ਦੀ ਬਰਕਤ ਏ। ਮੇਰੀ ਅੱਖ ਜਵਾਹਰੀਏ ਦੀ ਅੱਖ ਏ। ਤੂੰ ਸੁਣਿਆ ਨਹੀਂ ਹੋਇਆ ਕਿ ਨੀਲਮ ਇਹੋ ਜਿਹੀ ਚੀਜ਼ ਹੁੰਦੀ ਏ ਜੋ ਲੱਖੋਂ ਕੱਖ ਕਰਦਾ ਏ ਤੇ ਕੱਖੋਂ ਲੱਖ। ਜਿਹਨੂੰ ਪੁੱਠਾ ਪੈ ਗਿਆ, ਉਹਦਾ ਲੱਖੋਂ ਕੱਖ ਕਰ ਦਿੰਦਾ ਹੈ; ਪਰ ਜਿਹਨੂੰ ਸਿੱਧਾ ਪੈ ਜਾਏ, ਉਹਦਾ ਕੱਖੋਂ ਲੱਖ ਕਰ ਦਿੰਦਾ ਹੈ। ਉਹ ਵੀ ਨੀਲਮ ਏ, ਸਾਡੀ ਰਾਸ ਨਾਲ ਮਿਲ ਗਈ ਹੈ। ਜਿਸ ਦਿਨ ਤੋਂ ਸੰਗ ਬਣਿਆ ਏ, ਮੈਂ ਮਿੱਟੀ ਨੂੰ ਹੱਥ ਪਾਵਾਂ ਤਾਂ ਸੋਨਾ ਹੋ ਜਾਂਦੀ ਏ।”

“ਪਰ ਉਹੀਓ ਇਕ ਦਿਨ ਘਰ ਉਜਾੜ ਦੇਵੇਗੀ, ਲੱਖੋਂ ਕੱਖ ਕਰ ਦੇਵੇਗੀ।” ਸ਼ਾਹਣੀ ਨੇ ਛਾਤੀ ਦੇ ਸੱਲ ਨੂੰ ਸਹਿ ਕੇ ਉਸੇ ਪਾਸਿਉਂ ਦਲੀਲ ਦਿੱਤੀ ਸੀ ਜਿਸ ਪਾਸਿਉਂ ਸ਼ਾਹ ਨੇ ਗੱਲ ਤੋਰੀ ਸੀ।

“ਮੈਂ ਤਾਂ ਸਗੋਂ ਡਰਨਾਂ ਕਿ ਇਨ੍ਹਾਂ ਕੰਜਰੀਆਂ ਦਾ ਕੀ ਭਰੋਸਾ! ਕੱਲ੍ਹ ਨੂੰ ਕਿਸੇ ਹੋਰ ਨੇ ਸਬਜ਼ ਬਾਗ ਦਿਖਾਏ ਤੇ ਜੇ ਇਹ ਹੱਥੋਂ ਨਿਕਲ ਗਈ ਤਾਂ ਲੱਖੋਂ ਕੱਖ ਹੋ ਜਾਣਾ ਏ।” ਸ਼ਾਹ ਨੇ ਫੇਰ ਆਪਣੀ ਦਲੀਲ ਦਿੱਤੀ ਸੀ। ਤੇ ਸ਼ਾਹਣੀ ਕੋਲ ਹੋਰ ਦਲੀਲ ਨਹੀਂ ਸੀ ਰਹਿ ਗਈ। ਸਿਰਫ ਵਕਤ ਕੋਲ ਰਹਿ ਗਈ ਸੀ ਤੇ ਵਕਤ ਚੁੱਪ ਸੀ, ਕਈ ਵਰ੍ਹਿਆਂ ਤੋਂ ਚੁੱਪ ਸੀ। ਸ਼ਾਹ ਸਚੀਂ-ਮੁੱਚੀਂ ਜਿੰਨੇ ਪੈਸੇ ਨੀਲਮ ਉਤੇ ਰੋੜ੍ਹਦਾ ਸੀ, ਉਸ ਤੋਂ ਕਈ ਗੁਣਾ ਬਹੁਤੇ ਪਤਾ ਨਹੀਂ ਕਿਥੋਂ ਕਿੱਥੋਂ ਰੁੜ੍ਹ ਕੇ ਉਹ ਦੇ ਘਰ ਆ ਜਾਂਦੇ ਸਨ। ਅੱਗੇ ਉਹਦੀ ਛੋਟੀ ਜਿਹੀ ਦੁਕਾਨ ਸ਼ਹਿਰ ਦੇ ਛੋਟੇ ਜਿਹੇ ਬਾਜ਼ਾਰ 'ਚ ਹੁੰਦੀ ਸੀ, ਪਰ ਹੁਣ ਸਭ ਤੋਂ ਵੱਡੇ ਬਾਜ਼ਾਰ ਵਿਚ ਲੋਹੇ ਦੇ ਜੰਗਲਿਆਂ ਵਾਲੀ ਸਭ ਤੋਂ ਵੱਡੀ ਦੁਕਾਨ ਉਹਦੀ ਸੀ। ਘਰ ਦੀ ਥਾਂਵੇਂ ਪੂਰਾ ਮੁਹੱਲਾ ਹੀ ਉਹਦਾ ਸੀ ਜਿਹਦੇ ਵਿਚ ਬੜੇ ਸਰਦੇ-ਪੁੱਜਦੇ ਕਿਰਾਏਦਾਰ ਸਨ। ਤੇ ਜਿਹਦੇ ਵਿਚ ਤਹਿਖਾਨੇ ਵਾਲੇ ਘਰ ਦਾ ਉਹਦੀ ਸ਼ਾਹਣੀ ਕਦੇ ਇਕ ਦਿਨ ਵੀ ਵਸਾਹ ਨਹੀਂ ਸੀ ਖਾਂਦੀ।

ਬੜੇ ਵਰ੍ਹੇ ਹੋਏ, ਸ਼ਾਹਣੀ ਨੇ ਇਕ ਦਿਨ ਮੋਹਰਾਂ ਵਾਲੇ ਟਰੰਕ ਨੂੰ ਜੰਦਰਾ ਮਾਰਦਿਆਂ ਸ਼ਾਹ ਨੂੰ ਆਖਿਆ ਸੀ, “ਉਹਨੂੰ ਭਾਵੇਂ ਹੋਟਲ ਵਿਚ ਰੱਖ ਤੇ ਭਾਵੇਂ ਉਹਨੂੰ ਤਾਜ ਮਹੱਲ ਪੁਆ ਦੇ, ਪਰ ਬਾਹਰ ਦੀ ਬਲਾ ਬਾਹਰ ਹੀ ਰੱਖੀਂ। ਉਹਨੂੰ ਮੇਰੇ ਘਰ ਨਾ ਵਾੜੀਂ। ਮੈਂ ਉਹਦੇ ਮੱਥੇ ਨਹੀਂ ਲੱਗਣਾ।” ਤੇ ਸੱਚੀਂ-ਮੁੱਚੀਂ ਸ਼ਾਹਣੀ ਨੇ ਅੱਜ ਤੱਕ ਉਹਦਾ ਮੂੰਹ ਨਹੀਂ ਸੀ ਵੇਖਿਆ। ਜਦੋਂ ਉਹਨੇ ਇਹ ਗੱਲ ਆਖੀ ਸੀ, ਉਹਦਾ ਵੱਡਾ ਪੁੱਤਰ ਅਜੇ ਸਕੂਲੇ ਪੜ੍ਹਦਾ ਸੀ। ਤੇ ਹੁਣ ਉਹ ਵਿਆਹੁਣ ਜੋਗਾ ਹੋ ਪਿਆ ਸੀ, ਪਰ ਸ਼ਾਹਣੀ ਨੇ ਨਾ ਉਹਦੇ ਗੌਣਾਂ ਵਾਲੇ ਤਵੇ ਘਰ ਵੜਨ ਦਿਤੇ ਸਨ ਤੇ ਨਾ ਘਰ ਵਿਚ ਕਿਸੇ ਨੂੰ ਉਹਦਾ ਨਾਂ ਲੈਣ ਦਿੱਤਾ ਸੀ। ਉਂਜ ਉਹਦੇ ਪੁੱਤਰਾਂ ਨੇ ਹੱਟੀ-ਹੱਟੀ ਉਹਦੇ ਗੀਤ ਸੁਣੇ ਹੋਏ ਸਨ। ਤੇ ਜਣੇ-ਖਣੇ ਤੋਂ ਸੁਣਿਆ ਹੋਇਆ ਸੀ, “ਸ਼ਾਹ ਦੀ ਕੰਜਰੀ।”

ਵੱਡੇ ਪੁੱਤਰ ਦਾ ਵਿਆਹ ਸੀ। ਘਰ ਚਹੁੰ ਮਹੀਨਿਆਂ ਤੋਂ ਦਰਜ਼ੀ ਬੈਠੇ ਹੋਏ ਸਨ। ਕੋਈ ਸੂਟਾਂ ਉਤੇ ਸਿਲਮਾ ਕੱਢ ਰਿਹਾ ਸੀ, ਕੋਈ ਤਿੱਲਾ, ਕੋਈ ਕਿਨਾਰੀ ਤੇ ਕੋਈ ਦੁਪੱਟਿਆਂ 'ਤੇ ਸਿਤਾਰੇ ਮੜ੍ਹ ਰਿਹਾ ਸੀ। ਸ਼ਾਹਣੀ ਦੇ ਹੱਥ ਭਰੇ ਹੋਏ ਸਨ-ਰੁਪਈਆਂ ਦੀ ਥੈਲੀ ਕੱਢਦੀ, ਖੋਲ੍ਹਦੀ ਤੇ ਫੇਰ ਹੋਰ ਥੈਲੀ ਭਰਨ ਲਈ ਤਹਿਖਾਨੇ ਵਿਚ ਚਲੀ ਜਾਂਦੀ।

ਸ਼ਾਹ ਦੇ ਯਾਰਾਂ ਨੇ ਸ਼ਾਹ ਨੂੰ ਯਾਰੀ ਦਾ ਵਾਸਤਾ ਪਾਇਆ ਕਿ ਮੁੰਡੇ ਦੇ ਵਿਆਹ 'ਤੇ ਕੰਜਰੀ ਜ਼ਰੂਰ ਗਵਾਉਣੀ ਹੈ। ਉਂਜ ਗੱਲ ਉਨ੍ਹਾਂ ਨੇ ਬੜੇ ਤਰੀਕੇ ਨਾਲ ਆਖੀ ਸੀ ਤਾਂ ਕਿ ਸ਼ਾਹ ਕਿਤੇ ਵੱਟ ਨਾ ਖਾ ਜਾਵੇ, “ਉਂਜ ਤਾਂ ਸ਼ਾਹ ਜੀ ਬਥੇਰੀਆਂ ਗੌਣ-ਨੱਚਣ ਵਾਲੀਆਂ ਨੇ, ਜਿਹਨੂੰ ਮਰਜ਼ੀ ਜੇ ਬੁਲਾਉ, ਪਰ ਉਥੇ ਮਲਕਾ-ਏ-ਤਰੰਨੁਮ ਜ਼ਰੂਰ ਆਵੇ, ਭਾਵੇਂ ਮਿਰਜ਼ੇ ਦੀ ਇਕੋ ਸੱਦ ਲਾ ਜਾਵੇ।”

ਫਲੈਟੀ ਹੋਟਲ ਆਮ ਹੋਟਲਾਂ ਜਿਹਾ ਨਹੀਂ ਸੀ। ਉਥੇ ਬਹੁਤੇ ਅੰਗਰੇਜ਼ ਹੀ ਆਉਂਦੇ ਤੇ ਠਹਿਰਦੇ ਸਨ। ਉਹਦੇ ਵਿਚ 'ਕੱਲੇ 'ਕੱਲੇ ਕਮਰੇ ਵੀ ਸਨ, ਪਰ ਵੱਡੇ ਵੱਡੇ ਤਿੰਨਾਂ ਕਮਰਿਆਂ ਦੇ ਸੈਟ ਵੀ। ਇਹੋ ਜਿਹੇ ਇਕ ਸੈਟ 'ਚ ਨੀਲਮ ਰਹਿੰਦੀ ਸੀ। ਤੇ ਸ਼ਾਹ ਨੇ ਸੋਚਿਆ ਕਿ ਦੋਸਤਾਂ ਯਾਰਾਂ ਦਾ ਦਿਲ ਖੁਸ਼ ਕਰਨ ਲਈ ਉਹ ਇਕ ਦਿਨ ਨੀਲਮ ਵਾਲੇ ਪਾਸੇ ਇਕ ਰਾਤ ਦੀ ਮਹਿਫ਼ਲ ਰੱਖ ਲਏਗਾ।

“ਇਹ ਤਾਂ ਚੁਬਾਰੇ 'ਤੇ ਜਾਣ ਵਾਲੀ ਗੱਲ ਹੋਈ।” ਇਕ ਨੇ ਉਜਰ ਕੀਤਾ, ਤਾਂ ਸਾਰੇ ਬੋਲ ਪਏ, “ਨਹੀਂ ਸ਼ਾਹ ਜੀ, ਉਹ ਤਾਂ ਸਿਰਫ਼ ਤੁਹਾਡਾ ਹੀ ਹੱਕ ਬਣਦਾ ਏ। ਅੱਗੇ ਕਦੀ ਅਸਾਂ ਏਨੇ ਵਰ੍ਹੇ ਕੁਝ ਆਖਿਆ ਏ? ਉਸ ਥਾਂ ਦਾ ਨਾਂ ਵੀ ਕਦੇ ਨਹੀਂ ਲਿਆ। ਉਹ ਥਾਂ ਤੁਹਾਡੀ ਅਮਾਨਤ ਏ। ਅਸਾਂ ਤਾਂ ਭਤੀਜੇ ਦੇ ਵਿਆਹ ਦੀ ਖੁਸ਼ੀ ਕਰਨੀ ਏ। ਉਹਨੂੰ ਖਾਨਦਾਨੀ ਘਰਾਂ ਵਾਂਗ ਆਪਣੇ ਘਰ ਬੁਲਾਉ ਸਾਡੀ ਭਾਬੀ ਦੇ ਘਰ...।”

ਗੱਲ ਸ਼ਾਹ ਦੇ ਮਨ ਲਗਦੀ ਸੀ। ਏਸ ਗੱਲੋਂ ਵੀ ਕਿ ਉਹ ਦੋਸਤਾਂ-ਯਾਰਾਂ ਨੂੰ ਨੀਲਮ ਦਾ ਰਾਹ ਨਹੀਂ ਸੀ ਵਿਖਾਣਾ ਚਾਹੁੰਦਾ, ਭਾਵੇਂ ਉਹਦੇ ਕੰਨੀਂ ਭਿਣਕ ਪੈਂਦੀ ਰਹਿੰਦੀ ਸੀ ਕਿ ਉਹਦੀ ਗੈਰ ਹਾਜ਼ਰੀ ਵਿਚ ਹੁਣ ਕੋਈ ਕੋਈ ਅਮੀਰਜ਼ਾਦਾ ਨੀਲਮ ਕੋਲ ਆਉਣ ਲੱਗ ਪਿਆ ਸੀ। ਤੇ ਦੂਜਾ ਏਸ ਗੱਲੋਂ ਵੀ ਕਿ ਉਹ ਚਾਹੁੰਦਾ ਸੀ, ਨੀਲਮ ਇਕ ਵਾਰੀ ਉਹਦੇ ਘਰ ਆ ਕੇ ਉਹਦੇ ਘਰ ਦੀ ਤੜਕ-ਭੜਕ ਵੇਖ ਜਾਵੇ; ਪਰ ਉਹ ਸ਼ਾਹਣੀ ਤੋਂ ਡਰਦਾ ਸੀ, ਦੋਸਤਾਂ ਨੂੰ ਹਾਮੀ ਨਾ ਭਰ ਸਕਿਆ।

ਦੋਸਤਾਂ-ਯਾਰਾਂ ਵਿਚੋਂ ਹੀ ਦੋਹ ਨੇ ਰਾਹ ਕੱਢਿਆ ਤੇ ਸ਼ਾਹਣੀ ਕੋਲ ਜਾ ਕੇ ਉਹਨੂੰ ਆਖਣ ਲੱਗੇ, “ਭਾਬੀ! ਤੂੰ ਮੁੰਡੇ ਦੇ ਵਿਆਹ ਦਾ ਗੌਣ ਨਹੀਂ ਬਿਠਾਣਾ? ਅਸਾਂ ਤਾਂ ਸਾਰੀ ਖੁਸ਼ੀ ਕਰਨੀ ਏ। ਸ਼ਾਹ ਨੇ ਸਲਾਹ ਬਣਾਈ ਏ ਕਿ ਇਕ ਰਾਤ ਯਾਰਾਂ ਦੀ ਮਹਿਫ਼ਲ ਨੀਲਮ ਦੇ ਪਾਸੇ ਹੋ ਜਾਵੇ। ਗੱਲ ਤਾਂ ਠੀਕ ਏ, ਪਰ ਹਜ਼ਾਰਾਂ ਉਜੜ ਜਾਣਗੇ। ਆਖਰ ਘਰ ਤਾਂ ਤੇਰਾ ਏ। ਅੱਗੇ ਉਸ ਕੰਜਰੀ ਨੂੰ ਥੋੜ੍ਹਾ ਖੁਆ ਲਿਆ ਏ? ਤੂੰ ਸਿਆਣੀ ਬਣ, ਉਹਨੂੰ ਗੌਣ ਵਜਾਉਣ ਲਈ ਇਥੇ ਬੁਲਾ ਲੈ ਇਕ ਦਿਨ। ਮੁੰਡੇ ਦੇ ਵਿਆਹ ਦੀ ਖੁਸ਼ੀ ਵੀ ਹੋ ਜਾਏਗੀ ਤੇ ਰੁਪਈਆ ਉਜੜਨੋਂ ਬਚ ਜਾਏਗਾ।”

ਸ਼ਾਹਣੀ ਪਹਿਲਾਂ ਤਾਂ ਭਰੀ-ਪੀਤੀ ਬੋਲੀ, “ਮੈਂ ਉਸ ਕੰਜਰੀ ਦੇ ਮੱਥੇ ਨਹੀਂ ਲੱਗਣਾ” ਪਰ ਜਦੋਂ ਅਗਲਿਆਂ ਨੇ ਠਰ੍ਹੰਮੇ ਨਾਲ ਆਖਿਆ, “ਇੱਥੇ ਤਾਂ ਭਾਬੀ ਤੇਰਾ ਰਾਜ ਏ, ਉਹ ਬਾਂਦੀ ਬਣ ਕੇ ਆਵੇਗੀ, ਤੇਰੇ ਹੁਕਮ ਦੀ ਬੱਧੀ। ਤੇਰੇ ਪੁੱਤਰ ਦੀ ਖੁਸ਼ੀ ਕਰਨ ਲਈ। ਹੇਠੀ ਤਾਂ ਉਹਦੀ ਏ, ਤੇਰੀ ਕਾਹਦੀ ਏ? ਜਿਹੇ ਕੰਮੀ ਕਮੀਣ ਆਏ, ਡੂਮ ਮਰਾਸੀ, ਤਹੀ ਉਹ।”

ਗੱਲ ਸ਼ਾਹਣੀ ਦੇ ਮਨ ਲੱਗ ਗਈ। ਉਂਜ ਵੀ ਕਦੇ ਸੁੱਤਿਆਂ ਬੈਠਿਆਂ ਉਹਨੂੰ ਖਿਆਲ ਆਉਂਦਾ ਹੁੰਦਾ ਸੀ। ਇਕ ਵਾਰੀ ਵੇਖਾਂ ਤਾਂ ਸਹੀ, ਕਿਹੋ ਜਿਹੀ ਏ? ਉਹਨੇ ਕਦੀ ਉਹ ਵੇਖੀ ਨਹੀਂ ਸੀ, ਪਰ ਕਿਆਸੀ ਜ਼ਰੂਰ ਸੀ। ਭਾਵੇਂ ਡਰ ਕੇ, ਸਹਿਮ ਕੇ, ਤੇ ਭਾਵੇਂ ਇਕ ਕਰਹਿਤ ਨਾਲ। ਤੇ ਸ਼ਹਿਰ ਵਿਚੋਂ ਲੰਘਦਿਆਂ-ਪਾਂਦਿਆਂ ਜੇ ਕਿਸੇ ਕੰਜਰੀ ਨੂੰ ਉਹ ਟਾਂਗੇ ਵਿਚ ਬੈਠੀ ਨੂੰ ਵੇਖਦੀ, ਤਾਂ ਨਾ ਸੋਚਣਾ ਚਾਹੁੰਦੀ ਵੀ ਸੋਚ ਜਾਂਦੀ-ਕੀ ਪਤਾ ਉਹੀਓ ਹੋਵੇ?

“ਚੱਲ ਮੈਂ ਵੀ ਇਕ ਵਾਰੀ ਵੇਖ ਛੱਡਾਂ,” ਉਹ ਮਨ ਵਿਚ ਘੁਲ ਜਿਹੀ ਗਈ, “ਜੋ ਉਹਨੇ ਮੇਰਾ ਵਗਾੜਨਾ ਸੀ, ਵਗਾੜ ਲਿਆ, ਹੁਣ ਹੋਰ ਉਹਨੇ ਕੀ ਕਰ ਲੈਣਾ ਏ। ਇਕ ਵਾਰੀ ਚੰਦਰੀ ਨੂੰ ਵੇਖ ਤੇ ਛੱਡਾਂ।”

ਤੇ ਸ਼ਾਹਣੀ ਨੇ ਹਾਮੀ ਭਰ ਦਿੱਤੀ ਪਰ ਇਕ ਸ਼ਰਤ ਲਾਈ, “ਇਥੇ ਨਾ ਸ਼ਰਾਬ ਉਡੇਗੀ, ਨਾ ਕਬਾਬ। ਭਲੇ ਘਰਾਂ ਵਿਚ ਜਿਵੇਂ ਗੌਣ ਬਹਿੰਦੇ ਨੇ, ਉਸੇ ਤਰ੍ਹਾਂ ਗੌਣ ਬਿਠਾਵਾਂਗੀ। ਤੁਸੀਂ ਮਰਦ-ਮਾਹਣੂ ਵੀ ਬਹਿ ਜਾਣਾ। ਉਹ ਆਵੇ ਤੇ ਸਿੱਧੀ ਤਰ੍ਹਾਂ ਗੌਂ ਕੇ ਤੁਰ ਜਾਏ। ਮੈਂ ਉਹੀਓ ਚਾਰ ਪਤਾਸੇ ਉਹਦੀ ਝੋਲੀ ਵੀ ਪਾ ਦਿਆਂਗੀ ਜੋ ਹੋਰ ਕੁੜੀਆਂ-ਚਿੜੀਆਂ ਨੂੰ ਦਿਆਂਗੀ ਜੋ ਘੋੜੀਆਂ ਗੌਣਗੀਆਂ।”



“ਇਹੋ ਹੀ ਤੇ ਭਾਬੀ ਅਸੀਂ ਕਹਿਨੇ ਆਂ,” ਸ਼ਾਹ ਦੇ ਦੋਸਤਾਂ ਨੇ ਫੂਲਾਹੁਣੀ ਦਿੱਤੀ, “ਤੇਰੀ ਸਿਆਣਪ ਨਾਲ ਹੀ ਘਰ ਬਣਿਆ ਹੋਇਆ ਏ, ਨਹੀਂ ਤਾਂ ਖੌਰੇ ਕੀ ਭਾਣਾ ਵਰਤ ਜਾਂਦਾ।”

ਉਹ ਆਈ। ਸ਼ਾਹਣੀ ਨੇ ਆਪ ਆਪਣੀ ਬੱਘੀ ਭੇਜੀ ਸੀ। ਘਰ ਮੇਲ ਨਾਲ ਭਰਿਆ ਹੋਇਆ ਸੀ। ਵੱਡੇ ਕਮਰੇ ਵਿਚ ਚਿੱਟੀਆਂ ਚਾਦਰਾਂ ਵਿਛਾ ਕੇ ਅੱਧ ਵਿਚਾਲੇ ਢੋਲਕੀ ਰੱਖੀ ਹੋਈ ਸੀ। ਤੀਵੀਆਂ ਨੇ ਘੋੜੀਆਂ ਛੋਹੀਆਂ ਹੋਈਆਂ ਸਨ।

ਬੱਘੀ ਬੂਹੇ ਅੱਗੇ ਆ ਖਲੋਤੀ ਤਾਂ ਮੇਲਣਾਂ ਵਿਚੋਂ ਜੋ ਕਾਹਲੀਆਂ ਸਨ, ਭੱਜ ਕੇ ਬਾਰੀਆਂ ਵੱਲ ਚਲੀਆਂ ਗਈਆਂ ਤੇ ਕੁਝ ਪੌੜੀਆਂ ਵਾਲੇ ਪਾਸੇ।

“ਨੀ ਬਦਸ਼ਗਨੀ ਕਿਉਂ ਕਰਦੀਆਂ ਜੇ, ਘੋੜੀ ਵਿਚੋਂ ਹੀ ਛੱਡੀ ਦਿੱਤੀ ਜੇ।” ਸ਼ਾਹਣੀ ਨੇ ਦਬਕਾ ਜਿਹਾ ਮਾਰਿਆ, ਪਰ ਉਹਦੀ ਆਵਾਜ਼ ਉਹਨੂੰ ਆਪ ਹੀ ਮੱਠੀ ਲੱਗੀ। ਜਿਵੇਂ ਉਹਦੇ ਦਿਲ ਵਿਚ ਧਮਕ ਪਈ ਹੋਵੇ।

ਉਹ ਪੌੜੀਆਂ ਚੜ੍ਹ ਕੇ ਬੂਹੇ ਤੱਕ ਆ ਗਈ ਸੀ। ਸ਼ਾਹਣੀ ਨੇ ਆਪਣੀ ਗੁਲਾਬੀ ਧੋਤੀ ਦਾ ਪੱਲਾ ਸਵਾਹਰਾ ਕੀਤਾ, ਜਿਵੇਂ ਸਾਹਮਣੇ ਤੱਕਣ ਲਈ ਉਹ ਧੋਤੀ ਦੇ ਸ਼ਗਨਾਂ ਵਾਲੇ ਗੁਲਾਬੀ ਰੰਗ ਦੀ ਸ਼ਹਿ ਲੈ ਰਹੀ ਹੋਵੇ।

ਸਾਹਮਣੇ, ਉਹਨੇ ਹਰੇ ਰੰਗ ਦਾ ਬਾਂਕੜੀ ਵਾਲਾ ਗਰਾਰਾ ਪਾਇਆ ਹੋਇਆ ਸੀ। ਗਲ ਸੂਹੇ ਰੰਗ ਦੀ ਕਮੀਜ਼ ਸੀ। ਤੇ ਸਿਰ ਤੋਂ ਪੈਰਾਂ ਤੱਕ ਢਲਕੀ ਹੋਈ ਹਰੇ ਰੇਸ਼ਮ ਦੀ ਚੁੰਨੀ। ਇਕ ਝਿਲਮਿਲ ਜਿਹੀ ਹੋਈ। ਸ਼ਾਹਣੀ ਨੂੰ ਇਕ ਪਲ ਸਿਰਫ਼ ਇਹੀ ਜਾਪਿਆ ਜਿਵੇਂ ਹਰਾ ਰੰਗ ਸਾਰੇ ਬੂਹੇ ਵਿਚ ਫੈਲ ਗਿਆ ਹੈ।

ਫੇਰ ਕੱਚ ਦੀਆਂ ਚੂੜੀਆਂ ਦੀ ਛਣਛਣ ਹੋਈ ਤਾਂ ਸ਼ਾਹਣੀ ਨੇ ਵੇਖਿਆ, ਇਕ ਗੋਰਾ ਗੋਰਾ ਹੱਥ ਉਹਤੇ ਹੋਏ ਮੱਥੇ ਨਾਲ ਛੋਹ ਕੇ ਉਹਨੂੰ ਸਲਾਮ ਦੁਆ ਜਿਹਾ ਕੁਝ ਆਖਦਾ ਪਿਆ ਹੈ। ਤੇ ਨਾਲ ਹੀ ਇਕ ਛਣਕਦੀ ਜਿਹੀ ਆਵਾਜ਼, “ਬੜੀਆਂ ਮੁਬਾਰਕਾਂ ਸ਼ਾਹਣੀ! ਬੜੀਆਂ ਮੁਬਾਰਕਾਂ...।”

ਉਹ ਛਮਕ ਜਿਹੀ ਸੀ, ਪਤਲੀ ਜਿਹੀ, ਹੱਥ ਲਾਇਆਂ ਦੂਹਰੀ ਹੁੰਦੀ। ਸ਼ਾਹਣੀ ਨੇ ਉਹਨੂੰ ਢੋ ਵਾਲੇ ਇਕ ਸਿਰਹਾਣੇ ਵੱਲ ਹੱਥ ਕਰ ਕੇ ਬਹਿਣ ਲਈ ਕਿਹਾ ਤਾਂ ਉਹਨੂੰ ਜਾਪਿਆ ਕਿ ਉਹਦੀ ਮਾਸ ਨਾਲ ਭਰੀ ਹੋਈ ਬਾਂਹ ਬੜੀ ਬੇਡੌਲੀ ਲਗਦੀ ਪਈ ਹੈ। ਕਮਰੇ ਦੀ ਇਕ ਗੁੱਠੇ ਸ਼ਾਹ ਵੀ ਸੀ, ਉਹਦੇ ਮਿੱਤਰ ਵੀ ਸਨ, ਸਾਕਾਂ ਵਿਚੋਂ ਵੀ ਕੁਝ ਮਰਦ। ਉਸ ਛਮਕ ਜਿਹੀ ਨੇ ਉਸ ਗੁੱਠ ਵੱਲ ਤੱਕ ਕੇ ਵੀ ਇਕ ਵਾਰੀ ਸਲਾਮ ਆਖੀ ਤੇ ਫੇਰ ਪਰ੍ਹਾਂ ਢੋ ਵਾਲੇ ਸਰਹਾਣੇ ਕੋਲ ਠੁਮਕ ਕੇ ਬਹਿ ਗਈ। ਬਹਿਣ ਲੱਗੀ ਦੀਆਂ ਕੱਚ ਦੀਆਂ ਚੂੜੀਆਂ ਫੇਰ ਛਣਕੀਆਂ ਸਨ। ਸ਼ਾਹਣੀ ਨੇ ਇਕ ਵਾਰੀ ਫੇਰ ਉਹਦੀਆਂ ਬਾਂਹਵਾਂ ਵੱਲ ਵੇਖਿਆ। ਹਰੀਆਂ ਕੱਚ ਦੀਆਂ ਚੂੜੀਆਂ ਨੂੰ। ਤੇ ਫੇਰ ਸੁਭਾਓਕੇ ਹੀ ਆਪਣੀਆਂ ਬਾਂਹਵਾਂ ਵਿਚ ਪਏ ਹੋਏ ਸੋਨੇ ਦੇ ਚੂੜੇ ਵੱਲ ਦੇਖਣ ਲੱਗ ਪਈ।

ਕਮਰੇ ਵਿਚ ਇਕ ਚਕਾਚੌਂਧ ਜਿਹੀ ਛਾ ਗਈ। ਹਰ ਇਕ ਦੀਆਂ ਅੱਖਾਂ ਜਿਵੇਂ ਇਕੋ ਪਾਸੇ ਉਲਰ ਪਈਆਂ। ਸ਼ਾਹਣੀ ਦੀਆਂ ਆਪਣੀਆਂ ਅੱਖਾਂ ਵੀ, ਪਰ ਉਹਨੂੰ ਆਪਣੀਆਂ ਅੱਖਾਂ ਤੋਂ ਛੁੱਟ ਸਾਰੀਆਂ ਅੱਖਾਂ 'ਤੇ ਕਰੋਧ ਜਿਹਾ ਆ ਗਿਆ। ਉਹ ਫੇਰ ਇਕ ਵਾਰੀ ਆਖਣਾ ਚਾਹੁੰਦੀ ਸੀ, 'ਨੀ ਬਦਸ਼ਗਨੀ ਕਿਉਂ ਕਰਦੀਆਂ ਹੋ? ਘੋੜੀਆਂ ਗਾਉ ਨਾ!' ਪਰ ਉਹਦੀ ਆਵਾਜ਼ ਉਹਦੇ ਸੰਘ ਵਿਚ ਮੇਲੀ ਗਈ ਸੀ। ਸ਼ਾਇਦ ਹੋਰਾਂ ਦੀ ਆਵਾਜ਼ ਵੀ ਉਨ੍ਹਾਂ ਦੇ ਸੰਘਾਂ ਵਿਚ ਮੇਲੀ ਗਈ ਸੀ। ਕਮਰੇ ਵਿਚ ਚੁੱਪ ਛਾ ਗਈ। ਉਹ ਕਮਰੇ ਦੇ ਅੱਧ ਵਿਚ ਪਈ ਹੋਈ ਢੋਲਕੀ ਵੱਲ ਤੱਕਣ ਲੱਗ ਪਈ। ਤੇ ਉਹਦਾ ਜੀਅ ਕੀਤਾ, ਉਹ ਬੜੀ ਜ਼ੋਰ ਦੀ ਢੋਲਕੀ ਵਜਾਏ।

ਚੁੱਪ ਉਸ ਨੇ ਤੋੜੀ, ਜਿਹਦੇ ਪਿਛੇ ਚੁੱਪ ਛਾਈ ਸੀ। ਕਹਿਣ ਲੱਗੀ, “ਮੈਂ ਤਾਂ ਸਭ ਤੋਂ ਪਹਿਲਾਂ ਘੋੜੀਆਂ ਗਾਵਾਂਗੀ, ਮੁੰਡੇ ਦੇ ਸ਼ਗਨ ਕਰਾਂਗੇ, ਕਿਉਂ ਸ਼ਾਹਣੀ?” ਤੇ ਸ਼ਾਹਣੀ ਵੱਲ ਤੱਕਦੀ ਹੱਸਦੀ ਨੇ ਘੋੜੀ ਛੋਹ ਦਿੱਤੀ,

ਨਿੱਕੀ-ਨਿੱਕੀ ਬੂੰਦੀ ਨਿੱਕਿਆ ਮੀਂਹ ਵੇ ਵਰ੍ਹੇ,
ਤੇਰੀ ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।

ਸ਼ਾਹਣੀ ਨੂੰ ਅਚਾਨਕ ਠਰ੍ਹੰਮਾ ਜਿਹਾ ਆ ਗਿਆ...ਸ਼ਾਇਦ ਇਸ ਲਈ ਕਿ ਗੀਤ ਵਿਚਲੀ ਮਾਂ ਉਹ ਹੈ। ਤੇ ਉਹਦਾ ਮਰਦ ਵੀ ਸਿਰਫ਼ ਉਹਦਾ ਮਰਦ ਹੈ। ਤਾਹੀਏਂ ਤਾਂ ਮਾਂ ਸੁਹਾਗਣ ਹੈ।

ਸ਼ਾਹਣੀ ਹੱਸਦੇ ਜਿਹੇ ਮੂੰਹ ਨਾਲ ਉਹਦੇ ਅਸਲੋਂ ਸਾਹਮਣੇ ਬਹਿ ਗਈ ਜੋ ਇਸ ਵੇਲੇ ਉਹਦੇ ਪੁੱਤਰ ਦੇ ਸ਼ਗਨ ਕਰਦੀ ਪਈ ਸੀ।

ਘੋੜੀ ਖ਼ਤਮ ਹੋਈ, ਤਾਂ ਕਮਰੇ ਦੀ ਬੋਲ ਚਾਲ ਪਰਤ ਪਈ। ਸਭ ਕੁਝ ਸੁਭਾਵਿਕ ਜਿਹਾ ਹੋ ਗਿਆ। ਔਰਤਾਂ ਵਾਲੇ ਪਾਸਿਉਂ ਫ਼ਰਮਾਇਸ਼ ਆਈ, “ਢੋਲਕੀ ਰੋੜੇ ਵਾਲਾ ਗੀਤ”; ਮਰਦਾਂ ਵਾਲੇ ਪਾਸਿਉਂ ਫ਼ਰਮਾਇਸ਼ ਆਈ, “ਮਿਰਜ਼ੇ ਦੀਆਂ ਸੱਦਾਂ।”

ਗੌਣ ਵਾਲੀ ਨੇ ਮਰਦਾਂ ਵਾਲੇ ਪਾਸੇ ਦੀ ਫਰਮਾਇਸ਼ ਸੁਣੀ-ਅਣਸੁਣੀ ਕਰ ਦਿੱਤੀ, ਤੇ ਢੋਲਕੀ ਨੂੰ ਆਪਣੇ ਵੱਲ ਖਿੱਚ ਕੇ ਉਹਨੇ ਢੋਲਕੀ ਨਾਲ ਆਪਣਾ ਗੋਡਾ ਜੋੜ ਲਿਆ। ਸ਼ਾਹਣੀ ਕੁਝ ਰਉਂ ਵਿਚ ਆ ਗਈ-ਸ਼ਾਇਦ ਇਸ ਲਈ ਕਿ ਗੌਣ ਵਾਲੀ ਮਰਦਾਂ ਵਾਲੇ ਪਾਸੇ ਦੀ ਫ਼ਰਮਾਇਸ਼ ਪੂਰੀ ਕਰਨ ਦੀ ਥਾਂ ਔਰਤਾਂ ਵਾਲੇ ਪਾਸੇ ਦੀ ਫ਼ਰਮਾਇਸ਼ ਪੂਰੀ ਕਰਨ ਲੱਗੀ ਸੀ।

ਮੇਲ ਆਈਆਂ ਔਰਤਾਂ ਵਿਚੋਂ ਸ਼ਾਇਦ ਕੁਝ ਨੂੰ ਪਤਾ ਨਹੀਂ ਸੀ। ਉਹ ਇਕ ਦੂਜੀ ਕੋਲੋਂ ਕੁਝ ਪੁੱਛ ਰਹੀਆਂ ਸਨ। ਤੇ ਕਈ ਉਨ੍ਹਾਂ ਦੇ ਕੰਨ ਕੋਲ ਕਹਿ ਰਹੀਆਂ ਸਨ, “ਉਹੀਓ ਹੀ ਏ, ਸ਼ਾਹ ਦੀ ਕੰਜਰੀ!” ਕਹਿਣ ਵਾਲੀਆਂ ਨੇ ਭਾਵੇਂ ਬਹੁਤ ਹੌਲੀ ਕਿਹਾ ਸੀ, ਘੁਸਰ ਮੁਸਰ ਜਿਹਾ; ਪਰ ਸ਼ਾਹਣੀ ਦੇ ਕੰਨੀ ਵਾਜ ਪੈ ਰਹੀ ਸੀ, ਕੰਨਾਂ ਨਾਲ ਵੱਜ ਰਹੀ ਸੀ-ਸ਼ਾਹ ਦੀ ਕੰਜਰੀ...ਸ਼ਾਹ ਦੀ ਕੰਜਰੀ...। ਤੇ ਸ਼ਾਹਣੀ ਦੇ ਮੂੰਹ ਦਾ ਰੰਗ ਫੇਰ ਖੁਰ ਗਿਆ।

ਏਨੇ ਨੂੰ ਢੋਲਕੀ ਦੀ ਆਵਾਜ਼ ਉਚੀ ਹੋ ਗਈ ਤੇ ਨਾਲ ਹੀ ਗੌਣ ਵਾਲੀ ਦੀ ਆਵਾਜ਼,

ਸੂਹੇ ਵੇ ਚੀਰੇ ਵਾਲਿਆ ਮੈਂ ਕਹਿਨੀ ਆਂ...।

ਤੇ ਸ਼ਾਹਣੀ ਦਾ ਕਲੇਜਾ ਥੰਮ੍ਹ ਜਿਹਾ ਗਿਆ।

ਇਹ ਸੂਹੇ ਚੀਰੇ ਵਾਲਾ ਮੇਰਾ ਹੀ ਪੁੱਤਰ ਏ, ਸੁੱਖ ਨਾਲ ਅੱਜ ਘੋੜੀ 'ਤੇ ਚੜ੍ਹਨ ਵਾਲਾ ਮੇਰਾ ਪੁੱਤਰ।

ਫਰਮਾਇਸ਼ਾਂ ਦਾ ਅੰਤ ਨਹੀਂ ਸੀ। ਇਕ ਗੀਤ ਮੁੱਕਦਾ, ਦੂਜਾ ਸ਼ੁਰੂ ਹੁੰਦਾ। ਗੌਣ ਵਾਲੀ ਕਦੇ ਔਰਤਾਂ ਵਾਲੇ ਪਾਸੇ ਦੀ ਫਰਮਾਇਸ਼ ਪੂਰੀ ਕਰਦੀ, ਕਦੇ ਮਰਦਾਂ ਵਾਲੇ ਪਾਸੇ ਦੀ। ਵਿਚ-ਵਿਚ ਕਹਿ ਦਿੰਦੀ, “ਕੋਈ ਹੋਰ ਵੀ ਗਾਉ ਨਾ, ਮੈਨੂੰ ਸਾਹ ਦੁਆ ਦਿਓ।” ਪਰ ਕਿਹਦੀ ਹਿੰਮਤ ਸੀ ਉਹਦੇ ਸਾਹਮਣੇ ਹੋਣ ਦੀ? ਉਹਦੀ ਟੱਲੀ ਵਰਗੀ ਆਵਾਜ਼, ਹੂਕ ਵਰਗੀ ਆਵਾਜ਼। ਉਹ ਵੀ ਸ਼ਾਇਦ ਕਹਿਣ ਨੂੰ ਕਹਿ ਰਹੀ ਸੀ। ਉਂਜ ਇਕ ਪਿੱਛੋਂ ਝੱਟ ਦੂਜਾ ਕੁਝ ਛੋਹ ਦਿੰਦੀ ਸੀ।

ਗੀਤਾਂ ਦੀ ਗੱਲ ਹੋਰ ਸੀ, ਪਰ ਜਦੋਂ ਉਹਨੇ ਮਿਰਜ਼ੇ ਦੀ ਹੇਕ ਲਾਈ, “ਉਠ ਨੀ ਸਾਹਿਬਾਂ ਸੁੱਤੀਏ! ਉਠ ਕੇ ਦੇਹ ਦੀਦਾਰ...”, ਹਵਾ ਦਾ ਕਲੇਜਾ ਹਿੱਲ ਗਿਆ। ਕਮਰੇ ਵਿਚ ਬੈਠੇ ਹੋਏ ਮਰਦ ਬੁੱਤ ਬਣ ਗਏ। ਸ਼ਾਹਣੀ ਨੂੰ ਫੇਰ ਘਬਰਾਹਟ ਜਿਹੀ ਹੋਈ। ਉਹਨੇ ਨੀਝ ਲਾ ਕੇ ਸ਼ਾਹ ਦੇ ਮੂੰਹ ਵੱਲ ਤੱਕਿਆ। ਸ਼ਾਹ ਵੀ ਹੋਰ ਬੁੱਤਾਂ ਜਿਹਾ ਬੁੱਤ ਬਣਿਆ ਹੋਇਆ ਸੀ, ਪਰ ਸ਼ਾਹਣੀ ਨੂੰ ਜਾਪਿਆ, ਉਹ ਪੱਥਰ ਦਾ ਹੋ ਗਿਆ ਹੈ।

ਸ਼ਾਹਣੀ ਦੇ ਕਲੇਜੇ ਵਿਚ ਹੌਲ ਪਿਆ। ਤੇ ਉਹਨੂੰ ਜਾਪਿਆ, ਜੇ ਹੁਣ ਦੀ ਘੜੀ ਖੁੰਝ ਗਈ ਤਾਂ ਉਹ ਆਪ ਵੀ ਹਮੇਸ਼ਾ ਲਈ ਮਿੱਟੀ ਦਾ ਬੁੱਤ ਬਣ ਜਾਏਗੀ। ਉਹ ਕਰੇ, ਕੁਝ ਕਰੇ, ਕੁਝ ਕਰੇ, ਕੁਝ ਵੀ ਕਰੇ ਪਰ ਮਿੱਟੀ ਦਾ ਬੁੱਤ ਨਾ ਬਣੇ।

ਚੰਗੀ ਤਰਕਾਲ ਪੈ ਗਈ, ਮਹਿਫ਼ਲ ਮੁੱਕਣ 'ਤੇ ਆ ਗਈ।

ਸ਼ਾਹਣੀ ਦਾ ਕਹਿਣਾ ਸੀ ਕਿ ਉਹ ਅੱਜ ਉਸੇ ਤਰ੍ਹਾਂ ਸਿਰਫ਼ ਪਤਾਸੇ ਵੰਡੇਗੀ ਜਿਸ ਤਰ੍ਹਾਂ ਲੋਕ ਉਸ ਦਿਨ ਵੰਡਦੇ ਹਨ, ਜਿਸ ਦਿਨ ਗੌਣ ਬਿਠਾਂਦੇ ਹਨ; ਪਰ ਜਦੋਂ ਗੌਣ ਮੁੱਕੇ ਤਾਂ ਕਮਰੇ ਵਿਚ ਚਾਹ ਤੇ ਕਈ ਵੰਨਾਂ ਦੀ ਮਠਿਆਈ ਆ ਗਈ ਤੇ ਸ਼ਾਹਣੀ ਨੇ ਮੁੱਠ ਵਿਚ ਵਲ੍ਹੇਟਿਆ ਹੋਇਆ ਸੌ ਦਾ ਨੋਟ ਕੱਢ ਕੇ ਆਪਣੇ ਪੁੱਤਰ ਦੇ ਸਿਰ ਤੋਂ ਵਾਰਿਆ ਤੇ ਫੇਰ ਉਹਨੂੰ ਫੜਾ ਦਿੱਤਾ ਜਿਸ ਨੂੰ ਲੋਕ ਸ਼ਾਹ ਦੀ ਕੰਜਰੀ ਆਖਦੇ ਸਨ।

“ਰਹਿਣ ਦੇ ਸ਼ਾਹਣੀ! ਅੱਗੇ ਵੀ ਤੇਰਾ ਹੀ ਖਾਨੀ ਆਂ,” ਉਹਨੇ ਅੱਗਿਉਂ ਜਵਾਬ ਦਿੱਤਾ ਤੇ ਹੱਸ ਪਈ। ਉਹਦਾ ਹਾਸਾ ਉਹਦੇ ਰੂਪ ਵਾਂਗ ਝਿਲਮਿਲ ਕਰਦਾ ਪਿਆ ਸੀ।

ਸ਼ਾਹਣੀ ਦੇ ਮੂੰਹ ਦਾ ਰੰਗ ਹੌਲਾ ਪੈ ਗਿਆ। ਉਹਨੂੰ ਜਾਪਿਆ ਜਿਵੇਂ ਸ਼ਾਹ ਦੀ ਕੰਜਰੀ ਨੇ ਅੱਜ ਭਰੀ ਸਭਾ ਵਿਚ ਸ਼ਾਹ ਨਾਲ ਆਪਣਾ ਸਬੰਧ ਜੋੜ ਕੇ ਉਹਦੀ ਹੱਤਕ ਕਰ ਦਿੱਤੀ ਹੈ ਪਰ ਸ਼ਾਹਣੀ ਨੇ ਆਪਣਾ ਆਪ ਥੰਮ੍ਹ ਲਿਆ। ਜੇਰਾ ਜਿਹਾ ਕੀਤਾ ਕਿ ਅੱਜ ਉਹਨੇ ਹਾਰ ਨਹੀਂ ਖਾਣੀ ਤੇ ਉਹ ਜ਼ੋਰ ਦੀ ਹੱਸ ਪਈ। ਨੋਟ ਫੜਾਂਦੀ ਆਖਣ ਲੱਗੀ, “ਸ਼ਾਹ ਕੋਲੋਂ ਤੂੰ ਨਿੱਤ ਲੈਨਾ ਏਂ, ਪਰ ਮੇਰੇ ਕੋਲੋਂ ਤੂੰ ਫੇਰ ਕਦੋਂ ਲੈਣਾ ਏ? ਚੱਲ ਅੱਜ ਲੈ ਲੈ।”

ਤੇ ਸ਼ਾਹ ਦੀ ਕੰਜਰੀ ਸੌ ਦੇ ਉਸ ਨੋਟ ਨੂੰ ਫੜਦੀ ਇਕੋ ਵਾਰਗੀ ਨਿਮਾਣੀ ਜਿਹੀ ਹੋ ਗਈ। ਕਮਰੇ ਵਿਚ ਸ਼ਾਹਣੀ ਦੀ ਧੋਤੀ ਦਾ ਸ਼ਗਨਾਂ ਵਾਲਾ ਗੁਲਾਬੀ ਰੰਗ ਫੈਲ ਗਿਆ।

# ਚੰਦ ਰੋਜ਼ ਫ਼ਕਤ ਚੰਦ ਹੀ ਰੋਜ਼

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਫੈਜ਼ ਅਹਿਮਦ ਫੈਜ਼ ਦੀ ਇਕ ਮਸ਼ਹੂਰ ਨਜ਼ਮ ਦੇ ਬੋਲ ਹਨ,

ਚੰਦ ਰੋਜ਼ ਔਰ ਮੇਰੀ ਜਾਨ
ਫ਼ਕਤ ਚੰਦ ਹੀ ਰੋਜ਼।
ਔਰ ਕੁਛ ਦੇਰ ਸਿਤਮ ਸਹਿ ਲੇਂ,
ਤੜਪ ਲੇਂ, ਰੋ ਲੇਂ...।

ਫੈਜ਼ ਸਾਹਿਬ ਕਿਆਫਾ ਲਾਉਂਦੇ ਸਨ ਕਿ ਜ਼ੁਲਮ ਸਿਤਮ ਸ਼ਾਇਦ 'ਚੰਦ ਰੋਜ਼' ਯਾਨਿ ਕੁਝ ਦਿਨ ਹੀ ਰਹਿਣ ਵਾਲਾ ਹੈ ਪਰ ਤਜਰਬਾ ਦੱਸ ਰਿਹਾ ਹੈ ਕਿ ਇਹ ਇਸ ਕਦਰ ਲਮਕ ਗਿਆ ਹੈ ਜੋ ਅਜੇ ਤੱਕ ਵੀ ਇਸ ਦੇ ਖਤਮ ਹੋਣ ਦੇ ਆਸਾਰ ਨਜ਼ਰ ਨਹੀਂ ਆ ਰਹੇ। ਪਰ ਕੁਝ ਕੰਮ ਚੰਦ ਰੋਜ਼ ਵਿਚ ਹੀ ਨਿਪਟਾ ਲਏ ਜਾਂਦੇ ਹਨ। ਕਾਜ਼ੀ ਦੇ ਸਮਝਾਉਣ 'ਤੇ ਵੀ ਜਦ ਹੀਰ ਰਾਂਝੇ ਨੂੰ ਛੱਡਣ ਲਈ ਤਿਆਰ ਨਹੀਂ ਹੁੰਦੀ ਤਾਂ,

ਏਥੇ ਵਿਆਹ ਦੇ ਵੱਡੇ ਸਾਮਾਨ ਹੋਏ,
ਖੇੜੇ ਪਏ ਬਣਾ ਬਣਾਂਵਦੇ ਨੇ।
ਵਾਰਿਸ ਸ਼ਾਹ ਮੀਆਂ ਚੰਦ ਰੋਜ਼ ਅੰਦਰ,
ਖੇੜੇ ਮੇਲ ਕੇ ਜੰਜ ਲੈ ਆਂਵਦੇ ਨੇ।

'ਥੋੜੇ' ਦੇ ਅਰਥਾਂ ਵਾਲਾ ਚੰਦ ਮੂਲੋਂ ਫਾਰਸੀ ਦਾ ਸ਼ਬਦ ਹੈ ਪਰ ਪੰਜਾਬੀ ਮੁਹਾਵਰੇ ਵਿਚ ਕਾਫੀ ਹੱਦ ਤੀਕ ਸਮਾ ਚੁਕਾ ਹੈ। 'ਚੰਦ ਤੇ ਇਸ ਦਾ ਪਰਿਵਾਰ' ਨਾਮੀ ਲੇਖ ਵਿਚ ਦੱਸਿਆ ਜਾ ਚੁੱਕਾ ਹੈ ਕਿ ਸੰਸਕ੍ਰਿਤ ਵਿਚ ਚੰਦ ਸ਼ਬਦ ਦਾ ਇੱਕ ਅਰਥ 'ਇੱਕ' ਵੀ ਹੈ ਕਿਉਂਕਿ ਅਸਮਾਨ ਵਿਚ ਇੱਕ ਹੀ ਚੰਦ ਹੈ ਪਰ ਇਹ ਤੱਥ ਚੰਦ ਦੇ 'ਕੁਝ' ਅਰਥ ਦਾ ਆਧਾਰ ਨਹੀਂ। ਫਿਰ ਵੀ ਤੁਸੀਂ ਦੇਖੋਗੇ ਕਿ ਇਸ ਸ਼ਬਦ ਦਾ ਪੰਜਾਬੀ ਨਾਲ ਨਹੁੰ-ਮਾਸ ਵਾਲਾ ਰਿਸ਼ਤਾ ਹੈ।

ਇਹ ਸ਼ਬਦ ਫਾਰਸੀ ਰਾਹੀਂ ਪੰਜਾਬੀ ਤੇ ਉਰਦੂ ਵਿਚ ਆਇਆ। ਪੰਜਾਬੀ ਵਿਚ ਅੱਜ ਵੀ ਇਸ ਦੀ ਕਾਫੀ ਵਰਤੋਂ ਹੁੰਦੀ ਹੈ। ਚੰਦ ਸ਼ਬਦ ਦਾ ਪੁਰਾਣੀ ਫਾਰਸੀ ਵਿਚ ਰੂਪ 'ਚੰਤ' ਸੀ ਜੋ ਪਹਿਲਵੀ ਅਤੇ ਅਜੋਕੀ ਫਾਰਸੀ ਵਿਚ 'ਚੰਦ' ਬਣ ਗਿਆ। ਜ਼ੰਦ ਵਿਚ ਚਵੰਤ ਵੀ ਮਿਲਦਾ ਹੈ। ਫਾਰਸੀ ਵਿਚ ਇਸ ਦੇ ਅਰਥ ਹਨ-ਕਿੰਨਾ, ਕਿੰਨੇ, ਕਿੰਨਾ ਲੰਮਾ, ਕਿਧਰ; ਕਈ, ਕਿੰਨੇ ਹੀ, ਕੁਝ, ਥੋੜੇ ਆਦਿ। ਪਲੈਟਸ ਨੇ ਇਸ ਦੇ ਮੁਢ ਵਿਚ ਫਾਰਸੀ ਧਾਤੂ 'ਚੁ' ਵੱਲ ਇਸ਼ਾਰਾ ਕੀਤਾ ਹੈ। ਇਸ ਦਾ ਅਰਥ ਪੰਜਾਬੀ ਦੇ ਪ੍ਰਸ਼ਨਵਾਚੀ ਸ਼ਬਦ 'ਕੀ' ਨਾਲ ਮਿਲਦਾ-ਜੁਲਦਾ ਹੈ। ਅਸਲ ਵਿਚ ਇਸ ਦੇ 'ਕਿੰਨਾ' ਅਰਥ ਤੋਂ ਹੀ ਕੁਝ ਦੇ ਅਰਥ ਵਿਕਸਿਤ ਹੋਏ। ਜ਼ਰਾ ਪੰਜਾਬੀ ਦੇ 'ਕਿੰਨਾ' ਸ਼ਬਦ ਨੂੰ ਪ੍ਰਸ਼ਨਵਾਚੀ ਦੀ ਥਾਂ ਹਾਂ-ਵਾਚੀ ਸਾਧਾਰਨ ਵਾਕ ਵਿਚ ਵਰਤੀਏ, "ਕਿੰਨਾ ਕੰਮ ਪਿਆ ਹੈ।" ਅਸੀਂ ਦੇਖਦੇ ਹਾਂ ਕਿ ਇਸ ਵਾਕ ਵਿਚ ਕਿੰਨਾ ਦਾ ਅਰਥ ਬਹੁਤ ਹੋ ਗਿਆ: ਕਿੰਨਾ ਕੰਮ ਪਿਆ ਹੈ=ਬਹੁਤ ਕੰਮ ਪਿਆ ਹੈ। ਇਸੇ ਤਰ੍ਹਾਂ ਚੰਦ ਸ਼ਬਦ ਦਾ ਅਰਥ ਕਿੰਨਾ ਜਾਂ ਕਿੰਨੇ ਤੋਂ 'ਬਹੁਤ', 'ਕਈ' ਹੋ ਗਿਆ ਤੇ ਫਿਰ ਸੁੰਗੜ ਕੇ ਕੁਝ, ਥੋੜਾ ਵੀ ਹੋ ਗਿਆ। ਇਹ ਘੁੰਡੀ ਚੰਦ ਨੂੰ 'ਇੱਕ ਤੋਂ ਵੱਧ' ਦੇ ਅਰਥਾਂ ਵਿਚ ਸਮਝਣ ਨਾਲ ਵੀ ਹੱਲ ਹੋ ਜਾਂਦੀ ਹੈ। ਇਕ ਤੋਂ ਵੱਧ ਥੋੜੇ ਵੀ ਹੋ ਸਕਦੇ ਹਨ ਅਤੇ ਅਨੇਕ, ਕਈ, ਬਹੁਤੇ ਵੀ। ਇਸ ਤਰ੍ਹਾਂ ਚੰਦ ਸ਼ਬਦ ਇਕ ਅਨਿਸ਼ਚਿਤ ਜਿਹੀ ਮਾਤਰਾ ਜਾਂ ਗਿਣਤੀ ਦਰਸਾਉਂਦਾ ਹੈ ਜੋ ਸੰਦਰਭ ਅਨੁਸਾਰ ਥੋੜੇ ਜਾਂ ਬਹੁਤੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਅਸੀਂ ਪੰਜਾਬੀ ਵਿਚ ਉਗਰਾਹੀ ਜਾਂ ਢਾਲ ਦੇ ਅਰਥਾਂ ਵਿਚ 'ਚੰਦਾ' ਸ਼ਬਦ ਦੀ ਵਰਤੋਂ ਕਰਦੇ ਹਾਂ। ਇਸ ਦਾ ਅਰਥ ਰਿਸਾਲੇ ਜਾਂ ਸਭਾ ਆਦਿ ਦੀ ਮੈਂਬਰੀ ਲਈ ਇਕ ਖਾਸ ਵਕਫੇ ਬਾਅਦ ਅਦਾ ਕੀਤਾ ਜਾਂਦੀ ਕੀਮਤ ਵੀ ਹੈ। ਇਹ ਸ਼ਬਦ ਵੀ ਚੰਦ ਦੇ ਥੋੜੀ-ਘਣੀ ਮਾਤਰਾ ਤੋਂ ਵਿਕਸਿਤ ਹੋਏ ਹਨ। ਮਤਲਬ ਕਿ ਜੋ ਥੋੜੀ ਬਹੁਤੀ ਮਾਇਆ ਸਰਦੀ ਹੈ। ਅਸੀਂ ਪੰਜਾਬੀ ਵਿਚ ਤਿਲ-ਫੁਲ ਜਾਂ ਭੇਟਾ ਕਹਿ ਦਿੰਦੇ ਹਾਂ। ਕਿਸੇ ਚੀਜ਼ ਦੇ ਗੁਣ ਨੂੰ ਕੁਝ ਹੋਰ ਵਿਸਥਾਰ ਦੇ ਕੇ ਵਧਾਉਣ ਦੇ ਅਰਥਾਂ ਵਿਚ ਅਸੀਂ 'ਚਾਰ ਚੰਦ ਲਾਉਣ' ਮੁਹਾਵਰਾ ਵਰਤਦੇ ਹਾਂ। ਮੈਂ ਨਿਸ਼ਚਿਤ ਰੂਪ ਵਿਚ ਨਹੀਂ ਕਹਿ ਸਕਦਾ ਪਰ ਮੇਰਾ ਵਿਚਾਰ ਹੈ ਕਿ ਇਥੇ ਵੀ ਚੰਦ ਤੋਂ ਅਸਮਾਨੀ ਉਪਗ੍ਰਹਿ ਵੱਲ ਸੰਕੇਤ ਨਹੀਂ ਬਲਕਿ ਕਿਸੇ ਚੀਜ਼ ਦੇ ਗੁਣ ਨੂੰ ਚਾਰ ਗੁਣਾ ਵਧਾ ਦੇਣ ਵੱਲ ਹੈ। ਫਾਰਸੀ ਵਿਚ 'ਚਾਰਚੰਦ' ਦਾ ਮਤਲਬ ਚਾਰ ਗੁਣਾ ਹੁੰਦਾ ਹੈ।

ਫਾਰਸੀ ਦੇ 'ਚੂੰ' ਜਾਂ 'ਚੋਂ' ਦਾ ਅਰਥ ਹੁੰਦਾ ਹੈ-ਕਿਵੇਂ ਜਾਂ ਕਿਉਂ। ਅੱਗੇ ਜਾ ਕੇ ਇਸ ਦਾ ਅਰਥ ਕਿਉਂਕਿ, ਜਿਵੇਂ, ਇਵੇਂ-ਜਿਵੇਂ ਆਦਿ ਵੀ ਹੋ ਗਿਆ। ਪੰਜਾਬੀ ਵਿਚ ਵੀ ਵਰਤੇ ਜਾ ਰਹੇ 'ਚੂੰਕਿ' ਸ਼ਬਦ ਵਿਚ ਅਸੀਂ ਇਸ ਦੀ ਇਨ੍ਹਾਂ ਹੀ ਅਰਥਾਂ ਵਿਚ ਵਰਤੋਂ ਭਲੀ-ਭਾਂਤ ਦੇਖ-ਸਮਝ ਸਕਦੇ ਹਾਂ। ਪੰਜਾਬੀ ਟ੍ਰਿਬਿਊਨ ਦੇ ਇਕ ਲੇਖ ਦਾ ਹਵਾਲਾ ਦੇ ਰਿਹਾ ਹਾਂ, "ਚੂੰਕਿ ਲੇਖਕ ਕਾਫੀ ਪੜ੍ਹਿਆ ਗੁੜ੍ਹਿਆ ਤੇ ਇਕ ਤਪੱਸਵੀ ਲੇਖਕ ਹੈ ਇਸ ਲਈ ਉਸ ਤੋਂ ਕੁਝ ਚੰਗੇ ਦੀ ਹੀ ਉਮੀਦ ਰੱਖੀ ਜਾ ਸਕਦੀ ਸੀ।" ਇਸ ਧਾਤੂ ਤੋਂ ਬਣੇ ਫਾਰਸੀ ਦੇ 'ਚੁਨ ਆ' ਦਾ ਮਤਲਬ ਹੁੰਦਾ ਹੈ, ਕਿੰਦਾਂ? ਕਿਵੇਂ? ਅਰਥਾਤ ਕੀ ਹਾਲ ਹੈ? ਇਸੇ ਸਿਲਸਿਲੇ ਵਿਚ ਚੁਨਾਂਚੇ ਸ਼ਬਦ ਲਿਆ ਜਾ ਸਕਦਾ ਹੈ। ਅਸੀਂ ਬਹੁਤੀਆਂ ਫਾਰਸੀਆਂ ਘੋਟਣ ਵਾਲੇ ਨੂੰ 'ਚੂੰਕੇ ਚੁਨਾਂਚੇ ਕਰਦਾ' ਕਹਿ ਦਿੰਦੇ ਹਾਂ।

ਚੂ, ਚੀ ਆਦਿ ਨਾਲ ਸ਼ੁਰੂ ਹੋਣ ਵਾਲੇ ਉਪਰੋਕਤ ਸ਼ਬਦ ਅਸਲ ਵਿਚ ਪੰਜਾਬੀ 'ਕੀ' ਦੇ ਸੁਜਾਤੀ, ਅਰਥਾਤ ਸਕੇ ਹਨ। ਮਤਲਬ ਕਿ ਇਨ੍ਹਾਂ ਸ਼ਬਦਾਂ ਵਿਚ ਪੰਜਾਬੀ 'ਕ' ਧੁਨੀ ਫਾਰਸੀ ਵਿਚ 'ਚ' ਉਚਾਰੀ ਜਾਂਦੀ ਹੈ। ਫਾਰਸੀ ਵਿਚ 'ਚੀ' ਦਾ ਅਰਥ 'ਕੀ' ਹੁੰਦਾ ਹੈ। ਮਿਸਾਲ ਵਜੋਂ ਫਾਰਸੀ ਵਿਚ 'ਚੀ ਫਾਇਦਾ?' ਦਾ ਮਤਲਬ ਹੈ, ਕੀ ਫਾਇਦਾ? 'ਚੀ ਚਾਰਾ' ਦਾ ਮਤਲਬ ਕੀ ਚਾਰਾ (ਉਪਾਅ), ਚੀ ਮਾਅਨਾ? ਕੀ ਮਤਲਬ, ਚੀ ਮੀ ਗੋਈ? ਕੀ ਮਤਲਬ ਤੇਰਾ? ਪੰਜਾਬੀ ਤੇ ਹੋਰ ਬਹੁਤ ਸਾਰੀਆਂ ਹਿੰਦ-ਆਰਿਆਈ ਭਾਸ਼ਾਵਾਂ ਵਿਚ ਕੀ ਤੋਂ ਬਹੁਤ



ਸਾਰੇ ਪ੍ਰਸ਼ਨਵਾਚੀ ਪੜਨਾਂਵ ਬਣੇ ਹਨ। ਪੰਜਾਬੀ ਵਿਚ ਕੀ, ਕਿਉਂ, ਕਿਥੇ, ਕਦ, ਕਿਵੇਂ/ਕਿੱਦਾਂ, ਕੌਣ, ਕਿੰਨਾ, ਕੈਸਾ, ਕੇਹਾ, ਕਿਹੜਾ ਆਦਿ ਸ਼ਬਦ ਹਨ। ਇਨ੍ਹਾਂ ਸ਼ਬਦਾਂ ਦੇ ਕਈ ਆਮ ਤੇ ਕਾਵਿਕ ਭੇਦ ਵੀ ਮਿਲਦੇ ਹਨ-ਜਿਵੇਂ ਕੈ, ਕਿਆ, ਕਾਹੇ, ਕਾਹ, ਕਿਮ, ਕਾਸ, ਕੋ, ਕੀਕਣ। ਅਸਲ 'ਚ ਇਨ੍ਹਾਂ ਸਾਰੇ ਸ਼ਬਦਾਂ ਵਿਚ ਅਰਥਾਂ ਦੀ ਸਾਂਝ ਹੈ, ਮਿਸਾਲ ਵਜੋਂ 'ਕੀ' ਵਿਚ ਕਿਉਂ ਦੇ ਅਰਥ ਨਿਹਿਤ ਹਨ। ਜਦ ਅਸੀਂ ਕਹਿੰਦੇ ਹਾਂ, 'ਤੂੰ ਇਹ ਕੀ ਕੀਤਾ?' ਤਾਂ ਸਾਡਾ ਭਾਵ ਹੁੰਦਾ ਹੈ 'ਤੂੰ ਇਹ ਕਿਉਂ ਕੀਤਾ?' ਪਾਲੀ ਤੇ ਪਰਾਕ੍ਰਿਤ ਵਿਚ 'ਕਾ' ਸ਼ਬਦ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਕਾ' ਪੜਨਾਂਵ ਕੀ, ਕੋਈ, ਕਿਸ, ਕੁਝ ਆਦਿ ਅਰਥਾਂ ਵਿਚ ਆਉਂਦਾ ਹੈ। ਇਨ੍ਹਾਂ ਸਾਰੇ ਪ੍ਰਸ਼ਨਵਾਚੀ ਸ਼ਬਦਾਂ ਬਾਰੇ ਵਿਸਤ੍ਰਿਤ ਚਰਚਾ ਫਿਰ ਕਦੇ ਕਰਾਂਗੇ ਪਰ ਹਾਲ ਦੀ ਘੜੀ ਇਕ ਦੋ ਹੋਰ ਸ਼ਬਦ ਲੈ ਲਈਏ। ਅਸੀਂ 'ਕੁਝ' ਸ਼ਬਦ ਤੋਂ ਹੀ ਗੱਲ ਸ਼ੁਰੂ ਕਰ ਲੈਂਦੇ ਹਾਂ। ਕੁਝ ਸ਼ਬਦ 'ਕੁਛ' ਦਾ ਹੀ ਇਕ ਹੋਰ ਰੂਪ ਹੈ ਜੋ ਪੰਜਾਬੀ ਵਿਚ ਵੀ ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ ਇਸ ਦਾ ਕਿਛੁ ਰੂਪ ਵੀ ਮਿਲਦਾ ਹੈ, "ਹਮ ਮੂਰਖ ਕਿਛੂ ਨ ਜਾਣਹਾ॥" -ਅਸੀਂ ਮੂਰਖ ਕੁਝ ਨਹੀਂ ਜਾਣਦੇ। ਭਾਸ਼ਾ-ਵਿਗਿਆਨੀ ਭੋਲਾ ਨਾਥ ਤਿਵਾੜੀ ਕੁਛ ਦੀ ਵਿਉਤਪਤੀ 'ਕਿੰ-ਚਿਦ' ਤੋਂ ਹੋਈ ਮੰਨਦੇ ਹਨ। ਜਿਸ ਦਾ ਇਕ ਰੂਪ ਕਿੰਚਿਤ ਹੈ। ਇਹ ਅਜੋਕੀ ਪੰਜਾਬੀ ਵਿਚ ਤਾਂ ਨਹੀਂ ਪਰ ਥੋੜੇ ਦੇ ਅਰਥਾਂ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਜ਼ਰੂਰ ਮੌਜੂਦ ਹੈ, "ਕ੍ਰਿਪਾ ਕਿੰਚਤ ਗੁਰਿ ਕੀਨੀ॥" (ਗੁਰੂ ਰਾਮ ਦਾਸ) ਅਰਥਾਤ ਗੁਰੂ ਨੇ ਥੋੜੀ ਕਿਰਪਾ ਕੀਤੀ। ਇਸ ਦੇ ਪਿਛੇ ਸੰਸਕ੍ਰਿਤ 'ਕਸਯ' ਸ਼ਬਦ ਹੈ। ਤਤਪਰਜ ਇਹ ਹੈ ਕਿ ਜਿਵੇਂ ਫਾਰਸੀ ਚੰਦ ਦੇ ਪਿਛੇ 'ਚੀ' ਹੈ, ਇਸੇ ਤਰ੍ਹਾਂ ਕੁਛ ਦੇ ਪਿਛੇ 'ਕੀ' ਹੈ। ਦੋਨਾਂ ਦੇ ਅਰਥ ਵੀ ਸਮਾਨ ਹਨ। ਕੁਛ ਹੀ ਬਦਲ ਕੇ ਕੁਝ ਤੇ ਫਿਰ ਹੋਰ ਸੁੰਗੜ ਕੇ 'ਕੁ' ਬਣ ਗਿਆ। ਇਸ ਵਿਕਾਸ ਨੂੰ ਇਸ ਤਰ੍ਹਾਂ ਦਰਸਾਇਆ ਜਾ ਸਕਦਾ ਹੈ-ਕਿੰਚਤ> ਕਿਛੁ> ਕਿਛ> ਕੁਛ> ਕੁਝ> ਕੁ। 'ਕੁਝ' ਤੇ 'ਕੁ' ਵਿਚ ਕਦੇ-ਕਦਾਈਂ ਅਰਥਾਂ ਵਿਚ ਫਰਕ ਆ ਜਾਂਦਾ ਹੈ। 'ਐਨਾ ਕੁਝ' ਦੀ ਥਾਂ ਜੇ ਅਸੀਂ 'ਐਨਾ ਕੁ' ਕਹੀਏ ਤਾਂ ਮਨਸ਼ੇ ਵਿਚ ਢੇਰ ਅੰਤਰ ਆ ਜਾਵੇਗਾ, ਪਹਿਲੇ ਵਿਚ ਜ਼ਿਆਦਾ ਦਾ ਭਾਵ ਹੈ, ਦੂਜੇ ਵਿਚ ਥੋੜੇ ਦਾ। ਕਿਛ ਦਾ ਇਕ ਰੂਪ 'ਕਿਝ' ਵੀ ਹੈ, "ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥" -ਬਾਬਾ ਸ਼ੇਖ ਫਰੀਦ।

'ਕੋਈ' ਜਾਂ 'ਕੋ' ਸ਼ਬਦਾਂ ਪਿਛੇ ਵੀ ਅੰਤਮ ਤੌਰ 'ਤੇ ਕੀ ਦਾ ਹੱਥ ਹੈ। ਇਸ ਵਿਚ ਕੌਣ ਦੀ ਅਨਿਸ਼ਚਿਤਤਾ ਸਪਸ਼ਟ ਝਲਕ ਰਹੀ ਹੈ। ਕੌਣ ਹੈ? ਕੋਈ ਹੈ। ਸੰਸਕ੍ਰਿਤ ਵਿਚ 'ਕਦਾ' ਦਾ ਓਹੀ ਅਰਥ ਹੁੰਦਾ ਹੈ ਜੋ ਪੰਜਾਬੀ 'ਕਦ' ਜਾਂ 'ਕਦੋਂ' ਦਾ। ਸੋ 'ਕਦਾਚਿਤ' ਸ਼ਬਦ ਦਾ ਅਰਥ ਹੈ 'ਕਦੇ ਵੀ, ਕਦੇ ਕਦਾਈਂ', (ਚਿਤ=ਵੀ)। ਇਹ ਆਮ ਤੌਰ 'ਤੇ ਨਾਂਹ-ਵਾਚੀ ਵਾਕ ਵਿਚ ਹੀ ਵਰਤਿਆ ਜਾਂਦਾ ਹੈ ਜਿਵੇਂ 'ਗੁਰੂ ਗ੍ਰੰਥ ਸਾਹਿਬ ਦੇ ਨਾਲ ਕਿਸੇ ਵੀ ਹੋਰ ਗ੍ਰੰਥ ਦਾ ਪ੍ਰਕਾਸ਼ ਕਦਾਚਿਤ ਨਹੀਂ ਹੋ ਸਕਦਾ।' ਬਹੁਤੇ ਦੇ ਅਰਥਾਂ ਵਾਲਾ 'ਕਈ' ਸ਼ਬਦ ਵੀ ਇਸੇ ਕੁਠਾਲੀ ਵਿਚੋਂ ਨਿਕਲਿਆ ਹੈ, "ਕਈ ਜਨਮ ਭਏ ਕੀਟ ਪਤੰਗਾ॥" -ਗੁਰੂ ਅਰਜਨ ਦੇਵ। 'ਕਈ' ਸ਼ਬਦ ਇਸੇ ਹੀ ਅਰਥ ਵਾਲੇ 'ਕਤਿ' ਤੋਂ ਬਣਿਆ। ਸੰਸਕ੍ਰਿਤ ਵਿਚ 'ਕਤਿ' ਪ੍ਰਸ਼ਨਵਾਚੀ ਵਾਕ ਵਿਚ ਇਸ ਦਾ ਅਰਥ 'ਕਿੰਨੇ' ਹੈ: ਕਤਿ ਦੇਵਾ? = ਕਿੰਨੇ ਦੇਵਤੇ। ਪਰ ਹਾਂ-ਵਾਚੀ ਵਾਕ ਵਿਚ ਇਸ ਦਾ ਅਰਥ ਕਈ ਬਣ ਜਾਂਦਾ ਹੈ। 'ਕਤਿ' ਸ਼ਬਦ ਹੋਰ ਅੱਗੇ 'ਕਿਮ-ਇਤਿ' ਤੋਂ ਬਣਿਆ ਪਰ ਏਨੀ ਦੂਰੀ ਤੱਕ ਫਿਰ ਕਦੇ ਜਾਵਾਂਗੇ, ਹਾਲ ਦੀ ਘੜੀ ਏਨਾ ਹੀ ਕਿ 'ਕਿਮੇਂ' ਜਾਂ 'ਕਿਵੇਂ' ਸ਼ਬਦ ਦਾ ਪਿਛੋਕੜ 'ਕਿਮ' ਹੈ।

ਉਪਰੋਕਤ ਵਰਨਣ ਕੀਤੇ ਸਾਰੇ ਸ਼ਬਦ ਹਿੰਦ-ਆਰਿਆਈ ਮੂਲ ਦੇ ਹਨ। ਇਨ੍ਹਾਂ ਸਾਰੇ ਸ਼ਬਦਾਂ ਦਾ ਭਾਰੋਪੀ ਮੂਲ qwos / qwes ਕਲਪਿਆ ਗਿਆ ਹੈ। ਅੰਗਰੇਜ਼ੀ ਦੇ how, what, why, where, who ਆਦਿ ਸ਼ਬਦ ਇਨ੍ਹਾਂ ਦੇ ਸਕੇ ਹਨ। ਅਰਥਾਤ ਪੰਜਾਬੀ 'ਕ' ਧੁਨੀ ਦੇ ਟਾਕਰੇ 'ਹਵ' ਧੁਨੀ ਆਉਂਦੀ ਹੈ। ਪੁਰਾਣੀਆਂ ਜਰਮੈਨਿਕ ਭਾਸ਼ਾਵਾਂ ਵਿਚ ਇਹ 'ਖ' ਧੁਨੀ ਬਣ ਜਾਂਦੀ ਹੈ। ਅਵੇਸਤਾ ਵਿਚ 'ਕ' ਹੈ। ਲਿਥੂਐਨੀਅਨ, ਹਿੱਤੀ, ਸਲਾਵਿਕ, ਰੂਸੀ ਅਤੇ ਲਾਤੀਨੀ ਭਾਸ਼ਾਵਾਂ ਵਿਚ ਇਹ ਧੁਨੀ 'ਕ' ਜਾਂ ਇਸ ਨਾਲ ਨਾਲ ਮਿਲਦੀ-ਜੁਲਦੀ ਹੀ ਹੈ। ਇਤਾਲਵੀ ਵਿਚ ਫਾਰਸੀ ਦੀ ਤਰ੍ਹਾਂ 'ਚੀ' ਹੈ। ਮਿਸਾਲ ਵਜੋਂ ਲਾਤੀਨੀ qui, quae, quod ਸ਼ਬਦ ਕ੍ਰਮਵਾਰ ਕੌਣ, ਕਿਹੜਾ, ਕੀ ਦੇ ਅਰਥ ਦਿੰਦੇ ਹਨ। ਲਾਤੀਨੀ ਦੇ ਬਹੁਤ ਸਾਰੇ ਸ਼ਬਦ ਅੰਗਰੇਜ਼ੀ ਵਿਚ ਵੀ ਆ ਗਏ ਹਨ ਜਿਵੇਂ quote, quotation ਦਾ ਮੁਖ ਭਾਵ 'ਹਵਾਲਾ ਕੀ ਹੈ' ਹੈ। ਇਸੇ ਤਰ੍ਹਾਂ quota ਜੋ ਕੋਟਾ ਦੇ ਰੂਪ ਵਿਚ ਪੰਜਾਬੀ ਵਿਚ ਵੀ ਆ ਗਿਆ ਹੈ, ਦਾ ਮੁਢਲਾ ਭਾਵ 'ਕਿੰਨਾ ਵੱਡਾ' ਹੈ। ਪਹਿਲਾਂ ਪਹਿਲਾਂ ਕਿਸੇ ਇਲਾਕੇ ਵਿਚੋਂ ਉਗਰਾਹੀ ਜਾਂਦੀ ਰਸਦ ਲਈ 'ਕੋਟਾ' ਸ਼ਬਦ ਵਰਤਿਆ ਜਾਂਦਾ ਸੀ। ਇਸ ਸ਼ਬਦ ਦਾ ਵਿਕਾਸ ਸਾਡੇ ਚੰਦਾ ਸ਼ਬਦ ਨਾਲ ਮਿਲਦਾ ਜੁਲਦਾ ਹੈ। ਅੰਗਰੇਜ਼ੀ ਸ਼ਬਦ query (ਪੁੱਛ), question (ਪ੍ਰਸ਼ਨ), quest (ਤਲਾਸ਼), request (ਬੇਨਤੀ, require (ਲੋੜਨਾ) ਇਸ ਮੂਲ ਨਾਲ ਹੀ ਜੁੜਦੇ ਹਨ।

---

# ਮਨ ਮੋਤੀ ਮਨ ਮੰਦਰ

## ਸੁੱਚੇ ਮੋਤੀ

ਅਵਤਾਰ ਸਿੰਘ ਹੰਸਰਾ
ਫੋਨ: 661-368-6572

ਮਨ ਤੂੰ ਜੋਤਿ ਸਰੂਪੁ ਹੈ
ਆਪਣਾ ਮੂਲੁ ਪਛਾਣੁ॥

ਜਿਵੇਂ ਅਸੀਂ ਹਿੱਕ ਉਤੇ ਹੱਥ ਰੱਖ ਕੇ ਕਹਿ ਸਕਦੇ ਹਾਂ ਕਿ ਇਥੇ ਮੇਰਾ ਦਿਲ ਧੜਕਦਾ ਹੈ, ਇੱਧਰ ਜਿਗਰ ਹੈ ਅਤੇ ਇਸੇ ਤਰ੍ਹਾਂ ਚਿਹਰੇ 'ਤੇ ਨੱਕ, ਮੂੰਹ, ਅੱਖਾਂ ਤੇ ਕੰਨ ਦਿਸਦੇ ਹਨ; ਸਖਤ ਖੋਪੜੀ ਹੇਠ ਢਕਿਆ ਸਾਡਾ ਤੇਜ਼ ਤਰਾਰ ਦਿਮਾਗ ਸੁਰੱਖਿਅਤ ਪਿਆ ਹੈ, ਪਰ ਅਸੀਂ ਸਰੀਰ ਦੇ ਕਿਸੇ ਵੀ ਹਿੱਸੇ ਉਤੇ ਉਂਗਲ ਰੱਖ ਕੇ ਇਹ ਨਹੀਂ ਕਹਿ ਸਕਦੇ ਕਿ ਇਥੇ ਮੇਰਾ ਮਨ ਹੈ। ਦਰਅਸਲ ਅਰਬਾਂ-ਖਰਬਾਂ ਸੈਲਾਂ ਦਾ ਸਾਡਾ ਸਰੀਰ ਬਣਿਆ ਹੋਇਆ ਹੈ। ਇਨ੍ਹਾਂ ਸੈਲਾਂ ਦੀ ਚੇਤਨਤਾ ਤੇ ਕੁੱਲ ਜਮ੍ਹਾਂ-ਜੋੜ ਦਾ ਨਾਂ ਹੀ ਮਨ ਹੈ।

ਜਿਵੇਂ ਬ੍ਰਹਿਮੰਡ ਦੇ ਕਣ-ਕਣ ਵਿਚ ਪਰਮਾਤਮਾ ਵਸਦਾ ਮੰਨਿਆ ਜਾਂਦਾ ਹੈ ਪਰ ਦਿਸਦਾ ਨਹੀਂ। ਅਸੀਂ ਭਾਵੇਂ ਉਸ ਨੂੰ ਸਰਬ ਸ਼ਕਤੀਮਾਨ ਮੰਨਦੇ ਹਾਂ, ਪਰ ਸਭ ਕੁਝ ਉਸ ਦੇ ਹੁਕਮ ਨਾਲ ਨਹੀਂ ਚਲਦਾ, ਸਗੋਂ ਸਾਰੀ ਪ੍ਰਕਿਰਤੀ ਦੇ ਸਾਰੇ ਵਰਤਾਰੇ ਕਾਰਜ-ਕਾਰਨ ਅਤੇ ਵਿਰੋਧ-ਵਿਕਾਸੀ ਸਿਧਾਂਤ ਅਧੀਨ ਚਲਦੇ ਹਨ। ਸਾਰੇ ਗ੍ਰਹਿ ਇਕ-ਦੂਜੇ ਦੀ ਅਕਰਸ਼ਣ ਸ਼ਕਤੀ ਕਾਰਨ ਬੱਝੇ ਹੋਏ, ਤਰਤੀਬ ਨਾਲ ਲਗਾਤਾਰ ਘੁੰਮ ਰਹੇ ਹਨ। ਜਿਵੇਂ ਵਿਗਿਆਨੀਆਂ ਨੇ ਹੁਣ ਖੋਜਿਆ ਹੈ ਕਿ ਇਥੇ ਬਿੱਗ ਬੈਂਗ (ਵੱਡਾ ਧਮਾਕਾ) ਹੋਇਆ ਜਿਸ ਨਾਲ ਹਜ਼ਾਰਾਂ ਆਕਾਸ਼ ਗੰਗਾਵਾਂ ਹੋਂਦ ਵਿਚ ਆਈਆਂ ਅਤੇ ਅਰਬਾਂ ਸੂਰਜ ਤਾਰੇ ਗ੍ਰਹਿ ਪੈਦਾ ਹੋ ਗਏ। ਗੈਸਾਂ ਬਣੀਆਂ, ਗੈਸਾਂ ਤੋਂ ਪਾਣੀ ਬਣਿਆ। ਪਾਣੀ ਵਿਚੋਂ ਤਰਲ ਪਦਾਰਥ ਪਰੋਟੋ ਪਲਾਜ਼ਮਾ ਪੈਦਾ ਹੋਇਆ ਜਿਸ ਵਿਚੋਂ ਅੱਗੇ ਅਮੀਬਾ ਨੇ ਰੂਪ ਧਾਰਿਆ। ਇਉਂ ਅਰਬਾਂ ਸਾਲਾਂ ਵਿਚ ਅੱਗੇ-ਅੱਗੇ ਜੀਵਨ ਵਿਕਸਤ ਹੁੰਦਾ ਚਲਿਆ ਗਿਆ।

ਪਦਾਰਥ ਦੇ ਪੰਜ ਤੱਤ-ਜਲ, ਪਵਨ, ਧਰਤੀ, ਅਗਨੀ ਤੇ ਆਕਾਸ਼, ਸੰਯੁਕਤ ਹੋ ਕੇ ਜੀਵਨ ਲੀਲ੍ਹਾ ਦਾ ਮੁੱਢ ਬੰਨ੍ਹਦੇ ਹਨ ਅਤੇ ਮਰ ਜਾਣ ਪਿਛੋਂ ਇਹ ਪੰਜੇ ਤੱਤ ਵਿਖੰਡਤ ਹੋ ਕੇ, ਆਪਣੇ-ਆਪਣੇ ਤੱਤ ਵਿਚ ਜਾ ਰਲਦੇ ਹਨ। ਕਹਾਣੀ ਇਥੇ ਖਤਮ ਹੋ ਜਾਂਦੀ ਹੈ। ਕੋਈ ਨਰਕ ਜਾਂ ਸਵਰਗ ਨੂੰ ਨਹੀਂ ਜਾਂਦਾ। ਪਦਾਰਥ ਆਪਣੀ ਸ਼ਕਲ ਬਦਲ ਕੇ ਵੱਖ-ਵੱਖ ਰੂਪ ਧਾਰਦਾ ਰਹਿੰਦਾ ਹੈ। ਸਮੁੱਚੀ ਪ੍ਰਕਿਰਤੀ ਵਿਚ ਸਦਾ ਇਉਂ ਹੀ ਹੁੰਦਾ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਬਿੱਗ ਬੈਂਗ ਤੋਂ ਪਹਿਲਾਂ ਦੀ, ਘੁੱਪ ਹਨੇਰੇ ਪੁਲਾੜ ਦੀ ਸਥਿਤੀ ਕਿੰਨੇ ਸਚਿਆਰੇ ਢੰਗ ਨਾਲ ਵਿਗਿਆਨੀਆਂ ਵਾਂਗ ਬਿਆਨ ਕਰਦੇ ਹਨ,

ਅਰਬਦ ਨਰਬਦ ਧੁੰਧੂਕਾਰਾ॥
ਧਰਣਿ ਨਾ ਗਗਨ ਹੁਕਮੁ ਅਪਾਰਾ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜ
ਸੁੰਨ ਸਮਾਧਿ ਲਗਾਇਦਾ॥
ਖਾਣੀ ਨ ਬਾਣੀ ਪਉਣ ਨ ਪਾਣੀ॥
ਓਪਤਿ ਖਪਤਿ ਆਵਣ ਜਾਣੀ॥
ਖੰਡ ਪਤਾਲ ਸਪਤ ਨਹੀ ਸਾਗਰ
ਨਦੀ ਨ ਨੀਰੁ ਵਹਾਇਦਾ॥

ਅਧਿਆਤਮਵਾਦੀ ਲੋਕ ਮੰਨਦੇ ਹਨ ਕਿ ਰੱਬ ਨੇ ਛੇ ਦਿਨਾਂ ਵਿਚ ਦੁਨੀਆਂ ਬਣਾਈ ਅਤੇ ਸੱਤਵੇਂ ਦਿਨ ਥੱਕ ਕੇ ਆਰਾਮ ਕੀਤਾ। ਈਸਾਈ ਕਹਿੰਦੇ ਹਨ ਕਿ ਐਤਵਾਰ ਨੂੰ ਆਰਾਮ ਕੀਤਾ ਸੀ। ਮੁਸਲਮਾਨਾਂ ਮੁਤਾਬਕ ਸ਼ੁੱਕਰਵਾਰ (ਜੁੰਮੇ) ਵਾਲੇ ਦਿਨ ਆਰਾਮ ਕੀਤਾ ਸੀ ਅਤੇ ਯਹੂਦੀ ਕਹਿੰਦੇ ਹਨ ਕਿ ਸਨਿਚਰਵਾਰ ਵਾਲੇ ਦਿਨ ਆਰਾਮ ਕੀਤਾ ਸੀ। ਇਉਂ ਇਹ ਆਪਣੇ ਮੁਲਕਾਂ ਵਿਚ ਇਨ੍ਹਾਂ ਆਰਾਮ ਵਾਲੇ ਦਿਨਾਂ ਦੀਆਂ ਛੁੱਟੀਆਂ ਕਰਦੇ ਹਨ। ਜੇ ਭਲਾ ਰੱਬ ਸਰਬ ਸ਼ਕਤੀਮਾਨ ਹੈ, ਫਿਰ ਛੇ ਦਿਨਾਂ ਵਿਚ ਕਿਵੇਂ ਥੱਕ ਸਕਦਾ ਹੈ?

ਤੀਰਥਾਂ 'ਤੇ ਜਾ ਕੇ ਇਸ਼ਨਾਨ ਕਰਨ ਨਾਲ ਸਰੀਰ ਦੀ ਮੈਲ ਤਾਂ ਲਹਿ ਜਾਂਦੀ ਹੈ, ਪਰ ਮਨ ਨੂੰ ਕੋਈ ਲਾਭ ਨਹੀਂ ਹੁੰਦਾ, ਸਗੋਂ ਕਈ ਵਿਅਕਤੀਆਂ ਦੇ ਮਨ ਵਿਚ ਹੰਕਾਰ ਪੈਦਾ ਹੋ ਜਾਂਦਾ ਹੈ ਕਿ ਮੈਂ ਐਨੇ ਤੀਰਥਾਂ 'ਤੇ ਇਸ਼ਨਾਨ ਕਰ ਕੇ ਆਪਣੇ ਸਾਰੇ ਪਾਪ ਧੋ ਆਇਆ ਹਾਂ; ਜਦੋਂ ਕਿ ਮਨ ਦੀ ਮੈਲ ਤਾਂ ਗੁਰਬਾਣੀ ਉਤੇ ਅਮਲ ਕਰ ਕੇ ਹੀ ਲਾਹੀ ਜਾ ਸਕਦੀ ਹੈ, ਉਹ ਵੀ ਸੱਚੇ ਮਨ ਨਾਲ ਅਰਥ ਸਮਝ ਕੇ, ਕਿਉਂਕਿ ਗੁਰਬਾਣੀ ਦਾ ਫੁਰਮਾਨ ਹੈ, 'ਜਾ ਕਾ ਹਿਰਦਾ ਸੁਧ ਹੈ ਖੋਜ ਸਬਦ ਮੈ ਲੇਹ॥' ਅਤੇ 'ਸੀਸ ਨਿਵਾਈਐ ਕਿਆ ਥੀਐ ਜਿ ਰਿਦੈ ਕੁਸੁਧੇ ਜਾਹਿ॥'

ਸਾਡੇ ਮਨ ਵਿਚ ਦੇਵਤਾ ਤੇ ਸ਼ੈਤਾਨ, ਦੋਵੇਂ ਵਸਦੇ ਹਨ। ਜਦ ਬੰਦਾ ਕੋਈ ਕੰਮ ਕਰਨ ਬਾਰੇ ਸੋਚਦਾ ਹੈ ਤਾਂ ਦੇਵਤੇ ਵਾਲਾ ਪੱਖ ਸਾਕਾਰਾਤਮਕ ਰਾਇ ਦਿੰਦਾ ਹੈ ਕਿ ਇਹ ਕੰਮ ਤੇਰੇ ਲਈ ਚੰਗਾ ਨਹੀਂ, ਬੁਰੇ ਕੰਮ ਤੋਂ ਬਚ ਕੇ ਰਹਿ; ਪਰ ਝਟ ਹੀ ਨਾਕਾਰਾਤਮਕ ਪੱਖ ਵਾਲਾ ਸ਼ੈਤਾਨ ਕਹਿੰਦਾ ਹੈ ਕਿ ਪ੍ਰਵਾਹ ਨਾ ਕਰ, ਉਡਾ ਦੇ ਫੱਕੀ, ਇਹਨੇ ਤੇਰੇ ਚਾਚੇ ਦਾ ਕਤਲ ਕੀਤਾ ਸੀ, ਅੱਜ ਲੈ ਲੈ ਬਦਲਾ। ਜੇ ਮਨ ਦ੍ਰਿੜ੍ਹ ਵਿਸ਼ਵਾਸੀ ਹੋਵੇ ਤਾਂ ਦੇਵਤੇ ਵਾਲਾ ਪਾਸਾ ਭਾਰੀ ਹੋ ਜਾਂਦਾ ਹੈ ਅਤੇ ਬੁਰੇ ਕੰਮ ਕਰਨ ਤੋਂ ਬਚ ਜਾਂਦਾ ਹੈ, ਪਰ ਜੇ ਮਨ ਕਮਜ਼ੋਰ ਹੋਵੇ ਤਾਂ ਸ਼ੈਤਾਨ ਭਾਰੂ ਹੋ ਜਾਂਦਾ ਹੈ ਅਤੇ ਬੰਦਾ ਕਤਲ ਕਰਨ ਨੂੰ ਮਿੰਟ ਵੀ ਨਹੀਂ ਲਾਉਂਦਾ।

ਆਮ ਤੌਰ 'ਤੇ ਮਾੜੇ ਕੰਮ ਨਸ਼ੇ ਵਿਚ ਧੁੱਤ ਹੋ ਕੇ ਹੀ ਕੀਤੇ ਜਾਂਦੇ ਹਨ, ਕਿਉਂਕਿ ਨਸ਼ਾ ਬੰਦੇ ਦੇ ਦਿਮਾਗ ਨੂੰ ਸੁੰਨ ਕਰ ਕੇ ਉਸ ਦੀ ਸੋਚ ਸ਼ਕਤੀ ਖੁੰਢੀ ਕਰ ਦਿੰਦਾ ਹੈ ਅਤੇ ਥੋੜ੍ਹਾ ਬਹੁਤ ਪਾਗਲਪਣ ਭਾਰੂ ਕਰ ਦਿੰਦਾ ਹੈ। ਇਸ ਲਈ ਗੁਰਾਂ ਦਾ ਫੁਰਮਾਨ ਹੈ, ਬਾਬਾ ਹੋਰੁ ਖਾਣਾ ਖੁਸੀ ਖੁਆਰ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥

ਤ੍ਰਿਸ਼ਨਾਵਾਂ ਸਾਡੇ ਮਨ ਨੂੰ ਭਟਕਾਉਂਦੀਆਂ ਹਨ। ਜੇ ਮਨ ਵਿਚਲੇ ਪੰਜ ਵਿਕਾਰਾਂ-ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਉਤੇ ਪੂਰਾ ਕੰਟਰੋਲ ਰੱਖਿਆ ਜਾਵੇ ਤਾਂ ਪੂਰਾ ਜੀਵਨ ਸਾਕਾਰਾਤਮਕ ਢੰਗ ਨਾਲ ਪਵਿੱਤਰਤਾ ਵਿਚ ਬਿਤਾਇਆ ਜਾ ਸਕਦਾ ਹੈ। ਤਾਹੀਉਂ ਕਥਨ ਹੈ ਕਿ ਮਨ ਜੀਤੇ ਜਗ ਜੀਤ। ਮਨ ਤਾਂ ਅਨਮੋਲ ਮੋਤੀ ਹੈ, ਇਸ ਨੂੰ ਨਸ਼ਿਆਂ ਦੀ ਲਪੇਟ ਵਿਚ ਲਿਆ ਕੇ ਪੱਥਰ ਨਹੀਂ ਬਣਾਉਣਾ ਚਾਹੀਦਾ। ਮਨ ਨੂੰ ਸਚਿਆਰਾ ਰੱਖ ਕੇ ਅਸੀਂ ਸਾਰਾ ਜੀਵਨ ਅਨੰਦਮਈ ਢੰਗ ਨਾਲ ਬਿਤਾ ਸਕਦੇ ਹਾਂ।

ਖੇਤੋਂ ਮੁੜਦਿਆਂ ਕੋਈ ਮਨਮੁੱਖ ਬੰਦਾ ਉਚੀ ਉਚੀ ਹੇਕ ਲਾ ਕੇ ਗਾਉਂਦਾ ਆ ਰਿਹਾ ਸੀ, 'ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥' ਜਦੋਂ ਘਰ ਪਹੁੰਚਿਆ ਤਾਂ ਸਾਹਮਣੇ ਮੱਝ ਨੂੰ ਧੁੱਪੇ ਖੜ੍ਹੀ ਵੇਖ ਕੇ ਨੌਕਰ ਉਤੇ ਚੀਕ ਉਠਿਆ, "ਓਏ ਰਾਜੂ ਦਿਆ ਬੱਚਿਆ, ਉਲੂ ਦਿਆ ਪੱਠਿਆ! ਤੇਰੀਆਂ ਅੱਖਾਂ ਕਿ ਕੌਲ ਡੋਡੇ? ਤੈਨੂੰ ਧੁੱਪੇ ਖੜ੍ਹੀ ਮੱਝ ਨੀਂ ਦਿਸਦੀ? ਖੋਲ੍ਹ ਕੇ ਇਹਨੂੰ ਛਾਂਵੇਂ ਕਰ ਮਾਂ ਆਪਣੀ ਨੂੰ।" ਰਾਜੂ ਨੇ ਬੁੜ ਬੁੜ ਕਰਦਿਆਂ ਮੱਝ ਖੋਲ੍ਹ ਕੇ ਛਾਂਵੇਂ ਕਰ ਦਿੱਤੀ। ਜੇ ਇਸ ਬੰਦੇ ਨੇ ਬਾਣੀ ਦੇ ਅਰਥ ਸਮਝ ਕੇ, ਉਸ ਨੂੰ ਮਨ 'ਚ ਵਸਾਇਆ ਹੁੰਦਾ ਤਾਂ ਉਸ ਨੇ ਕਹਿਣਾ ਸੀ, "ਰਾਜੇ ਗੁਰਮੁੱਖ ਪਿਆਰਿਆ, ਮੱਝ ਨੂੰ ਧੁੱਪ ਆ ਗਈ ਏ। ਇਸ ਨੂੰ ਛਾਂਵੇਂ ਕਰ ਦੇ ਭਗਤਾ।" ਰਾਜੂ ਨੇ ਮੁਸਕਰਾਉਂਦਿਆਂ ਮੱਝ ਖੋਲ੍ਹ ਕੇ ਛਾਂਵੇਂ ਕਰ ਦੇਣੀ ਸੀ।

ਮਨ ਦੀ ਥਾਂ ਹੋਰ ਕਈ ਸ਼ਬਦ ਜਿਵੇਂ ਚਿੱਤ, ਰੂਹ, ਆਤਮਾ ਤੇ ਦਿਲ ਵੀ ਵਰਤ ਲਏ ਜਾਂਦੇ ਹਨ। ਜਿਵੇਂ 'ਦਿਲ ਦਰਿਆ ਸਮੁੰਦਰੋਂ ਡੂੰਘੇ ਕੌਣ ਦਿਲਾਂ ਦੀਆਂ ਜਾਣੇ।' ਇਥੇ ਮਨ ਦੀ ਥਾਂ ਦਿਲ ਵਰਤਿਆ ਗਿਆ ਹੈ, ਕਿਉਂਕਿ ਦਿਲ ਤਾਂ ਸਰੀਰ ਦਾ ਸਿਰਫ ਇਕ ਅੰਗ ਹੈ। ਮੇਰੀ ਉਥੇ ਜਾਣ ਨੂੰ ਰੂਹ ਨਹੀਂ ਕਰਦੀ ਜਾਂ ਚਿੱਤ ਨਹੀਂ ਕਰਦਾ, ਦਰਅਸਲ ਮਨ ਹਾਮੀ ਨਹੀਂ ਭਰ ਰਿਹਾ ਹੁੰਦਾ ਹੈ। ਉਹ ਦਿਲ ਦਾ ਬੜਾ ਪਾਪੀ ਐ, ਅਸਲ 'ਚ ਉਹ ਮਨ ਹਰਾਮੀ ਹੁਜਤਾਂ ਢੇਰ ਕਰਨ ਵਾਲਾ ਵਿਅਕਤੀ ਹੁੰਦਾ ਹੈ। ਉਹ ਸਦਾ 'ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥' ਵਾਂਗ ਬੇਈਮਾਨ ਹੁੰਦਾ ਹੈ।

'ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ॥'

ਉਪਰੋਕਤ ਅਨੁਸਾਰ ਜੋ ਵਿਅਕਤੀ ਪਰਮਾਤਮਾ ਅਤੇ ਮੌਤ ਨੂੰ ਸਦਾ ਯਾਦ ਰੱਖਦਾ ਹੈ; ਉਹ ਨਾ ਕਦੀ ਕੋਈ ਬੁਰਾ ਕੰਮ ਕਰ ਸਕਦਾ ਹੈ ਅਤੇ ਨਾ ਹੀ ਕਿਸੇ ਨੂੰ ਕੌੜੇ ਫਿੱਕੇ ਬੋਲ, ਬੋਲ ਸਕਦਾ ਹੈ; ਸਗੋਂ ਸਦਾ ਚੜ੍ਹਦੀ ਕਲਾ ਵਿਚ ਰਹਿ ਕੇ, ਅਨੰਦਮਈ ਸ਼ਾਂਤ ਚਿੱਤ ਜੀਵਨ ਬਤੀਤ ਕਰਦਾ ਹੋਇਆ, ਸਕੂਨ ਭਰਪੂਰ ਜੀਵਨ ਬਤੀਤ ਕਰ ਕੇ ਜਾਂਦਾ ਹੈ। ਉਂਜ ਵੀ ਸੂਝਵਤ ਸੁਜਾਨ ਵਿਅਕਤੀਆਂ ਦਾ ਸੁਹਿਰਦ ਕਥਨ ਹੈ ਕਿ ਹਰ ਇਕ ਦੇ ਮਨ ਵਿਚ ਪਰਮਾਤਮਾ ਵਸਦਾ ਹੈ; ਇਸ ਲਈ ਕਿਸੇ ਦੇ ਮਨ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ,

ਮਨ ਮੰਦਰ, ਮਨ ਮਸਜਿਦ,
ਮਨ ਹੀ ਗਿਰਜਾਘਰ ਹੈ।
ਵੇਖੀਂ ਕਿਸੇ ਦਾ ਮਨ ਨਾ ਤੋੜੀਂ,
ਇਹ ਪ੍ਰਭੂ ਦਾ ਘਰ ਹੈ।

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-5

# ਬੰਦਾ ਸਿੰਘ ਬਹਾਦਰ ਦਾ ਵਕਤ ਤੇ ਚੌਗਿਰਦਾ

ਮਨੁੱਖੀ ਮਨ ਅਤੇ ਵਰਤਾਰੇ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਆਲੇ-ਦੁਆਲੇ ਵਾਪਰਨ ਵਾਲੀਆਂ ਘਟਨਾਵਾਂ ਪ੍ਰਭਾਵਿਤ ਕਰਦੀਆਂ ਹਨ। ਮਨੁੱਖੀ ਚੇਤਨਾ ਅਤੇ ਉਸ ਦੇ ਕੀਤੇ ਕਰਮਾਂ 'ਤੇ ਚੌਗਿਰਦੇ ਦਾ ਅਸਰ ਜ਼ਰੂਰ ਹੁੰਦਾ ਹੈ ਅਤੇ ਉਸ ਤੋਂ ਲਾਂਭੇ ਹੋਣਾ ਮਨੁੱਖੀ ਮਨ ਲਈ ਅਸੰਭਵ ਹੈ। ਚੰਗੇ ਆਤਮ ਬਲ ਵਾਲਾ ਬੰਦਾ ਆਪਣੇ ਚੌਗਿਰਦੇ ਨੂੰ ਵੱਸ ਵਿਚ ਕਰ ਲੈਂਦਾ ਹੈ। ਉਸ ਦੇ ਕੰਮਾਂ ਤੇ ਉਦਮਾਂ ਵਿਚ ਯੁੱਗ ਪਲਟਾਊ ਇਨਕਲਾਬ ਦਿਸਦਾ ਹੈ। ਬੰਦਾ ਸਿੰਘ ਬਹਾਦਰ ਨੇ ਆਪਣੇ ਚੌਗਿਰਦੇ ਵਿਚ ਵੱਡੀਆਂ ਧਾਰਮਿਕ, ਸਮਾਜਕ ਅਤੇ ਸਿਆਸੀ

ਹਰਪਾਲ ਸਿੰਘ
ਫੋਨ: 916-236-8830

ਸ਼ਕਤੀਆਂ ਵਿਚ ਵਿਚਰਦੇ ਹੋਏ ਆਪਣੀ ਜੀਵਨ ਯਾਤਰਾ ਦੇ ਸੰਗਰਾਮ ਰਚੇ ਅਤੇ ਉਨ੍ਹਾਂ ਨੂੰ ਪ੍ਰਭਾਵਿਤ ਕੀਤਾ।

**ਬੰਦਾ ਸਿੰਘ ਬਹਾਦਰ ਅਤੇ ਧਾਰਮਿਕ ਵਰਤਾਰਾ:** ਪੁਜਾਰੀ, ਮੌਲਾਣਿਆਂ ਦੀ ਖ਼ੁਦਗਰਜ਼ੀ, ਲੋਕਾਂ ਦੀ ਬੇਪ੍ਰਵਾਹੀ, ਬੇਕਾਰ ਰਸਮਾਂ ਤੇ ਸ਼ਰਮਨਾਕ ਭਰਮਾਂ ਨੇ ਬੰਦਾ ਸਿੰਘ ਬਹਾਦਰ ਦੇ ਸਮੇਂ, ਸੱਚੇ ਧਰਮ ਦੇ ਜੜ੍ਹੀਂ ਤੇਲ ਦੇ ਰੱਖਿਆ ਸੀ। ਕਾਜ਼ੀ ਅਤੇ ਪੁਜਾਰੀ ਆਪਣੇ ਜ਼ਿੰਮੇ ਲੱਗੀ ਸੇਵਾ ਤੋਂ ਲਾਪ੍ਰਵਾਹ ਸਨ। ਬਹੁਤੇ ਲੋਕਾਂ ਦੇ ਜੀਵਨ ਵਿਚ ਸ਼ਰਮ ਅਤੇ ਧਰਮ ਨਾਂ ਦੀ ਕੋਈ ਚੀਜ਼ ਨਹੀਂ ਸੀ। ਸੰਸਾਰ ਵਿਚੋਂ ਸੱਚ ਇਕ ਤਰ੍ਹਾਂ ਲੋਪ ਹੋ ਗਿਆ ਸੀ, ਜਿਵੇਂ ਮੱਸਿਆ ਦੀ ਰਾਤ ਵਿਚੋਂ ਚੰਨ। ਆਮ ਲੋਕ ਧਰਮ ਦੇ ਫੋਕੇ ਰਸਮੋ ਰਿਵਾਜ਼ ਨੂੰ ਹੀ ਅਸਲ ਧਰਮ ਸਮਝਦੇ ਸਨ। ਆਮ ਲੋਕਾਂ ਦੇ ਖਿਆਲ ਵਿਚ ਉਸ ਸਮੇਂ ਹਿੰਦੂ ਧਰਮ ਕੀ ਸੀ ਭਲਾ? ਜੇ ਕਿਤੇ ਬੁੱਤ ਹਨ ਤਾਂ ਬੁੱਤ ਪੂਜੇ ਲਏ, ਗੰਗਾ ਅਤੇ ਹੋਰ ਤੀਰਥਾਂ 'ਤੇ ਇਸ਼ਨਾਨ ਕਰ ਲਿਆ। ਜਨਮ ਅਤੇ ਮੌਤ ਸਮੇਂ ਦੇ ਸੰਸਕਾਰ ਕਰ ਲਏ। ਮੱਥੇ ਟਿੱਕਾ ਲਾ ਲਿਆ, ਜਾਂ ਬ੍ਰਾਹਮਣਾਂ ਦਾ ਆਗਿਆ ਪਾਲਣ ਅਤੇ ਉਨ੍ਹਾਂ ਨੂੰ ਦਾਨ ਦੇਣ ਦਾ ਕੰਮ ਕਰ ਲਿਆ। ਕੇਵਲ ਪਾਂਧੇ ਅਤੇ ਪੰਡਿਤ ਹੀ ਵੇਦਾਂ ਦਾ ਉਚਾਰਨ ਕਰ ਸਕਦੇ ਸਨ ਪਰ ਪੈਸਾ ਹੀ ਉਨ੍ਹਾਂ ਦਾ ਪੇਸ਼ਾ ਹੋ ਗਿਆ ਸੀ। ਕਈਆਂ ਨੂੰ ਧਰਮ ਸ਼ਾਸਤਰ ਜ਼ਬਾਨੀ ਯਾਦ ਸਨ, ਪਰ ਅਮਲੀ ਜੀਵਨ ਵਿਚ ਉਹ ਧਰਮ ਸ਼ਾਸਤਰ ਦੀ ਸਿੱਖਿਆ ਦੇ ਵਿਪਰੀਤ ਚਲਦੇ ਸਨ। ਹਿੰਦੂ ਧਰਮ ਦੇ ਉਚ ਆਤਮਕ ਭਾਵ, ਭੇਖ ਤੇ ਦਿਖਾਵੇ ਦੇ ਹੇਠਾਂ ਦੱਬ ਚੁੱਕੇ ਸਨ। ਰਹਿਣ ਸਹਿਣ ਵਿਚ ਇੰਨੀ ਗੁਲਾਮੀ ਆ ਗਈ ਸੀ ਕਿ ਉਨ੍ਹਾਂ ਤੁਰਕਾਂ ਦਾ ਨੀਲਾ ਬਾਣਾ ਪਾ ਲਿਆ ਸੀ ਅਤੇ ਤੁਰਕਾਂ ਵਾਂਗ ਹੀ ਰਹਿਣਾ ਸ਼ੁਰੂ ਕਰ ਦਿੱਤਾ ਸੀ। ਸਮਾਜ ਦੇ ਦੱਬੇ ਕੁੱਚਲੇ ਲੋਕਾਂ ਨੂੰ ਜੂਠ ਬਣਾ ਦਿੱਤਾ ਗਿਆ। ਯੱਗ, ਕੁਰਬਾਨੀ, ਜਾਤੀ ਵੰਡ ਨੂੰ ਈਸ਼ਵਰੀ ਕ੍ਰਿਤ ਮੰਨਿਆ ਜਾਂਦਾ ਸੀ। ਸ਼ੂਦਰਾਂ ਨੂੰ ਬ੍ਰਹਮ ਗਿਆਨ ਦੀ ਪ੍ਰਾਪਤੀ ਦਾ ਅਧਿਕਾਰ ਨਹੀਂ ਸੀ।

ਇਸ ਦੇ ਨਾਲ ਹੀ ਮੁਸਲਮਾਨ ਹਕੂਮਤ ਦੇ ਨਸ਼ੇ ਵਿਚ ਬੜੇ ਹੀ ਤੰਗਦਿਲ ਤੇ ਤੁਅੱਸਬੀ ਹੋ ਗਏ ਸਨ। ਮੰਦਰਾਂ ਉਤੇ ਭੀ ਟੈਕਸ ਲਾਏ ਜਾਂਦੇ ਸਨ। ਮੈਕਾਲਿਫ ਨੇ ਇਕ ਮੁਸਲਿਮ ਲਿਖਾਰੀ ਦਾ ਹਵਾਲਾ ਦੇ ਕੇ ਅਲਾਉਦੀਨ ਬਾਰੇ ਲਿਖਿਆ ਹੈ ਕਿ ਇਕ ਵਾਰੀ ਉਸ ਨੇ ਆਪਣੇ ਕਾਜ਼ੀ ਨੂੰ ਪੁੱਛਿਆ ਕਿ ਹਿੰਦੂਆਂ ਵਾਸਤੇ ਸ਼ੱਰਾ ਕੀ ਹੁਕਮ ਕਰਦੀ ਹੈ? ਕਾਜ਼ੀ ਨੇ ਉਤਰ ਦਿੱਤਾ, "ਹਿੰਦੂ ਧਰਤੀ ਵਾਂਗ ਹਨ। ਜੇ ਉਨ੍ਹਾਂ ਤੋਂ ਚਾਂਦੀ ਮੰਗੀ ਜਾਵੇ ਤਾਂ ਉਨ੍ਹਾਂ ਨੂੰ ਬੜੀ ਨਿਮਰਤਾ ਨਾਲ ਸੋਨਾ ਭੇਟ ਕਰਨਾ ਚਾਹੀਦਾ ਹੈ। ਜੇ ਕੋਈ ਮੁਸਲਮਾਨ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹੇ ਤਾਂ ਹਿੰਦੂ ਨੂੰ ਝਟ-ਪਟ ਆਪਣਾ ਮੂੰਹ ਖੋਲ੍ਹ ਦੇਣਾ ਚਾਹੀਦਾ ਹੈ। ਰੱਬ ਨੇ ਹਿੰਦੂਆਂ ਨੂੰ ਮੁਸਲਮਾਨਾਂ ਵਾਸਤੇ ਪੈਦਾ ਕੀਤਾ ਹੈ। ਪੈਗੰਬਰ ਸਾਹਿਬ ਨੇ ਹੁਕਮ ਦਿੱਤਾ ਕਿ ਜੇ ਹਿੰਦੂ ਇਸਲਾਮ ਕਬੂਲ ਨਾ ਕਰਨ ਤਾਂ ਉਨ੍ਹਾਂ ਨੂੰ ਕੈਦ ਕਰੋ। ਤਸੀਹੇ ਦਿਉ ਤੇ ਅੰਤ ਨੂੰ ਕਤਲ ਕਰ ਦਿਉ।" ਮੁਸਲਮਾਨਾਂ ਵਿਚ ਧੱਕਾ ਤੇ ਹਿੱਕ ਦਾ ਜ਼ੋਰ ਪ੍ਰਬਲ ਸੀ। ਸਿੱਖਾਂ ਅਤੇ ਹਿੰਦੂਆਂ ਪਾਸੋਂ ਜੀਵਨ ਦੇ ਅਧਿਕਾਰ ਖੋਹ ਲਏ ਗਏ ਸਨ। ਹਿੰਦੂ ਮੁਸਲਮਾਨ ਦੋਨੋਂ ਆਪਣਾ ਧਰਮ ਗੁਆ ਕੇ ਸ਼ੈਤਾਨ ਦੇ ਵੱਸ ਹੋ ਚੁੱਕੇ ਸਨ।

ਬੇਦਿ ਕਤੇਬ ਭੁਲਾਇ ਕੈ,
ਮੋਹੇ ਲਾਲਚ ਦੁਨੀ ਸੈਤਾਵੇ।
(ਵਾਰ, ਭਾਈ ਗੁਰਦਾਸ)

ਫਰਾਂਸੀਸੀ ਲਿਖਾਰੀ ਰਿਸ਼ੀ ਅਨੁਸਾਰ, "ਉਹ ਆਪਣੇ ਆਪ ਨੂੰ ਮਨੁੱਖ ਕਹਿਲਾਉਣ ਦਾ ਹੱਕ ਵੀ ਗੁਆ ਚੁਕੇ ਸਨ। ਇਕ ਅਜਿਹੇ ਧਰਮ ਦੀ ਲੋੜ ਸੀ ਜਿਹੜਾ ਗਦਰ, ਅਥਵਾ ਇਨਕਲਾਬੀ ਪੈਦਾ ਕਰ ਦੇਵੇ; ਸਾਰੇ ਢਾਂਚੇ ਨੂੰ ਬਦਲ ਦੇਵੇ ਤੇ ਸਾਰੇ ਸਮਾਜ ਦੀ ਬਣਤਰ ਨੂੰ ਉਲਟਾ-ਪੁਲਟਾ ਕਰ ਦੇਵੇ।"

ਬਾਦਸ਼ਾਹ ਔਰੰਗਜ਼ੇਬ ਦੀ ਤੰਗਦਿਲੀ ਅਤੇ ਕੱਟੜ ਧਾਰਮਿਕ ਨੀਤੀ ਦੀ ਹਨ੍ਹੇਰੀ ਹਰ ਪਾਸੇ ਝੁੱਲ ਰਹੀ ਸੀ। ਗੁਰੂ ਤੇਗ ਬਹਾਦਰ ਜੀ ਦੀ ਕਸ਼ਮੀਰੀ ਪੰਡਤਾਂ ਦੇ ਧਰਮ ਦੀ ਰਾਖੀ ਲਈ ਦਿੱਤੀ ਸ਼ਹਾਦਤ ਦਾ ਖਾਸ ਅਸਰ ਹਿੰਦੂਆਂ ਅਤੇ ਸਿੱਖਾਂ ਉਪਰ ਪਿਆ। ਵਕਤ ਦੀ ਨਜ਼ਾਕਤ ਨੂੰ ਸਮਝਦੇ ਹੋਏ ਗੁਰੂ ਗੋਬਿੰਦ ਸਿੰਘ ਸਿੱਖ ਮਾਨਸਿਕਤਾ ਵਿਚ ਨਵੀਂ ਰੂਹ ਫੂਕਣ ਲਈ ਉਨ੍ਹਾਂ ਨੂੰ ਜਥੇਬੰਦ ਕਰ ਰਹੇ ਸਨ। ਖਾਲਸੇ ਦੀ ਸਿਰਜਣਾ ਦਾ ਵਿਚਾਰ ਉਨ੍ਹਾਂ ਦੇ ਮਨ ਵਿਚ ਪੁੰਗਰ ਰਿਹਾ ਸੀ।

**ਬੰਦਾ ਸਿੰਘ ਬਹਾਦਰ ਅਤੇ ਸਮਾਜਕ ਵਰਤਾਰਾ:** ਜਾਤ-ਪਾਤ ਤੇ ਵਰਣ ਆਸ਼ਰਮ ਦੇ ਆਧਾਰ 'ਤੇ ਸਮਾਜਕ ਵਿਤਕਰਿਆਂ ਦਾ ਬੋਲ-ਬਾਲਾ ਸੀ। ਧਾਰਮਿਕ ਆਧਾਰ 'ਤੇ ਸਮਾਜ ਦੋ ਧੜਿਆਂ ਵਿਚ ਵੰਡਿਆ ਹੋਇਆ ਸੀ। ਵੱਡਾ ਧੜਾ ਹਿੰਦੂ ਸਮਾਜ ਦਾ ਸੀ ਪਰ ਉਹ ਮੁਸਲਮਾਨਾਂ ਤੋਂ ਡਰਦੇ ਸਨ। ਹਿੰਦੂ ਨੂੰ ਦੇਖ ਕੇ ਮੁਸਲਮਾਨ ਚਿੜ ਜਾਂਦਾ ਸੀ। ਹਿੰਦੂ ਅਤੇ ਮੁਸਲਮਾਨ ਅੱਗਿਉਂ ਕਈ ਫਿਰਕਿਆਂ ਵਿਚ ਵੰਡੇ ਹੋਏ ਸਨ। ਬ੍ਰਾਹਮਣ ਮੌਲਵੀ ਤੋਂ ਡਰਦਾ ਸੀ ਪਰ ਸ਼ੂਦਰ ਦੇ ਸਾਹਮਣੇ ਜਾਬਰ ਦਾ ਰੂਪ ਧਾਰਨ ਕਰ ਲੈਂਦਾ ਸੀ। ਬ੍ਰਾਹਮਣ ਭਾਵੇਂ ਉਕਾ ਹੀ ਗੁਣ-ਹੀਣ ਤੇ ਪਾਪੀ ਹੋਵੇ ਤਾਂ ਵੀ ਉਸ ਦਾ ਆਦਰ ਕਰਨਾ ਜ਼ਰੂਰੀ ਸੀ ਤੇ ਸ਼ੂਦਰ ਭਾਵੇਂ ਕਿੱਡਾ ਹੀ ਪੁੰਨ-ਦਾਨੀ ਤੇ ਵਿਦਵਾਨ ਕਿਉਂ ਨਾ ਹੋਵੇ, ਉਸ ਦਾ ਆਦਰ ਕਦੀ ਨਹੀਂ ਸੀ ਕੀਤਾ ਜਾਂਦਾ। ਬ੍ਰਾਹਮਣ ਸ਼ੂਦਰ ਨੂੰ ਸਮਾਜ ਵਿਚ ਸਭ ਤੋਂ ਨੀਵੀਂ ਥਾਂ ਦਿੰਦਾ ਸੀ, ਇਥੋਂ ਤੱਕ ਕਿ ਚੰਡਾਲ ਦੇ ਕੁੱਤੇ ਨਾਲੋਂ ਵੀ ਭੈੜਾ ਸਲੂਕ ਹੁੰਦਾ ਸੀ। ਸ੍ਰੀ ਰਾਮ ਚੰਦਰ ਨੇ ਤਾਂ ਇਕ ਸ਼ੂਦਰ ਨੂੰ ਇਸ ਲਈ ਕਤਲ ਕਰ ਦਿੱਤਾ ਸੀ ਕਿ ਉਹ ਅਜਿਹੀ ਧਾਰਮਿਕ ਕਿਰਿਆ ਕਰ ਰਿਹਾ ਸੀ ਜਿਹੜੀ ਸ਼ੂਦਰਾਂ ਲਈ ਵਰਜਿਤ ਸੀ। ਹਿੰਦੂ, ਔਰਤ ਨੂੰ ਪੈਰ ਦੀ ਜੁੱਤੀ ਸਮਝਦਾ

*ਪੁਜਾਰੀ, ਮੌਲਾਣਿਆਂ ਦੀ ਖ਼ੁਦਗਰਜ਼ੀ, ਲੋਕਾਂ ਦੀ ਬੇਪ੍ਰਵਾਹੀ, ਬੇਕਾਰ ਰਸਮਾਂ ਤੇ ਸ਼ਰਮਨਾਕ ਭਰਮਾਂ ਨੇ ਬੰਦਾ ਸਿੰਘ ਬਹਾਦਰ ਦੇ ਸਮੇਂ, ਸੱਚੇ ਧਰਮ ਦੇ ਜੜ੍ਹੀਂ ਤੇਲ ਦੇ ਰੱਖਿਆ ਸੀ। ਕਾਜ਼ੀ ਅਤੇ ਪੁਜਾਰੀ ਆਪਣੇ ਜ਼ਿੰਮੇ ਲੱਗੀ ਸੇਵਾ ਤੋਂ ਲਾਪ੍ਰਵਾਹ ਸਨ। ਬਹੁਤੇ ਲੋਕਾਂ ਦੇ ਜੀਵਨ ਵਿਚ ਸ਼ਰਮ ਅਤੇ ਧਰਮ ਨਾਂ ਦੀ ਕੋਈ ਚੀਜ਼ ਨਹੀਂ ਸੀ। ਸੰਸਾਰ ਵਿਚੋਂ ਸੱਚ ਇਕ ਤਰ੍ਹਾਂ ਲੋਪ ਹੋ ਗਿਆ ਸੀ, ਜਿਵੇਂ ਮੱਸਿਆ ਦੀ ਰਾਤ ਵਿਚੋਂ ਚੰਨ। ਆਮ ਲੋਕ ਧਰਮ ਦੇ ਫੋਕੇ ਰਸਮੋ ਰਿਵਾਜ਼ ਨੂੰ ਹੀ ਅਸਲ ਧਰਮ ਸਮਝਦੇ ਸਨ।*

ਸੀ। ਆਮ ਲੋਕਾਂ ਦੀ ਗੱਲ ਛੱਡੋ, ਤੁਲਸੀ ਦਾਸ ਅਨੁਸਾਰ,

ਢੋਰ, ਗਵਾਰ, ਪਸ਼ੂ, ਸ਼ੂਦਰ, ਨਾਰੀ।
ਯੇ ਪਾਚੋਂ ਤਾੜਨ ਕੇ ਅਧਿਕਾਰੀ।

ਮੈਤਰਿਆ ਈ ਸਹਤਾ ਸਲੋਕ ਇਸਤਰੀ ਨੂੰ ਪਾਪ ਕਰਾਰ ਦਿੰਦਾ ਹੈ। ਸਤਪਤ ਬ੍ਰਾਹਮਣ ਗ੍ਰੰਥ ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਨੂੰ ਝੂਠ ਦਾ ਨਮੂਨਾ ਮੰਨਦਾ ਹੈ। ਮਨੂੰ ਸਿਮ੍ਰਤੀ ਮੁਤਾਬਕ ਪਤੀ ਦਾ ਆਪਣੀ ਪਤਨੀ 'ਤੇ ਪੂਰਾ ਅਧਿਕਾਰ ਹੈ, ਉਹ ਉਸ ਨੂੰ ਮਾਰ-ਪਿਟ ਸਕਦਾ ਹੈ। ਜੇ ਪਤਨੀ ਜ਼ਰਾ ਵੀ ਕੌੜੀ ਗੱਲ ਕਰੇ ਤਾਂ ਉਸ ਨੂੰ ਇਕ ਦਮ ਤਿਆਗ ਸਕਦਾ ਹੈ ਅਤੇ ਪਤਨੀ ਲਈ ਉਚਿਤ ਇਹੀ ਹੈ ਕਿ ਉਹ ਆਪਣੇ ਪਤੀ ਨੂੰ ਦੇਵਤਾ ਸਮਝ ਕੇ ਉਸ ਦੀ ਪੂਜਾ ਕਰੇ। ਇਸਤਰੀ ਨੂੰ ਜੰਞੂ ਪਾਉਣ ਅਤੇ ਵੈਦਿਕ ਸਾਹਿਤ ਪੜ੍ਹਨ ਤੋਂ ਰੋਕਿਆ ਗਿਆ ਹੈ। ਵਿਧਵਾ ਵਿਆਹ ਦੀ ਮਨਾਹੀ ਹੈ। ਸਤੀ ਦੀ ਰਸਮ ਆਮ ਪ੍ਰਚਲਤ ਸੀ।

ਉਚੀਆਂ ਜਾਤਾਂ ਵਿਚ ਲੜਕੀਆਂ ਦੇ ਬਾਲ ਵਿਆਹ ਦਾ ਰਿਵਾਜ਼ ਭਾਈਚਾਰਕ ਰੁਤਬੇ ਦੇ ਉਚੇ ਹੋਣ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ। ਮਨੂੰ ਸਿਮ੍ਰਤੀ ਇਹ ਨੀਯਤ ਕਰਦੀ ਹੈ ਕਿ 30 ਸਾਲ ਦੀ ਉਮਰ ਦਾ ਆਦਮੀ 12 ਸਾਲਾਂ ਦੀ ਕੰਵਾਰੀ ਨਾਲ ਅਤੇ 24 ਸਾਲ ਦਾ ਆਦਮੀ 8 ਸਾਲ ਦੀ ਲੜਕੀ ਨਾਲ ਸ਼ਾਦੀ ਕਰੇ। ਬਾਲ ਹੱਤਿਆ ਦਾ ਭੈੜਾ ਰਿਵਾਜ਼ ਉਸ ਸਮੇਂ ਪ੍ਰਚੱਲਤ ਸੀ। ਧਾਰਮਿਕ ਗ੍ਰੰਥ ਲੜਕੀਆਂ ਦੀ ਪੈਦਾਇਸ਼ ਬਾਰੇ ਅਫ਼ਸੋਸ ਜ਼ਾਹਿਰ ਕਰਦੇ ਸਨ। ਲੜਕੀਆਂ ਨੂੰ ਬਿਪਤਾ ਦਾ ਵਸੀਲਾ ਸਮਝਿਆ ਜਾਂਦਾ ਸੀ। ਮਨੂੰ ਦੇ ਕਾਨੂੰਨ ਨੇ ਬ੍ਰਾਹਮਣਾਂ, ਖ਼ਤਰੀਆਂ ਤੇ ਵੈਸ਼ਾਂ ਨੂੰ ਸ਼ੂਦਰਾਂ ਦੀਆਂ ਇਸਤਰੀਆਂ ਅਪਨਾਉਣ ਦੀ ਖੁੱਲ੍ਹ ਦਿੱਤੀ।

ਹਿੰਦੂ ਸਮਾਜ ਦਾ ਪ੍ਰਭਾਵ ਮੁਸਲਿਮ ਸਮਾਜ 'ਤੇ ਜਲਦੀ ਹੀ ਹਾਵੀ ਹੋ ਗਿਆ। ਮੁਸਲਿਮ ਸਮਾਜ ਵਿਚ ਜਨਾਨੀਆਂ ਦਾ ਹਾਲ ਸ਼ੂਦਰਾਂ ਨਾਲੋਂ ਕੋਈ ਬਹੁਤਾ ਚੰਗਾ ਨਹੀਂ ਸੀ। ਉਨ੍ਹਾਂ ਨੇ ਆਪਣੀਆਂ ਜਨਾਨੀਆਂ ਨੂੰ ਘਰਾਂ ਦੀ ਚਾਰ-ਦਿਵਾਰੀ ਵਿਚ ਡੱਕ ਛੱਡਿਆ ਸੀ। ਚਾਰ ਚਾਰ ਸ਼ਾਦੀਆਂ ਕਰਨ ਦਾ ਰਿਵਾਜ਼ ਆਮ ਸੀ। ਬੁਰਕੇ ਦੀ ਪਾਲਣਾ ਸਖ਼ਤੀ ਨਾਲ ਕੀਤੀ ਜਾਂਦੀ ਸੀ। ਘਰ ਵਿਚ ਲੜਕੀ ਦਾ ਜਨਮ ਭੈੜੀ ਕਿਸਮਤ ਦਾ ਚਿੰਨ੍ਹ ਸੀ। ਉਹ ਸਵਰਗ ਵਿਚ ਨਹੀਂ ਜਾ ਸਕਦੀਆਂ ਸਨ ਅਤੇ ਨਾ ਹੀ ਮੁਕਤੀ ਪ੍ਰਾਪਤ ਕਰ ਸਕਦੀਆਂ ਸਨ। ਮਾਪੇ ਨਿੱਕੀਆਂ ਬੱਚੀਆਂ ਨੂੰ ਹੀ ਮਰ ਦਿੰਦੇ ਸਨ। ਵੱਡਿਆਂ ਲੋਕਾਂ ਵਿਚ ਔਰਤਾਂ ਨੂੰ ਹਰਮ ਵਿਚ ਰੱਖਣ ਦਾ ਰਿਵਾਜ਼ ਸੀ। ਮੁਗਲ ਦਰਬਾਰ ਵਿਚ ਔਰਤ ਨੂੰ ਨਿਰਵਸਤਰ ਕਰ ਕੇ ਨਚਾਇਆ ਜਾਂਦਾ ਸੀ। ਮਸਜਿਦ ਵਿਚ ਔਰਤ ਦਾ ਜਾਣਾ ਮਨ੍ਹਾ ਸੀ। ਇਸਲਾਮ ਅੰਦਰੂਨੀ ਸੰਪਰਦਾਇਕ ਈਰਖਾ ਕਾਰਨ ਕਈ ਫਿਰਕਿਆਂ ਵਿਚ ਵੰਡਿਆ ਹੋਇਆ ਸੀ।

**ਬੰਦਾ ਸਿੰਘ ਬਹਾਦਰ ਦੇ ਸਮੇਂ ਦਾ ਸਿਆਸੀ ਵਰਤਾਰਾ**: ਮੁਗਲਾਂ ਸਮੇਂ ਭਾਰਤ ਦੇ ਹਰ ਕੋਨੇ ਵਿਚ ਪਾਪ, ਜ਼ੁਲਮ ਅਤੇ ਐਸ਼ੋ-ਇਸ਼ਰਤ ਦਾ ਬੋਲ ਬਾਲਾ ਸੀ। ਰਾਜ ਕਰਨ ਵਾਲੇ ਕਸਾਈ ਸਨ ਅਤੇ ਉਨ੍ਹਾਂ ਦੇ ਹੱਥ ਗਰੀਬਾਂ ਦੇ ਖੂਨ ਨਾਲ ਰੰਗੇ ਹੋਏ ਸਨ। ਸੱਯਦ ਮੁਹੰਮਦ ਲਤੀਫ਼ ਆਪਣੀ ਪੁਸਤਕ 'ਹਿਸਟਰੀ ਆਫ ਪੰਜਾਬ' ਵਿਚ ਉਸ ਵੇਲੇ ਦੇ ਰਾਜਸੀ ਹਾਲਾਤ ਦਾ ਵਰਣਨ ਕਰਦਿਆਂ ਲਿਖਦਾ ਹੈ, ਰਿਸ਼ਵਤ, ਕਮੀਨਗੀ ਤੇ ਧੋਖਾਬਾਜ਼ੀ ਦੇਸ਼ ਵਿਚ ਆਮ ਪ੍ਰਚਲਤ ਸੀ। ਸਾਰੇ ਦੇਸ਼ ਦੇ ਕੋਨੇ ਕੋਨੇ ਵਿਚ ਬਦਇੰਤਜ਼ਾਮੀ ਅਤੇ ਬੇਚੈਨੀ ਸੀ। ਮੁਲਕ ਬਰਬਾਦ ਹੋ ਚੁੱਕਾ ਸੀ ਤੇ ਪਾਪ, ਅਧਰਮ, ਜਬਰ, ਫਜ਼ੂਲ ਖਰਚੀ ਆਦਿ ਨੇ ਦੇਸ਼ ਨੂੰ ਕਲੰਕਤ ਕੀਤਾ ਹੋਇਆ ਸੀ। ਲੜਾਈ ਝਗੜੇ ਖਈ ਰੋਗ ਵਾਂਗ ਪੈਰ ਜਮਾ ਬੈਠੇ ਸਨ ਤੇ ਬੁਰਛਾਗਰਦੀ ਹਰ ਥਾਂ ਉਭਰ ਰਹੀ ਸੀ। ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਸੱਚ ਉਸ ਸਮੇਂ ਦੀ ਰਾਜਸੀ ਦਸ਼ਾ ਦੀ ਸਹੀ ਤਸਵੀਰ ਸੀ,

ਕਲਿ ਕਾਤੀ ਰਾਜੇ ਕਾਸਾਈ
ਧਰਮ ਪੰਖ ਕਰ ਉਡਰਿਆ॥
ਕੂੜ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥

ਹਿੰਦੂਆਂ ਦੇ ਹੱਥਾਂ ਵਿਚ ਸਿਆਸੀ ਸ਼ਕਤੀ ਨਾ ਬਰਾਬਰ ਸੀ। ਕਸ਼ਤਰੀ ਜਿਨ੍ਹਾਂ ਦਾ ਕੰਮ ਧਰਮ ਦੀ ਰੱਖਿਆ ਕਰਨਾ ਸੀ, ਨਿਪੁੰਸਕ ਹੋ ਚੁੱਕੇ ਸਨ। ਅਲਬਰੂਨੀ ਲਿਖਦਾ ਹੈ ਕਿ ਜਿੱਥੋਂ ਦੀ ਤੁਰਕ ਲੰਘ ਜਾਂਦੇ ਸਨ, ਉਥੇ ਉਜਾੜਾ ਹੀ ਉਜਾੜਾ ਦਿਸਦਾ ਸੀ। ਸਭ ਤੋਂ ਦੁੱਖ ਵਾਲੀ ਗੱਲ ਇਹ ਸੀ ਕਿ ਰਾਜਪੂਤ ਤੁਰਕ, ਹਾਕਮਾਂ ਨਾਲ ਢੁਕਵੇਂ ਸਮੇਂ ਵੀ ਦੋ ਦੋ ਹੱਥ ਨਾ ਕਰ ਸਕੇ। ਉਨ੍ਹਾਂ ਦੇ ਚਰਿੱਤਰ ਵਿਚ ਅਣਖ, ਆਜ਼ਾਦੀ ਤੇ ਲੜ ਮਰਨ ਦੇ ਵੱਡਮੁੱਲੇ ਗੁਣ ਲੋਪ ਹੋ ਚੁੱਕੇ ਸਨ। ਉਹ ਧਾਰਮਿਕ ਜਾਂ ਕੌਮੀ ਆਜ਼ਾਦੀ ਨਾਲੋਂ ਆਪਣੇ ਜਗੀਰੂ ਹਿੱਤਾਂ ਨੂੰ ਤਰਜੀਹ ਦਿੰਦੇ ਸਨ। ਰਾਜਪੂਤ, ਮੁਗਲਾਂ ਦੇ ਰਾਜ ਪ੍ਰਬੰਧ ਅਤੇ ਫੌਜ ਦੇ ਥੰਮ੍ਹ ਬਣ ਗਏ ਸਨ।

**ਬੰਦਾ ਕੌਣ ਸੀ?:** ਬੰਦੇ ਦਾ ਬਚਪਨ ਅਤੇ ਜਵਾਨੀ ਉਪਰ ਲਿਖੀਆਂ ਸਮਾਜਕ, ਧਾਰਮਿਕ ਤੇ ਰਾਜਨੀਤਕ ਕਦਰਾਂ-ਕੀਮਤਾਂ ਵਿਚ ਦੀ ਗੁਜ਼ਰਿਆ। ਛੋਟੀ ਜਾਤੀ ਦਾ ਹੋਣ ਕਾਰਨ ਉਸ ਦਾ ਹਿੰਦੂ ਅਤੇ ਮੁਸਲਮਾਨ ਸਮਾਜ ਵਿਚ ਦਾਖਲਾ ਨਾ-ਮੁਮਕਿਨ ਸੀ। ਉਸ ਦੇ ਸਾਹਮਣੇ ਉਸ ਵੇਲੇ ਦੇ ਸਿੱਖ ਸਮਾਜ ਦੀ ਸਪਸ਼ਟ ਤਸਵੀਰ ਸੀ ਜਿਸ ਨੇ ਜਾਤ-ਪਾਤੀ ਸਮਾਜ ਦੇ ਘੇਰੇ ਤੋਂ ਬਾਹਰ ਇਕ ਐਸੇ ਸਮਾਜ ਦੀ ਸਥਾਪਨਾ ਕੀਤੀ ਸੀ ਜਿਸ ਵਿਚ ਜੀਵਨ ਦਾ ਮਨੋਰਥ ਜੀਵਨ ਤੋਂ ਛੁਟਕਾਰਾ ਹਾਸਲ ਕਰਨ ਦਾ ਨਹੀਂ, ਸਗੋਂ ਨਿਸ਼ਾਨਾ ਆਤਮਿਕ ਤੇ ਨੈਤਿਕ ਜੀਵਨ ਦੀ ਪ੍ਰਾਪਤੀ ਹੈ। ਸਿੱਖ ਗੁਰੂਆਂ ਨੇ ਧਰਮ ਦੇ ਪੁਰਾਤਨ ਵਿਚਾਰ ਨੂੰ ਨਕਾਰਦੇ ਹੋਏ ਧਰਮ ਨੂੰ ਇਨਕਲਾਬੀ ਅਰਥ ਦਿੱਤੇ ਅਤੇ ਇਸ ਨੂੰ ਮਨੁੱਖੀ ਅਧਿਕਾਰਾਂ ਦੇ ਰਾਹ ਪਾ ਦਿੱਤਾ। ਸਿੱਖ ਧਰਮ ਦਾ ਅਰਥ ਰੱਬ ਦੀ ਰਜ਼ਾ ਵਿਚ ਰਹਿੰਦੇ ਹੋਏ ਧਰਤੀ ਉਤੇ ਰੱਬ ਦਾ ਰਾਜ ਕਾਇਮ ਕਰਨਾ ਹੈ। ਦਯਾਲੂ ਅਤੇ ਨਿਆਂ ਪੂਰਨ ਸਮਾਜ ਦੀ ਸਥਾਪਨਾ, ਜਾਤ-ਪਾਤ, ਵਰਣ ਆਸ਼ਰਮ ਸਿਆਸੀ ਤੇ ਸਮਾਜਕ



ਨਾ-ਬਰਾਬਰੀ ਦਾ ਮੁਕਾਬਲਾ ਕਰ ਕੇ ਗਰੀਬਾਂ ਅਤੇ ਦਬੇ ਕੁਚਲਿਆਂ ਨੂੰ ਰਾਜਸੀ ਤਾਕਤ ਦੇਣਾ ਹੈ। ਨਿਸ਼ਾਨਾ ਨਿੱਜਵਾਦੀ ਮੁਕਤੀ ਦਾ ਨਹੀਂ, ਸਗੋਂ ਰੱਬ ਦੀ ਰਜ਼ਾ ਨਾਲ ਇਕ ਸੁਰ ਹੋਈ ਸਰਗਰਮ ਜ਼ਿੰਦਗੀ ਬਿਤਾਉਣਾ ਹੈ। ਸਿੱਖੀ ਅਨੁਸਾਰ ਸੱਚਾ ਧਰਮ ਤੇ ਨੈਤਿਕਤਾ, ਅਨਿਆਂ ਭਰੇ ਸਮਾਜੀ ਤੇ ਸਿਆਸੀ ਪ੍ਰਬੰਧ ਵੱਲੋਂ ਅੱਖਾਂ ਮੀਟ ਨਹੀਂ ਸਕਦੇ ਅਤੇ ਨਾ ਹੀ ਰੂਹਾਨੀ ਮੁਕਤੀ ਧਾਰਮਿਕ ਜਬਰ ਤੇ ਸਿਆਸੀ ਗੁਲਾਮੀ ਦੀ ਛਤਰ ਛਾਇਆ ਹੇਠ ਮਿਲ ਸਕਦੀ ਹੈ।

ਸਿੱਖ ਗੁਰੂ ਸਾਹਿਬਾਨ ਇਸ ਨੂੰ ਨਾ ਹੀ ਧਰਮ ਅਤੇ ਨਾ ਹੀ ਇਖ਼ਲਾਕ ਸਮਝਦੇ ਸਨ ਕਿ ਮੋਖ ਪ੍ਰਾਪਤੀ ਕਰਨ ਦੀ ਧੁਨ ਵਿਚ ਮਸਤ ਰਿਹਾ ਜਾਵੇ। ਜਨਤਾ ਦਾ ਵੱਡਾ ਹਿੱਸਾ ਅਪਮਾਨ, ਜ਼ਿੱਲਤ ਤੇ ਰੁਸਵਾਈ ਦਾ ਸ਼ਿਕਾਰ ਹੋ ਰਿਹਾ ਸੀ। ਸਿੱਖ ਗੁਰੂਆਂ ਨੇ ਮਨੁੱਖ ਤੇ ਸਮਾਜ, ਦੋਹਾਂ ਵਿਚ ਪੂਰਨ ਆਜ਼ਾਦੀ ਦੀ ਤਬਦੀਲੀ ਲਿਆਉਣ ਦੇ ਨਾਲ ਨਾਲ ਅਨਿਆਂ ਭਰੇ ਸਮਾਜ ਤੇ ਸਿਆਸੀ ਪ੍ਰਬੰਧ ਨੂੰ ਖ਼ਤਮ ਕਰਨ ਦਾ ਵੀ ਹੋਕਾ ਦਿੱਤਾ। ਆਮ ਜਨਤਾ ਦੇ ਹੱਥ ਵਿਚ ਸਿਆਸੀ ਤਾਕਤ ਦੇਣਾ ਸਿੱਖ ਪੰਥ ਦਾ ਅਸਲੀ ਨਿਸ਼ਾਨਾ ਹੈ। ਕਨਿੰਘਮ ਅਨੁਸਾਰ, "ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਦੇ ਦਿਲ ਵਿਚ ਇਹ ਖਿਆਲ ਪੱਕੇ ਤੌਰ 'ਤੇ ਘਰ ਕਰ ਗਿਆ ਕਿ ਲਤਾੜੇ ਤੇ ਮੁਰਦੇ ਹੋਏ ਲੋਕਾਂ ਨੂੰ ਨਵੀਂ ਤੇ ਉਤਸ਼ਾਹ ਦੇਣ ਵਾਲੀ ਕੌਮ ਦੀ ਲੋੜ ਹੈ।" ਗਾਰਡਨ ਅਨੁਸਾਰ, "ਆਮ ਹਿੰਦੂ ਜਨਤਾ ਦੀ ਭੈੜੀ ਦਸ਼ਾ, ਧਰਮ ਪਿੱਛੇ ਫਜ਼ੂਲ ਝਗੜੇ, ਔਰੰਗਜ਼ੇਬ ਦੇ ਮਜ਼੍ਹਬੀ ਜ਼ੁਲਮ, ਠੱਗੀ, ਧੋਖੇ, ਵਹਿਮ, ਭਰਮ ਤੇ ਅਨਜਾਣਪੁਣੇ ਨੇ ਗੁਰੂ ਜੀ ਨੂੰ ਯਕੀਨ ਦਿਵਾ ਦਿੱਤਾ ਸੀ ਕਿ ਸਮਾਂ ਆ ਗਿਆ ਹੈ ਕਿ ਕੋਈ ਇਸ ਅਧੋਗਤੀ ਨੂੰ ਰੋਕਣ ਦਾ ਬਾਨ੍ਹਣੂ ਬੰਨ੍ਹੇ। ਸੰਕਿਆਂ ਤੇ ਵਹਿਮਾਂ ਨੂੰ ਤੋੜ ਕੇ ਗੁਰੂ ਜੀ ਨੇ ਐਸੀ ਕੌਮ ਦੀ ਸਿਰਜਣਾ ਕੀਤੀ ਜਿਸ ਨੂੰ ਸ਼ੁਧ ਰੂਪ ਵਿਚ ਖਾਲਸਾ ਕਿਹਾ ਗਿਆ,

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹਉ ਕਰਉ ਨਿਵਾਸ॥
ਖਾਲਸਾ ਮੇਰੋ ਪਿੰਡ ਪਰਾਨ॥
ਖਾਲਸਾ ਮੇਰੀ ਜਾਨ ਕੀ ਜਾਨ॥
ਅਤੇ

**ਇਤਿਹਾਸ ਦੇ ਝਰੋਖੇ 'ਚੋਂ**

ਖਾਲਸਾ ਸੋਇ ਜੋ ਨਿੰਦਾ ਤਿਆਗੈ॥
ਖਾਲਸਾ ਸੋਇ ਲੜੈ ਹੋਇ ਆਗੈ॥
ਅਤੇ
ਸਿੱਖ ਬਨੈ ਜਬ ਖੋਏ ਭਰਮ॥
ਸਿੱਖ ਬਸਨ ਕੈ ਕਠਨ ਸੁ ਕਰਮ॥
ਅਤੇ
ਖਾਲਸਾ ਸੋਇ ਪੰਚ ਕਉ ਮਾਰੈ॥
ਖਾਲਸਾ ਸੋਇ ਭਰਮ ਕੋ ਸਾੜੈ॥
ਖਾਲਸਾ ਸੋਇ ਮਾਨ ਜੋ ਤਿਆਗੈ॥
ਖਾਲਸਾ ਸੋਇ ਪਰਕ੍ਰਿਆ ਤੇ ਭਾਗੈ॥
ਅਤੇ
ਪਾਂਚ ਕੀ ਕਸੰਗਤ ਤਜਿ ਸੰਗਤਿ
ਸੋ ਪ੍ਰੀਤਿ ਕਰੇ।
ਦਾਨਾ ਔਰ ਧਰਮ ਧਾਰ
ਤਿਆਗ ਸਭ ਲਾਲਸਾ।
(ਸ੍ਰੀ ਗੁਰ ਸੋਭਾ, ਸਫਾ 24)

ਜਾਤ-ਪਾਤ ਮੰਨਣ ਵਾਲੇ ਕਿਸੇ ਵੀ ਬੰਦੇ ਨੂੰ ਖਾਲਸੇ ਵਿਚ ਥਾਂ ਨਹੀਂ। ਸਾਰੀਆਂ ਜਾਤਾਂ ਨੂੰ ਬਰਾਬਰੀ ਦਾ ਦਰਜਾ ਦਿੱਤਾ ਗਿਆ ਸੀ। ਜਿਹੜੇ ਵੇਦਾਂ ਦੀਆਂ ਜਾਤ-ਪਾਤ ਦੀਆਂ ਪਾਈਆਂ ਰੋਕਾਂ ਤੋਂ ਨਹੀਂ ਡਰਦੇ, ਕੇਵਲ ਉਹ ਹੀ ਖਾਲਸੇ ਵਿਚ ਪ੍ਰਵੇਸ਼ ਕਰ ਸਕਦੇ ਸਨ। ਗੁਰੂ ਜੀ ਨੇ ਜੋ ਪੰਜ ਪਿਆਰੇ ਚੁਣੇ, ਉਨ੍ਹਾਂ ਵਿਚ ਇਕ ਜੱਟ, ਇਕ ਛੀਂਬਾ, ਇਕ ਨਾਈ, ਇਕ ਝਿਊਰ ਤੇ ਇਕ ਤਰਖਾਣ ਸੀ। ਅੰਮ੍ਰਿਤ ਛਕਾਉਣ ਵੇਲੇ ਗੁਰੂ ਜੀ ਨੇ ਜੋ ਭਾਸ਼ਣ ਦਿੱਤਾ ਸੀ, ਉਸ ਦੀ ਇਕ ਰਿਪੋਰਟ ਸੂਹੀਆਂ ਦੁਆਰਾ ਬਾਦਸ਼ਾਹ ਨੂੰ ਭੇਜੀ ਗਈ। ਇਸ ਰਿਪੋਰਟ ਉਤੇ 1756 (1699 ਵਿਸਾਖ ਦੀ ਪਹਿਲੀ ਤਾਰੀਖ) ਪਈ ਹੋਈ ਹੈ। ਇਸ ਰਿਪੋਰਟ ਵਿਚ ਗੁਰੂ ਸਾਹਿਬ ਦੀਆਂ ਦਿੱਤੀਆਂ ਹਦਾਇਤਾਂ ਦਾ ਸਾਰ ਅੰਸ਼ ਇਹ ਸੀ: "ਸਾਰੇ ਇਕ ਮੱਤ ਧਾਰਨ ਕਰੋ ਅਤੇ (ਪੁਰਾਣੇ) ਧਰਮਾਂ ਦੇ ਭੇਦਾਂ ਨੂੰ ਖ਼ਤਮ ਕਰੋ। ਹਿੰਦੂਆਂ ਦੀਆਂ ਚਾਰੇ ਜਾਤਾਂ ਆਪਣੇ ਵੱਖਰੇ ਵੱਖਰੇ ਨੇਮ ਛੱਡ ਦੇਣ। ਪੂਜਾ ਦਾ ਇਕੋ ਰੂਪ ਅਖ਼ਤਿਆਰ ਕਰੋ ਤੇ ਇਕ ਦੂਜੇ ਦੇ ਭਰਾ ਬਣੋ। ਕੋਈ ਵੀ ਆਪਣੇ ਆਪ ਨੂੰ ਦੂਜਿਆਂ ਤੋਂ (ਰੁਤਬੇ) ਵਿਚ ਉਚਾ ਨਾ ਸਮਝੇ। ਚਾਰੇ ਜਾਤਾਂ ਦੇ ਇਨਸਾਨ ਮੇਰੇ ਕੋਲੋਂ ਅੰਮ੍ਰਿਤ ਛਕਣ, ਇਕ ਥਾਂ ਭੋਜਨ ਛਕਣ ਅਤੇ ਇਕ ਦੂਜੇ ਵਾਸਤੇ ਘਿਰਣਾ ਜਾਂ ਨਿਰਾਦਰੀ ਦੀ ਭਾਵਨਾ ਨਾ ਰੱਖਣ।" (ਮੈਕਾਲਿਫ ਜਿਲਦ 5, ਸਫਾ 93-94)

ਇਤਿਹਾਸਕ ਪੰਨਿਆਂ ਵਿਚ ਬੰਦਾ ਸਿੰਘ ਬਹਾਦਰ ਦਾ ਜੀਵਨ ਲੰਬੇ ਸਮੇਂ ਤੱਕ ਪ੍ਰਛਾਵਾਂ ਬਣ ਕੇ ਵਿਚਰਦਾ ਰਿਹਾ ਹੈ। ਉਸ ਦੇ ਜੀਵਨ ਦੇ ਮੁੱਢਲੇ ਸਾਲਾਂ ਬਾਰੇ ਕੋਈ ਅਰਥ ਭਰਪੂਰ ਜਾਣਕਾਰੀ ਨਹੀਂ ਮਿਲਦੀ। ਲਿਖਾਰੀਆਂ ਦੀਆਂ ਲਿਖਤਾਂ ਆਪਾ ਵਿਰੋਧੀ ਅਤੇ ਇਕ ਪਾਸੜ ਹਨ ਜਿਨ੍ਹਾਂ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਕਿਸੇ ਨੇ ਉਸ ਨੂੰ ਬੈਰਾਗੀ ਸਾਧੂ, ਕਿਸੇ ਨੇ ਜਾਦੂਗਰ, ਕਿਸੇ ਨੇ ਤਾਂਤਰਿਕ ਅਤੇ ਕਿਸੇ ਨੇ ਉਸ ਨੂੰ ਬੰਦਈ ਖਾਲਸੇ ਦਾ ਮੋਢੀ ਕਿਹਾ ਹੈ। ਉਸ ਦੇ ਪੁਰਖਿਆਂ ਬਾਰੇ ਵੀ ਕੋਈ ਪ੍ਰਮਾਣਿਕ ਜਾਣਕਾਰੀ ਨਹੀਂ ਮਿਲਦੀ। ਕੋਈ ਉਸ ਨੂੰ ਜਨਮ ਤੋਂ ਬ੍ਰਾਹਮਣ, ਕੋਈ ਰਾਜਪੂਤ ਤੇ ਕੋਈ ਖੱਤਰੀ ਵੰਸ਼ ਵਿਚੋਂ ਮੰਨਦਾ ਹੈ। ਉਸ ਦੇ ਪਰਿਵਾਰਕ ਪਿਛੋਕੜ ਦੀ ਜਾਣਕਾਰੀ ਤਰਕ ਸੰਗਤ ਹੋਣੀ ਚਾਹੀਦੀ ਹੈ। ਉਸ ਦਾ ਆਪਣਾ ਸੁਭਾਅ, ਚਰਿੱਤਰ ਅਤੇ ਵਰਤੋਂ ਵਿਹਾਰ ਅਤੇ ਜੀਵਨ ਦੀਆਂ ਸਾਰੀਆਂ ਕਾਰਵਾਈਆਂ ਹੀ ਫੈਸਲਾ ਕਰਦੀਆਂ ਹਨ ਕਿ ਉਹ ਕੌਣ ਸੀ।

(ਚਲਦਾ)

# ਨਿੱਕੀ ਕੁੜੀ ਦੀ ਡਾਇਰੀ ਦਾ ਪੰਨਾ

2006 ਵਿਚ ਸ਼ਿਕਾਗੋ ਦੀ ਇਕ ਲਾਇਬਰੇਰੀ ਵਿਚ ਮੈਂ ਉਸ ਨਿੱਕੀ ਕੁੜੀ ਦੀ ਇਹ ਡਾਇਰੀ 'ਐਨ ਫਰੈਂਕ ਦੀ ਡਾਇਰੀ' ਪੜ੍ਹੀ ਸੀ। ਇਹ ਡਾਇਰੀ ਉਸ ਨੇ 13 ਸਾਲ ਦੀ ਉਮਰ ਵਿਚ ਲਿਖਣੀ ਸ਼ੁਰੂ ਕੀਤੀ ਸੀ ਅਤੇ 15 ਸਾਲ ਦੀ ਉਮਰ ਵਿਚ ਉਹ ਇਸ ਜਹਾਨੋਂ ਤੁਰਦੀ ਵੀ ਬਣੀ ਸੀ। ਐਨ ਨਾਜ਼ੀਆਂ ਹੱਥੋਂ ਯਹੂਦੀ ਨਸਲਕੁਸ਼ੀ ਦੇ ਸ਼ਿਕਾਰ ਲੋਕਾਂ ਵਿਚੋਂ ਉਹ ਕੁੜੀ ਹੈ ਜਿਸ ਦਾ ਵਿਸ਼ਵ ਵਿਚ ਸ਼ਾਇਦ ਸਭ ਤੋਂ ਵੱਧ ਚਰਚਾ ਹੋਇਆ ਹੈ। ਉਸ

**ਗੁਰਚਰਨ ਸਿੰਘ ਜੈਤੋ**
**ਫੋਨ: 91-97794-26698**

ਦੇ ਮਰਨ ਪਿੱਛੋਂ ਉਸ ਦੀ ਡਾਇਰੀ ਦੁਨੀਆਂ ਵਿਚ ਏਨੀ ਮਸ਼ਹੂਰ ਹੋਈ ਕਿ ਉਹਦਾ ਅਨੁਵਾਦ ਦੁਨੀਆਂ ਦੀਆਂ 30 ਤੋਂ ਵੀ ਵੱਧ ਭਾਸ਼ਾਵਾਂ ਵਿਚ ਹੋਇਆ। ਇਸ ਡਾਇਰੀ ਦੀ ਪਹਿਲੀ ਐਡੀਸ਼ਨ ਦੀਆਂ ਨੌਂ ਲੱਖ ਕਾਪੀਆਂ ਹੱਥੋ-ਹੱਥੀਂ ਜਰਮਨੀ ਵਿਚ ਵਿਕ ਗਈਆਂ ਤੇ ਅਮਰੀਕਾ ਵਿਚ ਹੋਰ ਵੀ ਵਡੀ ਗਿਣਤੀ ਵਿਚ ਇਹ ਡਾਇਰੀ ਛਾਪੀ ਗਈ। ਉਸ ਦੀ ਡਾਇਰੀ ਉਤੇ ਕਈ ਸਾਰੀਆਂ ਫਿਲਮਾਂ ਬਣ ਚੁਕੀਆਂ ਹਨ ਅਤੇ ਕਈ ਨਾਟਕ ਖੇਡੇ ਜਾ ਚੁਕੇ ਹਨ। ਇਸ ਡਾਇਰੀ ਵਿਚ 19 ਜੂਨ 1942 ਤੋਂ ਲੈ ਕੇ ਪਹਿਲੀ ਅਗਸਤ 1944 ਤੱਕ ਦੇ ਐਨ ਨੇ ਆਪਣੇ ਜੀਵਨ ਅਨੁਭਵ ਦਰਜ ਕੀਤੇ ਹਨ।

ਐਨ ਫਰੈਂਕ 12 ਜੂਨ 1929 ਨੂੰ ਫਰੈਂਕਫਰਟ (ਜਰਮਨੀ) ਵਿਚ ਪੈਦਾ ਹੋਈ। ਐਨ ਦੀ ਜ਼ਿੰਦਗੀ ਦਾ ਬਹੁਤਾ ਸਮਾਂ ਨੀਦਰਲੈਂਡ ਦੇ ਸ਼ਹਿਰ ਐਮਸਟਰਡਮ ਜਾਂ ਇਸ ਦੇ ਨੇੜੇ-ਤੇੜੇ ਗੁਜ਼ਰਿਆ। ਉਹਦਾ ਪਿਤਾ ਅਮੀਰ ਘਰਾਣੇ ਵਿਚ ਪੈਦਾ ਹੋਇਆ ਸੀ ਤੇ ਉਸ ਨੇ ਜਰਮਨ ਫੌਜ ਵਿਚ ਲੈਫਟੀਨੈਂਟ ਹੁੰਦਿਆਂ ਪਹਿਲੀ ਵਿਸ਼ਵ ਜੰਗ ਲੜੀ ਸੀ। ਫੌਜ ਦੀ ਨੌਕਰੀ ਪਿੱਛੋਂ ਉਹ ਇਕ ਕਾਮਯਾਬ ਵਪਾਰੀ ਵੀ ਬਣਿਆ। ਐਨ ਦੀ ਮਾਂ ਵੀ ਇਕ ਅਮੀਰ ਤੇ ਇੱਜ਼ਤਦਾਰ ਘਰਾਣੇ ਵਿਚੋਂ ਸੀ।

1933 ਵਿਚ ਜਰਮਨੀ 'ਤੇ ਨਾਜ਼ੀਆਂ ਨੇ ਕਬਜ਼ਾ ਕਰ ਲਿਆ ਤੇ ਉਥੇ ਰਹਿੰਦੇ ਯਹੂਦੀਆਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ। ਐਨ ਦਾ ਪਰਿਵਾਰ ਯਹੂਦੀ ਸੀ। ਇਸ ਲਈ ਉਹ ਜਰਮਨੀ ਤੋਂ ਹਾਲੈਂਡ ਦੇ ਸ਼ਹਿਰ ਐਮਸਟਰਡਮ, ਬਚਦੇ ਬਚਾਉਂਦੇ ਪਹੁੰਚ ਗਏ ਜਿਥੇ ਉਨ੍ਹਾਂ ਨੇ ਖਾਣ ਪੀਣ ਦੇ ਸਮਾਨ ਦਾ ਸਟੋਰ ਖੋਲ੍ਹਿਆ। 1940 ਵਿਚ ਨਾਜ਼ੀਆਂ ਨੇ ਹਾਲੈਂਡ ਤੇ ਵੀ ਕਬਜ਼ਾ ਕਰ ਲਿਆ ਤੇ ਉਥੇ ਵਸਦੇ ਯਹੂਦੀਆਂ ਨੂੰ ਤੰਗ ਪਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਯਹੂਦੀਆਂ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਤੇ ਉਨ੍ਹਾਂ ਨੂੰ ਫੜ ਕੇ ਤਸੀਹੇ ਦਿੱਤੇ ਜਾਣ ਲੱਗੇ। ਉਨ੍ਹਾਂ ਲਈ ਘਰੋਂ ਬਾਹਰ ਨਿਕਲਣਾ ਇਕ ਵੱਡਾ ਖਤਰਾ ਬਣ ਗਿਆ ਤੇ ਉਹ ਆਪਣੇ ਘਰਾਂ ਵਿਚ ਹੀ ਲੁਕਣ ਲਈ ਮਜਬੂਰ ਹੋ ਗਏ। ਐਨ ਨੂੰ ਆਪਣਾ ਸਕੂਲ ਛਡਣਾ ਪਿਆ ਤੇ ਕਿਸੇ ਯਹੂਦੀ ਸਕੂਲ ਵਿਚ ਦਾਖਲਾ ਲੈਣਾ ਪਿਆ। ਨਾਜ਼ੀ ਯਹੂਦੀਆਂ ਨੂੰ ਫੜ ਕੇ ਜਰਮਨੀ ਦੇ ਤਸੀਹਾ ਕੈਂਪਾਂ ਵਿਚ ਭੇਜਣ ਲੱਗ ਪਏ ਜਿਥੇ ਉਨ੍ਹਾਂ ਨੂੰ ਘਿਨਾਉਣੇ ਤਸੀਹੇ ਦੇ ਕੇ ਮਾਰ ਦਿੱਤਾ ਜਾਂਦਾ ਸੀ। ਉਨ੍ਹੀਂ ਦਿਨੀਂ ਐਨ ਦੇ ਪਿਤਾ ਨੇ ਆਪਣੇ ਇਕ ਦੋਸਤ ਦੇ ਪਰਿਵਾਰ ਦੇ ਲੁਕਣ ਲਈ ਆਪਣੇ ਸਟੋਰ ਦੀਆਂ ਉਤਲੀਆਂ ਦੋ ਮੰਜ਼ਿਲਾਂ ਵਿਚ ਰਹਿਣ ਦਾ ਇੰਤਜ਼ਾਮ ਕਰ ਲਿਆ, ਜਿੱਥੇ ਕੋਈ ਅੱਠ ਜਣੇ ਢਾਈ ਸਾਲ ਲੁਕ ਛਿਪ ਕੇ ਰਹਿੰਦੇ ਰਹੇ। ਉਸ ਵੇਲੇ ਐਨ ਦੀ ਉਮਰ ਤੇਰਾਂ ਸਾਲਾਂ ਦੀ ਸੀ। ਚਾਰੇ ਪਾਸੇ ਸਹਿਮ ਤੇ ਡਰ ਦਾ ਮਾਹੌਲ ਸੀ। ਦੂਜੀ ਵਿਸ਼ਵ ਜੰਗ ਸ਼ੁਰੂ ਹੋ ਚੁੱਕੀ ਸੀ ਤੇ ਹਰ ਰੋਜ਼ ਕਿਧਰੇ ਨਾ ਕਿਧਰੇ ਮਾਰ ਧਾੜ ਹੋ ਰਹੀ ਸੀ ਤੇ ਬੰਬ ਡਿੱਗ ਰਹੇ ਸਨ। ਇਨ੍ਹੀਂ ਦਿਨੀਂ ਐਨ ਦੇ ਜਨਮ ਦਿਨ 'ਤੇ ਉਸ ਦੇ ਪਿਤਾ ਨੇ ਇਕ ਲਾਲ ਰੰਗ ਦੀ ਡਾਇਰੀ ਉਸ ਨੂੰ ਤੋਹਫ਼ੇ ਵਿਚ ਦਿੱਤੀ। ਐਨ ਨੇ ਉਸ ਡਾਇਰੀ ਨੂੰ 'ਕਿੱਟੀ' ਦੇ ਨਾਂ ਨਾਲ ਸੰਬੋਧਨ ਕਰਦਿਆਂ 14 ਜੂਨ 1942 ਵਾਲੇ ਦਿਨ ਲਿਖਣੀ ਸ਼ੁਰੂ ਕੀਤੀ ਤੇ ਉਸ ਵਿਚ ਉਸ ਦਿਨ ਹੋਣ ਵਾਲੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਬੜੀ ਦਿਲਚਸਪ ਸ਼ੈਲੀ ਵਰਤੀ। ਐਨ ਨੇ ਇਹ ਡਾਇਰੀ ਪਹਿਲੀ ਅਗਸਤ 1944 ਤਕ ਲਿਖਣੀ ਜਾਰੀ ਰੱਖੀ। ਜਿਸ ਦਿਨ ਵੀ ਕੋਈ ਖਾਸ ਗੱਲ ਹੁੰਦੀ ਉਹ ਡਾਇਰੀ ਲਿਖਣ ਬਹਿ ਜਾਂਦੀ। ਐਨ ਨੇ ਇਨ੍ਹਾਂ ਸਮਿਆਂ ਵਿਚ ਕੁਝ ਕਹਾਣੀਆਂ ਵੀ ਲਿਖੀਆਂ ਤੇ ਇਕ ਨਾਵਲ ਲਿਖਣਾ ਵੀ ਸ਼ੁਰੂ ਕੀਤਾ ਸੀ ਪਰ ਉਸ ਦੀ ਡਾਇਰੀ ਦੁਨੀਆਂ ਦੇ ਸਾਹਿਤਕ ਖੇਤਰ ਵਿਚ ਸਭ ਤੋਂ ਵੱਧ ਮਕਬੂਲ ਹੋਈ, ਜਿਸ ਨੂੰ ਏਨੀ ਛੋਟੀ ਉਮਰ ਵਿਚ ਏਨਾ ਚੰਗਾ ਸਾਹਿਤ ਲਿਖਣ ਲਈ ਸਭ ਤੋਂ ਵੱਧ ਸਰਾਹਿਆ ਗਿਆ।

ਦੋ ਵਰ੍ਹਿਆਂ ਪਿਛੋਂ ਇਸ ਬਿਲਡਿੰਗ ਵਿਚ ਛਿਪੇ ਪਰਿਵਾਰਾਂ ਨੂੰ ਕਿਸੇ ਨੇ ਧੋਖਾ ਦਿੱਤਾ ਅਤੇ ਉਨ੍ਹਾਂ ਨੂੰ ਨਾਜ਼ੀਆਂ ਦੇ ਕਾਇਮ ਕੀਤੇ ਤਸੀਹਾ ਕੇਂਦਰਾਂ ਵਿਚ ਲੈ ਜਾ ਡੱਕਿਆ ਗਿਆ। ਐਨ ਅਤੇ ਉਸ ਦੀ ਭੈਣ ਮਾਰਗੋਟ ਜਿਥੇ ਅਖੀਰ ਮਾਰਚ 1945 ਵਿਚ ਟਾਇਫਸ ਬੁਖਾਰ ਦਾ ਸ਼ਿਕਾਰ ਹੋ ਕੇ ਮਰ ਗਈਆਂ। ਪਰਿਵਾਰ ਦਾ ਇਕੋ ਇਕ ਬਚਿਆ ਮੈਂਬਰ ਓਟੋ ਫਰੈਂਕ ਸੰਸਾਰ ਜੰਗ ਖਤਮ ਹੋਣ ਪਿਛੋਂ ਐਮਸਟਰਡਮ ਪਰਤਿਆ ਅਤੇ ਉਸ ਨੂੰ ਪਤਾ ਲੱਗਿਆ ਕਿ ਐਨ ਦੀ ਡਾਇਰੀ ਸੰਭਾਲ ਲਈ ਗਈ ਹੋਈ ਹੈ। ਉਸ ਦੇ ਯਤਨਾਂ ਸਦਕਾ 1947 ਵਿਚ ਇਹ ਡਾਇਰੀ ਪ੍ਰਕਾਸ਼ਿਤ ਹੋਈ। ਡੱਚ ਭਾਸ਼ਾ ਵਿਚ ਲਿਖੀ ਇਹ ਡਾਇਰੀ ਅੰਗਰੇਜ਼ੀ ਵਿਚ ਅਨੁਵਾਦ ਪਿਛੋਂ 1952 ਵਿਚ "ਦੀ ਡਾਇਰੀ ਆਫ ਏ ਯੰਗ ਗਰਲ" ਨਾਂ ਹੇਠ ਛਪੀ। ਉਦੋਂ ਤੋਂ ਲੈ ਕੇ ਹੁਣ ਤੱਕ ਇਹ ਡਾਇਰੀ ਅਨੇਕਾਂ ਭਾਸ਼ਾਵਾਂ ਵਿਚ ਛਪ ਚੁਕੀ ਹੈ।

ਐਨ ਨੇ ਇਹ ਡਾਇਰੀ ਬੜੇ ਸੁਹਣੇ ਤੇ ਵਿਲੱਖਣ ਤਰੀਕੇ ਨਾਲ ਲਿਖੀ ਸੀ। ਕੁਝ ਗੱਲਾਂ ਹਾਸੇ ਮਖੌਲ ਵਿਚ ਲਿਖੀਆਂ। ਡਾਇਰੀ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਐਨ ਦੀ ਨਿਗਾਹ ਕਿੰਨੀ ਤੇਜ਼ ਸੀ ਜਿਹੜੀ ਛੋਟੀ ਤੋਂ ਛੋਟੀ ਘਟਨਾ ਵਿਚੋਂ ਬਹੁਤ ਬਾਰੀਕੀ ਨਾਲ ਬਹੁਤ ਕੁਝ ਦੇਖ ਲੱਭ ਲੈਂਦੀ ਸੀ ਜਿਸ ਨਾਲ ਉਹਦੀ ਉਮਰ ਤੋਂ ਵੱਧ ਸਿਆਣਪ ਸਾਫ ਝਲਕਦੀ ਦਿਸ ਪੈਂਦੀ ਹੈ। ਉਸ ਨੇ ਆਪਣੇ ਪਰਿਵਾਰ ਦੇ ਨਾਜ਼ੀਆਂ ਵੱਲੋਂ ਲੱਭੇ ਜਾਣ ਦੇ ਡਰ ਨੂੰ ਬਖ਼ੂਬੀ ਚਿਤਰਿਆ ਤੇ ਆਪਣੀ ਵਿਲੱਖਣ ਸ਼ੈਲੀ ਨਾਲ ਪਾਠਕ ਲਈ ਦਿਲਚਸਪੀ ਪੈਦਾ ਕੀਤੀ ਹੈ। ਉਮਰ ਪੱਖੋਂ ਏਨੀ ਛੋਟੀ ਹੁੰਦਿਆਂ ਵੀ ਸੰਸਾਰ ਪੱਧਰ 'ਤੇ ਹੋ ਰਹੀ ਜੰਗ 'ਚ ਘਿਰੇ ਤੇ ਉਲਝੇ ਲੋਕਾਂ ਬਾਰੇ ਉਸ ਦੇ ਵਿਚਾਰ ਹੈਰਾਨ ਕਰ ਦੇਣ ਵਾਲੇ ਹਨ। ਉਂਜ ਤਾਂ ਮੈਨੂੰ ਉਸ ਦੀ ਸਾਰੀ ਡਾਇਰੀ ਹੀ ਚੰਗੀ ਲੱਗੀ ਪਰ ਉਸ ਦੀ ਡਾਇਰੀ ਵਿਚੋਂ ਇਕ ਦੋ ਪੰਨੇ ਏਨੇ ਚੰਗੇ ਲੱਗੇ ਕਿ ਮੈਂ ਉਨ੍ਹਾਂ ਨੂੰ ਇਕ ਵੱਖਰੇ ਕਾਗਜ਼ ਤੇ ਨੋਟ ਕਰ ਲਿਆ। ਦੂਜੀ ਵਿਸ਼ਵ ਜੰਗ ਬਾਰੇ ਉਸ ਦੇ ਵਿਚਾਰ ਕਿਸੇ ਪ੍ਰੌੜ ਤੇ ਸਿਆਣੇ ਵਿਦਵਾਨ ਤੋਂ ਘੱਟ ਨਹੀਂ ਲਗਦੇ। 3 ਮਈ 1944 ਵਾਲੇ ਦਿਨ ਲਿਖੇ ਇਸ ਪੰਨੇ ਤੋਂ ਪਾਠਕ ਆਪ ਹੀ ਅੰਦਾਜ਼ਾ ਲਾ ਲੈਣਗੇ ਕਿ ਉਸ ਦੇ ਵਿਚਾਰ ਤੇ ਲਿਖਣ ਢੰਗ ਕਿੰਨੇ ਉਚੇ ਸੁੱਚੇ ਸਨ। ਉਸ ਦਿਨ ਉਸ ਨੇ ਲਿਖਿਆ ਸੀ,

ਪਿਆਰੀ ਕਿੱਟੀ-ਪਹਿਲਾਂ ਇਸ ਹਫਤੇ ਦੀਆਂ ਖ਼ਬਰਾਂ ਸੁਣ। ਸਾਨੂੰ ਸਿਆਸਤ ਦੇ ਝਮੇਲਿਆਂ ਤੋਂ ਕੁਝ ਸੁਖ ਦਾ ਸਾਹ ਮਿਲਿਆ ਹੈ। ਸਿਆਸਤ ਬਾਰੇ ਕਹਿਣ ਨੂੰ ਕੁਝ ਵੀ ਨਹੀਂ। ਮੈਨੂੰ ਵੀ ਹੌਲੀ ਹੌਲੀ ਯਕੀਨ ਹੋਣ ਲੱਗ ਪਿਆ ਹੈ ਕਿ ਹਮਲੇ ਹੋਣਗੇ। ਆਖਰ ਉਹ (ਜਰਮਨ) ਰੂਸੀਆਂ ਨੂੰ ਸਭ ਕੁਝ ਸਾਫ ਕਰਨ ਤਾਂ ਨਹੀਂ ਦੇਣਗੇ। ਇਸੇ ਲਈ ਤਾਂ ਉਹ ਹੁਣ ਤਕ ਚੁੱਪ ਕਰਕੇ ਬੈਠੇ ਹੋਏ ਨੇ।

ਅਜ ਕਲ ਮਿਸਟਰ ਕੁਫ਼ਇਸ (ਇਕ ਪਰਿਵਾਰਕ ਦੋਸਤ) ਹਰ ਰੋਜ਼ ਦਫਤਰ ਆਉਂਦੇ ਨੇ। ਪੀਟਰ (ਐਨ ਦੇ ਪਰਿਵਾਰ ਨਾਲ ਰਹਿ ਰਹੇ ਦੂਜੇ ਪਰਿਵਾਰ ਦਾ ਐਨ ਦੇ ਹਾਣ ਦਾ ਮੁੰਡਾ) ਦੇ ਦੀਵਾਨ ਲਈ ਉਨ੍ਹਾਂ ਨਵੇਂ ਸਪਰਿੰਗ ਲਿਆਂਦੇ ਨੇ। ਪੀਟਰ ਨੂੰ ਹੁਣ ਆਪਣਾ ਦੀਵਾਨ ਮੁਰੰਮਤ ਕਰਨ ਲਈ ਕੰਮ ਕਰਨਾ ਪਵੇਗਾ। ਪੀਟਰ ਨੂੰ ਚੰਗਾ ਨਹੀਂ ਲਗ ਰਿਹਾ ਤੇ ਉਹ ਖੁਸ਼ ਨਹੀਂ।

ਪਤਾ ਨਹੀਂ ਮੈਂ ਤੈਨੂੰ ਦਸਿਐ ਜਾਂ ਨਹੀਂ। ਬੋਸ਼ (ਘਰ ਵਿਚ ਰੱਖੀ ਬਿੱਲੀ ਦਾ ਨਾਂ) ਘਰੋਂ ਕਿਧਰੇ ਚਲੀ ਗਈ ਹੈ। ਬੱਸ ਉਹ ਗਾਇਬ ਹੀ ਹੋ ਗਈ। ਪਿਛਲੇ ਹਫਤੇ ਵੀਰਵਾਰ ਤੋਂ ਹੁਣ ਤਕ ਉਹਦੀ ਕੋਈ ਉਘ-ਸੁੱਘ ਨਹੀਂ ਮਿਲੀ। ਮੈਨੂੰ ਲਗਦੈ ਉਹ ਬਿੱਲੀਆਂ ਵਾਲੇ ਸੁਰਗਾਂ ਵਿਚ ਪਹੁੰਚ ਗਈ ਹੋਵੇਗੀ। ਕੀ ਪਤੈ ਕੋਈ ਜਾਨਵਰਾਂ ਨੂੰ ਪਿਆਰ ਕਰਨ ਵਾਲਾ ਉਸ ਤੋਂ ਬਣੇ ਪਕਵਾਨ ਨੂੰ ਸੁਆਦ ਲੈ ਲੈ ਕੇ ਖਾ ਰਿਹਾ ਹੋਵੇਗਾ। ਸ਼ਾਇਦ ਕਿਸੇ ਨਿੱਕੀ ਜਿਹੀ ਕੁੜੀ ਨੂੰ ਉਸ ਦੀ ਖੱਲ ਤੋਂ ਬਣੀ ਵਧੀਆ ਟੋਪੀ ਮਿਲ ਜਾਵੇਗੀ। ਇਸ ਲਈ ਪੀਟਰ ਅਜ ਕਲ੍ਹ ਉਦਾਸ ਰਹਿੰਦੈ।

ਪਿਛਲੇ ਸਨਿਚਰਵਾਰ ਤੋਂ ਅਸੀਂ ਦੁਪਹਿਰ ਦਾ ਖਾਣਾ ਸਾਢੇ ਗਿਆਰਾਂ ਵਜੇ ਖਾਣਾ ਸ਼ੁਰੂ ਕਰ ਦਿੱਤੈ। ਪੂਰਾ ਖਾਣਾ ਖਾਣ ਦੀ ਬਜਾਏ ਇਕ ਕੱਪ ਦਲੀਏ ਨਾਲ ਹੀ ਗੁਜ਼ਾਰਾ ਕਰ ਲਈਦੈ। ਸਬਜ਼ੀਆਂ ਅਜ ਕਲ੍ਹ ਮਿਲਣੀਆਂ ਮੁਸ਼ਕਲ ਹਨ। ਅਜ ਦੁਪਹਿਰ ਪਿੱਛੋਂ ਅਸੀਂ ਉਬਲੇ ਹੋਏ ਸਲਾਦ ਦੇ ਪੱਤੇ ਖਾ ਕੇ ਹੀ ਗੁਜ਼ਾਰਾ ਕੀਤਾ। ਬੱਸ ਸਲਾਦ ਦੇ ਪੱਤੇ, ਪਾਲਕ ਦੇ ਪੱਤੇ ਤੇ ਉਬਲੇ ਹੋਏ ਸਲਾਦ ਦੇ ਪੱਤੇ; ਇਸ ਤੋਂ ਬਿਨਾ ਖਾਣ ਨੂੰ ਹੋਰ ਕੁਝ ਨਹੀਂ। ਇਨ੍ਹਾਂ ਨਾਲ ਅਸੀਂ ਸੜੇ ਹੋਏ ਆਲੂ ਖਾਂਦੇ ਹਾਂ। ਇਹੋ ਸਾਡਾ ਸੁਆਦਲਾ ਖਾਣਾ ਹੁੰਦੈ।

ਜਿਵੇਂ ਤੂੰ ਅੰਦਾਜ਼ਾ ਲਾ ਹੀ ਸਕਦੀ ਏਂ ਕਿ ਅਸੀਂ ਕਦੇ ਕਦੇ ਨਿਰਾਸ਼ ਹੋ ਕੇ ਆਪਣੇ ਆਪ ਨੂੰ ਇਹ ਸਵਾਲ ਕਰਦੇ ਆਂ, ਆਖਰ ਕੀ? ਕੀ ਲਾਭ ਹੈ ਜੰਗਾਂ ਦਾ? ਲੋਕ ਅਮਨ ਚੈਨ ਨਾਲ ਆਪਸ ਵਿਚ ਮਿਲ ਕੇ ਰਹਿ ਕਿਉਂ ਨਹੀਂ ਸਕਦੇ? ਚਾਰੇ ਪਾਸੇ ਏਨੀ ਤਬਾਹੀ ਕਿਉਂ ਹੈ?'

ਸਵਾਲ ਤਾਂ ਇਹ ਸਮਝ ਵਿਚ ਆਉਣ ਵਾਲਾ ਹੈ ਪਰ ਅਜ ਤਕ ਇਸ ਸਵਾਲ ਦਾ ਤੱਸਲੀਬਖ਼ਸ਼ ਜਵਾਬ ਕੋਈ ਨਹੀਂ ਲੱਭ ਸਕਿਆ। ਹਾਂ! ਉਹ ਹੋਰ ਵੱਡੇ ਵੱਡੇ ਜਹਾਜ਼ ਕਿਉਂ ਬਣਾਈ ਜਾਂਦੇ ਨੇ? ਹੋਰ ਵੱਡੇ ਬੰਬ ਤੇ ਨਾਲ ਦੀ ਨਾਲ ਪਹਿਲਾਂ ਤੋਂ ਹੀ ਬਣੇ ਬਣਾਏ ਘਰ, ਜਿਹਨੇ ਛੋਟੀ ਛੋਟੀ ਜੋੜ ਕੇ ਖੜ੍ਹੇ ਕੀਤੇ ਜਾ ਸਕਣ, ਵੀ ਬਣਾਈ ਜਾ ਰਹੇ ਨੇ? ਹਰ ਰੋਜ਼ ਜੰਗ ਤੇ ਲੱਖਾਂ ਖਰਚ ਕਰਨ ਦੀ ਕੀ ਲੋੜ ਹੈ? ਦੂਜੇ ਪਾਸੇ ਸਿਹਤ ਦੀ ਸੰਭਾਲ ਲਈ ਇਕ ਧੇਲਾ ਵੀ ਨਹੀਂ? ਨਾ ਕੁਝ ਕਲਾਕਾਰਾਂ ਵਾਸਤੇ ਬਾਕੀ ਬਚਿਐ, ਨਾ ਗਰੀਬਾਂ ਵਾਸਤੇ!

ਕੁਝ ਲੋਕਾਂ ਨੂੰ ਭੁੱਖਾ ਕਿਉਂ ਮਰਨਾ ਪੈ ਰਿਹੈ ਜਦੋਂ ਕਿ ਦੂਜੇ ਪਾਸੇ ਖਾਣ ਨੂੰ ਫਾਲਤੂ ਅਨਾਜ ਬੜਾ ਪਿਐ ਜਿਹੜਾ ਦੁਨੀਆਂ ਦੇ ਦੂਜੇ ਹਿੱਸਿਆਂ ਵਿਚ ਪਿਆ ਸੜੀ ਜਾ ਰਿਹੈ? ਹਾਏ-ਹਾਏ! ਲੋਕ ਏਨੇ ਪਾਗਲ ਕਿਉਂ ਹੋਏ ਫਿਰਦੇ ਨੇ?


ਮੈਨੂੰ ਨਹੀਂ ਲਗਦਾ ਕਿ ਜੰਗ ਲਈ ਸਿਰਫ਼ ਵੱਡੇ ਲੋਕ, ਸਿਆਸਤਦਾਨ ਤੇ ਸਰਮਾਏਦਾਰ ਹੀ ਦੋਸ਼ੀ ਹਨ। ਬਿਲਕੁਲ ਨਹੀਂ। ਆਮ ਛੋਟਾ ਆਦਮੀ ਵੀ ਓਨਾ ਹੀ ਦੋਸ਼ੀ ਹੈ, ਨਹੀਂ ਤਾਂ ਦੁਨੀਆਂ ਵਿਚ ਕਦੋਂ ਦੇ ਲੋਕ ਉਠ ਕੇ ਜੰਗਾਂ ਦੇ ਖਿਲਾਫ਼ ਬਗ਼ਾਵਤ ਕਰ ਦਿੰਦੇ। ਤਬਾਹੀ, ਮਾਰ-ਧਾੜ ਤੇ ਕਤਲੋਗਾਰਤ ਕਰਨ ਲਈ ਲੋਕਾਂ ਵਿਚ ਉਤੇਜਨਾ ਭਰੀ ਪਈ ਹੈ। ਜਿੰਨਾ ਚਿਰ ਦੁਨੀਆਂ ਦੇ ਲੋਕਾਂ ਦੇ ਮਨਾਂ ਵਿਚ ਤਬਦੀਲੀ ਨਹੀਂ ਆਉਂਦੀ, ਜੰਗਾਂ ਜਾਰੀ ਰਹਿਣਗੀਆਂ। ਜੋ ਕੁਝ ਵੀ ਉਸਾਰਿਆ ਗਿਆ ਹੈ, ਬਣਿਆ ਹੋਇਆ ਹੈ, ਉਹ ਤਹਿਸ-ਨਹਿਸ ਕਰ ਦਿੱਤਾ ਜਾਵੇਗਾ ਤੇ ਢਾਹ ਦਿੱਤਾ ਜਾਵੇਗਾ। ਲੋਕਾਂ ਨੂੰ ਫੇਰ ਨਵੇਂ ਸਿਰਿਓਂ ਸਭ ਕੁਝ ਉਸਾਰਨਾ ਪਵੇਗਾ।

ਮੇਰਾ ਮਨ ਉਚਾਟ ਰਹਿੰਦੈ ਪਰ ਮੈਂ ਬਿਲਕੁਲ ਨਿਰਾਸ਼ ਅਜੇ ਨਹੀਂ ਹੋਈ। ਮੈਂ ਮੰਨਦੀ ਹਾਂ ਕਿ ਸਾਡੇ ਲੁਕਣ ਵਾਲੀ ਥਾਂ ਖਤਰਾ ਹੈ ਪਰ ਨਾਲ ਦੀ ਨਾਲ ਇਹ ਬੜੀ ਦਿਲਚਸਪ ਤੇ ਰੋਮਾਂਚਕ ਥਾਂ ਵੀ ਹੈ। ਘਰ ਵਿਚ ਹਰ ਅੰਦਰੂਨੀ ਗੱਲ 'ਤੇ ਮੈਨੂੰ ਹਾਸਾ ਵੀ ਆ ਜਾਂਦੈ। ਮੈਂ ਆਪਣੇ ਮਨ ਨਾਲ ਇਹ ਫ਼ੈਸਲਾ ਕਰ ਲਿਐ ਕਿ ਮੈਂ ਦੂਜੀਆਂ ਕੁੜੀਆਂ ਨਾਲੋਂ ਵੱਖਰਾ ਜੀਵਨ ਜੀਵਾਂਗੀ ਤੇ ਮਗਰੋਂ ਜਾ ਕੇ ਵੀ ਆਮ ਘਰੇਲੂ ਔਰਤਾਂ ਨਾਲੋਂ ਵੀ ਵੱਖਰੀ ਹੀ ਰਹਾਂਗੀ। ਮੇਰੀ ਸ਼ੁਰੂਆਤ ਦਿਲਚਸਪੀ ਭਰਪੂਰ ਸੀ, ਅਸਲ ਕਾਰਨ ਇਹੀ ਹੈ ਕਿ ਖਤਰੇ ਭਰੇ ਪਲਾਂ ਨੂੰ ਵੀ ਹਾਸੇ ਵਾਲੇ ਪਾਸਿਓਂ ਹੀ ਤਕਦੀ ਹਾਂ।

ਮੈਂ ਅਜੇ ਛੋਟੀ ਹਾਂ। ਮੇਰੇ ਅੰਦਰ ਅਨੇਕਾਂ ਚੰਗੇ ਗੁਣ ਦੱਬੇ ਪਏ ਨੇ। ਮੈਂ ਛੋਟੀ ਹਾਂ ਪਰ ਤਕੜੀ ਹਾਂ ਤੇ ਖ਼ਤਰਿਆਂ ਭਰੇ ਮਾਹੌਲ ਵਿਚ ਵਿਚਰ ਰਹੀ ਹਾਂ। ਮੈਂ ਇਸ ਮਾਹੌਲ ਵਿਚ ਚਾਰੇ ਪਾਸਿਓਂ ਘਿਰੀ ਹੋਈ ਹਾਂ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਮੈਂ ਸਾਰਾ ਦਿਨ ਸੜਦੀ ਕੁੜ੍ਹਦੀ ਰਹਾਂ। ਮੈਨੂੰ ਬਹੁਤ ਕੁਝ ਮਿਲਿਆ ਹੈ, ਮੈਂ ਖ਼ੁਸ਼ਤਬੀਅਤ ਹਾਂ ਤੇ ਖ਼ੁਸ਼ੀਆਂ ਭਰੀ ਤਾਕਤ ਵੀ ਹੈ ਮੇਰੇ ਕੋਲ। ਹਰ ਰੋਜ਼ ਮੈਨੂੰ ਲਗਦੈ ਕਿ ਮੈਂ ਅੰਦਰੋਂ-ਅੰਦਰ ਤਕੜੀ ਹੋ ਰਹੀ ਆਂ। ਆਜ਼ਾਦੀ ਕਿਧਰੇ ਨੇੜੇ-ਤੇੜੇ ਹੀ ਹੈ ਤੇ ਕੁਦਰਤ ਬਹੁਤ ਖ਼ੂਬਸੂਰਤ ਹੈ। ਲੋਕ ਮੇਰੇ ਲਈ ਕਿੰਨੇ ਚੰਗੇ ਨੇ ਤੇ ਇਹ ਖ਼ਤਰਾ ਕਿੰਨਾ ਦਿਲਚਸਪ ਹੈ! ਫੇਰ ਮੈਂ ਕਿਉਂ ਉਦਾਸ ਹੋਵਾਂ?

*ਤੇਰੀ, ਐਨ*

ਉਸ ਪਿੱਛੋਂ ਐਨ ਨੇ ਮੰਗਲਵਾਰ 25 ਮਈ 1944 ਨੂੰ ਆਪਣੀ ਡਾਇਰੀ ਵਿਚ ਲਿਖਿਆ, ਪਿਆਰੀ ਕਿੱਟੀ-ਅਜ ਕਲ੍ਹ ਹਰ ਰੋਜ਼ ਕੁਝ ਨਾ ਕੁਝ ਨਵਾਂ ਵਾਪਰ ਰਿਹੈ। ਅਜ ਸਵੇਰੇ ਸਾਡੇ ਸਬਜ਼ੀ ਵਾਲੇ ਨੂੰ ਫੜ ਕੇ ਲੈ ਗਏ। ਉਹਨੇ ਆਪਣੇ ਘਰ ਦੋ ਯਹੂਦੀਆਂ ਨੂੰ ਪਨਾਹ ਦੇ ਰੱਖੀ ਸੀ। ਸਾਡੇ ਲਈ ਇਹ ਇਕ ਵੱਡਾ ਸਦਮਾ ਹੈ। ਨਾ ਸਿਰਫ਼ ਯਹੂਦੀਆਂ ਦੀ ਜਾਨ ਖਤਰੇ ਵਿਚ ਹੈ, ਵਿਚਾਰਾ ਸਬਜ਼ੀ ਵਾਲਾ, ਨਾ ਕਿਧਰੇ ਰਗੜਿਆ ਜਾਵੇ। ਉਸ ਨੂੰ ਜਾਨ ਦੇ ਲਾਲੇ ਪੈ ਗਏ।




ਦੁਨੀਆਂ ਵਿਚ ਤਰਥੱਲੀ ਮੱਚੀ ਪਈ ਹੈ। ਇੱਜ਼ਤਦਾਰ ਲੋਕਾਂ ਨੂੰ ਫੜ ਫੜ ਕੇ ਵਿਨਾਸ਼ਕਾਰੀ ਕੈਂਪਾਂ, ਜੇਲ੍ਹਾਂ ਤੇ ਹਨੇਰ ਕੋਠੜੀਆਂ ਵਿਚ ਤੂਸਿਆ ਜਾ ਰਿਹੈ। ਜਿਹੜੇ ਲੋਕ ਬਚ ਗਏ, ਉਹ ਆਪਣੇ ਪਰਿਵਾਰਾਂ ਵਿਚ ਬੱਚਿਆਂ, ਬੁੱਢਿਆਂ ਤੇ ਗਰੀਬਾਂ ਦਾ ਖਿਆਲ ਰੱਖ ਰਹੇ ਹਨ। ਕੋਈ ਚੋਰ ਬਜ਼ਾਰੀ ਦੇ ਚੱਕਰ ਵਿਚ ਫਸ ਕੇ ਫੜਿਆ ਜਾਂਦੈ ਤੇ ਕੋਈ ਯਹੂਦੀਆਂ ਦੀ ਮਦਦ ਕਰਦਾ ਫੜਿਆ ਜਾਂਦੈ ਤੇ ਬਾਕੀ ਬਚੇ ਲੋਕ ਲੁਕ ਛਿਪ ਰਹੇ ਨੇ। ਜਿਹੜਾ ਐਨ ਸੀ ਬੀ ਸੰਸਥਾ ਦਾ ਮੈਂਬਰ ਨਹੀਂ, ਉਸ ਨੂੰ ਨਹੀਂ ਪਤਾ ਕਿ ਉਸ ਨਾਲ ਅਜ ਕੀ ਬੀਤੇਗੀ ਤੇ ਕਲ੍ਹ ਕੀ ਹੋਏਗਾ।

ਇਸ ਬੰਦੇ ਦਾ ਸਾਨੂੰ ਬਹੁਤ ਵੱਡਾ ਘਾਟਾ ਪਿਆ ਹੈ। ਕੁੜੀਆਂ ਨੂੰ ਆਪਣੇ ਹਿੱਸੇ ਦੇ ਆਲੂ ਆਪਸ ਵਿਚ ਵੰਡ ਕੇ ਖਾਣੇ ਜਾਂ ਕਿਧਰੇ ਲੈ ਕੇ ਜਾਣ ਦੀ ਵੀ ਮਨਾਹੀ ਹੈ। ਅਖੀਰ ਇਕੋ ਚਾਰਾ ਰਹਿ ਗਿਐ ਕਿ ਘੱਟ ਖਾਓ। ਮੈਂ ਤੈਨੂੰ ਦਸਦੀ ਆਂ ਕਿ ਅਸੀਂ ਕੀ ਕਰਾਂਗੇ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਾਲਾਤ ਚੰਗੇ ਨਹੀਂ। ਮੰਮੀ ਕਹਿੰਦੀ ਐ ਕਿ ਅਸੀਂ ਸਵੇਰ ਦਾ ਨਾਸ਼ਤਾ ਖਾਣਾ ਬਿਲਕੁਲ ਬੰਦ ਕਰ ਦਿਆਂਗੇ। ਦੁਪਹਿਰ ਦੇ ਖਾਣੇ ਵਿਚ ਦਲੀਆ ਤੇ ਰੋਟੀ ਤੇ ਸ਼ਾਮ ਨੂੰ ਤਲੇ ਹੋਏ ਆਲੂ ਤੇ ਹਫ਼ਤੇ ਵਿਚ ਇਕ ਜਾਂ ਦੋ ਵਾਰੀ ਸਬਜ਼ੀ ਜਾਂ ਸਲਾਦ ਤੋਂ ਬਿਨਾ ਹੋਰ ਕੁਝ ਵੀ ਖਾਣ ਨੂੰ ਨਹੀਂ ਰਹਿਣਾ। ਸਾਨੂੰ ਭੁੱਖੇ ਰਹਿਣਾ ਪਵੇਗਾ ਪਰ ਫੜੇ ਜਾਣ ਤੋਂ ਤਾਂ ਇਹ ਕਿਧਰੇ ਚੰਗਾ ਹੈ!

*ਤੇਰੀ, ਐਨ*



## ਮਿੰਨੀ ਕਹਾਣੀ

### ਘਰ ਦਾ ਭੇਤੀ

ਇਕ ਸੰਘਣਾ ਜੰਗਲ ਸੀ। ਜੰਗਲ ਵਿਚ ਸਾਰੇ ਮਿਲ-ਜੁਲ ਕੇ ਰਹਿੰਦੇ ਸਨ ਅਤੇ ਕਿਸੇ ਨੂੰ ਵੀ ਕੋਈ ਕਸ਼ਟ ਨਹੀਂ ਸੀ। ਇਕ ਦਿਨ ਕੁਝ ਪਸ਼ੂ ਕਿਧਰੇ ਜਾ ਰਹੇ ਸਨ ਕਿ ਉਨ੍ਹਾਂ ਨੂੰ ਅਚਾਨਕ ਹੀ ਸੁੱਕੇ ਹੋਏ ਪੱਤਿਆਂ ਅਤੇ ਘਾਹ-ਫੂਸ ਹੇਠਾਂ ਕੁਝ ਅਜੀਬ ਜਿਹੀਆਂ ਚੀਜ਼ਾਂ ਨਜ਼ਰ ਆਈਆਂ। ਸਾਰਿਆਂ ਨੇ ਮਿਲ ਕੇ ਉਹ ਜਗ੍ਹਾ ਸਾਫ ਕੀਤੀ ਤੇ ਵੇਖਿਆ ਕਿ ਉਥੇ ਬਹੁਤ ਸਾਰੀਆਂ ਕੁਹਾੜੀਆਂ ਪਈਆਂ ਸਨ। ਲੋਹੇ ਦੀਆਂ ਕੁਹਾੜੀਆਂ ਵੇਖ ਕੇ ਇੰਜ ਜਾਪਦਾ ਸੀ ਜਿਵੇਂ ਕਿਸੇ ਨੇ ਖਾਸ ਮਕਸਦ ਲਈ ਹੀ ਉਨ੍ਹਾਂ ਨੂੰ ਲੁਕੋਇਆ ਸੀ।

ਕੁਹਾੜੀਆਂ ਉਤੇ ਇਕ ਸਰਸਰੀ ਜਿਹੀ ਨਜ਼ਰ ਮਾਰ ਕੇ ਪਸ਼ੂ ਤਾਂ ਅੱਗੇ ਚੱਲ ਪਏ ਪਰ ਦਰੱਖ਼ਤਾਂ ਦੇ ਚਿਹਰਿਆਂ 'ਤੇ ਹਵਾਈਆਂ ਉਡਣ ਲੱਗੀਆਂ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਹੁਣ ਉਨ੍ਹਾਂ ਦੀ ਸ਼ਾਂਤੀ ਅਤੇ ਸੁਖ-ਚੈਨ ਖ਼ਤਮ ਹੋਣ ਦੇ ਦਿਨ ਆ ਗਏ ਹਨ। ਜ਼ਰੂਰ ਇਹ ਕੁਹਾੜੀਆਂ ਕਿਸੇ ਲੱਕੜਹਾਰੇ ਨੇ ਲੁਕੋਈਆਂ ਹੋਣਗੀਆਂ ਅਤੇ ਕਿਸੇ ਨਾ ਕਿਸੇ ਦਿਨ ਉਹ ਸਾਨੂੰ ਧਰਤੀ ਵਿਚ ਮਿਲਾਉਣ ਲਈ ਆ ਧਮਕੇਗਾ।

ਇਹ ਗੱਲ ਜੰਗਲ ਦੇ ਸਭ ਤੋਂ ਬਜ਼ੁਰਗ ਰੁੱਖ ਤੱਕ ਪਹੁੰਚੀ। ਉਹ ਕਾਫ਼ੀ ਉਚਾ ਸੀ ਤੇ ਉਹਦਾ ਤਣਾ ਵੀ ਬਹੁਤ ਮੋਟਾ ਸੀ, ਦੂਰੋਂ ਦੇਖਣ ਤੋਂ ਲੱਗ ਰਿਹਾ ਸੀ ਕਿ ਉਹਨੇ ਕਾਫ਼ੀ ਦੁਨੀਆਂ ਦੇਖੀ ਹੈ। ਉਹਨੇ ਪ੍ਰੇਸ਼ਾਨ ਹੋਏ ਰੁੱਖਾਂ ਤੋਂ ਪੁੱਛਿਆ, "ਤੁਸੀਂ ਰੋ ਕਿਉਂ ਰਹੇ ਹੋ?"

"ਜੰਗਲ ਵਿਚੋਂ ਕਾਫ਼ੀ ਗਿਣਤੀ ਵਿਚ ਕੁਹਾੜੀਆਂ ਮਿਲੀਆਂ ਹਨ। ਇਹ ਜ਼ਰੂਰ ਕਿਸੇ ਲੱਕੜਹਾਰੇ ਦਾ ਕੰਮ ਹੈ। ਉਹ ਜਲਦੀ ਹੀ ਏਧਰ ਆਵੇਗਾ ਅਤੇ ਸਾਨੂੰ ਵੱਢ-ਟੁੱਕ ਕੇ ਜ਼ਮੀਨ ਵਿਚ ਮਿਲਾ ਦੇਵੇਗਾ। ਹੁਣ ਸਾਡੀ ਸੁਖ-ਸ਼ਾਂਤੀ ਦੇ ਦਿਹਾੜੇ ਗਿਣੇ-ਚੁਣੇ ਹੀ ਬਾਕੀ ਹਨ।" ਸਾਰੇ ਰੁੱਖਾਂ ਨੇ ਇੱਕ ਹੀ ਆਵਾਜ਼ ਵਿਚ ਜਵਾਬ ਦਿੱਤਾ।

ਬਜ਼ੁਰਗ ਰੁੱਖ ਨੇ ਪੁੱਛਿਆ, "ਉਹ ਕੁਹਾੜੀਆਂ ਖਾਲੀ ਹੀ ਹਨ ਜਾਂ ਉਨ੍ਹਾਂ ਵਿਚ ਬਾਹੇਂ (ਦਸਤੇ) ਵੀ ਹਨ?"

ਰੁੱਖਾਂ ਨੇ ਉਤਰ ਦਿੱਤਾ, "ਨਹੀਂ, ਅਜੇ ਤਾਂ ਸਿਰਫ਼ ਖਾਲੀ ਕੁਹਾੜੀਆਂ ਹੀ ਮਿਲੀਆਂ ਹਨ।"

ਇਹ ਸੁਣ ਕੇ ਬਜ਼ੁਰਗ ਰੁੱਖ ਨੇ ਸੁਖ ਦਾ ਸਾਹ ਲਿਆ ਅਤੇ ਕਿਹਾ, "ਤਾਂ ਫੇਰ ਅਜੇ ਡਰਨ ਦੀ ਕੋਈ ਲੋੜ ਨਹੀਂ। ਖਾਲੀ ਕੁਹਾੜੀਆਂ ਸਾਡਾ ਕੁਝ ਨਹੀਂ ਵਿਗਾੜ ਸਕਦੀਆਂ, ਉਹ ਸਾਨੂੰ ਉਦੋਂ ਤੱਕ ਨੁਕਸਾਨ ਨਹੀਂ ਪਹੁੰਚਾ ਸਕਦੀਆਂ ਜਦ ਤੱਕ ਸਾਡੀ ਬਰਾਦਰੀ ਦਾ ਕੋਈ ਉਹਦੇ ਨਾਲ ਜਾ ਕੇ ਮਿਲ ਨਹੀਂ ਜਾਂਦਾ, ਜਦ ਤੱਕ ਸਾਡੇ ਵਿਚੋਂ ਕੋਈ ਭੇਤੀ ਉਹਦਾ ਸਾਥ ਨਹੀਂ ਦੇਵੇਗਾ, ਉਦੋਂ ਤੱਕ ਖਾਲੀ ਕੁਹਾੜੀਆਂ ਦਾ ਸਾਡੇ ਉਪਰ ਕੋਈ ਅਸਰ ਨਹੀਂ ਪਵੇਗਾ।"

ਇਹ ਸੁਣ ਕੇ ਸਾਰੇ ਰੁੱਖ ਇੱਕੋ ਆਵਾਜ਼ ਵਿਚ ਬੋਲੇ, "ਅਸੀਂ ਹਮੇਸ਼ਾਂ ਤੋਂ ਹੀ ਇੱਕ ਰਹੇ ਹਾਂ, ਅੱਜ ਵੀ ਹਾਂ ਅਤੇ ਅੱਗੇ ਵੀ ਰਹਾਂਗੇ। ਅਸੀਂ ਆਪਣੀ ਏਕਤਾ ਨਹੀਂ ਟੁੱਟਣ ਦੇਵਾਂਗੇ। ਵੇਖਦੇ ਹਾਂ ਉਹ ਕੁਹਾੜੀਆਂ ਸਾਨੂੰ ਕਿਵੇਂ ਨੁਕਸਾਨ ਪਹੁੰਚਾਉਂਦੀਆਂ ਹਨ।"

ਬਜ਼ੁਰਗ ਰੁੱਖ ਨੇ ਵੀ ਹਾਂ ਵਿਚ ਹਾਂ ਮਿਲਾ ਕੇ ਕਿਹਾ, "ਹਾਂ, ਤੁਸੀਂ ਸਿਰਫ਼ ਆਪਣੀ ਏਕਤਾ ਦਾ ਖਿਆਲ ਰੱਖੋ। ਤੁਹਾਨੂੰ ਦੂਜਾ ਕੋਈ ਕਿੰਨਾ ਵੀ ਭੜਕਾਵੇ, ਇੱਕ-ਦੂਜੇ ਦੀ ਆਲੋਚਨਾ ਕਰੇ ਪਰ ਤੁਸੀਂ ਉਹਦੀਆਂ ਗੱਲਾਂ ਵਿਚ ਨਹੀਂ ਆਉਣਾ ਅਤੇ ਕਿਸੇ ਵੀ ਤਰ੍ਹਾਂ ਆਪਣੀ ਏਕਤਾ ਭੰਗ ਨਾ ਹੋਣ ਦੇਣਾ। ਹੁਣ ਤੱਕ ਸੈਂਕੜੇ ਸਾਲਾਂ ਤੋਂ ਤੁਸੀਂ ਆਪਣੀ ਇਕਜੁੱਟਤਾ ਕਰਕੇ ਹੀ ਸੁਖ ਦਾ ਸਾਹ ਲੈ ਰਹੇ ਹੋ ਤੇ ਤੁਹਾਡਾ ਕੁਝ ਨਹੀਂ ਵਿਗੜਿਆ। ਤੁਹਾਡੇ ਜੰਗਲ ਹਰੇ-ਭਰੇ ਹਨ ਅਤੇ ਉਨ੍ਹਾਂ ਵਿਚ ਬਹੁਤ ਪਸ਼ੂ-ਪੰਛੀ ਨਿਰਬਾਹ ਕਰ ਰਹੇ ਹਨ। ਇਹ ਸਭ ਇਸ ਕਰਕੇ ਹੀ ਸੰਭਵ ਹੈ ਕਿ ਤੁਸੀਂ ਆਪਣੀ ਏਕਤਾ ਬਣਾ ਕੇ ਰੱਖੀ ਹੋਈ ਹੈ। ਏਕਤਾ ਕਰਕੇ ਹੀ ਤੁਹਾਡੀ ਹੋਂਦ ਵੀ ਬਚੀ ਹੋਈ ਹੈ।"

ਇਹ ਸੁਣ ਕੇ ਰੁੱਖਾਂ ਦੇ ਚਿਹਰਿਆਂ 'ਤੇ ਮੁਸਕਾਨ ਆ ਗਈ। ਉਨ੍ਹਾਂ ਸਹੀ ਰਸਤਾ ਵਿਖਾਉਣ ਲਈ ਬਜ਼ੁਰਗ ਰੁੱਖ ਦਾ ਧੰਨਵਾਦ ਕੀਤਾ ਅਤੇ ਫ਼ੈਸਲਾ ਕੀਤਾ ਕਿ ਉਹ ਆਪਣੀ ਏਕਤਾ ਅਤੇ ਇਕਜੁੱਟਤਾ ਕਿਸੇ ਵੀ ਕੀਮਤ 'ਤੇ ਟੁੱਟਣ ਨਹੀਂ ਦੇਣਗੇ।

ਸਾਡਾ ਸਮਾਜ ਵੀ ਹਰੇ-ਭਰੇ ਰੁੱਖਾਂ ਵਾਂਗ ਹੀ ਹੈ, ਇਹਦੇ ਵਿਚ ਬੇਸ਼ੱਕ ਕੁਝ ਕਮਜ਼ੋਰੀਆਂ ਅਤੇ ਕਮੀਆਂ ਹੋਣ ਪਰ ਏਕਤਾ ਅਤੇ ਮੇਲ-ਮਿਲਾਪ ਸਦਕਾ ਹੀ ਅਸੀਂ ਇਨ੍ਹਾਂ 'ਤੇ ਜਿੱਤ ਪ੍ਰਾਪਤ ਕਰ ਸਕਦੇ ਹਾਂ।

*-ਪੇਸ਼ਕਸ਼: ਭੁਪਿੰਦਰ ਸਿੰਘ ਆਸ਼ਟ*

## ਵਿਦਰੋਹੀ ਨਾਇਕਾ

# ਸ਼ਾਂਤਾ ਆਪਟੇ

ਭਾਰਤੀ ਸਿਨੇਮਾ 'ਚ ਫ੍ਰੀ-ਲਾਂਸ ਅਦਾਕਾਰੀ ਕਰਨ ਦੀ ਸ਼ੁਰੂਆਤ ਜਿਹੜੇ ਕਲਾਕਾਰਾਂ ਨੇ ਕੀਤੀ, ਉਨ੍ਹਾਂ ਵਿਚ ਇਕ ਅਦਾਕਾਰਾ ਵੀ ਸੀ। ਇਸ ਅਦਾਕਾਰਾ ਨਾਂ ਸੀ ਸ਼ਾਂਤਾ ਆਪਟੇ। ਹਿੰਦੀ ਫ਼ਿਲਮ ਇਤਿਹਾਸ 'ਚ ਸ਼ਾਂਤਾ ਆਪਟੇ ਦਾ ਨਾਂ ਵਿਦਰੋਹੀ ਨਾਇਕਾ ਦੇ ਰੂਪ 'ਚ ਦਰਜ ਹੈ। ਇਹ ਖਿਤਾਬ ਉਸ ਨੂੰ ਇਸ ਲਈ ਦਿੱਤਾ ਗਿਆ ਕਿਉਂਕਿ ਉਸ ਨੇ ਪਰਦੇ 'ਤੇ ਔਰਤ ਦੇ ਵਿਦਰੋਹੀ ਰੂਪ ਨੂੰ ਬੜੀ ਸ਼ਿੱਦਤ ਨਾਲ ਸਾਕਾਰ ਕੀਤਾ। ਇਹੀ ਨਹੀਂ, ਪਰਦੇ ਤੋਂ ਬਾਹਰ ਅਸਲ ਜੀਵਨ 'ਚ ਵੀ ਉਸ ਨੇ ਆਪਣੇ ਇਸ ਰੂਪ ਦਾ ਬਾਖ਼ੂਬੀ ਸਬੂਤ ਦਿੱਤਾ। ਵਿਦਰੋਹੀ ਸੁਭਾਅ ਕਾਰਨ ਹੀ ਸ਼ਾਂਤਾ ਆਪਟੇ ਭਾਰਤ 'ਚ ਫ੍ਰੀ-ਲਾਂਸ ਨਾਇਕਾਵਾਂ ਦੀ ਰਵਾਇਤ ਸ਼ੁਰੂ ਕਰਨ ਵਾਲੀ ਅਦਾਕਾਰਾ ਬਣੀ। 23 ਨਵੰਬਰ 1916 ਨੂੰ ਪੂਣੇ ਕੋਲ ਮਹਾਰਾਸ਼ਟਰੀਅਨ ਬ੍ਰਾਹਮਣ ਪਰਿਵਾਰ 'ਚ ਪੈਦਾ ਹੋਈ ਸ਼ਾਂਤਾ ਨੂੰ ਬਚਪਨ ਤੋਂ ਹੀ ਅਦਾਕਾਰੀ ਅਤੇ ਸੰਗੀਤ 'ਚ ਦਿਲਚਸਪੀ ਸੀ। ਮਸ਼ਹੂਰ ਨਿਰਮਾਤਾ-ਨਿਰਦੇਸ਼ਕ ਭਾਲਜੀ ਪੇਂਢਾਰਕਰ ਨੇ ਉਨ੍ਹਾਂ ਨੂੰ ਆਪਣੀ ਫ਼ਿਲਮ 'ਸ਼ਿਆਮ ਸੁੰਦਰ' (1932) ਵਿਚ ਬਤੌਰ ਨਾਇਕਾ ਪਹਿਲਾ ਮੌਕਾ ਦਿੱਤਾ।

ਇਸ ਪਿੱਛੋਂ 1933 'ਚ ਸ਼ਾਂਤਾ ਆਪਟੇ ਨੂੰ ਪ੍ਰਭਾਤ ਫ਼ਿਲਮ ਕੰਪਨੀ ਨੇ ਲੰਬੇ ਸਮੇਂ ਲਈ ਆਪਣੀ ਸੰਸਥਾ 'ਚ ਸਾਈਨ ਕਰ ਲਿਆ। ਉਥੇ ਉਸ ਦੀ ਪਹਿਲੀ ਫ਼ਿਲਮ ਬਣੀ 'ਅੰਮ੍ਰਿਤ ਮੰਥਨ' ਜਿਸ ਵਿਚ ਮਿਠਾਸ ਭਰੇ ਗਾਇਨ ਦੇ ਨਾਲ ਨਾਲ ਉਸ ਨੇ ਬੇਹੱਦ ਭਾਵਪੂਰਨ ਅਦਾਕਾਰੀ ਕੀਤੀ। ਇਹ ਪਹਿਲੀ ਹਿੰਦੀ ਫ਼ਿਲਮ ਸੀ ਜਿਸ ਨੇ 25 ਹਫਤੇ ਚੱਲ ਕੇ ਸਿਲਵਰ ਜੁਬਲੀ ਮਨਾਈ। ਇਸ ਪਿੱਛੋਂ ਪ੍ਰਭਾਤ ਵਲੋਂ ਬਣਾਈ ਗਈ 'ਅਮਰ ਜਯੋਤੀ', 'ਗੋਪਾਲ ਕ੍ਰਿਸ਼ਨ', 'ਰਾਜਪੂਤ ਰਮਣੀ' ਅਤੇ 'ਦੁਨੀਆ ਨ ਮਾਨੇ' ਵਰਗੀਆਂ ਬਹੁਤ ਸਾਰੀਆਂ ਫ਼ਿਲਮਾਂ 'ਚ ਸਰਵੋਤਮ ਅਦਾਕਾਰੀ ਕਰਦਿਆਂ ਸ਼ਾਂਤਾ ਉੱਚ-ਕੋਟੀ ਦੀ ਅਦਾਕਾਰਾ ਬਣ ਗਈ।


1937 ਵਿਚ ਆਈ ਫਿਲਮ 'ਦੁਨੀਆਂ ਨ ਮਾਨੇ' ਵਿਚ ਵਿਦਰੋਹੀ ਨਾਇਕਾ ਦੇ ਕਿਰਦਾਰ ਨਾਲ ਸ਼ਾਂਤਾ ਦੀ ਪ੍ਰਸਿੱਧੀ ਜਗਮਗਾ ਉਠੀ। ਉਸ ਕੋਲ ਹੋਰ ਨਿਰਮਾਤਾਵਾਂ ਅਤੇ ਸੰਸਥਾਵਾਂ ਵੱਲੋਂ ਵਧੇਰੇ ਮਿਹਨਤਾਨੇ ਦੀਆਂ ਪੇਸ਼ਕਸ਼ਾਂ ਆਉਣ ਲੱਗੀਆਂ। ਸ਼ਾਂਤਾ ਉਹ ਪੇਸ਼ਕਸ਼ਾਂ ਸਵੀਕਾਰ ਕਰਨਾ ਚਾਹੁੰਦੀ ਸੀ, ਪਰ ਉਸ ਲਈ ਪ੍ਰਭਾਤ ਫ਼ਿਲਮ ਕੰਪਨੀ ਦੇ ਕਾਂਟਰੈਕਟ ਤੋਂ ਮੁਕਤ ਹੋਣਾ ਜ਼ਰੂਰੀ ਸੀ। 1948 'ਚ ਜਦੋਂ ਉਸ ਨੇ ਇਹ ਕਾਂਟਰੈਕਟ ਤੋੜਨਾ ਚਾਹਿਆ ਤਾਂ ਪ੍ਰਭਾਤ ਨੇ ਇਜਾਜ਼ਤ ਨਹੀਂ ਦਿੱਤੀ। ਇਸ 'ਤੇ ਸ਼ਾਂਤਾ ਨੇ ਪ੍ਰਭਾਤ ਫ਼ਿਲਮ ਕੰਪਨੀ ਦੇ ਦਰਵਾਜ਼ੇ 'ਤੇ ਮਰਨ ਵਰਤ ਰੱਖ ਕੇ ਕਾਂਟਰੈਕਟ ਪ੍ਰਥਾ ਖਿਲਾਫ ਧਰਨਾ ਦਿੱਤਾ। ਹਾਰ ਕੇ ਪ੍ਰਭਾਤ ਨੂੰ ਉਸ ਨੂੰ ਕਾਂਟਰੈਕਟ ਤੋਂ ਮੁਕਤ ਕਰਨਾ ਪਿਆ। ਉਸ ਪਿੱਛੋਂ ਸ਼ਾਂਤਾ ਨੇ ਜਿੰਨੀਆਂ ਵੀ ਫ਼ਿਲਮਾਂ 'ਚ



ਕੰਮ ਕੀਤਾ; ਜਿਵੇਂ 'ਸਾਵਿਤਰੀ', 'ਮੁਹੱਬਤ', 'ਅਪਨਾ ਘਰ', 'ਕਾਦੰਬਰੀ', 'ਭਾਗਯਲਕਸ਼ਮੀ', 'ਸਾਵਨ', 'ਜ਼ਮੀਂਦਾਰ', 'ਪਾਨੀਹਾਰੀ', 'ਸੁਭੱਦਰਾ', 'ਉਤਰਾ-ਅਭਿਮਨਿਊ', 'ਭਾਗਯਵਾਨ', 'ਮੰਦਿਰ', 'ਮੈਂ ਅਬਲਾ ਨਹੀਂ ਹੂੰ', 'ਸਵੈਂਸਿੱਧਾ' ਅਤੇ 'ਚੰਡੀ ਪੂਜਾ' ਆਦਿ ਸਾਰੀਆਂ ਫ਼ਿਲਮਾਂ 'ਚ ਆਜ਼ਾਦ ਰੂਪ 'ਚ ਆਪਣੀਆਂ ਸ਼ਰਤਾਂ 'ਤੇ ਕੰਮ ਕੀਤਾ। ਸ਼ਾਂਤਾ ਆਪਟੇ ਦੀ ਆਖਰੀ ਫ਼ਿਲਮ 1947 'ਚ ਪ੍ਰਦਰਸ਼ਿਤ 'ਚੰਡੀ ਪੂਜਾ' ਸੀ, ਪਰ ਦਮਦਾਰ ਅਦਾਕਾਰੀ ਪੱਖੋਂ ਉਨ੍ਹਾਂ ਦੀ ਆਖਰੀ ਫ਼ਿਲਮ 'ਸਵੈਂਸਿੱਧਾ' ਮੰਨੀ ਜਾਂਦੀ ਹੈ ਜੋ 1950 'ਚ ਆਈ ਸੀ। 25 ਫਰਵਰੀ 1964 ਨੂੰ ਕੈਂਸਰ ਦੀ ਬਿਮਾਰੀ ਨਾਲ ਇਸ ਵਿਲੱਖਣ ਅਤੇ ਵਿਦਰੋਹੀ ਨਾਇਕਾ ਦਾ ਦੇਹਾਂਤ ਹੋ ਗਿਆ।

# ਮਹਿਰੀਨ ਦੇ ਕੈਰੀਅਰ ਦਾ ਰੋੜਾ ਬਣਿਆ ਨਰੇਂਦਰ ਮੋਦੀ

ਪਾਕਿਸਤਾਨ ਦੀ ਸੁਪਰਮਾਡਲ ਮੁਟਿਆਰ ਮਹਿਰੀਨ ਸੱਯਦ ਨੂੰ ਇਹ ਚਿਤ-ਚੇਤਾ ਵੀ ਨਹੀਂ ਸੀ ਕਿ ਭਾਜਪਾ ਦਾ ਕੱਟੜ ਆਗੂ ਨਰੇਂਦਰ ਮੋਦੀ ਉਸ ਦੇ ਰਾਹ ਦਾ ਰੋੜਾ ਬਣ ਜਾਵੇਗਾ। 2012 ਵਿਚ ਬਣਾਈ ਫਿਲਮ 'ਲਾਹੌਰ' ਦੇ ਡਾਇਰੈਕਟਰ ਸੰਜੈ ਪੂਰਨ ਸਿੰਘ ਚੌਹਾਨ ਨੇ ਮਹਿਰੀਨ ਨੂੰ ਆਪਣੀ ਫਿਲਮ ਤੋਂ ਜਵਾਬ ਦੇ ਦਿੱਤਾ ਹੈ। ਇਸ ਫਿਲਮ ਜਿਸ ਦਾ ਅਜੇ ਨਾਂ ਵੀ ਨਹੀਂ ਰੱਖਿਆ ਗਿਆ, ਲਈ ਸੰਜੈ ਨੇ ਮਹਿਰੀਨ ਨੂੰ ਬੜੇ ਧੜੱਲੇ ਨਾਲ ਸਾਈਨ ਕੀਤਾ ਸੀ ਅਤੇ ਇਸ ਦੀ ਸ਼ੂਟਿੰਗ ਸਤੰਬਰ ਵਿਚ ਸ਼ੁਰੂ ਹੋਣੀ ਹੈ।



ਅਸਲ ਵਿਚ ਇਸ ਫਿਲਮ ਦੀ ਬਹੁਤੀ ਸ਼ੂਟਿੰਗ ਗੁਜਰਾਤ ਵਿਚ ਹੋਣੀ ਹੈ ਅਤੇ ਸੰਜੈ ਪੂਰਨ ਸਿੰਘ ਚੌਹਾਨ ਨਹੀਂ ਚਾਹੁੰਦਾ ਕਿ ਇਸ ਪਾਕਿਸਤਾਨੀ ਕੁੜੀ ਕਰ ਕੇ ਉਸ ਦੀ ਫਿਲਮ ਦਾ ਨਿਰਮਾਣ ਰੁਕ ਜਾਵੇ। ਉਸ ਨੂੰ ਡਰ ਹੈ ਕਿ ਭਾਜਪਾ ਆਗੂ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਗੁਜਰਾਤ ਸਰਕਾਰ ਪਾਕਿਸਤਾਨੀ ਅਦਾਕਾਰਾ ਕਾਰਨ ਅੜਿੱਕੇ ਪਾ ਸਕਦੀ ਹੈ ਅਤੇ ਉਸ ਨੂੰ ਸੂਬੇ ਵਿਚ ਵੜਨ ਤੋਂ ਵੀ ਡੱਕ ਸਕਦੀ ਹੈ। ਉਂਜ ਸੰਜੈ ਦੇ ਮਿੱਤਰਾਂ-ਦੋਸਤਾਂ ਨੇ ਉਸ ਦੇ ਇਸ ਨਵੇਂ ਫੈਸਲੇ ਦਾ ਬਹੁਤ ਬੁਰਾ ਮਨਾਇਆ ਹੈ ਕਿ ਪ੍ਰੋਫੈਸ਼ਨ ਦੇ ਪੱਧਰ 'ਤੇ ਇਹ ਬਹੁਤ ਮਾੜਾ ਫੈਸਲਾ ਹੈ ਅਤੇ ਕਲਾਕਾਰਾਂ ਦਾ ਦਿਲ ਤੋੜਨ ਵਾਲਾ ਹੈ। ਦੋਸਤਾਂ ਦਾ ਕਹਿਣਾ ਹੈ ਕਿ ਸੰਜੈ ਨੂੰ ਇਸ ਮਾਮਲੇ 'ਤੇ ਇਉਂ ਹਾਰਨਾ ਨਹੀਂ ਸੀ ਚਾਹੀਦਾ।


ਉਧਰ ਸੰਜੈ ਦਾ ਇਹੀ ਕਹਿਣਾ ਹੈ ਕਿ ਉਸ ਨੇ ਆਪਣੀ ਪਹਿਲੀ ਫਿਲਮ 'ਲਾਹੌਰ' ਕਾਰਨ ਬਥੇਰਾ ਨੁਕਸਾਨ ਉਠਾਇਆ ਹੈ ਅਤੇ ਹੁਣ ਉਹ ਅਜਿਹਾ ਹੋਰ ਨੁਕਸਾਨ ਉਠਾਉਣ ਲਈ ਤਿਆਰ ਨਹੀਂ ਹੈ। ਫਿਲਮਸਾਜ਼ ਚੌਹਾਨ ਨੇ ਸੰਪਰਕ ਕਰਨ 'ਤੇ ਦੱਸਿਆ, "ਹਾਂ, ਇਹ ਖ਼ਬਰ ਮਾੜੀ ਹੈ ਪਰ ਸੱਚੀ ਹੈ। ਮੈਂ ਆਪਣੀ ਫਿਲਮ ਵਿਚ ਹੁਣ ਮਹਿਰੀਨ ਸੱਯਦ ਨਾਲ ਕੰਮ ਨਹੀਂ ਕਰ ਰਿਹਾ।" ਉਸ ਨੇ ਦੱਸਿਆ ਕਿ ਆਪਣੀ ਪਲੇਠੀ ਫਿਲਮ 'ਲਾਹੌਰ' ਵਿਚ ਉਸ ਨੇ ਪਾਕਿਸਤਾਨੀ ਅਦਾਕਾਰਾ ਰਸ਼ੀਦ ਨਾਜ਼ ਤੋਂ ਕੰਮ ਕਰਵਾਇਆ ਸੀ। ਉਦੋਂ ਵੀ ਸੰਕਟ ਦੇ ਬੱਦਲ ਛਾ ਗਏ ਸਨ। ਹੁਣ ਉਹ ਉਸੇ ਸੰਕਟ ਵਿਚ ਫਿਰ ਤੋਂ ਨਹੀਂ ਘਿਰਨਾ ਚਾਹੁੰਦਾ।

ਮਹਿਰੀਨ ਸੱਯਦ ਨੇ ਸੰਜੈ ਦੇ ਇਸ ਫੈਸਲੇ ਦਾ ਬੁਰਾ ਤਾਂ ਮਨਾਇਆ ਹੈ, ਪਰ ਹੌਸਲੇ ਨਾਲ ਕਿਹਾ ਹੈ ਕਿ ਇਸ ਫੈਸਲੇ ਨਾਲ ਉਸ ਦੇ ਕਰੀਅਰ ਉਤੇ ਕੋਈ ਅਸਰ ਨਹੀਂ ਪਵੇਗਾ। 2 ਅਗਸਤ 1986 ਨੂੰ ਜਨਮੀ ਮਹਿਰੀਨ ਆਖਦੀ ਹੈ, "ਸੰਜੈ ਚੌਹਾਨ ਦੇ ਇਸ ਫੈਸਲੇ ਨੇ ਉਸ ਨੂੰ ਤੰਗ ਤਾਂ ਬਹੁਤ ਕੀਤਾ ਹੈ ਪਰ ਉਹ ਸਦਾ ਅਗਾਂਹ ਚੱਲਣ ਵਿਚ ਵਿਸ਼ਵਾਸ ਰੱਖਦੀ ਹੈ। ਉਸ ਕੋਲ ਉਂਜ ਵੀ ਬਥੇਰਾ ਕੰਮ ਹੈ।"

ਉਂਜ ਉਸ ਨੇ ਮੰਨਿਆ ਕਿ ਜੇ ਇਹ ਫਿਲਮ ਬਣ ਜਾਂਦੀ ਤਾਂ ਸੋਨੇ ਉਤੇ ਸੁਹਾਗੇ ਵਾਲੀ ਗੱਲ ਹੋ ਜਾਣੀ ਸੀ। ਮਹਿਰੀਨ ਨੇ ਨਿੱਕੀ ਉਮਰੇ ਹੀ ਫੈਸ਼ਨ ਦੀ ਦੁਨੀਆਂ ਵਿਚ ਵੱਡੀਆਂ ਮੱਲਾਂ ਮਾਰੀਆਂ ਹਨ। 2005 ਤੋਂ ਹੀ ਉਹ ਇਨਾਮ ਜਿੱਤਦੀ ਆ ਹੀ ਹੈ। ਉਸ ਨੇ ਇਸੇ ਵਰ੍ਹੇ 23 ਫਰਵਰੀ ਨੂੰ ਅਹਿਮਦ ਹਿਮਾਯੂੰ ਸ਼ੇਖ ਨਾਲ ਨਿਕਾਹ ਕਰਾਇਆ ਹੈ। ਆਪਣੀ ਇਕ ਇੰਟਰਵਿਊ ਦੌਰਾਨ ਮਹਿਰੀਨ ਨੇ ਕਿਹਾ ਸੀ ਕਿ ਉਹ ਆਮਿਰ ਖਾਨ ਨਾਲ ਕੰਮ ਕਰਨਾ ਚਾਹੁੰਦੀ ਹੈ। ਦੇਖੋ, ਹੁਣ ਉਸ ਦੀ ਇਹ ਇੱਛਾ ਕਦੋਂ ਪੂਰੀ ਹੁੰਦੀ ਹੈ!

# ਲੱਕੀ ਸਾਂਗਰ

## ਸਟੇਜ ਤੇ ਫਿਲਮਾਂ ਦਾ ਨਵਾਂ ਚਿਹਰਾ






ਉਘੇ ਰੰਗਕਰਮੀ ਭਾਅ ਜੀ ਗੁਰਸ਼ਰਨ ਸਿੰਘ ਦੇ ਥਾਪੜੇ ਨਾਲ ਅਦਾਕਾਰ ਲੱਕੀ ਦਾ ਪੰਜਾਬੀ ਥੀਏਟਰ 'ਚ ਜਨਮ ਹੋਇਆ ਜੋ ਮੁਹਾਲੀ ਦੇ ਸਰਕਾਰੀ ਕਾਲਜ 'ਚ ਬੀ.ਏ. ਕਰਦੇ ਸਮੇਂ ਨਾਟਕਾਂ ਦੀ ਦੁਨੀਆਂ 'ਚ ਪ੍ਰਵੇਸ਼ ਕਰ ਗਿਆ ਸੀ। ਉਸ ਨੇ ਭਾਅ ਜੀ ਤੋਂ ਮਿਲੇ ਨਿੱਘ ਸਦਕਾ ਪੰਜਾਬ ਦੇ ਅਨੇਕਾਂ ਪਿੰਡਾਂ ਦੀਆਂ ਸੱਥਾਂ, ਗਲੀਆਂ ਵਿਚ ਜਾ-ਜਾ ਕੇ ਨਾਟਕ ਖੇਡੇ। ਉਸ ਨੇ ਆਪਣਾ ਪਹਿਲਾ ਨਾਟਕ ਮੁਹਾਲੀ ਕਾਲਜ ਦੀ ਸਟੇਜ ਉਤੇ 'ਅੱਜ ਆਖਾਂ ਵਾਰਸ਼ ਸ਼ਾਹ ਨੂੰ' ਖੇਡਿਆ ਸੀ। ਆਪਣੀ ਹੀ ਮੌਜ ਲਈ ਜਿਉਣ ਵਾਲੇ ਲੱਕੀ ਦੀ ਜ਼ਿੰਦਗੀ ਇਸ ਨਾਟਕ ਨੇ ਪਲਟ ਦਿੱਤੀ ਤੇ ਉਹ ਸਟੇਜ ਦੀ ਦੁਨੀਆਂ ਵਿਚ ਇਸ ਤਰ੍ਹਾਂ ਖੁਭ ਗਿਆ ਕਿ ਉਸ ਨੇ ਆਪਣੀ ਕਲਾ ਰਾਹੀਂ ਹਾਕਮ ਧਿਰ ਵੱਲੋਂ ਕੀਤੀ ਜਾ ਰਹੀ ਲੁੱਟ-ਖਸੁੱਟ ਵਿਰੁੱਧ ਆਮ ਜਨਤਾ 'ਚ ਚੇਤਨਾ ਪੈਦਾ ਕਰਨ ਵਾਲੀ ਜ਼ਿੰਦਗੀ ਨੂੰ ਤਰਜੀਹ ਦਿੱਤੀ। ਉਸ ਨੇ ਭਾਅ ਜੀ ਨਾਲ 'ਨਵਾਂ ਜਨਮ', 'ਕਿਵ ਕੁੜੈ ਤੁਟੈ ਪਾਲ', 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਆਦਿ ਨਾਟਕ ਪਿੰਡਾਂ ਦੀਆਂ ਸੱਥਾਂ ਵਿਚ ਖੇਡੇ।

ਲੱਕੀ ਪਿੰਡ ਭੰਜੌਲੀ (ਖਰੜ) ਦਾ ਰਹਿਣ ਵਾਲਾ ਹੈ ਤੇ ਆਪਣੀ ਮਾਂ ਕੁਲਦੀਪ ਕੌਰ ਦਾ ਲਾਡਲਾ ਪੁੱਤਰ ਹੈ। ਉਸ ਦੇ ਪਿਤਾ ਸ. ਸੁਰਮੁਖ ਸਿੰਘ ਖੇਤੀਬਾੜੀ ਦਾ ਕੰਮ ਕਰਦੇ ਹਨ। ਨਾਟਕ ਖੇਡਦੇ-ਖੇਡਦੇ ਲੱਕੀ ਦੀ ਮੁਲਾਕਾਤ ਫਿਲਮਸਾਜ਼ ਤੇ ਲੇਖਕ ਜਤਿੰਦਰ ਮੌਹਰ ਨਾਲ ਪੰਜਾਬੀ ਫਿਲਮ 'ਮਿੱਟੀ' ਦੀ ਸ਼ੂਟਿੰਗ ਦਰਮਿਆਨ ਹੋਈ। ਇਸ ਤੋਂ ਬਾਅਦ ਲੱਕੀ ਨੇ ਫਿਲਮੀ ਦੁਨੀਆਂ ਵਿਚ ਆਪਣੀ ਕਲਾ ਦੇ ਜੌਹਰ ਵਿਖਾਉਣੇ ਸ਼ੁਰੂ ਕੀਤੇ ਤੇ ਕਈ ਨਾਮਵਰ ਪੰਜਾਬੀ ਫਿਲਮਾਂ 'ਚ ਆਪਣੀ ਕਲਾ ਦੇ ਰੰਗ ਬਖੇਰੇ। ਲੱਕੀ ਨੇ ਹੁਣੇ ਰਿਲੀਜ਼ ਹੋਈ 'ਸਿਕੰਦਰ' (ਪਹਿਲਾ ਨਾਂ 'ਸਰਸਾ')) ਫਿਲਮ ਜਿਸ ਵਿਚ ਪੰਜਾਬ ਦੀ ਨੌਜਵਾਨ ਪੀੜ੍ਹੀ ਜੋ ਸਿਆਸਤ ਦੇ ਖੇਤਰ ਦੀ ਦਲਦਲ ਵਿਚ ਘਿਰ ਕੇ ਆਪਣੀ ਜ਼ਿੰਦਗੀ ਨੂੰ ਤਬਾਹ ਕਰ ਰਹੀ ਹੈ, ਤੋਂ ਨੌਜਵਾਨਾਂ ਨੂੰ ਸੁਚੇਤ ਹੋਣ ਦਾ ਸੰਦੇਸ਼ ਦਿੱਤਾ ਗਿਆ ਹੈ, ਵਿਚ ਆਪਣੀ ਕਲਾ ਦੇ ਜੌਹਰ ਵਿਖਾਏ ਹਨ। ਲੱਕੀ ਅਜਿਹੀਆਂ ਫਿਲਮਾਂ ਨੂੰ ਹੀ ਤਰਜੀਹ ਦਿੰਦਾ ਹੈ ਜੋ ਦਰਸ਼ਕਾਂ ਨੂੰ ਸੰਦੇਸ਼ ਦਿੰਦੀਆਂ ਹੋਣ। ਉਹ, ਉਨ੍ਹਾਂ ਫਿਲਮਾਂ ਰਾਹੀਂ ਨਾਮਣਾ ਨਹੀਂ ਖੱਟਣਾ ਚਾਹੁੰਦਾ ਜੋ ਬੇਤੁਕੇ ਵਿਸ਼ਿਆਂ ਅਤੇ ਘਟੀਆ ਜਿਹੇ ਹਾਸ-ਰਸ ਉਤੇ ਆਧਾਰਤ ਹੋਣ। ਉਹ 'ਮੜ੍ਹੀ ਦਾ ਦੀਵਾ', 'ਅੰਨ੍ਹੇ ਘੋੜੇ ਦਾ ਦਾਨ', 'ਸ਼ਹੀਦੇ ਮੁਹੱਬਤ ਬੂਟਾ ਸਿੰਘ' ਤੇ 'ਸ਼ਹੀਦ ਊਧਮ ਸਿੰਘ' ਵਰਗੀਆਂ ਫਿਲਮਾਂ 'ਚ ਕੰਮ ਕਰਨਾ ਪਸੰਦ ਕਰਦਾ ਹੈ। ਲੱਕੀ ਦਾ ਕਹਿਣਾ ਹੈ ਕਿ ਹਾਸ ਰਸ ਫਿਲਮਾਂ ਵਿਚੋਂ 'ਜੱਟ ਐਂਡ ਜੂਲੀਅਟ' ਤੇ 'ਕੈਰੀ ਔਨ ਜੱਟਾ' ਫਿਲਮਾਂ ਨੂੰ ਹੀ ਕਾਮਯਾਬੀ ਮਿਲੀ ਹੈ, ਪਰ ਇਨ੍ਹਾਂ ਫਿਲਮਾਂ ਪਿੱਛੇ ਲੱਗ ਕੇ ਹੋਰ ਅਦਕਾਰਾਂ ਵੱਲੋਂ ਅਨੇਕਾਂ ਹਾਸ-ਰਸ ਫਿਲਮਾਂ ਬਣਾਈਆਂ ਜਾ ਰਹੀਆਂ ਹਨ ਜੋ ਅਸਫਲ ਹੋ ਰਹੀਆਂ ਹਨ।

ਲੱਕੀ ਫਿਕਰਮੰਦ ਹੈ ਕਿ ਅੱਜ ਬਹੁਤ ਜੱਦੋ-ਜਹਿਦ ਨਾਲ ਪੰਜਾਬੀ ਸਿਨੇਮਾ ਆਸਮਾਨ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ, ਕਿਤੇ ਇਹ ਨਾ ਹੋਵੇ ਕਿ ਬੇਤੁਕੇ ਵਿਸ਼ਿਆਂ ਉਤੇ ਬਣਨ ਵਾਲੀਆਂ ਫਿਲਮਾਂ ਕਾਰਨ ਇਹ ਫਿਰ ਆਪਣੇ ਪੈਰ ਪਤਨ ਵੱਲ ਮੋੜ ਲਵੇ। ਲੱਕੀ ਆਪਣੇ ਆਪ ਉਤੇ ਮਾਣ ਮਹਿਸੂਸ ਕਰਦਾ ਹੈ ਕਿ ਉਸ ਨੂੰ ਸ਼ੁਰੂਆਤ ਤੋਂ ਹੀ ਨਾਮਵਰ ਨਾਟਕਕਾਰ, ਲੇਖਕਾਂ, ਨਿਰਦੇਸ਼ਕਾਂ, ਫਿਲਮਸਾਜ਼ਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ।

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ

## ਗਦਰ ਸ਼ਤਾਬਦੀ ਸਮਾਗਮ



ਬਾਬਾ ਸੋਹਨ ਸਿੰਘ ਭਕਨਾ  ਕਰਤਾਰ ਸਿੰਘ ਸਰਾਭਾ  ਲਾਲਾ ਹਰਦਿਆਲ  ਮੁਹੰਮਦ ਬਰਕਤ-ਉੱਲਾ

## ਕਾਨਫਰੰਸ ਅਤੇ ਸੈਮੀਨਾਰ

**13 ਜੁਲਾਈ 2013**

ਸਨਿਚਰਵਾਰ, ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ

**ਸਥਾਨ: ਗਦਰ ਮੈਮੋਰੀਅਲ ਹਾਲ**

5 ਵੁੱਡ ਸਟਰੀਟ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94116

ਉਦਘਾਟਨ: ਡਾ. ਗੁਰੂਮੇਲ ਸਿੰਘ ਸਿੱਧੂ
ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਫਰਿਜ਼ਨੋ

ਡਾ. ਹਰੀਸ਼ ਪੁਰੀ *(ਰਿਟਾਇਰਡ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)*
*ਗਦਰ ਲਹਿਰ: ਨਵੇਂ ਸਿਆਸੀ ਸਮਾਜ ਦੀ ਸਿਰਜਣਾ ਉਤੇ ਪੇਪਰ ਪੜ੍ਹਨਗੇ*

ਦੇਸ਼ ਭਗਤੀ ਦੀਆਂ ਕਵਿਤਾਵਾਂ ਅਤੇ ਸਕੂਲੀ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ

### ਬਹਿਸ ਵਿਚ ਭਾਗ ਲੈਣਗੇ

ਸ੍ਰੀ ਸੀਤਾ ਰਾਮ ਯੈਚੁਰੀ, ਐਮ.ਪੀ., ਨਿਰੂਪਮਾ ਰਾਓ, ਰਾਜਦੂਤ,
ਡਾ. ਜਸਪਾਲ ਸਿੰਘ, ਵੀ.ਸੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਜਸਵਿੰਦਰ ਸਿੰਘ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਧਨਵੰਤ ਕੌਰ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ
ਡਾ. ਦੀਪਕ ਮਨਮੋਹਨ ਸਿੰਘ, ਡਾਇਰੈਕਟਰ ਵਰਲਡ ਪੰਜਾਬੀ ਸੈਂਟਰ,
ਡਾ. ਮਹਿੰਦਰ ਸਿੰਘ (ਮੈਂਬਰ ਘੱਟਗਿਣਤੀ ਕਮਿਸ਼ਨ ਨਵੀਂ ਦਿੱਲੀ),
ਕੌਂਸਲ ਜਨਰਲ, ਸਤਨਾਮ ਸਿੰਘ ਚਾਹਲ,
ਡਾ. ਗੁਰਦੇਵ ਸਿੰਘ ਖੁਸ਼, ਪ੍ਰੋਫੈਸਰ ਪਲਾਂਟ ਸਾਇੰਸਿਜ਼
ਗੁਰਦਿਆਲ ਸਿੰਘ ਬੱਲ, ਜਸਵੀਰ ਸਮਰ (ਪੰਜਾਬੀ ਟ੍ਰਿਬਿਊਨ)
ਪ੍ਰੋ. ਸੰਪੂਰਨ ਸਿੰਘ, ਹੀਰਾ ਲਾਲ ਸਿੰਘ (ਹਿਊਸਟਨ)
ਸੁਖਵਿੰਦਰ ਕੰਬੋਜ, ਜਸਪ੍ਰੀਤ ਸਿੰਘ ਅਟਾਰਨੀ, ਗੁਰਬਿੰਦਰ ਸਿੰਘ ਧਾਲੀਵਾਲ, ਕੁਲਵੰਤ ਸਿੰਘ ਮੰਡਿਆਲਾ-ਯੂ ਕੇ, ਪ੍ਰਿੰ. ਵੀਰ ਸਿੰਘ ਰੰਧਾਵਾ, ਪਾਖਰ ਸਿੰਘ ਚਾਹਲ, ਐਡਵੋਕੇਟ, ਦਲਵਿੰਦਰ ਸਿੰਘ ਧੂਤ, ਡਾ. ਸਤਨਾਮ ਸਿੰਘ ਉਪਲ।

ਸੰਤ ਸੇਵਾ ਸਿੰਘ ਖਡੂਰ ਸਾਹਿਬ ਵਿਸ਼ੇਸ਼ ਤੌਰ 'ਤੇ ਪਹੁੰਚਣਗੇ

## ਸਭਿਆਚਾਰਕ ਮੇਲਾ : 14 ਜੁਲਾਈ 2013 ਐਤਵਾਰ 12 ਵਜੇ ਤੋਂ 6 ਵਜੇ ਤੱਕ

**ਸਥਾਨ : ਪਰਫਾਰਮਿੰਗ ਆਰਟ ਸੈਂਟਰ ਸੈਲਡਨ ਹਾਈ ਸਕੂਲ**
8333 ਕਿੰਗਜ਼ ਬ੍ਰਿਜ ਡਰਾਈਵ, ਸੈਕਰਾਮੈਂਟੋ, ਕੈਲੀਫੋਰਨੀਆ 95829

**ਉਦਘਾਟਨ: ਡਾ. ਗੁਰਦੇਵ ਸਿੰਘ ਖੁਸ਼**
ਐਫ.ਆਰ.ਐਸ., ਐਨ.ਏ.ਐਸ. ਪ੍ਰੋ. ਪਲਾਂਟ ਸਾਇੰਸਜ਼

ਦੇਸ਼ ਭਗਤੀ ਦੇ ਗੀਤ: ਅਨੂਪ ਸਿੰਘ ਚੀਮਾ, ਤਰਲੋਕ ਸਿੰਘ, ਮੱਖਣ ਲੁਹਾਰ, ਪੰਮੀ ਮਾਨ
ਸੰਗੀਤ: ਨਰਿੰਦਰ ਬੱਗਾ

ਲੰਗਰ: ਸੰਤੋਖ ਸਿੰਘ ਜੱਜ ਸੰਸਾਰ ਰੈਸਟੋਰੈਂਟ ਟਰੇਸੀ ਅਤੇ ਲਿਵਰਮੋਰ।
ਫਰੂਟ ਦੀ ਸੇਵਾ: ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਸਰਬਜੀਤ ਸਿੰਘ ਅਟਵਾਲ।

ਲੋਕ ਗਾਇਕ ਬਲਜੀਤ ਮਾਲਵਾ, ਸੁਖਵੰਤ ਸੁੱਖੀ ਅਤੇ ਮੰਨਾ ਢਿੱਲੋਂ ਗੀਤ ਪੇਸ਼ ਕਰਨਗੇ

**ਸਮੂਹ ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ**

*Free Entry, Free Parking* **ਨਿੱਘਾ ਸੱਦਾ** *Free Food and Tea*

ਦਾਨਿਸ਼ਵਰ ਸਹਿਯੋਗੀ: ਬਹਾਦਰ ਸਿੰਘ, ਦਿਲਜੀਤ ਸਿੰਘ, ਬਲਰਾਜ ਸਿੰਘ ਪੰਨੂੰ, ਨਿਰਮਲ ਸਿੰਘ ਵਿਰਕ, ਹਰਜਿੰਦਰ ਸਿੰਘ ਓਰੇਗਾਨ, ਡਾ. ਹਰਦਮ ਸਿੰਘ ਆਜ਼ਾਦ, ਹੀਰਾ ਲਾਲ ਸਿੰਘ, ਮਨੋਹਰ ਸਿੰਘ ਮਾਨ, ਰਾਣਾ, ਅਮਨ ਸਿੰਘ ਸਿੱਧੂ, ਤੀਰਥ ਸਿੰਘ ਖਹਿਰਾ-ਹਿਊਸਟਨ, ਕਸ਼ਮੀਰ ਸਿੰਘ, ਸੁਰਿੰਦਰ ਸਿੰਘ ਸਿੱਧੂ, ਬੰਤ ਸਿੰਘ ਕਾਂਗਣਾ-ਪ੍ਰਧਾਨ, ਬਲਬੀਰ ਸਿੰਘ-ਸਕੱਤਰ (ਜੈਕਸਨ), ਗੁਲਜ਼ਾਰ ਸਿੰਘ, ਸਰਪੰਚ ਰਤਨ ਸਿੰਘ, ਦਿਲਬਾਗ ਸਿੰਘ, ਨਰੰਜਣ ਸਿੰਘ ਸਿਆਟਲ, ਮੁਖਤਾਰ ਸਿੰਘ ਐਲ.ਏ., ਲਖਵਿੰਦਰ ਸਿੰਘ ਯੱਕਾਵੈਲੀ, ਬਲਵਿੰਦਰ ਸਿੰਘ ਸ਼ੈਫਟਰ, ਕੁਲਦੀਪ ਸਿੰਘ ਖਿੰਡਾ, ਗੁਰਮੀਤ ਸਿੰਘ ਖਿੰਡਾ, ਸੋਨੂੰ ਖਿੰਡਾ ਰੈਡ ਬਲੱਫ, ਨਿਰਮਲ ਸਿੰਘ ਚੰਦੀ, ਕਰਨੈਲ ਸਿੰਘ, ਅਮਰੀਕ ਸਿੰਘ, ਕੁਲਦੀਪ ਸਿੰਘ ਜੱਜ ਟਰਲਕ, ਜਗਮੋਹਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ ਟੂਲੈਰੀ, ਸੁੱਚਾ ਸਿੰਘ ਮਹਿਰੋਕ, ਪ੍ਰਿਥੀਪਾਲ ਸਿੰਘ ਵਾਇਸੇਲੀਆ, ਤਰਲੋਚਨ ਸਿੰਘ, ਨਿਰਮਲ ਸਿੰਘ, ਜਸਬੀਰ ਸਿੰਘ, ਗੁਰਦੀਪ ਸਿੰਘ ਨਿੱਝਰ ਫਰਿਜ਼ਨੋ, ਜਰਨੈਲ ਸਿੰਘ, ਹਰੀ ਸਿੰਘ, ਸੁੱਚਾ ਸਿੰਘ ਮਨਟੀਕਾ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ ਜੱਜ, ਹਰਜਿੰਦਰ ਸਿੰਘ ਜੱਜ, ਦਵਿੰਦਰ ਸਿੰਘ, ਮੋਹਣ ਸਿੰਘ, ਗੁਰਮੀਤ ਸਿੰਘ, ਬਲਬੀਰ ਸਿੰਘ, ਮੱਖਣ ਸਿੰਘ ਜੱਜ, ਕਸ਼ਮੀਰ ਸਿੰਘ, ਮੁਖਤਿਆਰ ਸਿੰਘ ਟਰੇਸੀ, ਅਵਤਾਰ ਸਿੰਘ ਡੋਡ, ਤਰਲੋਚਨ ਸਿੰਘ ਨਾਗਰਾ, ਬੋਲੀਨਾ ਬ੍ਰਦਰਜ਼-ਕੰਕਰੀਟ ਏਜੰਸੀ, ਪਰਮਜੀਤ ਭੁੱਟਾ ਕੇ.ਟੀ.ਐਕਸ., ਪਾਲ ਘੁਮਣ ਆਰ.ਜੀ. ਕੰਸਲਟਿੰਗ ਗਰੁਪ, ਭਜਨ ਸਿੰਘ, ਮੁਲਖ ਰਾਜ, ਹਰਪ੍ਰੀਤ ਸਿੰਘ ਦਾਹੀਆ, ਹਰਵੰਤ ਸਿੰਘ, ਰਤਨਪਾਲ, ਰੋਮੀ ਸਿੰਘ, ਬਲਕਾਰ ਸਿੰਘ, ਜਥੇਦਾਰ ਬਲਬੀਰ ਸਿੰਘ, ਰਵਿੰਦਰ ਰਵੀ, ਮਸਤਾਨ ਸਿੰਘ, ਵਿਰਸਾ ਸਿੰਘ ਗਿੱਲ, ਸਾਬਕਾ ਡੀ ਈ ਓ ਉਜਾਗਰ ਸਿੰਘ, ਪ੍ਰੋ. ਹਰਪਾਲ ਸਿੰਘ (ਵਿਦਵਾਨ), ਅਵਤਾਰ ਸਿੰਘ ਤਾਰੀ, ਸਰਪੰਚ ਮਹਿੰਗਾ ਸਿੰਘ, ਇੰਡੋ ਅਮੈਰਿਕਨ ਸਪੋਰਟਸ ਆਰਗੇਨਾਈਜੇਸ਼ਨ, ਰਛਪਾਲ ਸਿੰਘ ਫਰਵਾਲਾ, ਅਮਰੀਕ ਸਿੰਘ ਪਰਹਾਰ-ਪੰਜਾਬੀ ਕਲਚਰਲ ਸੁਸਾਇਟੀ-ਸੈਕਰਾਮੈਂਟੋ, ਅਮਰੀਕ ਸਿੰਘ ਵੁੱਡਬ੍ਰਿਜ, ਬਲਕਾਰ ਸਿੰਘ ਨਿਊਟੀਕ, ਇੰਦਰਜੀਤ ਸਿੰਘ ਬੜਿੰਗ (ਪ੍ਰਧਾਨ, ਨਾਪਾ), ਤਰਲੋਕ ਸਿੰਘ ਰਾਹੀ।

ਕਮੇਟੀ ਮੈਂਬਰ: ਚਰਨ ਸਿੰਘ ਜੱਜ, ਜਰਨੈਲ ਮੰਡੇਰ, ਜਗਜੀਤ ਸਿੰਘ ਕੰਦੋਲਾ
ਮੀਤ ਪ੍ਰਧਾਨ-ਸੁਰਜੀਤ ਸਿੰਘ ਅਟਵਾਲ, ਜਥੇਦਾਰ ਬਲਬੀਰ ਸਿੰਘ,
ਸੰਤੋਖ ਸਿੰਘ ਜੱਜ, ਜਰਨੈਲ ਸਿੰਘ ਲੈਥਰੋਪ, ਨਿਰਮਲ ਸਿੰਘ ਚੰਦੀ।
ਚੇਅਰਮੈਨ-ਕੁਲਦੀਪ ਸਿੰਘ ਅਟਵਾਲ
ਵਾਈਸ ਚੇਅਰਮੈਨ-ਤੇਜਪਾਲ ਸਿੰਘ, ਸੁੱਚਾ ਸਿੰਘ ਕੰਬੋਜ, ਸੁਲਵਿੰਦਰ ਸਿੰਘ ਗਿੱਲ।
ਸਕੱਤਰ-ਕੰਵਰ ਕਸ਼ਮੀਰ ਸਿੰਘ, ਯਾਦਵਿੰਦਰ ਸਿੰਘ ਹੈਪੀ।
ਡਾਇਰੈਕਟਰ-ਸਤਬੀਰ ਸਿੰਘ ਬਾਜਵਾ, ਹਰਪਾਲ ਸਿੰਘ, ਜਨਕ ਰਾਜ ਸਿਧਰਾ, ਸਰਪੰਚ ਕੁਲਦੀਪ ਸਿੰਘ, ਮੁਲਖ ਰਾਜ ਸ਼ਰਮਾ, ਸਤਿੰਦਰਪਾਲ ਸਿੰਘ ਸਰਹੱਦੀ, ਮਸਤਾਨ ਸਿੰਘ, ਰਵਿੰਦਰ ਰਵੀ ਮਾਨ, ਜਸਵਿੰਦਰ ਸਿੰਘ ਜੱਸੋਵਾਲ।

*ਫੋਟੋ ਤੇ ਵੀਡੀਓ: ਮੂਨ ਲਾਈਟ ਸਟੂਡੀਓ ਫੋਨ: 916-267-8784*

**ਹੋਰ ਜਾਣਕਾਰੀ ਲਈ: 925-435-7329, 916-616-7200, 916-690-2654**

## ਵਾਤਾਵਰਨ ਸੰਭਾਲ ਅਤੇ ਵਿਦਿਆ ਦਾ ਚਾਨਣ ਮੁਨਾਰਾ

# ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ



*ਨਿਸ਼ਾਨ-ਏ-ਸਿੱਖੀ ਖਡੂਰ ਸਾਹਿਬ*

ਖਡੂਰ ਸਾਹਿਬ (ਜ਼ਿਲ੍ਹਾ ਤਰਨਤਾਰਨ) ਦਾ ਨਾਂ ਦੂਜੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨਾਲ ਜੁੜਦਾ ਹੈ ਅਤੇ ਇਹ ਉਹ ਥਾਂ ਹੈ ਜਿਥੇ ਅੱਠ ਗੁਰੂ ਸਾਹਿਬਾਨ ਨੇ ਆਪਣੇ ਪਵਿੱਤਰ ਚਰਨ ਪਾਏ। ਸ੍ਰੀ ਗੁਰੂ ਅੰਗਦ ਦੇਵ ਨੇ ਆਪਣੇ ਜੀਵਨ ਦੇ ਤੇਰਾਂ ਸਾਲ ਖਡੂਰ ਸਾਹਿਬ ਵਿਚ ਗੁਜ਼ਾਰੇ ਅਤੇ ਇਸ ਜਗ੍ਹਾ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਵੀ ਆਉਂਦਾ ਹੈ।

ਇਸ ਪਵਿੱਤਰ ਸਥਾਨ ਤੋਂ ਸੰਤ ਬਾਬਾ ਸੇਵਾ ਸਿੰਘ ਜੀ ਵਾਤਾਵਰਣ ਸੰਭਾਲ ਅਤੇ ਵਿਦਿਆ ਦਾ ਚਾਨਣ ਫੈਲਾਉਣ ਦਾ ਮਨੋਰਥ ਲੈ ਕੇ ਕਾਰ ਸੇਵਾ ਵਿਚ ਲੱਗੇ ਹੋਏ ਹਨ। ਕਾਰ ਸੇਵਾ ਦਾ ਮੁੱਢ ਬਾਬਾ ਗੁਰਮੁਖ ਸਿੰਘ ਜੀ ਨੇ ਸੌ ਸਾਲ ਪਹਿਲਾਂ ਬੰਨ੍ਹਿਆ ਸੀ ਜਿਸ ਨੂੰ ਅੱਗੇ ਤੋਰਦਿਆਂ ਸੰਤ ਬਾਬਾ ਸੇਵਾ ਸਿੰਘ ਜੀ ਨੇ ਆਪਣੇ ਉਦਮ ਤੇ ਸੰਗਤਾਂ ਦੇ ਸਹਿਯੋਗ ਨਾਲ ਮੱਧ ਪ੍ਰਦੇਸ਼, ਰਾਜਸਥਾਨ ਅਤੇ ਪੰਜਾਬ ਵਿਚ ਵਾਤਾਵਰਣ ਦੀ ਸਾਂਭ ਸੰਭਾਲ ਅਤੇ ਵਿਸ਼ੇਸ਼ ਸਿੱਖਿਆ ਨੂੰ ਹੁਲਾਰਾ ਦਿੱਤਾ। ਸੰਤ ਸੇਵਾ ਸਿੰਘ ਖਡੂਰ ਸਾਹਿਬ ਵਾਲਿਆਂ ਦੀ ਸੋਚ ਹੈ ਕਿ ਹਰ ਆਦਮੀ ਨੂੰ ਸਿਹਤ ਤੇ ਵਿੱਦਿਆ ਮਿਲਣੀ ਜ਼ਰੂਰੀ ਹੈ।

**ਸੰਤ ਸੇਵਾ ਸਿੰਘ ਜੀ 19 ਮਈ ਤੋਂ ਅਮਰੀਕਾ ਪਹੁੰਚੇ ਹੋਏ ਹਨ ਅਤੇ 28 ਜੂਨ ਤੋਂ ਸੈਕਰਾਮੈਂਟੋ ਵਿਚ ਹਨ। ਉਹ ਗਦਰ ਫਾਊਂਡੇਸ਼ਨ ਆਫ ਅਮਰੀਕਾ ਵਲੋਂ ਕਰਵਾਏ ਜਾ ਰਹੇ ਗਦਰ ਲਹਿਰ ਬਾਰੇ ਸਮਾਗਮਾਂ ਵਿਚ ਹਿੱਸਾ ਲੈਣ ਤੋਂ ਬਾਅਦ ਇੰਡੀਆ ਪਰਤ ਜਾਣਗੇ।**

## 8 ਮੰਜ਼ਲੀ ਇਮਾਰਤ ਵਿਚ 6 ਅਕੈਡਮੀਆਂ

1) ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਰਿਲੀਜਨ: ਇਸ ਸੰਸਥਾ ਵਿਚ 100 ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਲਈ ਸਪੈਨਿਸ਼, ਇੰਗਲਿਸ਼ ਅਤੇ ਫਰੈਂਚ ਆਦਿ ਭਾਸ਼ਾਵਾਂ ਦੀ ਪੜ੍ਹਾਈ ਕਰਵਾਈ ਜਾਂਦੀ ਹੈ।

2) ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੰਪੀਟੀਸ਼ਨ ਵਿਚ ਇੰਜੀਨੀਅਰਿੰਗ ਅਤੇ ਮੈਡੀਕਲ ਲਾਈਨਾਂ ਵਿਚ ਜਾਣ ਲਈ ਕੋਚਿੰਗ ਦਿੱਤੀ ਜਾਂਦੀ ਹੈ।

3) ਗੁਰੂ ਅੰਗਦ ਦੇਵ ਇੰਸੀਟੀਚਿਊਟ ਆਫ ਨੈਸ਼ਨਲ ਡੀਫੈਂਸ ਅਕੈਡਮੀ ਵਿਚ ਫੌਜ ਵਿਚ ਜਾਣ ਲਈ ਬੱਚਿਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ।

4) ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਕੈਰੀਅਰ ਵਿਚ ਚੰਗੇ ਕੈਰੀਅਰ ਵਿਚ ਜਾਣ ਲਈ ਮੁਫਤ ਕੋਚਿੰਗ ਦਿੱਤੀ ਜਾਂਦੀ ਹੈ।

5) ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਸਪੋਰਟਸ ਵਿਚ ਖੇਡਾਂ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਅਤੇ ਬਾਬਾ ਉਤਮ ਸਿੰਘ ਨੈਸ਼ਨਲ ਹਾਕੀ ਅਕੈਡਮੀ ਦੇ ਖਿਡਾਰੀ ਉਚ ਕੋਟੀ ਦੀਆਂ ਟੀਮਾਂ ਵਿਚ ਸ਼ਾਮਲ ਹਨ।

6) ਗੁਰੂ ਅੰਗਦ ਦੇਵ ਇੰਸਟੀਚਿਊਟ ਆਫ ਸਿਵਲ ਸਰਵਿਸਿਸ ਕੰਪੀਟੀਸ਼ਨ: ਇਸ ਸੰਸਥਾ ਵਿਚ ਵਿਦਿਆਰਥੀਆਂ ਨੂੰ ਆਈ.ਏ.ਐਸ. ਅਤੇ ਆਈ.ਪੀ.ਐਸ. ਦੀ ਕੋਚਿੰਗ ਦਿੱਤੀ ਜਾਂਦੀ ਹੈ।

ਇਨ੍ਹਾਂ ਸਾਰੀਆਂ ਅਕੈਡਮੀਆਂ ਵਿਚ ਸਿੱਖ ਬੱਚਿਆਂ ਵਾਸਤੇ ਮੁਫਤ ਕੋਚਿੰਗ ਦਿੱਤੀ ਜਾਂਦੀ ਹੈ। ਡਿਗਰੀ ਕਾਲਜ ਐਮ.ਏ., ਬੀ.ਏ., ਬੀ.ਐਡ. ਹਨ। ਇਕ ਸਕੂਲ ਕਰਤਾਰਪੁਰ ਜਲੰਧਰ 'ਚ ਹੈ। ਚਾਰ ਸਕੂਲ ਮੱਧ ਪ੍ਰਦੇਸ਼ ਵਿਚ ਗਵਾਲੀਅਰ ਦੇ ਆਸ ਪਾਸ ਹਨ। ਇਹ ਕੰਮ ਉਥੋਂ ਦੀ ਕਾਰ ਸੇਵਾ ਸੰਸਥਾ ਚਲਾ ਰਹੀ ਹੈ।



ਖਡੂਰ ਸਾਹਿਬ ਸਕੂਲ ਵਿਚ 2200 ਵਿਦਿਆਰਥੀ ਪੜ੍ਹਦੇ ਹਨ। 400 ਬੱਚੇ ਮੁਫਤ ਵਿੱਦਿਆ ਪ੍ਰਾਪਤ ਕਰ ਰਹੇ ਹਨ।







### ਵਾਤਾਵਰਣ ਸੰਭਾਲ

1999 ਤੋਂ ਵਾਤਾਵਰਣ ਦਾ ਕੰਮ ਸ਼ੁਰੂ ਕੀਤਾ ਜਿਸ ਤਹਿਤ ਅੱਜ ਤੱਕ ਤਿੰਨ ਲੱਖ ਦਰੱਖ਼ਤ ਤਿੰਨ ਸੌ ਕਿਲੋਮੀਟਰ ਸੜਕਾਂ ਦੇ ਦੋਹੀਂ ਪਾਸੀਂ ਲਗਾਏ ਗਏ ਹਨ।

ਹਰ ਸਾਲ 14 ਤੋਂ 15 ਕਿਲੋਮੀਟਰ ਸੜਕਾਂ 'ਤੇ ਕੋਈ ਬਾਰਾਂ ਕਿਸਮਾਂ ਦੇ ਦਰੱਖਤ ਲਾਏ ਜਾਂਦੇ ਹਨ। ਮੁੱਖ ਤੌਰ 'ਤੇ ਨਿੰਮ, ਦੇਸੀ ਅੰਬ, ਪਿੱਪਲ, ਬੋਹੜ ਅਤੇ ਜਾਮਣ ਆਦਿ ਹਨ।

ਵਾਤਾਵਰਣ ਸੰਭਾਲ ਲਈ ਹਰ ਪਿੰਡ ਦੇ ਹਰ ਘਰ ਵਿਚ ਦੋ



ਤੋਂ ਤਿੰਨ ਦਰੱਖਤ ਲਾਉਣ ਦਾ ਟੀਚਾ ਰੱਖਿਆ ਗਿਆ ਹੈ ਜਿਸ ਸਦਕਾ ਦੋ ਸੌ ਪਿੰਡਾਂ ਦੇ ਘਰਾਂ ਵਿਚ ਦਰੱਖਤ ਲੱਗ ਚੁੱਕੇ ਹਨ। ਜਿਹੜਾ ਵੀ ਪਿੰਡ ਚਾਹੁੰਦਾ ਹੋਵੇ, ਬਾਬਾ ਜੀ ਦੇ ਸੇਵਾਦਾਰ ਆਪਣੀ ਨਰਸਰੀ ਵਿਚੋਂ ਦਰੱਖਤ ਘਰ ਵਾਲਿਆਂ ਦੀ ਮਰਜ਼ੀ ਅਨੁਸਾਰ ਲਗਾਉਂਦੇ ਹਨ।

ਦਰੱਖਤ ਲਾਉਣ ਵਾਲੀ ਟੀਮ ਦੇ 50 ਸੇਵਾਦਾਰ ਅਤੇ ਪਾਣੀ ਦੇ 10 ਟੈਂਕਰ ਤਿਆਰ-ਬਰ-ਤਿਆਰ ਰਹਿੰਦੇ ਹਨ।

ਬਾਬਾ ਜੀ ਦੀ ਸੋਚ ਮੁਤਾਬਕ ਕੁਝ ਹੀ ਸਾਲਾਂ ਵਿਚ ਪੰਜਾਬ ਦੇ ਹਰ ਪਿੰਡ ਦੀਆਂ ਸੜਕਾਂ ਤੇ ਹਰ ਘਰ ਵਿਚ ਰੁਖ ਸ਼ੋਭਣਗੇ ਅਤੇ ਹਰ ਪਾਸੇ ਹਰਿਆਲੀ ਹੋਵੇਗੀ।

**ਜਾਰੀ ਕਰਤਾ: ਸੁਲਵਿੰਦਰ ਸਿੰਘ ਗਿੱਲ, ਫੋਨ: 916-320-3194 ਅਤੇ ਜਥੇਦਾਰ ਬਲਬੀਰ ਸਿੰਘ ਬੱਲ, ਫੋਨ: 916-832-1417**